ਕੁਲ ਸੰਸਾਰ ਇਕ ਪਰਿਵਾਰ....

# ਨਵੀਂ ਦੁਨੀਆ
# Nawi Dunia

Free

ਸਾਲ : 3 ਅੰਕ : 9 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਸਤੰਬਰ 2012



16 ਸਤੰਬਰ: ਜਨਮ ਦਿਨ ਨਾਟਕਕਾਰ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨ੍ਹਾ ਸਿੰਘ

ਚਾਰ ਵਾਰੀ ਇੱਕੋ ਬੈਂਕ ਨੂੰ ਲੁੱਟਣ... ਪੰਨਾ-3




ਮੰਦਭਾਗਾ ਗੁਰਦੁਆਰਾ ਗੋਲੀਕਾਂਡ ਪੰਨਾ-9





ਕਦੇ ਨਾ ਖ਼ਤਮ ਹੋਣ ਵਾਲੀ ਤਲਾਸ਼..ਅਰਪਨਾ ਕੌਰ ਪੰਨਾ-28

ਇਤਿਹਾਸ ਸਿਰਜਕ ਕਿਸ਼ੋਰ ਕੁਮਾਰ ਪੰਨਾ-46



# ਗੁਜਰਾਤ ਵਿਚ ਪੰਜਾਬੀ ਕਿਸਾਨਾਂ ’ਤੇ ਬੇਦਖਲੀ ਦੀ ਤਲਵਾਰ

ਚੰਡੀਗੜ੍ਹ, (ਨਦਬ) : ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੂੰ ਪਿਛਲੇ ਤਿੰਨ ਦਹਾਕਿਆਂ ਤੋਂ ਗੁਜਰਾਤ ਵਿਚ ਖੇਤੀ ਕਰ ਰਹੇ ਪੰਜਾਬੀ ਕਿਸਾਨਾਂ ਨੂੰ ਯੋਗ ਮਾਲਿਕਾਨਾ ਹੱਕ ਦਿਵਾਉਣ ਲਈ ਉਨ੍ਹਾਂ ਦੇ ਨਿਜੀ ਦਖਲ ਦੀ ਮੰਗ ਕੀਤੀ ਹੈ।

ਦੋਨਾਂ ਨੇਤਾਵਾਂ ਨੂੰ ਅਲੱਗ-ਅਲੱਗ ਲਿਖੀਆਂ ਚਿੱਠੀਆਂ ਵਿਚ ਬਾਦਲ ਨੇ ਕਿਹਾ ਕਿ ਕੱਛ ਦੇ ਕਲੈਕਟਰ ਵਲੋਂ ਪੰਜਾਬੀ ਕਿਸਾਨਾਂ ਦੇ ਇਕ ਹਜ਼ਾਰ ਤੋਂ ਜ਼ਿਆਦਾ ਖੇਤੀ ਖਾਤੇ ਜ਼ਬਤ ਕਰਨ ਦੇ ਦਿੱਤੇ ਹੁਕਮਾਂ ਨਾਲ ਉਨ੍ਹਾਂ ਕਿਸਾਨਾਂ ਵਿਚ ਬੇਚੈਨੀ ਫੈਲ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪੰਜਾਬੀ ਕਿਸਾਨਾਂ ਨੇ ਆਪਣੀ ਮਿਹਨਤ ਸਦਕਾ ਇਸ ਬੰਜਰ ਜ਼ਮੀਨ ਨੂੰ ਉਪਜਾਊ ਬਣਾਇਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਦੁੱਖ ਹੋਇਆ ਕਿ ਗੁਜਰਾਤ ਹਾਈਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਦੀ ਪ੍ਰਧਾਨਗੀ ਵਾਲੇ ਇਕ ਬੈਂਚ ਨੇ ਇਨ੍ਹਾਂ ਕਿਸਾਨਾਂ ਦੇ ਪੱਖ ਵਿਚ ਫੈਸਲਾ ਦਿੱਤਾ ਹੈ, ਪਰ ਹੁਣ ਗੁਜਰਾਤ ਸਰਕਾਰ ਨੇ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਇਰ ਕਰਕੇ ਹਾਈਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ।



ਬਾਦਲ ਨੇ ਲਿਖੀ ਨਰਿੰਦਰ ਮੋਦੀ ਤੇ ਗਡਕਰੀ ਨੂੰ ਚਿੱਠੀ

ਮੋਦੀ ਅਤੇ ਗਡਕਰੀ ਨੂੰ ਲਿਖੇ ਪੱਤਰ ਵਿਚ ਬਾਦਲ ਨੇ ਕਿਹਾ ਹੈ ਕਿ ਉਹ ਨਿਜੀ ਦਖ਼ਲ ਕਰਕੇ ਇਸ ਮਾਮਲੇ ਨੂੰ ਦੇਖਣ ਤਾਂ ਕਿ ਕਿਸਾਨਾਂ ਨੂੰ ਪ੍ਰੇਸ਼ਾਨੀ ਤੋਂ ਬਚਾਇਆ ਜਾ ਸਕੇ।

ਜ਼ਿਕਰਯੋਗ ਹੈ ਕਿ ਤਿੰਨ ਸਤੰਬਰ ਨੂੰ ਗੁਜਰਾਤ ਦੇ ਭੁੱਜ ਅਤੇ ਕੱਛ ਜ਼ਿਲ੍ਹਿਆਂ ਦੇ ਪੰਜਾਬੀ ਕਿਸਾਨ ਮੁੱਖ ਮੰਤਰੀ ਨੂੰ ਮਿਲੇ ਸਨ ਅਤੇ ਉਨ੍ਹਾਂ ਨੂੰ ਦੱਸਿਆ ਕਿ ਗੁਜਰਾਤ ਸਰਕਾਰ ‘ਬੰਬੇ ਟੇਨੈਂਸੀ ਐਗਰੀਕਲਚਰ ਲੈਂਚ ਐਕਟ’ ਅਧੀਨ ਉਨ੍ਹਾਂ ਨੂੰ ਉਜਾੜ ਰਹੀ ਹੈ। ਕਿਸਾਨਾਂ ਨੇ ਬਾਦਲ ਨੂੰ ਇਹ ਮਾਮਲਾ ਗੁਜਰਾਤ ਦੇ ਮੁੱਖ ਮੰਤਰੀ ਕੋਲ ਉਠਾਉਣ ਲਈ ਕਿਹਾ ਸੀ ਤਾਂ ਕਿ ਉਹ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚ ਸਕਣ।

## ਪੌਲੀਨ ਮਾਰੋਇਸ ਹੋਣਗੇ ਕਿਊਬੇਕ ਦੇ ਪਹਿਲੇ ਮਹਿਲਾ ਪ੍ਰੀਮੀਅਰ

ਮਾਂਟਰੀਅਲ, (ਨਦਬ) : 9 ਸਾਲ ਵਿਰੋਧੀ ਧਿਰ ’ਚ ਬੈਠਣ ਤੋਂ ਬਾਅਦ ਅਖ਼ੀਰ ’ਪਾਰਟੀ ਕਿਉਬੇਕੋਇਸ’ ਕਨੇਡਾ ਦੇ ਸੂਬੇ ਕਿਊਬੇਕ ’ਚ ਸੱਤਾ ’ਚ ਪਰਤ ਆਈ ਹੈ ਪਰ ਇਸ ਪਾਰਟੀ ਦੇ ਆਗੂ ਸ੍ਰੀਮਤੀ ਪੌਲੀਨ ਮਾਰੋਇਸ ਲਈ ਕੋਈ ਬਹੁਤੀ ਖ਼ੁਸ਼ੀ ਵਾਲ਼ੀ ਗੱਲ ਵੀ ਨਹੀਂ ਹੈ ਕਿਉਂਕਿ ਉਹ ਸਿਰਫ਼ ਘੱਟ ਗਿਣਤੀ ਸਰਕਾਰ ਹੀ ਬਣਾ ਸਕਣਗੇ, ਪੂਰੀ ਤਰ੍ਹਾਂ ਸੁਤੰਤਰ ਹੋ ਕੇ ਸਰਕਾਰ ਨਹੀਂ ਚਲਾ ਸਕਣਗੇ ਅਤੇ ਅਹਿਮ ਫ਼ੈਸਲੈ ਲੈਣ ਸਮੇਂ ਉਨ੍ਹਾਂ ਨੂੰ ਵਿਰੋਧੀ ਪਾਰਟੀਆਂ ਨਾ਼ਲ ਕਈ ਸਮਝੌਤੇ ਕਰਨੇ ਪਿਆ ਕਰਨਗੇ। ਇਸ ਤੋਂ ਪਹਿਲਾਂ ਪਾਰਟੀ ਕਿਊਬੇਕੋਇਸ ਦੀ ਇਸ ਸੂਬੇ ’ਚ ਕਦੇ ਵੀ ਘੱਟ ਗਿਣਤੀ ਸਰਕਾਰ ਨਹੀਂ ਬਣੀ। ਉਂਝ ਸ੍ਰੀਮਤੀ ਪੌਲੀਨ ਮਾਰੋਇਸ ਕਿਊਬੇਕ ਸੂਬੇ ਦੇ ਪਹਿਲੇ ਮਹਿਲਾ ਪ੍ਰੀਮੀਅਰ ਹੋਣਗੇ। ਪ੍ਰਧਾਨ ਮੰਤਰੀ ਸ੍ਰੀ ਸਟੀਫ਼ਨ ਹਾਰਪਰ ਨੇ ਸ੍ਰੀਮਤੀ ਪੌਲੀਨ ਨੂੰ ਵਿਸ਼ੇਸ਼ ਵਧਾਈ ਸੁਨੇਹਾ ਭੇਜਿਆ ਹੈ।

# ਨੌਕਰੀਆਂ ਵਿਚ ਤਰੱਕੀ ਲਈ ਰਾਖਵੇਂਕਰਨ ਦਾ ਬਿੱਲ ਮਨਜ਼ੂਰ

ਨਵੀਂ ਦਿੱਲੀ, (ਨਦਬ) ਕੈਬਨਿਟ ਨੇ ਅਨੁਸੂਚਿਤ ਜਾਤੀਆਂ ਅਤੇ ਜਾਤੀਆਂ ਨੂੰ ਸਰਕਾਰੀ ਨੌਕਰੀਆਂ ਵਿਚ ਤਰੱਕੀ ਲਈ ਰਾਖਵਾਂਕਰਨ ਉਪਲਬਧ ਕਰਾਉਣ ਲਈ ਸੰਵਿਧਾਨਕ ਸੋਧ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਸਬੰਧੀ ਫ਼ੈਸਲਾ 21 ਅਗਸਤ ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਵਿਚ ਹੋਈ ਆਲ ਪਾਰਟੀ ਮੀਟਿੰਗ ਵਿਚ ਲਿਆ ਗਿਆ ਸੀ। ਨੌਕਰੀਆਂ ਵਿਚ ਤਰੱਕੀਆਂ ਲਈ ਰਾਖਵਾਂਕਰਨ ਦੇਣ ਦੇ ਉੱਤਰ ਪ੍ਰਦੇਸ਼ ਸਰਕਾਰ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਲੋਂ ਰੱਦ ਕਰਨ ਤੋਂ ਬਾਅਦ ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਨੇ ਇਹ ਮਾਮਲਾ ਸੰਸਦ ਵਿਚ ਚੁੱਕਿਆ ਸੀ। ਇਸ ਬਿੱਲ ਵਿਚ ਸੰਵਿਧਾਨ ਦੀਆਂ ਲਗਭਗ ਚਾਰ ਧਰਾਵਾਂ ਵਿਚ ਸੋਧ ਦੀ ਮੰਗ ਕੀਤੀ ਗਈ ਹੈ ਤਾਂ ਜੋ ਸਰਕਾਰ ਐਸ ਸੀ ਅਤੇ ਐਸ ਟੀ ਵਰਗ ਨੂੰ ਸਰਕਾਰੀ ਨੌਕਰੀਆਂ ਵਿਚ ਤਰੱਕੀਆਂ ਲਈ ਰਾਖਵਾਂਕਰਨ ਦੇਣ ਦੇ ਸਮਰਥ ਹੋ ਸਕੇ। ਅੱਠ ਅਗਸਤ ਤੋਂ ਸੰਸਦ ਦਾ ਮੌਨਸੂਨ ਸੈਸ਼ਨ ਸ਼ੁਰੂ ਹੋਣ ’ਤੇ ਕਈ ਸਿਆਸੀ ਪਾਰਟੀਆਂ ਨੇ ਇਹ ਮੰਗ ਚੁੱਕੀ ਸੀ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਰੱਦ ਕਰਨ ਲਈ ਇਕ ਬਿੱਲ ਲਿਆਂਦਾ ਜਾਵੇ। ਇਨ੍ਹਾਂ ਮੰਗਾਂ ਦੇ ਮੱਦੇਨਜ਼ਰ ਸਰਕਾਰ ਨੇ 9 ਅਗਸਤ ਨੂੰ ਵਾਅਦਾ ਕੀਤਾ ਸੀ ਕਿ ਸੰਸਦ ਵਿਚ ਅਜਿਹਾ ਬਿੱਲ ਲਿਆਂਦਾ ਜਾਵੇਗਾ।

ਬਸਪਾ ਨੇ ਕੇਂਦਰੀ ਮੰਤਰੀ ਮੰਡਲ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਬਸਪਾ ਅਜਿਹੀ ਮੰਗ ਕਰਨ ਵਾਲੀਆਂ ਸਿਆਸੀ ਪਾਰਟੀਆਂ ਵਿਚੋਂ ਸਭ ਤੋਂ ਅੱਗੇ ਸੀ, ਪਰ ਸਮਾਜਵਾਦੀ ਪਾਰਟੀ ਨੇ ਇਸ ਦਾ ਵਿਰੋਧ ਕਰਨ ਦਾ ਫ਼ੈਸਲਾ ਕੀਤਾ ਹੈ। ਦੂਜੇ ਪਾਸੇ ਭਾਜਪਾ ਨੇ ਇਸ ਬਾਰੇ ਆਪਣੇ ਪੱਤੇ ਨਹੀਂ ਖੋਲ੍ਹੇ ਹਨ। ਸਮਾਜਵਾਦੀ ਪਾਰਟੀ ਦੇ ਆਗੂ ਰਾਮ ਗੋਪਾਲ ਯਾਦਵ ਨੇ ਕਿਹਾ ਕਿ ਕੈਬਨਿਟ ਦਾ ਇਹ ਫ਼ੈਸਲਾ ਕੁਦਰਤੀ ਨਿਆਂ ਦੇ ਵਿਰੁੱਧ ਹੈ, ਉਹ ਇਸ ਸੰਵਿਧਾਨ ਸੋਧ ਬਿੱਲ ਦਾ ਵਿਰੋਧ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਰਕਾਰ ਕੋਲਾ ਬਲਾਕ ਵੰਡ ਦੇ ਮੁੱਦੇ ਤੋਂ ਧਿਆਨ ਹਟਾਉਣ ਲਈ ਅਜਿਹੀ ਰਣਨੀਤੀ ਅਪਣਾ ਰਹੀ ਹੈ।

ਬਸਪਾ ਮੁਖੀ ਮਾਇਆਵਤੀ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਅਤੇ ਰਾਜ ਸਭਾ ਵਿਚ ਉਨ੍ਹਾਂ ਦੇ ਹਮਰੁਤਬਾ ਅਰੁਣ ਜੇਟਲੀ ਨਾਲ ਮੁਲਾਕਾਤ ਵੀ ਕੀਤੀ ਅਤੇ ਇਸ ਸੈਸ਼ਨ ਵਿਚ ਬਿੱਲ ਨੂੰ ਪਾਸ ਕਰਾਉਣ ਵਿਚ ਪਾਰਟੀ ਦਾ ਸਹਿਯੋਗ ਮੰਗਿਆ। ਸੰਵਿਧਾਨ ਵਿਚ ਸੋਧ ਦੇ ਬਿੱਲ ਨੂੰ ਹਰ ਸਦਨ ਵਿਚ ਪਾਸ ਕਰਾਉਣ ਲਈ ਹਾਜ਼ਰ ਮੈਂਬਰਾਂ ਦਾ ਦੋ ਤਿਹਾਈ ਬਹੁਮਤ ਜ਼ਰੂਰੀ ਹੋਵੇਗਾ। ਕੈਬਨਿਟ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਕਿ ਸਰਕਾਰ ਇਹ ਯਕੀਨੀ ਕਰੇਗੀ ਕਿ ਇਹ ਬਿੱਲ ਛੇਤੀ ਹੀ ਪਾਸ ਹੋ ਜਾਵੇ।

## ਕੋਲਾ ਘੁਟਾਲਾ: ਪੰਜ ਕੰਪਨੀਆਂ ਵਿਰੁੱਧ ਮਾਮਲਾ ਦਰਜ

ਨਵੀਂ ਦਿੱਲੀ, (ਨਦਬ): ਲਗਭਗ ਤਿੰਨ ਮਹੀਨੇ ਦੀ ਅੰਦਰੂਨੀ ਜਾਂਚ ਤੋਂ ਬਾਅਦ ਸੀ.ਬੀ.ਆਈ. ਨੇ ਕੋਲਾ ਬਲਾਕ ਵੰਡ ਘਪਲੇ ਨਾਲ ਸਬੰਧਤ ਲਗਭਗ ਪੰਜ ਕੰਪਨੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ ਅਤੇ ਸਾਰੇ ਦੇਸ਼ ਵਿਚ ਲਗਭਗ 30 ਥਾਵਾਂ ’ਤੇ ਛਾਪੇ ਮਾਰੇ ਹਨ। ਅਦਾਲਤ ਵਿਚ ਪੰਜ ਕੰਪਨੀਆਂ ਵਿਰੁੱਧ ਐਫ.ਆਈ.ਆਰ. ਦਰਜ ਕਰਨ ਤੋਂ ਬਾਅਦ ਸੀ.ਬੀ.ਆਈ. ਨੇ ਦਿੱਲੀ, ਮੁੰਬਈ, ਕੋਲਕਾਤਾ, ਪਟਨਾ, ਹੈਦਰਾਬਾਦ, ਧਨਬਾਦ ਅਤੇ ਨਾਗਪੁਰ ਸਮੇਤ ਲਗਭਗ 10 ਸ਼ਹਿਰਾਂ ਵਿਚ ਛਾਪੇ ਮਾਰੇ ਅਤੇ ਕੁਝ ਕੰਪਨੀਆਂ ਦੇ ਮਾਲਕਾਂ ਦੇ ਟਿਕਾਣਿਆਂ ’ਤੇ ਵੀ ਛਾਪੇ ਮਾਰੇ। ਸੀ.ਬੀ.ਆਈ. ਨੇ ਕਿਹਾ ਕਿ ਉਸ ਨੇ ਵਿਮੀ ਆਇਰਨ ਅਤੇ ਸਟੀਲ, ਨਵ ਭਾਰਤ ਸਟੀਲ, ਜੇ ਐਲ ਡੀ ਯਾਵਤਮਲ, ਅਭਿਜੀਤ ਗੁਰੱਪ ਦੀ ਜੇ ਏ ਐਸ ਇਨਫਰਾਸਟਰਕਚਰ ਅਤੇ ਅਮਰ ਆਇਰਨ ਅਤੇ ਸਟੀਲ ਸਮੇਤ ਇਨ੍ਹਾਂ ਦੇ ਡਾਇਰੈਕਟਰਾਂ ਅਤੇ ਇਕ ਅਣਪਛਾਤੇ ਸਰਕਾਰੀ ਅਧਿਕਾਰੀਆਂ ਵਿਰੁੱਧ ਐਫ਼.ਆਈ.ਆਰ. ਦਰਜ ਕੀਤੀ ਹੈ।

Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
We also provide Notary and Commissioner of Oaths Services (Appointments Only)
Our office is also accepting Food Bank Donations.
Please drop by and support the Edmonton Food Bank.
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech BUILDING SYSTEMS INC.
ਵਰਕਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ।
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

ALL INDIA RESTAURANT & SWEETS
Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
TOP 1% OF REALTORS IN CANADA
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
Century 21 Commercial Investment Network
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
BETTYGILL@DOMINIONLENDING.CA
WWW.BETTYGILL.CA

LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation
Sarjan Luthra
B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh




# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal In Town
**3 For 1**
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche





Kuldip S. Powar

# POWAR HOMES LTD.
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com





Ranjit S. Powar

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates







ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting





- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

Ph: 780-469-4985 Fax: 780-469-4926 Cell: 780-952-2860
exceltax@yahoo.ca
Unit# 207 9254 - 34A Ave, Edmonton AB T6E 5P4
(Above Sabji Mandi)
Evening & Weekend with Appointments only

# EAGLEROCK GOLF COURSE
## 50549, RANGE ROAD 234 EDMONTON, AB

eaglerock GOLF COURSE

* ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ *

Birthday Parties,
Ladies Sangeet,
Golf Tournaments,
Catering,Wedding
Banquet







ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca





2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
Tent Rentals
All Events Big or Small

We are in this Business Since 2001





**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment,** Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

**Guaranteed Low Prices Open Seven Days a Week**

**Umrao Ghinger: 780 237 5556**
www.alphatentrentals.com
**Office: 780 490 5354**






# ਨੋਵਾ ਸਕੋਸ਼ੀਆ ਵਿੱਚ ਰਿਮ ਵੱਲੋਂ ਕਈ ਕਾਮਿਆਂ ਦੀ ਛੁੱਟੀ

ਵਾਟਰਲੂ, : ਨੋਵਾ ਸਕੋਸ਼ੀਆ ਦੇ ਇਕਨਾਮਿਕ ਡਿਵੈਲਪਮੈਂਟ ਮੰਤਰੀ ਪਰਸੀ ਪੈਰਿਸ ਨੇ ਦੱਸਿਆ ਕਿ ਰਿਸਰਚ ਇਨ ਮੋਸ਼ਨ (ਰਿਮ) ਵੱਲੋਂ ਪ੍ਰੋਵਿੰਸ ਦੇ 95 ਕਾਮਿਆਂ ਦੀ ਛੁੱਟੀ ਕੀਤੀ ਜਾ ਰਹੀ ਹੈ। ਰਿਮ ਦੇ ਬੈੱਡਫੋਰਡ ਆਫਿਸ ਦੇ ਸਾਬਕਾ ਮੁਲਾਜ਼ਮਾਂ ਨੇ ਦੱਸਿਆ ਕਿ ਸੋਮਵਾਰ ਤੋਂ ਸ਼ੁਰੂ ਹੋ ਕੇ ਇਸ ਹਫਤੇ 125 ਵਿਅਕਤੀਆਂ ਦੀ ਛੁੱਟੀ ਕੰਪਨੀ ਵੱਲੋਂ ਕੀਤੀ ਜਾਵੇਗੀ। ਹੈਲੀਫੈਕਸ ਵਿੱਚ ਨੋਵਾ ਸਕੋਸ਼ੀਆ ਕੈਬਨਿਟ ਦੀ ਹਫਤਾਵਾਰੀ ਮੀਟਿੰਗ ਤੋਂ ਬਾਅਦ ਪੈਰਿਸ ਨੇ ਇਹ ਜਾਣਕਾਰੀ ਪੱਤਰਕਾਰਾਂ ਨੂੰ ਦਿੱਤੀ। ਸੰਕਟ ਵਿੱਚ ਘਿਰੀ ਬਲੈਕਬੈਰੀ ਨਿਰਮਾਤਾ ਕੰਪਨੀ ਨੇ ਜੂਨ ਵਿੱਚ ਇਹ ਐਲਾਨ ਕੀਤਾ ਸੀ ਕਿ ਉਹ ਦੁਨੀਆ ਭਰ ਵਿੱਚੋਂ ਆਪਣੇ 5,000 ਕਾਮਿਆਂ ਦੀ ਛੁੱਟੀ ਕਰੇਗੀ ਤੇ 2013 ਤੱਕ ਆਪਣੇ ਸਮਾਰਟਫੋਨ ਦੇ ਅਗਲੇ ਮਾਡਲ ਨੂੰ ਵੀ ਬਜ਼ਾਰ ਵਿੱਚ ਨਹੀਂ ਉਤਾਰੇਗੀ। ਕੰਪਨੀ ਦੇ ਬੈੱਡਫੋਰਡ ਆਫਿਸਾਂ ਵਿੱਚ 500 ਵਿਅਕਤੀ ਕੰਮ ਕਰਦੇ ਹਨ। 2005 ਵਿੱਚ ਨੋਵਾ ਸਕੋਸ਼ੀਆ ਵਿੱਚ ਰਿਮ ਨੂੰ ਪੈਰ ਜਮਾਉਣ ਵਿੱਚ ਮਦਦ ਕਰਨ ਲਈ ਪ੍ਰੋਵਿੰਸ਼ੀਅਲ ਸਰਕਾਰ ਨੇ 19 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਸੀ ਤੇ ਇਸ ਲਈ 1200 ਸਥਾਨਕ ਕਰਮਚਾਰੀਆਂ ਨੂੰ ਕੰਮ ਉੱਤੇ ਵੀ ਰੱਖਿਆ ਗਿਆ ਸੀ। ਉਨ੍ਹਾਂ 19 ਮਿਲੀਅਨ ਡਾਲਰਾਂ ਵਿੱਚੋਂ ਪ੍ਰੋਵਿੰਸ ਨੇ ਅਸਲ ਵਿੱਚ 14.5 ਮਿਲੀਅਨ ਡਾਲਰ ਹੀ ਖਰਚ ਕੀਤੇ। ਅੱਜ ਤੱਕ ਇੱਥੇ ਸਥਿਤ ਰਿਮ ਕੰਪਨੀ ਦੀ ਬ੍ਰਾਂਚ ਵਿੱਚ 500 ਤੋਂ ਵੀ ਘੱਟ ਲੋਕ ਕੰਮ ਕਰ ਰਹੇ ਸਨ। ਰਿਮ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਆਮ ਤੌਰ ਉੱਤੇ ਮੀਡੀਆ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਹੁੰਦੀ ਕਿਉਂਕਿ ਨੌਕਰੀ ਸ਼ੁਰੂ ਕਰਨ ਸਮੇਂ ਉਨ੍ਹਾਂ ਨੂੰ ਕੰਪਨੀ ਦੇ ਭੇਤ ਨਾ ਖੋਲ੍ਹਣ ਲਈ ਇੱਕ ਕਰਾਰ ਉੱਤੇ ਦਸਤਖ਼ਤ ਕਰਨੇ ਪੈਂਦੇ ਹਨ। ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਇੱਕ ਸਾਬਕਾ ਕਰਮਚਾਰੀ ਨੇ ਦੱਸਿਆ ਕਿ ਬੈੱਡਫੋਰਡ ਵਿੱਚ ਜਿਨ੍ਹਾਂ ਕਾਮਿਆਂ ਦੀ ਛੁੱਟੀ ਕੀਤੀ ਜਾਵੇਗੀ ਉਨ੍ਹਾਂ ਦੀ ਗਿਣਤੀ 125 ਦੇ ਲੱਗਭਗ ਹੈ।




ਰਿਮ ਦੇ ਨੌਕਰੀ ਤੋਂ ਕੱਢੇ ਕਰਮਚਾਰੀਆਂ ਦੀ ਮਦਦ ਲਈ ਓਨਟਾਰੀਓ ਸਰਕਾਰ ਅੱਗੇ ਆਈ : ਰਿਮ ਦੇ ਨੌਕਰੀ ਤੋਂ ਕੱਢੇ ਗਏ ਕਰਮਚਾਰੀਆਂ ਦੀ ਮਦਦ ਲਈ ਓਨਟਾਰੀਓ ਸਰਕਾਰ ਨੇ ਆਪਣਾ ਹੱਥ ਅੱਗੇ ਵਧਾਇਆ ਹੈ। ਰਿਮ ਕੰਪਨੀ ਪੁਨਰ ਉਸਾਰੀ ਵਿੱਚ ਲੱਗੀ ਹੋਈ ਹੈ ਤੇ ਸਰਕਾਰ ਕੰਪਨੀ ਨਾਲ ਮਿਲ ਕੇ ਨੌਕਰੀਓਂ ਕੱਢੇ ਗਏ ਕਰਮਚਾਰੀਆਂ ਦੀ ਮਦਦ ਕਰਨੀ ਚਾਹੁੰਦੀ ਹੈ। ਇਨ੍ਹਾਂ ਕਰਮਚਾਰੀਆਂ ਦੀ ਮਦਦ ਲਈ ਕਮਿਊਨਿਟੈਕ ਵੀ ਇੱਕ ਧਿਰ ਵਜੋਂ ਉੱਭਰੀ ਹੈ। ਕਮਿਊਨਿਟੈਕ ਇਸ ਖਿੱਤੇ ਦੀਆਂ ਤਕਨੀਕੀ ਕੰਪਨੀਆਂ ਲਈ ਲਾਬਿੰਗ ਕਰਦੀ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਆਫ ਵਾਟਰਲੂ ਤੇ ਵਿਲਫਰਿੱਡ ਲਾਰੀਅਰ ਯੂਨੀਵਰਸਿਟੀ ਨੂੰ ਵੀ ਇਸ ਯੋਜਨਾ ਵਿੱਚ ਸ਼ਾਮਲ ਕੀਤਾ ਗਿਆ ਹੈ। ਮੁਸੀਬਤ ਵਿੱਚ ਘਿਰੀ ਬਲੈਕਬੈਰੀ ਨਿਰਮਾਤਾ ਰਿਮ ਨੇ ਜੂਨ ਵਿੱਚ ਐਲਾਨ ਕੀਤਾ ਸੀ ਕਿ ਦੁਨੀਆ ਭਰ ਵਿੱਚ ਉਸ ਵੱਲੋਂ ਆਪਣੇ 5,000 ਕਰਮਚਾਰੀਆਂ ਦੀ ਛੁੱਟੀ ਕੀਤੀ ਜਾਵੇਗੀ ਤੇ ਉਹ ਅਗਲੇ ਸਾਲ ਤੱਕ ਆਪਣੇ ਸਮਾਰਟਫੋਨ ਦਾ ਅਗਲਾ ਮਾਡਲ ਵੀ ਬਜ਼ਾਰ ਵਿੱਚ ਨਹੀਂ ਉਤਾਰੇਗੀ। ਕੰਪਨੀ ਦੇ 16,500 ਕਰਮਚਾਰੀਆਂ ਵਿੱਚੋਂ ਲੱਗਭਗ 9,000 ਤਾਂ ਵਾਟਰਲੂ ਇਲਾਕੇ ਵਿੱਚ ਹੀ ਕੰਮ ਕਰਦੇ ਹਨ। ਯੂਨੀਵਰਸਿਟੀਆਂ ਐਨਟਰਪ੍ਰਿਨਿਓਰਸ਼ਿਪ ਤੇ ਬਿਜ਼ਨਸ ਪ੍ਰੋਗਰਾਮ ਸ਼ੁਰੂ ਕਰ ਰਹੀਆਂ ਹਨ ਤਾਂ ਕਿ ਕਾਮਿਆਂ ਨੂੰ ਆਪਣਾ ਕੰਮ ਸ਼ੁਰੂ ਕਰਨ ਲਈ ਹੁਨਰ ਵਿਕਸਤ ਕਰਨ ਵਿੱਚ ਮਦਦ ਕੀਤੀ ਜਾ ਸਕੇ। ਕਮਿਊਨਿਟੈਕ ਅਤੇ ਇੰਪਲਾਇਮੈਂਟ ਓਨਟਾਰੀਓ ਕਰਮਚਾਰੀਆਂ ਨੂੰ ਇਸੇ ਖੇਤਰ ਵਿੱਚ ਇਸ ਇਲਾਕੇ ਵਿੱਚ ਨਵਾਂ ਰੋਜ਼ਗਾਰ ਲੱਭਣ ਵਿੱਚ ਸਹਾਇਤਾ ਕਰਨਗੀਆਂ। ਪ੍ਰੋਵਿੰਸ ਵੱਲੋਂ ਵੀ ਅਜਿਹਾ ਸੈਂਟਰ ਤਿਆਰ ਕੀਤਾ ਜਾਵੇਗਾ ਜਿੱਥੇ ਕੰਪਨੀ ਵਿੱਚੋਂ ਕੱਢੇ ਗਏ ਕਰਮਚਾਰੀ ਨਵੇਂ ਰੋਜ਼ਗਾਰ ਲੱਭ ਸਕਣਗੇ ਜਾਂ ਹੋਰ ਟਰੇਨਿੰਗ ਲਈ ਥਾਂ ਦੀ ਚੋਣ ਕਰ ਸਕਣਗੇ।

## ਟੋਰੀ ਪਾਰਟੀ ਦੇ ਪ੍ਰਧਾਨ ਵਲੋਂ ਚੋਣਾਂ ਨਾ ਲੜਨ ਦਾ ਫੈਸਲਾ

ਐਡਮਿੰਟਨ (ਨਦਬ): ਪ੍ਰੋਗਰੈਸਿਵ ਕੰਜ਼ਰਵੇਟਿਵ ਐਸੋਸੀਏਸ਼ਨ ਦੇ ਪ੍ਰਧਾਨ ਬਿਲ ਸਮਿੱਥ ਨੇ ਨਵੰਬਰ ’ਚ ਪਾਰਟੀ ਦੀ ਜਨਰਲ ਮੀਟਿੰਗ ’ਚ ਹੋਣ ਵਾਲੀਆਂ ਚੋਣਾਂ ’ਚ ਮੁੜ ਖੜ੍ਹੇ ਨਾ ਹੋਣ ਦਾ ਫੈਸਲਾ ਕੀਤਾ ਹੈ। ਬੀਤੇ ਦਿਨੀਂ ਆਪਣੇ ਪਾਰਟੀ ਦੇ ਸਮਰਥਕਾਂ ਨੂੰ ਇਕ ਈ-ਮੇਲ ਰਾਹੀਂ ਸੁਨੇਹਾ ਦਿੱਤਾ, ‘ਅਸੀਂ ਪਿਛਲੇ ਚਾਰ ਸਾਲਾਂ ਤੋਂ ਬੇਹਤਰੀਨ ਅਗਵਾਈ ਹੇਠ ਆਪਣੇ ਪੈਰ ਚੰਗੀ ਤਰ੍ਹਾਂ ਜਮਾਂ ਲਏ ਹਨ। ਇਹ ਸਿਰਫ਼ ਚੰਗੇ ਆਗੂ ਦੀ ਅਗਵਾਈ ਦਾ ਹੀ ਨਤੀਜਾ ਹੈ ਜੋ ਕਿ ਸਾਡੇ ਦੇਸ਼ ਦਾ ਪ੍ਰੀਮੀਅਰ ਹੈ। ਪਾਰਟੀ ’ਚ ਹੁਣ ਨਵੇਂ ਲੋਕਾਂ ਦੀ ਜ਼ਰੂਰਤ ਹੈ। ਇਸ ਕਰਕੇ ਹੁਣ ਮੈਂ ਸਮਝਦਾ ਹਾਂ ਕਿ ਮੈਨੂੰ ਆਪਣਾ ਨਵਾਂ ਰਾਹ ਚੁਣ ਕੇ ਜਗ੍ਹਾ ਖਾਲੀ ਕਰਨੀ ਚਾਹੀਦੀ ਹੈ ਤਾਂ ਜੋ ਨਵੀਂ ਸੋਚ ਨੂੰ ਤਰਜੀਹ ਦਿੰਦਿਆਂ ਹੋਇਆਂ ਪਾਰਟੀ ਨੂੰ ਹੋਰ ਜ਼ਿਆਦਾ ਮਜ਼ਬੂਤ ਕੀਤਾ ਜਾ ਸਕੇ।’ ਉਨ੍ਹਾਂ ਕਿਹਾ, ‘ਅਲਬਰਟਾ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਐਸੋਸੀਏਸ਼ਨ ਲਾਸਾਨੀ ਸਿਆਸੀ ਪਾਰਟੀ ਹੈ ਅਤੇ ਇਸ ’ਚ ਤਬਦੀਲੀਆਂ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਇਸ ਦੀ ਮਜ਼ਬੂਤੀ ਦੀ ਰਵਾਨਗੀ ਬਣੀ ਰਹਿ ਸਕੇ। ਪਾਰਟੀ ਮੈਂਬਰ ਹੁਣ ਕੈਲਗਰੀ ’ਚ 9 ਅਤੇ 10 ਨਵੰਬਰ ਨੂੰ ਹੋਣ ਵਾਲੀ ਸਾਲਾਨਾ ਮੀਟਿੰਗ ਦੌਰਾਨ ਆਪਣੇ ਨਵੇਂ ਪ੍ਰਧਾਨ ਦੀ ਚੋਣ ਕਰਨਗੇ।



## ਲੇਕ ਓਨਟਾਰੀਓ ਪਾਰ ਕਰਕੇ ਐਨੇਲੀਸ ਨੇ ਰਚਿਆ ਇਤਿਹਾਸ

ਐਤਵਾਰ ਰਾਤ ਨੂੰ 9:00 ਵਜੇ ਤੋਂ ਠੀਕ ਪਹਿਲਾਂ ਮੈਰੀਲਿਨ ਬੈੱਲ ਪਾਰਕ ਦੀ ਕੰਧ ਨੂੰ ਛੋਹਣ ਵਾਲੀ ਐਨੇਲੀਸ ਕਾਰ ਲੇਕ ਓਨਟਾਰੀਓ ਦਾ 52 ਕਿਲੋਮੀਟਰ ਦਾ ਦਾਇਰਾ ਪਾਰ ਕਰਨ ਵਾਲੀ ਸੱਭ ਤੋਂ ਨਿੱਕੀ ਉਮਰ ਦੀ ਲੜਕੀ ਬਣ ਗਈ ਹੈ। 27 ਘੰਟੇ ਲਗਾਤਾਰ ਤੈਰ ਕੇ ਆਪਣੇ ਟੀਚੇ ਨੂੰ ਪੂਰਾ ਕਰਨ ਵਾਲੀ ਕਾਰ ਭਾਂਵੇਂ ਕਾਫੀ ਥੱਕ ਚੁੱਕੀ ਸੀ ਪਰ ਉਹ ਕਾਫੀ ਖੁਸ਼ ਨਜ਼ਰ ਆ ਰਹੀ ਸੀ। ਕਾਰ ਦਾ ਆਦਰਸ਼ ਲੇਕ ਓਨਟਾਰੀਓ ਨੂੰ ਸੱਭ ਤੋਂ ਪਹਿਲਾਂ 16 ਸਾਲ ਦੀ ਉਮਰ ਵਿੱਚ 1954 ਵਿੱਚ ਤੈਰ ਕੇ ਪਾਰ ਕਰਨ ਵਾਲੀ ਮੈਰੀਲਿਨ ਬੈੱਲ ਰਹੀ ਹੈ। ਕਿਨਾਰੇ ਉੱਤੇ ਕਾਰ ਦਾ ਸਵਾਗਤ ਕਰਨ ਲਈ ਉਸ ਦਾ ਪਰਿਵਾਰ ਖੜ੍ਹਾ ਸੀ। ਤੈਰ ਕੇ ਐਨੀ ਲੰਮੀ ਦੂਰੀ ਤੈਅ ਕਰਨ ਵਾਲੀ ਕਾਰ ਨੂੰ ਕਿਨਾਰੇ ਉੱਤੇ ਪਹੁੰਚਣ ਤੋਂ ਕੁੱਝ ਸਮੇਂ ਬਾਅਦ ਹੀ ਮੁਕੰਮਲ ਜਾਂਚ ਵਾਸਤੇ ਹਸਪਤਾਲ ਲਿਜਾਇਆ ਗਿਆ। ਸੋਮਵਾਰ ਨੂੰ ਕਾਰ ਦੇ ਪ੍ਰੈੱਸ ਕਾਨਫਰੰਸ ਵਿੱਚ ਸੰਬੋਧਨ ਕਰਨ ਦੀ ਸੰਭਾਵਨਾ ਹੈ। ਕਾਰ ਨੇ ਕੈਂਪ ਟ੍ਰਿਲੀਅਮ ਲਈ ਪੈਸੇ ਇੱਕਠੇ ਕਰਨ ਲਈ ਇਹ ਟੀਚਾ ਪੂਰਾ ਕੀਤਾ।



# ਚਾਰ ਵਾਰੀ ਇੱਕੋ ਬੈਂਕ ਨੂੰ ਲੁੱਟਣ ਵਾਲਾ ਵਿਅਕਤੀ ਗ੍ਰਿਫਤਾਰ

ਵਿਨੀਪੈਗ, (ਨਦਬ) : ਚਾਰ ਵਾਰੀ ਕਥਿਤ ਤੌਰ ਉੱਤੇ ਇੱਕੋ ਬੈਂਕ ਨੂੰ ਲੁੱਟਣ ਵਾਲੇ ਇੱਕ ਵਿਅਕਤੀ ਨੂੰ ਵਿਨੀਪੈਗ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਜਾਂਚਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਮਸ਼ਕੂਕ ਨੂੰ ਸੁੱਕਰਵਾਰ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਜਦੋਂ ਭੇਸ ਬਦਲ ਕੇ ਇੱਕ ਵਿਅਕਤੀ ਨੇ ਬੈਂਕ ਦੇ ਕਰਮਚਾਰੀ ਕੋਲ ਪਹੁੰਚ ਕੇ ਉਸ ਤੋਂ ਪੈਸੇ ਮੰਗੇ ਤੇ ਫਿਰ ਉਹ ਪੈਸੇ ਲੈ ਕੇ ਉੱਥੋਂ ਫਰਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਦਸੰਬਰ ਮਹੀਨੇ ਤੋਂ ਇਸ ਬੈਂਕ ਵਿੱਚ ਇਸ ਤਰ੍ਹਾਂ ਦੀਆਂ ਲੁੱਟ ਖੋਹ ਦੀਆਂ ਵਾਰਦਾਤਾਂ ਹੁੰਦੀਆਂ ਆ ਰਹੀਆਂ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਨ੍ਹਾਂ ਲੁੱਟਾਂ ਖੋਹਾਂ ਪਿੱਛੇ ਇੱਕੋ ਵਿਅਕਤੀ ਹੀ ਜ਼ਿੰਮੇਵਾਰ ਹੈ। ਉਨ੍ਹਾਂ ਦੱਸਿਆ ਕਿ ਮਸ਼ਕੂਕ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਹੋਰ ਬੈਂਕ ਨੂੰ ਵੀ ਆਪਣਾ ਨਿਸ਼ਾਨਾ ਬਣਾਇਆ। 40 ਸਾਲਾਂ ਦੇ ਗਲੈਨ ਥਾਮਸ ਮਸਕੂਗੋ ਨੂੰ ਬੈਂਕ ਲੁੱਟਣ ਦੇ ਪੰਜ ਮਾਮਲਿਆਂ ਵਿੱਚ ਕਈ ਦੋਸ਼ਾਂ ਦਾ ਸਾਹਮਣਾ ਕਰਨਾ ਹੋਵੇਗਾ। ਪੁਲਿਸ ਨੇ ਦੱਸਿਆ ਕਿ ਅਦਾਲਤ ਵਿੱਚ ਪੇਸ਼ੀ ਤੱਕ ਉਸ ਨੂੰ ਹਿਰਾਸਤ ਵਿੱਚ ਹੀ ਰੱਖਿਆ ਜਾਵੇਗਾ।




# ਕੋਨਕੋਰਡੀਆ ਹਾਈ ਸਕੂਲ ਸਥਾਈ ਰੂਪ ’ਚ ਬੰਦ ਕਰਨ ਦਾ ਐਲਾਨ

ਐਡਮਿੰਟਨ (ਨਦਬ): ਕੋਨਕੋਰਡੀਅਨ ਹਾਈ ਸਕੂਲ, ਜੋ ਇਕ ਨਿੱਜੀ ਈਸਾਈ ਸਕੂਲ ਹੈ, ਨੇ ਬੀਤੇ ਦਿਨੀਂ ਆਪਣੇ ਸਕੂਲ ਦੀਆਂ ਕਲਾਸਾਂ ਸ਼ੁਰੂ ਹੋਣ ਤੋਂ ਮਸਾਂ ਇਕ ਹਫ਼ਤਾ ਪਹਿਲਾਂ ਹੀ ਸਕੂਲ ਬੰਦ ਕਰਨ ਦਾ ਐਲਾਨ ਕਰ ਦਿੱਤਾ। ਹਾਲ ਹੀ ਵਿਖੇ ਸਕੂਲ ਵਲੋਂ ਆਪਣੀ 90ਵੀਂ ਵਰ੍ਹੇਗੰਢ ਮਨਾਈ ਗਈ ਸੀ। ਇਸ ਸਕੂਲ ਵਿਚ 9ਵੀਂ ਗ੍ਰੇਡ ਤੋਂ ਲੈ ਕੇ 12ਵੀਂ ਗ੍ਰੇਡ ਦੇ 90 ਵਿਦਿਆਰਥੀ ਪੜ੍ਹ ਰਹੇ ਸਨ। ਸਕੂਲ ਦੇ ਅਚਾਨਕ ਬੰਦ ਹੋ ਜਾਣ ਦੀ ਖ਼ਬਰ ਨਾਲ ਵਿਦਿਆਰਥੀਆਂ ਸਮੇਤ ਸਕੂਲ ਦੇ 15 ਸਟਾਫ਼ ਮੈਂਬਰ ਵੀ ਹੈਰਾਨ-ਪ੍ਰੇਸ਼ਾਨ ਹਨ। ਸਕੂਲ ਦੀ ਤਰਜਮਾਨ ਨੇ ਦੱਸਿਆ ਕਿ ਸਕੂਲ ਦੇ ਸਟਾਫ਼ ਨੂੰ ਇਸ ਫੈਸਲੇ ਸਬੰਧੀ ਨੋਟਿਸ 13 ਅਗਸਤ ਨੂੰ ਅਚਾਨਕ ਹੀ ਮਿਲਿਆ ਸੀ, ਜਿਸ ’ਚ ਲਿਖਿਆ ਸੀ ਕਿ 830 ਸੈਡਲਬੈਕ ਰੋਡ ਵਿਖੇ ਲੀਜ਼ ’ਤੇ ਲਿਆ ਗਿਆ ਇਹ ਸਕੂਲ ਸਥਾਈ ਰੂਪ ’ਚ ਬੰਦ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ।

ਪਿਛਲੇ ਸਾਲ ਤਕ ਕੋਨਕੋਰਡੀਆ ਹਾਈ ਸਕੂਲ 7128 ਏ.ਡੀ.ਏ. ਬਲਵਡ ਵਿਖੇ ਵਰਜੀਨੀਆ ਪਾਰਕ ਵਿਖੇ ਕੋਨਕੋਰਡੀਆ ਯੂਨੀਵਰਸਿਟੀ ਕਾਲਜ ਕੈਂਪਸ ’ਚੋਂ ਹੀ ਚਲਾਇਆ ਜਾਂਦਾ ਸੀ। ਫੇਰ ਬਾਅਦ ’ਚ ਹਾਈ ਸਕੂਲ ਨੇ ਆਪਣੀ ਥਾਂ ਤਬਦੀਲ ਕਰਕੇ ਦੱਖਣ-ਪੱਛਮੀ ਐਡਮਿੰਟਨ ਦੇ 32ਵੇਂ ਐਵੇਨਿਊ ਦੇ ਦੱਖਣ ਵਿਖੇ ਨਵਾਂ ਕੈਂਪਸ ਖੋਲ੍ਹ ਲਿਆ ਸੀ, ਜਿਥੇ ਇਸ ਨੂੰ ਇਥੇ ਸਥਾਈ ਰੂਪ ’ਚ ਚਲਾਉਣ ਦਾ ਫੈਸਲਾ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਲੁਥੇਰੀਅਨ ਚਰਚ ਦੇ ਕਨੇਡਾ ਮਿਸੂਰੀ ਸਾਇਨੋਡ ਨੇ 1921 ’ਚ ਕੋਨਕੋਰਡੀਆ ਦੀ ਸਥਾਪਨਾ ਕੀਤੀ ਸੀ।

ਇਸ ’ਚ ਚਰਚ ਦੇ ਖੇਤਰ ਵਲ ਆਪਣਾ ਕੈਰੀਅਰ ਬਣਾਉਣ ਵਾਲੇ ਇੱਛੁਕ ਨੌਜਵਾਨਾਂ ਨੂੰ ਪੜ੍ਹਾਇਆ ਜਾਂਦਾ ਸੀ। ਫੇਰ ਹੌਲੀ-ਹੌਲੀ ਇਹ ਹਾਈ ਸਕੂਲ ਤੇ ਫੇਰ ਪੋਸਟ ਸੈਕੰਡਰੀ ਅਦਾਰੇ, ਜਿਸ ਨੂੰ ਕੋਨਕੋਰਡੀਆ ਯੂਨੀਵਰਸਿਟੀ ਕਾਲਜ ਵਜੋਂ ਜਾਣਿਆ ਜਾਂਦਾ ਹੈ, ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਸਕੂਲ ਦੀ ਵੈਬ ਸਾਈਟ ਮੁਤਾਬਕ ਹਾਈ ਸਕੂਲ ਅਤੇ ਯੂਨੀਵਰਸਿਟੀ ਕਾਲਜ 2000-2001 ’ਚ ਵੱਖਰੇ ਹੋ ਗਏ ਸਨ ਅਤੇ 2001-02 ’ਚ ਹਾਈ ਸਕੂਲ ਨੇ ਸੁਤੰਤਰ ਰੂਪ ’ਚ ਆਪਣੇ ਵੱਖਰੇ ਬੋਰਡ ਦਾ ਗਠਨ ਕੀਤਾ ਸੀ।



# ਸੁਹੇਲ ਕਾਦਰੀ ਲੋਕਾਂ ਦੀ ਸੇਵਾ ਲਈ ਸਦਾ ਤਤੱਪਰ-ਜਵੈਜਡੈਸਕੀ




ਐਡਮਿੰਟਨ, (ਨਦਬ) : ਹਲਕਾ ਮਿਲਵੁਡਜ਼ ਤੋਂ ਵਿਧਾਇਕ ਸੁਹੇਲ ਕਾਦਰੀ ਵੱਲੋਂ ਮਹਾਰਾਜਾ ਪੈਲਿਸ ਵਿਖੇ ਹਲਕੇ ਵਿਚ ਦਫ਼ਤਰ ਖੋਲ੍ਹਣ ਦਾ ਰਸਮੀ ਉਦਘਾਟਨ ਕਰਨ ਲਈ ਸਮਾਗਮ ਦਾ ਆਯੋਜਨ ਕੀਤਾ ਗਿਆ। ਮੁੱਖ ਮਹਿਮਾਨ ਅਲਬਰਟਾ ਵਿਧਾਨ ਸਭਾ ਸਪੀਕਰ ਜੀਨ ਜਵੈਜਡਵੈਸਕੀ ਨੇ ਅਲਬਰਟਾ ਸੂਬੇ ਦਾ ਝੰਡਾ ਲਹਿਰਾ ਕੇ ਰਸਮੀ ਉਦਘਾਟਨ ਕੀਤਾ। ਉਨ੍ਹਾਂ ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਵਿਧਾਇਕ ਸੁਹੇਲ ਕਾਦਰੀ ਮਿਲਵੁਡਜ਼ ਵਾਸੀਆਂ ਦੀ ਸੇਵਾ ਵਿਚ ਦਿਨ ਰਾਤ ਤਤਪਰ ਰਹਿੰਦੇ ਹਨ, ਉਸ ਤੋਂ ਉਹ ਬੇਹੱਦ ਖੁਸ਼ ਹਨ। ਸਪੀਕਰ ਜੀਨ ਨੇ ਅੱਗੇ ਕਿਹਾ ਕਿ ਉਨ੍ਹਾਂ ਹਮੇਸ਼ਾਂ ਹੀ ਸੁਹੇਲ ਨੂੰ ਲੋਕਾਂ ਦੀ ਸਹਾਇਤਾ ਕਰਨ ਲਈ ਤਿਆਰ ਬਰ ਤਿਆਰ ਵੇਖਿਆ ਹੈ। ਉਨ੍ਹਾਂ ਕਿਹਾ ਕਿ ਸੁਹੇਲ ਜਿਸ ਤਰ੍ਹਾਂ ਹਲਕੇ ਵਿਚ ਕੰਮ ਕਰ ਰਹੇ ਹਨ, ਉਸੇ ਤਰ੍ਹਾਂ ਹੀ ਵਿਧਾਨ ਸਭਾ ਸੈਸ਼ਨ ਦੌਰਾਨ ਵੀ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਉਠਾਉਣ ਲਈ ਚੌਕਸ ਰਹਿੰਦੇ ਹਨ।

ਇਸ ਮੌਕੇ ਹਾਜ਼ਰ ਲੋਕਾਂ ਦਾ ਧੰਨਵਾਦ ਕਰਦਿਆਂ ਵਿਧਾਇਕ ਸੁਹੇਲ ਕਾਦਰੀ ਨੇ ਕਿਹਾ ਕਿ ਉਹ ਹਲਕਾ ਮਿਲਵੁਡਜ਼ ਵਾਸੀਆਂ ਦੇ ਧੰਨਵਾਦੀ ਹਨ, ਜਿਨ੍ਹਾਂ ਸਦਕਾ ਪਹਿਲੀ ਵਾਰ ਚੋਣ ਮੈਦਾਨ ਵਿਚ ਆ ਕੇ ਉਹ ਜੇਤੂ ਰਹੇ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਲੋਕਾਂ ਦੀ ਸੇਵਾ ਕਰਨ ਲਈ ਤਿਆਰ ਰਹਿਣਗੇ ਤੇ ਕਿ ਦਫਤਰੀ ਸਮੇਂ ਤੋਂ ਬਾਅਦ ਵੀ ਉਹ ਲੋਕਾਂ ਦੇ ਦੁੱਖ-ਸੁੱਖ ਵਿਚ ਭਾਈਵਾਲ ਬਣਦੇ ਰਹਿਣਗੇ।

ਰਸਮੀ ਉਦਘਾਟਨ ਮੌਕੇ ਐਲਸਰੀ ਤੋਂ ਵਿਧਾਇਕ ਨਰੇਸ਼ ਭਾਰਦਵਾਜ, ਅਲਬਰਟਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੌਰਜ ਰੌਜਰ, ਸਾਊਥ ਵੈਸਟ ਤੋਂ ਵਿਧਾਇਕ ਮਾਟ ਜੈਨਰੌਕਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਜਥੇਦਾਰ ਭੁੱਲੇਵਾਲ ਰਾਠਾਂ ਦਾ ਸਵਾਗਤ ਕੀਤਾ



ਐਡਮਿੰਟਨ, (ਨਦਬ) : ਹਲਕਾ ਗੜ੍ਹਸ਼ੰਕਰ (ਪੰਜਾਬ) ਤੋਂ ਵਿਧਾਇਕ ਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਦੀ ਕਨੇਡਾ ਫੇਰੀ ਦੌਰਾਨ ਐਡਮਿੰਟਨ ਪਹੁੰਚਣ 'ਤੇ ਮਹਾਰਾਜਾ ਪੈਲਿਸ ਵਿਖੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਸੀਮਤ ਪਰ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਭੁੱਲੇਵਾਲ ਰਾਠਾਂ ਨੇ ਕਿਹਾ ਕਿ ਉਹ ਐਡਮਿੰਟਨ ਵਾਸੀਆਂ ਦੇ ਰਿਣੀ ਹਨ, ਜਿਨ੍ਹਾਂ ਦੇ ਸਹਿਯੋਗ ਸਦਕਾ ਅਕਾਲੀ-ਭਾਜਪਾ ਸਰਕਾਰ ਨੂੰ ਫਿਰ ਤੋਂ ਪੰਜਾਬ ਵਿਚ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਤੇ ਮਜ਼ਦੂਰਾਂ ਦੀ ਸਾਰ ਸਿਰਫ ਅਕਾਲੀ-ਭਾਜਪਾ ਸਰਕਾਰ ਨੇ ਹੀ ਲਈ ਹੈ, ਜਦ ਕਿ ਕਾਂਗਰਸ ਨੇ ਹਮੇਸ਼ਾਂ ਲੋਕਾਂ ਨਾਲ ਧੋਖਾ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਤੇ ਸ. ਸੁਖਬੀਰ ਸਿੰਘ ਬਾਦਲ ਦੇ ਯਤਨਾਂ ਸਦਕਾ ਪੰਜਾਬ ਅੱਜ ਖੁਸ਼ਹਾਲੀ ਦੇ ਰਾਹ 'ਤੇ ਹੈ।

ਇਸ ਮੌਕੇ ਸ. ਸੁਰਿੰਦਰ ਸਿੰਘ ਭੁੱਲੇਰਾਠਾਂ ਨਾਲ ਕਨੇਡਾ ਫੇਰੀ 'ਤੇ ਆਏ ਯੂਥ ਅਕਾਲੀ ਦਲ ਬਾਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਤੇ ਉਪ ਚੇਅਰਮੈਨ ਪੰਜਾਬ ਸਟੇਟ ਕੋ-ਆਪਰੇਟਿਵ ਬੈਂਕ ਚੰਡੀਗੜ੍ਹ ਸ. ਸਤਵਿੰਦਰ ਸਿੰਘ ਢੱਟ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਵਿਚ ਅਕਾਲੀ-ਭਾਜਪਾ ਸਰਕਾਰ ਪ੍ਰਤੀ ਵਿਸ਼ਵਾਸ ਵਧਿਆ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀਆਂ ਦੇ ਯਤਨਾਂ ਸਦਕਾ ਹੀ ਅੱਜ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਵੀਂ ਵਾਰ ਮੁੱਖ ਮੰਤਰੀ ਦਾ ਤਾਜ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਜਿੰਨਾ ਮਾਣ-ਸਤਿਕਾਰ ਉਨ੍ਹਾਂ ਨੂੰ ਕਨੇਡਾ ਦੇ ਲੋਕਾਂ ਵੱਲੋਂ ਮਿਲਿਆ ਹੈ, ਉਹ ਉਸ ਦੇ ਸਦਾ ਰਿਣੀ ਰਹਿਣਗੇ।

# ਨਹੀਂ ਰਹੇ ਮਿਲਾਪੜੇ ਸੁਭਾਅ ਵਾਲੇ ਬੀਬੀ ਇੱਕਬਾਲ ਕੌਰ ਜੌਹਲ



ਅਗਸਤ 27 ਦਿਨ ਸੋਮਵਾਰ ਐਡਮਿੰਟਨ ਨਿਵਾਸੀ ਬੀਬੀ ਇੱਕਬਾਲ ਕੌਰ ਜੌਹਲ ਜੀ ਸੰਖੇਪ ਬਿਮਾਰੀ ਪਿਛੋਂ ਸਦੀਵੀ ਵਿਛੋੜਾ ਦੇ ਗਏ। ਪਿਛਲੇ ਲੰਬੇ ਸਮੇਂ ਤੋਂ ਐਡਮਿੰਟਨ, ਕਨੇਡਾ ਵਿਖੇ ਰਹਿ ਰਹੇ ਬੀਬੀ ਜੀ ਦਾ ਜਨਮ 8 ਅਕਤੂਬਰ 1933 ਨੂੰ ਸ: ਸਵਰਨ ਸਿੰਘ ਦੇ ਘਰ ਦੁਆਬੇ ਦੇ ਪ੍ਰਸਿੱਧ ਪਿੰਡ ਸ਼ਰੀਂਹ ਵਿਖੇ ਇੱਕ ਬਹੁਤ ਹੀ ਅਗਾਂਹਵਧੂ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੀ ਵਿਆਹ ਪਿੰਡ: ਜੰਡਿਆਲਾ ਵਿਖੇ ਸ੍ਰ: ਗੁਰਜੀਤ ਸਿੰਘ ਨਾਲ ਹੋਇਆ। 1975 ਵਿੱਚ ਉਹ ਆਪਣੇ ਪਰਿਵਾਰ ਸਮੇਤ ਆਪਣੀ ਬੇਟੀ ਕੋਲ ਐਡਮਿੰਟਨ (ਕਨੇਡਾ) ਆ ਗਏ। ਬਚਪਨ ਵਿੱਚ ਹੀ ਉਨ੍ਹਾਂ ਦੀ ਮਾਤਾ ਦਾ ਦਿਹਾਂਤ ਹੋ ਗਿਆ ਅਤੇ ਭਰ ਜਵਾਨੀ ਵਿੱਚ ਉਨ੍ਹਾਂ ਦੇ ਪਤੀ ਦੀ ਮੌਤ ਹੋ ਗਈ। ਜ਼ਿੰਦਗੀ ਦੀਆਂ ਬਹੁਤ ਕਠਿਨ ਹਾਲਤਾਂ ਦੌਰਾਨ ਉਨ੍ਹਾਂ ਬਹੁਤ ਹੀ ਸਿਦਕ ਦਿਲੀ ਨਾਲ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ, ਪੜ੍ਹਾਈ ਲਿਖਾਈ ਅਤੇ ਵਿਆਹ ਕੀਤੇ ਅਤੇ ਆਪਣੇ ਮਿਲਾਪੜੇ ਸੁਭਾਅ ਕਾਰਨ ਸਹੁਰੇ ਘਰ ਦੇ ਵੱਡੇ ਪਰਿਵਾਰ ਵਿੱਚ ਆਪਣੀ ਵਿਸ਼ੇਸ਼ ਥਾਂ ਹੀ ਨਹੀਂ ਬਣਾਈ ਸਗੋਂ ਤਿੰਨ ਪੀੜ੍ਹੀਆਂ ਤੋਂ ਅੱਜ ਵੀ ਇਸ ਪਰਿਵਾਰ ਦੀ ਸਾਂਝ ਉਸੇ ਤਰ੍ਹਾਂ ਹੀ ਕਾਇਮ ਹੈ। ਐਡਮਿੰਟਨ ਵਿੱਚ ਉਨ੍ਹਾਂ ਦਾ ਪਰਿਵਾਰ 1970ਵੇਆਂ ਵਿੱਚ ਇਥੇ ਰਹਿਣ ਵਾਲੇ ਬਹੁਤ ਥੋੜ੍ਹੇ ਜਿਹੇ ਪਰਿਵਾਰਾਂ ਵਿੱਚੋਂ ਇਕ ਸੀ। ਉਹਨਾਂ ਦੇ ਮਿਲਾਪੜੇ ਸੁਭਾਅ ਅਤੇ ਪਰਿਵਾਰ ਦੀ ਮਿਲਣਸਾਰਤਾ ਕਾਰਣ ਹੀ ਉਹਨਾਂ ਦਾ ਘਰ ਐਡਮਿੰਟਨ ਆਉਣ ਵਾਲੇ ਨਵੇਂ ਲੋਕਾਂ ਲਈ ਠਾਹਰ ਅਤੇ ਮਿਲ-ਬੈਠਣ ਦੀ ਥਾਂ ਬਣਦਾ ਰਿਹਾ। ਇੰਡੀਆ ਤੋਂ ਆਉਣ ਵਾਲੇ ਅਨੇਕਾਂ ਰਾਜਸੀ ਆਗੂ ਵੀ ਇਸ ਪਰਿਵਾਰ ਕੋਲ ਇਥੇ ਆਉਂਦੇ ਰਹੇ।

ਕਨੇਡਾ ਰਹਿੰਦਿਆਂ ਉਨ੍ਹਾਂ ਆਪਣੇ ਬੱਚਿਆਂ ਨੂੰ ਦੋਵੇ ਸਭਿਆਚਾਰਾਂ 'ਚ ਸੰਤੁਲਨ ਬਣਾਈ ਰੱਖਣ ਦੀ ਸੂਝ ਦਿੱਤੀ। ਬੀਬੀ ਜੀ ਆਪਣੇ ਪਿਛੇ ਪੁੱਤਰ ਬਲਰਾਜ ਸਿੰਘ ਜੌਹਲ, ਨੂੰਹ ਜਗਪਾਲ ਕੌਰ ਜੌਹਲ, ਧੀਆਂ; ਰਾਜਵੰਤ ਗਿੱਲ, ਕੁਲਵੰਤ ਗਿੱਲ, ਸਤਵੰਤ ਦਿਉਲ, ਜਵਾਈ; ਗੁਰਦਿਆਲ ਗਿੱਲ, ਬਲਦੇਵ ਗਿੱਲ ਅਤੇ ਰਣਜੀਤ ਦਿਉਲ, ਪੋਤਰੇ ਪੋਤਰੀਆਂ ਅਤੇ ਦੋਹਤੇ ਦੋਹਤਰੀਆਂ ਦਾ ਵੱਡਾ ਪਰਿਵਾਰ ਛੱਡ ਗਏ ਹਨ। ਅਦਾਰਾ 'ਨਵੀਂ ਦੁਨੀਆ' ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ।

### ਅਮਰੀਕੀ ਰਾਸ਼ਟਰਪਤੀ ਦੀ ਚੋਣ : ਰਿਪਬਲਿਕਨ ਉਮੀਦਵਾਰ ਨੇ ਵੱਖਰੀ ਰਣਨੀਤੀ ਅਪਣਾਈ

# ਕੀ ਬਿਜ਼ਨਸ ਦਾ ਕੌਸ਼ਲ ਮਿਟ ਰੋਮਨੀ ਨੂੰ ਵ੍ਹਾਈਟ ਹਾਊਸ ਪਹੁੰਚਾ ਸਕੇਗਾ?

ਵਾਸ਼ਿੰਗਟਨ, (ਨਦਬ) : ਚੋਣ ਮੁਹਿੰਮ ਵਿਚ ਰੋਮਨੀ ਬਿਜ਼ਨਸਮੈਨ ਦੇ ਰੂਪ ਵਿਚ ਆਪਣੀ ਸਮਰਥਾ ਨੂੰ ਸਾਹਮਣੇ ਰੱਖਦੇ ਹਨ। ਉਹ ਦਲੀਲ ਦਿੰਦੇ ਹਨ ਕਿ ਅਰਥ ਵਿਵਸਥਾ ਨੂੰ ਪਟੜੀ 'ਤੇ ਲਿਆਉਣ ਲਈ ਉਨ੍ਹਾਂ ਵਿਚ ਪ੍ਰਾਈਵੇਟ ਸੈਕਟਰ ਦੀ ਯੋਗਤਾ ਅਤੇ ਕੁਸ਼ਲਤਾ ਮੌਜੂਦ ਹੈ। ਰਾਸ਼ਟਰਪਤੀ ਨੂੰ ਚੁਣੌਤੀ ਦੇਣ ਵਾਲੇ ਉਮੀਦਵਾਰ ਲਈ ਇਹ ਰਣਨੀਤੀ ਅਸੁਭਾਵਕ ਹੈ। ਪਹਿਲਾਂ ਕਿਸੇ ਉਚੇ ਅਹੁਦੇ ਉਤੇ ਰਹੇ ਬਿਨਾਂ ਕੋਈ ਬਿਜ਼ਨਸਮੈਨ ਰਾਸ਼ਟਰਪਤੀ ਨਹੀਂ ਬਣਿਆ ਹੈ। ਸੈਨੇਟਰਾਂ ਜਾਂ ਉਪ ਰਾਸ਼ਟਰਪਤੀਆਂ ਦੇ ਮੁਕਾਬਲੇ ਜ਼ਿਆਦਾ ਗਵਰਨਰ ਵ੍ਹਾਈਟ ਹਾਊਸ ਦੀ ਚੋਣ ਜਿੱਤੇ ਹਨ।



ਰੋਮਨੀ ਗਵਰਨਰ ਦੇ ਕਾਰਜਕਾਲ ਦੀਆਂ ਉਪਲਬਧੀਆਂ ਦੀ ਬਜਾਏ ਆਪਣੇ ਬਿਜ਼ਨਸ ਰਿਕਾਰਡ ਨੂੰ ਸਾਹਮਣੇ ਰੱਖਦੇ ਹਨ। ਉਂਝ ਹੈਨਰੀ ਫੋਰਡ, ਵਿਲੀਅਮ ਰੈਨਡੋਲਫ ਹਸਰਟ ਤੋਂ ਲੈ ਕੇ ਰਾਸ ਪੈਰਾਟ ਵਰਗੇ ਮਹਾਂਬਲੀ ਉਦਯੋਗਪਤੀ ਇਸ ਰਣਨੀਤੀ ਵਿਚ ਅਸਫ਼ਲ ਰਹੇ ਹਨ। ਰੋਮਨੀ ਲਗਪਗ ਹਰ ਚੋਣ ਭਾਸ਼ਣ ਵਿਚ ਕਹਿੰਦੇ ਹਨ, ਮੈਂ ਬਿਜ਼ਨਸਮੈਨ ਹਾਂ। ਕੇਵਲ ਚਾਰ ਸਾਲ ਗਵਰਨਰ ਰਿਹਾ ਹਾਂ। ਉਹ ਇਕ ਸਿਆਸੀ ਸੰਮੇਲਨ ਵਿਚ ਕਹਿੰਦੇ ਹਨ ਮੈਂ 25 ਸਾਲ ਤੋਂ ਬਜਟ ਦੇ ਸੰਤੁਲਨ ਨੂੰ ਧਿਆਨ ਵਿਚ ਰੱਖ ਰਿਹਾ ਹਾਂ, ਪਰ ਸਰਕਾਰ ਤੋਂ ਦੂਰ ਰਹਿੰਦਾ ਹਾਂ। ਉਨ੍ਹਾਂ ਨੇ ਲਾਸ ਵੈਗਾਸ ਵਿਚ ਕਿਹਾ ਕਿ ਮੈਂ ਸੰਵਿਧਾਨ ਵਿਚ ਪੇਸ਼ਕਸ਼ ਕਰਨਾ ਚਾਹੁੰਦਾ ਹਾਂ ਕਿ ਅਮਰੀਕਾ ਦਾ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਸਬੰਧਤ ਵਿਅਕਤੀ ਤਿੰਨ ਸਾਲ ਤਕ ਕੋਈ ਕਾਰੋਬਾਰ ਕਰੇ।

ਕਰਿਸ਼ਮਈ ਸਫ਼ਲਤਾ : ਬਿਜ਼ਨਸ ਦੇ ਕਿਸੇ ਵੀ ਮਾਪਦੰਡ ਉਤੇ ਰੋਮਨੀ ਦੀ ਸਫ਼ਲਤਾ ਕਰਿਸ਼ਮਈ ਹੈ। ਉਨ੍ਹਾਂ ਨੇ 1977 ਵਿਚ ਕੰਸਲਿਟਿੰਗ ਫਰਮ ਬੇਨ ਐਂਡ ਕੰਪਨੀ ਜੁਆਇੰਨ ਕੀਤੀ ਸੀ। ਉਹ ਇਥੇ ਛੇਤੀ ਹੀ ਸ਼ਿਖਰ ਉਤੇ ਪਹੁੰਚ ਗਏ। ਉਨ੍ਹਾਂ ਨੇ 1984 ਵਿਚ ਇਕਵਟੀ ਫਰਮ ਬੇਨ ਕੈਪਿਟਲ ਦੀ ਬੁਨਿਆਦ ਰੱਖੀ। 203 ਕਰੋੜ ਰੁਪਏ ਦੀ ਪੂੰਜੀ ਨਾਲ ਸ਼ੁਰੂ ਫਰਮ ਦੀ ਸੰਪਤੀ ਅਰਬਾਂ ਡਾਲਰ ਹੋ ਚੁੱਕੀ ਹੈ। ਸਾਬਕਾ ਵੈਂਚਰ ਕੈਪਿਟਲਿਸਟ ਹਾਵਰਡ ਐਂਡਰਸਨ ਦੱਸਦੇ ਹਨ ਕਿ 1984 ਤੋਂ 1999 ਵਿਚਾਲੇ ਰੋਮਨੀ ਦੇ ਫੰਡ ਨੇ ਹਰ ਸਾਲ 88 ਫੀਸਦੀ ਮੁਨਾਫ਼ਾ ਦਿੱਤਾ। ਇਸ ਵਿਚਾਲੇ ਰੋਮਨੀ ਦੀ ਸੰਪਤੀ 1100 ਕਰੋੜ ਰੁਪਏ ਹੋ ਗਈ।

ਨੈਤਿਕਤਾ ਅਤੇ ਸਿਧਾਂਤ : ਰੋਮਨੀ ਦੇ ਫੈਸਲੇ ਹਮੇਸ਼ਾ ਨਫਾ-ਨੁਕਸਾਨ ਨਾਲ ਜੁੜੇ ਨਹੀਂ ਹੁੰਦੇ। ਉਨ੍ਹਾਂ ਨੇ ਕੁਝ ਨੈਤਿਕ ਅਤੇ ਸਿਧਾਂਤਕ ਸੀਮਾਵਾਂ ਤੈਅ ਕਰ ਰੱਖੀਆਂ ਹਨ। ਲੰਬੇ ਸਮੇਂ ਤੋਂ ਉਨ੍ਹਾਂ ਦੇ ਪਾਟਨਰ ਮਾਰਕ ਵਾਲਪੋ ਦੱਸਦੇ ਹਨ ਕਿ ਮਿਟ ਤੰਬਾਕੂ ਅਤੇ ਫਾਇਰ ਆਰਮਸ ਦੇ ਧੰਦੇ ਵਿਚ ਪੈਸਾ ਲਾਉਣ ਦੇ ਪੱਖ ਵਿਚ ਨਹੀਂ ਹਨ। ਰਾਈਫ਼ਲ ਵਰਗੇ ਹਥਿਆਰ ਬਣਾਉਣ ਵਾਲੀ ਕੋਲਟਸ ਅਤੇ ਰੇਮਿੰਗਟਨ ਨੂੰ ਖਰੀਦਣ ਤੋਂ ਰੋਮਨੀ ਨੇ ਇਨਕਾਰ ਕਰ ਦਿੱਤਾ ਸੀ।

ਚੋਟੀ 'ਤੇ ਜਾਣ ਦੀ ਤਿਆਰੀ : ਕੋਈ ਵੀ ਕੈਰੀਅਰ ਅਮਰੀਕੀ ਰਾਸ਼ਟਰਪਤੀ ਅਹੁਦੇ ਨਾਲ ਜੁੜੀਆਂ ਅਹਿਮ ਜ਼ਿੰਮੇਵਾਰੀਆਂ ਲਈ ਕਿਸੇ ਨੂੰ ਤਿਆਰ ਨਹੀਂ ਕਰ ਸਕਦਾ। ਫਿਰ ਵੀ ਰੋਮਨੀ ਦਾ ਬਿਜ਼ਨਸ ਰਿਕਾਰਡ ਉਨ੍ਹਾਂ ਗੁਣਾਂ ਨੂੰ ਦਰਸਾਉਂਦਾ ਹੈ ਜਿਨ੍ਹਾਂ ਦੇ ਚਲਦੇ ਕੋਈ ਵੀ ਉਨ੍ਹਾਂ ਨੂੰ ਵ੍ਹਾਈਟ ਹਾਊਸ ਵਿਚ ਦੇਖਣਾ ਚਾਹੇਗਾ। ਉਨ੍ਹਾਂ ਵਿਚ ਪ੍ਰਬੰਧ ਅਤੇ ਵਿਸ਼ਲੇਸ਼ਣ ਸਮਰਥਾ ਨਾਲ ਭਰਪੂਰ ਲੋਕਾਂ ਨੂੰ ਪਛਾਣਨ ਦੀ ਕਾਬਲੀਅਤ ਹੈ। ਉਨ੍ਹਾਂ ਨੇ ਆਪਣੀਆਂ ਕੰਪਨੀਆਂ ਵਿਚ ਕਾਬਲ ਲੋਕਾਂ ਦੀ ਭਰਤੀ ਕੀਤੀ। ਅਮਰੀਕੀ ਵੋਟਰਾਂ ਦੇ ਸਾਹਮਣੇ ਸਵਾਲ ਹੈ ਕਿ ਕੀ ਬਿਜ਼ਨਸਮੈਨ ਰੋਮਨੀ ਦੀ ਪ੍ਰਤਿਭਾ ਅਤੇ ਸਮਰਥਾ ਉਨ੍ਹਾਂ ਨੂੰ ਰਾਜਨੀਤੀ ਦੇ ਮੈਦਾਨ ਵਿਚ ਵੀ ਸਫ਼ਲਤਾ ਦਿਵਾ ਸਕੇਗੀ।





**Now More Locations To Serve You Better**

**Preparing you for a safe & healthy journey**

Offering National & International Travel Vaccines

ਸੁੱਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।

**Atlas Immunization Services**

Phone: 780 465 5150

www.atlasimmunization.com

Suite 104, 7633-50 St. Edmonton (Meridian Place)

# ਕਨੇਡੀਅਨ ਮੌਜੈਕ ਆਰਟਿਸਟ ਐਸੋਸੀਏਸ਼ਨ ਆਫ ਐਡਮਿੰਟਨ ਦਾ ਪਲੇਠਾ ਸਮਾਗਮ ਯਾਦਗਾਰੀ ਹੋ ਨਿਬੜਿਆ



ਐਡਮਿੰਟਨ (ਕਿਰਤਮੀਤ) ਐਡਮਿੰਟਨ ਵਾਸੀਆਂ ਦੇ ਸਹਿਯੋਗ ਨਾਲ ਉਪਿੰਦਰ ਮਠਾਰੂ, ਮਨਮਿੰਦਰ ਬਾਸੀ, ਲਾਡੀ ਸੂਸ, ਲਾਡੀ ਪੱਡਾ, ਗੁਰਦੇਵ ਦੇਵ, ਮਨਜੀਤ ਸਿੰਘ ਦੇ ਯਤਨਾਂ ਸਦਕਾ ਹੋਂਦ ਵਿਚ ਆਈ ਸੰਸਥਾ 'ਕਨੇਡੀਅਨ ਮੌਜੈਕ ਆਰਟਿਸਟ ਐਸੋਸੀਏਸ਼ਨ ਆਫ ਐਡਮਿੰਟਨ' ਦੇ ਕਲਾਕਾਰਾਂ ਵਲੋਂ ਬਿਨਾਂ ਕਿਸੇ ਵੱਡੀ ਇਸ਼ਤਿਹਾਰਬਾਜ਼ੀ ਤੋਂ 'ਪੰਜਾਬੀ ਡੇ' ਦੇ ਨਾਮ ਹੇਠ ਕਰਵਾਇਆ ਗਿਆ ਆਪਣਾ ਪਲੇਠਾ ਸਮਾਗਮ ਯਾਦਗਾਰੀ ਹੋ ਨਿਬੜਿਆ।

ਮਿਲਵੂਡਜ਼ ਦੇ ਰਿਕਸੈਂਟਰ ਦੀ ਗਰਾਊਂਡ ਵਚ 'ਕਨੇਡੀਅਨ ਮੌਜੈਕ' ਵਲੋਂ ਕਰਵਾਏ ਗਏ 'ਪੰਜਾਬੀ ਡੇ' ਵਿਚ ਸਟੇਜ ਸਕੱਤਰ ਦੀ ਭੂਮਿਕਾ ਗੀਤਕਾਰ ਤੇ ਗਾਇਕ ਲਾਡੀ ਸੂਸ ਵਲੋਂ ਨਿਭਾਈ ਗਈ। ਲਾਡੀ ਸੂਸ ਨੇ ਵੱਡੀ ਗਿਣਤੀ ਵਿਚ ਹਾਜ਼ਰ ਦਰਸ਼ਕਾਂ ਨੂੰ ਜਿਥੇ 'ਜੀ ਆਇਆਂ' ਕਿਹਾ, ਉਥੇ ਹੀ ਉਨ੍ਹਾਂ ਵਲੋਂ ਕਰਵਾਏ ਜਾ ਰਹੇ ਪਲੇਠੇ ਪ੍ਰੋਗਰਾਮ ਵਿਚ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਧੰਨਵਾਦ ਵੀ ਕੀਤਾ। ਸਮਾਗਮ ਦੀ ਸ਼ੁਰੂਆਤ ਭੰਗੜਾ ਕੋਚ ਮਨਜੀਤ ਸਿੰਘ ਵਲੋਂ ਤਿਆਰ ਭੰਗੜੇ, ਗਿੱਧੇ, ਝੂੰਮਰ, ਕਿਕਲੀ ਆਦਿ ਨਾਲ ਹੋਈ। ਇਸ ਮਗਰੋਂ ਕੋਚ ਗੁਰਸੇਵਕ ਸਿੱਧੂ ਵਲੋਂ ਤਿਆਰ ਕੋਰੀਓਗ੍ਰਾਫੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ।

ਗਾਇਕੀ ਦੇ ਦੌਰ ਦੀ ਸ਼ੁਰੂਆਤ ਗਾਇਕ ਹਰਜਿੰਦਰ ਹੈਰੀ ਨੇ ਧਾਰਮਕ ਗੀਤ 'ਜੋ ਬੋਲੇ ਸੋ ਨਿਹਾਲ' ਨਾਲ ਕੀਤੀ। ਉਸ ਤੋਂ ਬਾਅਦ ਜੱਜ ਰੰਧਾਵਾ ਨੇ 'ਗੱਭਰੂ', ਗਾਇਕ ਮਲਕ ਢਡਵਾਲ ਨੇ 'ਦੁਨੀਆ ਮੇਲੇ ਜਾਂਦੀਆਂ' ਨਾਲ ਚੰਗਾ ਰੰਗ ਬੰਨ੍ਹਿਆ। ਤਾਇਆ ਬੰਤਾ ਉਰਫ਼ ਭਜਨਾ ਅਮਲੀ ਦੇ ਰੂਪ ਵਿਚ ਆਏ ਕਲਾਕਾਰ ਨੇ ਆਪਣੇ ਸਾਥੀ ਲੱਖੀ ਦੀਵਾਨਾ ਨਾਲ ਸਮੇਂ ਸਮੇਂ 'ਤੇ ਹਾਸ ਰਸ ਟੋਟਕੇ ਪੇਸ਼ ਕਰਕੇ ਦਰਸ਼ਕਾਂ ਦੇ ਢਿਡੀ ਪੀੜਾਂ ਪਾਈ ਰੱਖੀਆਂ।

ਸਭ ਤੋਂ ਛੋਟੀ ਉਮਰ ਦੇ ਗਾਇਕ ਜੋਬਨ ਢਿਲੋਂ ਨੇ ਕੁਲਦੀਪ ਮਾਣਕ ਦਾ ਗੀਤ 'ਤੇਰੇ ਟਿੱਲੇ ਤੋਂ ਸੂਰਤ ਦੀਹਦੀਂ ਆ ਹੀਰ ਦੀ' ਪੇਸ਼ ਕਰਕੇ ਦਰਸ਼ਕਾਂ ਤੋਂ ਵਾਹ ਵਾਹ ਖੱਟੀ। ਸ਼ੈਲੀ ਗੁਪਤਾ ਵਲੋਂ ਤਿਆਰ ਕੋਰੀਓਗ੍ਰਾਫੀ 'ਵੰਦੇ ਮਾਤਰਮ' ਅਤੇ ਬਿੰਦਰ ਭਿੰਡਰ ਵਲੋਂ ਤਿਆਰ ਕੋਰੀਓਗ੍ਰਾਫੀ 'ਤੇਰੀ ਕਣਕ ਦੀ ਰਾਖੀ' ਨਾਲ ਦਰਸ਼ਕਾਂ ਨੂੰ ਵੱਖਰੀ ਕਿਸਮ ਦੀ ਪੇਸ਼ਕਾਰੀ ਦਾ ਆਨੰਦ ਆਇਆ। ਹਰਿਆਣਵੀ ਗਾਇਕ ਪਵਨ ਪੌੜਵਾਲ ਵਲੋਂ 'ਛੋਰਾ ਮੈਂ ਹਰਿਆਣੇ ਕਾ' ਨਾਲ ਦਰਸ਼ਕਾਂ ਵਿਚ ਮੌਜੂਦ ਹਰਿਆਣਵੀ ਭਾਈਚਾਰੇ ਦੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਸੰਗੀਤਕਾਰ ਅੰਮ੍ਰਿਤ ਪਵਾਰ ਨੇ ਗੀਤ 'ਗੱਡੀ ਮੇਲ ਕਰਾਦੇ' ਗਾ ਕੇ ਹਿੰਦੋਸਤਾਨ-ਪਾਕਿਸਤਾਨ ਦੇ ਆਪਸੀ ਰਿਸ਼ਤਿਆਂ ਨੂੰ ਹੋਰ ਗੂੜ੍ਹਾ ਕਰਨ ਦਾ ਯਤਨ ਕੀਤਾ। ਗਾਇਕ ਰਮਨਦੀਪ ਰੰਧਾਵਾ ਨੇ ਗੁਰਦਾਸ ਮਾਨ ਦਾ ਗੀਤ 'ਜਿਨ੍ਹਾਂ ਦੇ ਰਾਤੀਂ ਯਾਰ ਵਿਛੜੇ', ਗਾਇਕ ਅਵਤਾਰ ਭੱਟੀ ਨੇ ਗੀਤ 'ਰੜਕ ਤੇ ਮੜ੍ਹਕ', ਗਾਇਕ ਸੁਖਵਿੰਦਰ ਨਾਗਰਾ ਨੇ ਦੋ ਗਾਣੇ 'ਮਾਝੇ ਦੀ ਜੱਟੀ' ਤੇ 'ਅੱਖੀਆਂ' ਪੇਸ਼ ਕਰਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਇਕੋ ਇਕ ਮਹਿਲਾ ਗਾਇਕ ਦਲਜੀਤ ਕੌਰ ਨਾਗਰਾ ਨੇ 'ਕੈਂਠੇ ਵਾਲਾ ਗੱਭਰੂ' ਗਾ ਕੇ ਗਾਇਕੀ ਪ੍ਰਤੀ ਆਪਣੀ ਪ੍ਰਤੀਬੱਧਤਾ ਦਾ ਪ੍ਰਮਾਣਾ ਦਿੱਤਾ।

ਗਾਇਕ ਗੁਰਦੀਪ ਜੌਹਲ ਨੇ 'ਬੋਲੀਆਂ' ਅਤੇ ਹੋਰ ਗੀਤ ਜਸਬੀਰ ਜੱਸੀ ਦੇ ਗੁਰ ਭਾਈ ਪੱਪੂ ਜੋਗਰ ਨੇ 'ਇਸ਼ਕ' ਗੀਤ ਗਾ ਕੇ ਆਪਣੀ ਗਾਇਕੀ ਦਾ ਸਬੂਤ ਦਿੱਤਾ। ਗਾਇਕ ਤੇ ਕਨੇਡੀਅਨ ਮੌਜੈਕ ਐਸੋਸੀਏਸ਼ਨ ਨੂੰ ਹੋਂਦ ਵਿਚ ਲਿਆਉਣ ਲਈ ਅਹਿਮ ਭੂਮਿਕਾ ਨਿਭਾਉਣ ਵਾਲੇ ਉਪਿੰਦਰ ਮਠਾਰੂ ਨੇ ਆਪਣੀ ਹਾਜ਼ਰੀ ਦੌਰਾਨ ਗੀਤਕਾਰ ਲਾਡੀ ਸੂਸ ਦੇ ਗੀਤ 'ਰੰਗਲਾ ਪੰਜਾਬ' ਅਤੇ ਗਾਇਕ ਅੰਗਰੇਜ਼ ਸਿੰਘ ਨਾਲ ਮਿਲ ਕੇ ਧਾਰਮਕ ਗੀਤ 'ਬੇਬੇ ਜੀ ਘਰ ਹੁਣ ਕਿਤਨੀ ਕੁ ਦੂਰ' ਪੇਸ਼ ਕਰਕੇ ਜਿਥੇ ਸੁਰੀਲਾ ਗਾਇਕ ਹੋਣ ਦਾ ਸਬੂਤ ਦਿੱਤਾ, ਉਥੇ ਹੀ ਦਰਸ਼ਕਾਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕੀਤਾ।

ਬਹੁ-ਚਰਚਿਤ ਗਾਇਕ ਮਨਮਿੰਦਰ ਬਾਸੀ ਨੇ ਪੰਜਾਬ ਦੇ ਪਿੰਡਾਂ ਦੇ ਹਾਲਾਤ, ਆਪਸ ਵਿਚ ਪੈ ਰਹੀਆਂ ਦੂਰੀਆਂ ਸਬੰਧੀ ਗੀਤ 'ਹੁਣ ਪਿੰਡ ਨਹੀਂ ਲਗਦਾ ਜੀ' ਪੇਸ਼ ਕੀਤਾ, ਜਿਸ ਨੂੰ ਦਰਸ਼ਕਾਂ ਨੇ ਖੂਬ ਸਲਾਹਿਆ। ਬਾਸੀ ਵਲੋਂ ਤਿਆਰ ਗੀਤ 'ਮਿੱਤਰਾਂ ਨੇ ਪਾ ਲਿਆ ਟਰੱਕ ਮਿਤਰੋ' ਦੀ ਪੇਸ਼ਾਕਰੀ ਨੇ ਟਰੱਕ ਇੰਡਸਟਰੀ ਨਾਲ ਸਬੰਧਤ ਭਾਈਚਾਰੇ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਕਨੇਡਾ ਦੇ ਜੰਮਪਲ ਗਾਇਕ ਅਰਸ ਖਹਿਰਾ ਨੇ ਗੀਤ 'ਇਸ਼ਕ ਕਮਾਲ' ਸੂਫੀਆਨਾ ਢੰਗ ਨਾਲ ਪੇਸ਼ ਕਰਕੇ ਮੇਲੇ ਦੇ ਮਾਹੌਲ ਨੂੰ ਬਦਲਣ ਦਾ ਯਤਨ ਕੀਤਾ ਜਿਸ ਵਿਚ ਉਹ ਸਫ਼ਲ ਰਹੇ।

ਗਾਇਕ ਤੇ ਰੇਡੀਓ ਹੋਸਟ ਗੁਰਦੇਵ ਦੇਵ ਦੀ ਅਖ਼ੀਰ ਤੋਂ ਪਹਿਲਾਂ ਆਈ ਵਾਰੀ, ਜਿਸ ਦੀ ਦਰਸ਼ਕ ਉਡੀਕ ਕਰ ਰਹੇ ਸਨ, ਨੇ ਆਪਣੇ ਗੀਤਾਂ ਦੀ ਛਹਿਬਰ ਲਾ ਕੇ ਮੌਜੂਦ ਹਾਜ਼ਰੀਨ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਅਖ਼ੀਰ ਵਿਚ ਗਾਇਕ ਤੇ ਰਿਐਲਟਰ ਲਾਡੀ ਪੱਡਾ ਨੇ ਆਪਣਾ ਗੀਤ 'ਪੈਸਾ, ਦੁਨੀਆ ਦੀ ਝੂਠੀ ਦੌੜ' ਗਾ ਕੇ ਮੇਲੇ ਨੂੰ ਆਪਣੇ ਆਖ਼ਰੀ ਅੰਜਾਮ ਤਕ ਪਹੁੰਚਾ ਦਿੱਤਾ।

ਅਖ਼ੀਰ ਵਿਚ ਸਮੂਹ ਗਾਇਕਾਂ ਵਲੋਂ 'ਬੋਲੀਆਂ' ਪਾ ਕੇ ਪੰਜਾਬੀ ਡੇ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ। ਸਾਜੀਆਂ ਵਿਚ ਬਲਜੀਤ ਸਿੰਘ ਕਲਸੀ, ਅੰਮ੍ਰਿਤ ਪਵਾਰ, ਗੁਰਜੋਤ ਸਿੰਘ, ਬਿਟੂ ਉਸਤਾਦ, ਮੱਟੂ ਉਸਤਾਦ, ਅਰਸ ਖਹਿਰਾ, ਬਿਕਰਮ ਸ਼ੀਰਾ ਆਦਿ ਨੇ ਆਪਣੀ ਭੂਮਿਕਾ ਖੂਬ ਨਿਭਾਈ। ਮੇਲੇ ਵਿਚ ਟਿੱਮ ਉਪਲ, ਸੁਹੇਲ ਕਾਦਰੀ, ਨਰੇਸ਼ ਭਾਰਦਵਾਜ਼, ਅਰਜੀਤ ਸੋਹੀ, ਪੀਟਰ ਸੰਧੂ, ਗੁਰਚਰਨ ਗਰਚਾ ਤੋਂ ਇਲਾਵਾ ਬਾਬਾ ਫਰੀਦ ਕਬੱਡੀ ਕਲੱਬ ਤੇ ਆਜ਼ਾਦ ਕਬੱਡੀ ਕਲੱਬ ਦੇ ਮੈਂਬਰਾਂ ਨੇ ਵੀ ਹਾਜ਼ਰੀ ਲਗਵਾਈ।

## ਨੰਦਲਾਲ ਨੂਰਪੁਰੀ ਦੇ ਪਰਿਵਾਰ ਦੀ ਸਹਾਇਤਾ



ਨੂਰਪੁਰੀ ਦੇ ਪਰਿਵਾਰਕ ਮੈਂਬਰਾਂ ਨਾਲ ਡਾ. ਢਿੱਲੋਂ ਅਤੇ ਡਾ. ਹਰਜੀਤ ਸਿੰਘ

ਕੈਲਗਰੀ (ਇਕਬਾਲ ਖ਼ਾਨ): ਅਰਪਨ ਲਿਖਾਰੀ ਸਭਾ ਕੈਲਗਰੀ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਨੇ ਆਪਣੇ ਵਲੋਂ ਫ਼ੰਡ ਇੱਕਠਾ ਕਰਕੇ ਮਨੁੱਖੀ ਹਿਤਾਂ ਦੇ ਕੰਮ ਵਿਚ ਆਪਣਾ ਹਿੱਸਾ ਪਇਆ। ਪਿਛਲੇ ਦਿਨੀਂ ਸਭਾ ਦੇ ਮੈਂਬਰ ਡਾ. ਹਰਭਜਨ ਸਿੰਘ ਢਿੱਲੋਂ ਮਰਹੂਮ ਨੰਦਲਾਲ ਨੂਰਪੁਰੀ ਦੇ ਘਰ ਜਾ ਕੇ 14 ਹਜ਼ਾਰ ਰੁਪਏ ਦਾ ਚੈਕ ਦੇ ਕੇ ਆਏ ਹਨ। ਯਾਦ ਰਹੇ ਕਿ ਨੂਰਪੁਰੀ ਦੇ ਸਪੁੱਤਰ ਸਤਿਕਰਤਾਰ ਸਿੰਘ ਲੰਬੇ ਸਮੇਂ ਤੋ ਬਿਮਾਰ ਪਏ ਹਨ।


Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

**Specializing in:**
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

**M.S. (Sunny)**
Expert Certified Service Technician
**780 243 6705**
**908-77 AVE NW, Edmonton AB T6P 1M2**
info@goldenarrowpestcontrol.com www.goldenarrowpestcontrol.com

# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਵਿਚਾਰ ਗੋਸਟੀ

## 23 ਸਤੰਬਰ ਨੂੰ ਤੀਜਾ ਤਰਕਸ਼ੀਲ ਨਾਟਕ ਮੰਚਨ








ਕੈਲਗਰੀ , (ਨਦਬ) ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਮਾਸਿਕ ਇਕਤਰਤਾ ਕੋਸੋ ਹਾਲ ਕੈਲਗਰੀ ਵਿਖੇ ਹੋਈ। ਇਸ ਵਿਚ ਸ਼ਹੀਦੇ ਆਜ਼ਮ ਭਗਤ ਸਿੰਘ, ਗੁਰਸ਼ਰਨ ਭਾਅ ਜੀ, ਵਿਗਿਆਨੀ ਅਤੇ ਤਰਕਸ਼ੀਲ ਆਗੂ ਅਬਰਾਹਮ ਟੀ. ਕਾਵੂਰ, ਯੁੱਗ ਕਵੀ ਅਵਤਾਰ ਪਾਸ਼ ਅਤੇ ਲੇਬਰ ਡੇ 'ਤੇ ਵਿਚਾਰ ਚਰਚਾ ਹੋਈ। ਸਟੇਜ ਸਕੱਤਰ ਮਾ. ਭਜਨ ਗਿੱਲ ਨੇ ਦਸਿਆ ਕਿ 9 ਸਤੰਬਰ ਨੂੰ ਇਨਕਲਾਬੀ ਕਵੀ ਪਾਸ਼, 16 ਸਤੰਬਰ ਨੂੰ ਗੁਰਸ਼ਰਨ ਭਾਅ ਜੀ, 18 ਸਤੰਬਰ ਨੂੰ ਡਾ. ਅਬਰਾਹਮ ਟੀ ਕਵੂਰ ਅਤੇ 28 ਸਤੰਬਰ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਹਨ।

ਪ੍ਰਧਾਨ ਸੋਹਨ ਮਾਨ ਨੇ ਲੇਬਰ ਡੇ 'ਤੇ ਕਿਹਾ ਕਿ ਦੱਖਣੀ ਅਫਰੀਕਾ 'ਚ ਉਜਰਤਾਂ ਵਿਚ ਵਾਧੇ ਦੀ ਮੰਗ ਕਰਦੇ 47 ਮਜ਼ਦੂਰਾਂ ਨੂੰ ਫੌਜ ਵਲੋਂ ਗੋਲੀਆਂ ਮਾਰ ਕੇ ਸ਼ਹੀਦ ਕਰਨਾ ਬਹੁਤ ਹੀ ਮੰਦਭਾਗਾ ਹੈ। ਮਜ਼ਦੂਰਾਂ ਨੂੰ ਸੰਸਾਰ ਪੱਧਰ 'ਤੇ ਹੱਕ ਲੈਣ ਲਈ ਸ਼ੰਘਰਸ਼ ਕਰਨੇ ਪੈਣਗੇ। ਮਾ. ਬਚਿੱਤਰ ਸਿੰਘ ਗਿੱਲ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਫਲਸਫੇ ਬਾਰੇ ਖੋਜ ਭਰਪੂਰ ਤੱਥ ਸਾਹਮਣੇ ਲਿਆਂਦੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦੀਆਂ ਲਿਖਤਾਂ ਦਾ ਡੂੰਘਾ ਅਧਿਐਨ ਕਰਨ ਦੀ ਲੋੜ ਹੈ। ਇਕਬਾਲ ਖਾਂ ਨੇ ਕਿਹਾ ਕਿ ਇਨਕਲਾਬੀ ਕਵੀ ਪਾਸ਼ ਪੰਜਾਬੀ ਸਾਹਿਤ ਵਿਚ ਧਰੂ ਤਾਰੇ ਵਾਂਗ ਚਮਕਦਾ ਰਹੇਗਾ। ਯੁੱਗ ਕਵੀ ਪਾਸ਼ ਦੀ ਕਵਿਤਾ ਵਿਚ ਦੇਣ ਬਹੁਤ ਵਡਮੁੱਲੀ ਹੈ। ਕੇਸਰ ਸਿੰਘ ਨੀਰ ਨੇ ਗੁਰਸ਼ਰਨ ਭਾਅ ਜੀ ਬਾਰੇ ਕਿਹਾ ਕਿ ਪੰਜਾਬੀ ਨਾਟਕ ਨੂੰ ਕਾਲਜਾਂ, ਯੂਨੀਵਰਸਿਟੀਆਂ 'ਚੋਂ ਪਿੰਡਾਂ ਦੀ ਗਲੀਆਂ ਵਿਚ ਲਿਜਾਣ ਵਾਲਾ ਲੋਕ ਨਾਇਕ ਭਾਵੇਂ ਸਾਡੇ ਵਿਚ ਨਹੀਂ ਰਿਹਾ ਪਰ ਉਸ ਦੀ ਸੋਚ ਅਤੇ ਬੋਲ ਸਦਾ ਗੂੰਜਦੇ ਰਹਿਣਗੇ। ਪ੍ਰੋ. ਗੋਪਾਲ ਜੱਸਲ ਨੇ ਕਿਹਾ ਕਿ ਡਾ. ਅਬਰਾਹਮ ਟੀ ਕਾਵੂਰ ਹੀ ਭਾਰਤ ਵਿਚ ਤਰਕਸ਼ੀਲ ਲਹਿਰ ਦੇ ਬਾਨੀ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਹੋਰਨਾਂ ਸੂਬਿਆਂ ਵਿਚ ਉਨ੍ਹਾਂ ਤੋਂ ਅਗਵਾਈ ਲੈ ਕੇ ਵਹਿਮਾ ਭਰਮਾਂ ਵਿਰੁੱਧ ਸੰਘਰਸ਼ ਕਰ ਰਹੀਆਂ ਹਨ। ਰਣਧੀਰ ਗਿੱਲ, ਗੁਰਦਿਆਲ ਸਿੰਘ ਖਹਿਰਾ, ਪੈਰੀਮਾਹਲ, ਡਾ. ਮਨਜੀਤ ਸੋਹਲ, ਭਗਵੰਤ ਰੰਧਾਵਾ, ਕੇ.ਕੇ. ਧਵਨ, ਸਤਨਾਮ ਸਿੰਘ ਢਾਅ ਨੇ ਵੀ ਵਿਚਾਰ ਚਰਚਾ ਵਿਚ ਭਾਗ ਲਿਆ। ਅਜੈਬ ਸੈਖੋਂ, ਸੁਰਿੰਦਰ ਗੀਤ, ਗੁਰਨਾਮ ਗਿੱਲ, ਜਸਵੰਤ ਸਿੰਘ ਸੇਖੋਂ ਅਤੇ ਸਰੂਪ ਸਿੰਘ ਮੰਡੇਰ ਨੇ ਗੀਤਾਂ ਗਜ਼ਲਾਂ ਅਤੇ ਕਵੀਸ਼ਰੀ ਰਾਹੀਂ ਸ਼ਖਸੀਅਤਾਂ ਨੂੰ ਯਾਦ ਕੀਤਾ। ਜਸਵੀਰ ਸਹੋਤਾ ਨੇ ਦੱਸਿਆ ਕਿ ਪੰਜਾਬੀ ਸਾਹਿਤ ਸਭਾ ਵਲੋਂ ਪਹਿਲਾ ਸਾਲਾਨਾ ਸਮਾਗਮ 29 ਸਤੰਬਰ ਨੂੰ ਹੋਵੇਗਾ। ਉਨ੍ਹਾਂ ਦੱਸਿਆ ਕਿ 23 ਸਤੰਬਰ ਦਿਨ ਐਤਵਾਰ ਨੂੰ ਦਪਹਿਰ 2 ਤੋਂ 6 ਵਜੇ ਤਕ ਕੈਲਗਰੀ ਸੈਂਟਰਲ ਪਬਲਿਕ ਲਾਇਬ੍ਰੇਰੀ ਡਟਨ ਥੀਏਟਰ 616 ਮੇਕਲਾਉਡ ਟਰੇਲ ਸਾਊਥ ਈਸਟ ਕੈਲਗਰੀ (ਸਟੇਸ਼ਨ ਸਿਟੀ ਹਾਲ), ਡਾਊਨ ਟਾਊਨ ਨੇੜੇ ਟਾਊਨ ਹਾਲ ਵਿਚ ਤੀਜਾ ਤਰਕਸ਼ੀਲ ਨਾਟਕ ਸਮਾਗਮ ਹੋਵੇਗਾ। ਨਾਟਕਾਂ ਦੀ ਤਿਆਰੀ ਲਈ ਲੇਖਕ ਅਤੇ ਨਿਰਦੇਸ਼ਕ ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ (ਲੋਕ ਕਲਾ ਮੰਚ ਮੰਡੀ ਮੁਲਾਂਪੁਰ ਲੁਧਿਆਣਾ) 13 ਸਤੰਬਰ ਨੂੰ ਕੈਲਗਰੀ ਵਿਖੇ ਪੁੱਜ ਜਾਣਗੇ। ਉਹ ਲੋਕਲ ਕਲਾਕਾਰਾਂ ਸਮੇਤ ਨਾਟਕ ਟੀਮ ਤਿਆਰ ਕਰਨਗੇ। ਨਾਟਕ ਸਮਾਗਮ ਗ਼ਦਰ ਲਹਿਰ ਦੀ ਸੌਵੀਂ ਵਰ੍ਹੇਗੰਢ ਨੂੰ ਸਮਰਪਤ ਹੋਵੇਗਾ। ਗੁਰਸ਼ਰਨ ਭਾਅ ਜੀ ਦਾ ਲਿਖਿਆ ਬਹੁ-ਚਰਚਿਤ ਨਾਟਕ "ਇਹ ਲਹੂ ਕਿਸਦਾ ਹੈ" ਅਤੇ ਦੂਜਾ ਸ਼ਹੀਦੇ ਆਜ਼ਮ ਭਗਤ ਸਿੰਘ 'ਤੇ ਆਧਾਰਤ ਪਾਲੀ ਭੁਪਿੰਦਰ ਦਾ ਲਿਖਿਆ ਨਾਟਕ "ਮੈਂ ਫਿਰ ਆਵਾਂਗਾ" ਖੇਡਿਆ ਜਾਵੇਗਾ। ਜਾਦੂ ਟਰਿੱਕ ਗੁਰਪ੍ਰੀਤ ਭਦੌੜ ਦੀ ਟੀਮ ਵਲੋਂ ਪੇਸ਼ ਕੀਤੇ ਜਾਣਗੇ। ਬੱਚਿਆਂ ਦੀ ਕੋਰੀਓਗ੍ਰਾਫੀ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗੀ। ਇਸੇ ਟੀਮ ਦੁਆਰਾ 29 ਸਤੰਬਰ ਨੂੰ ਵਿੰਨੀਪੈਗ, 7 ਅਕਤੂਬਰ ਨੂੰ ਸਰੀ ਵੈਨਕੂਵਰ ਵਿਚ ਨਾਟਕ ਕੀਤੇ ਜਾਣਗੇ।

# ਕਾਲੀਰਾਏ ਪਰਿਵਾਰ ਨੂੰ ਸਦਮਾ-ਮਾਤਾ ਜੀ ਪ੍ਰੀਤਮ ਕੌਰ ਦਾ ਦੇਹਾਂਤ

## ਅੰਤਮ ਸਸਕਾਰ 15 ਨੂੰ



ਪੰਜਾਬੀ ਸੂਬੇ ਦੇ ਮੋਰਚੇ, ਕਿਸਾਨ ਮੋਰਚਿਆਂ ਅਤੇ ਪੰਜਾਬ ਵਿਚ ਚਲੀਆਂ ਲੋਕ ਪੱਖੀ ਲਹਿਰਾਂ ਦੀ ਮੋਹਰੀ ਕੈਲਗਰੀ ਵਾਸੀ ਮਾਤਾ ਪ੍ਰੀਤਮ ਕੌਰ ਕਾਲੀਰਾਏ ਸਦਾ ਲਈ ਵਿਛੋੜਾ ਦੇ ਗਏ। ਉਹ ਕਾਮਰੇਡ ਅਜੀਤ ਸਿੰਘ ਦੇ ਜੀਵਨ ਦੇ ਨਾਲ-ਨਾਲ ਯੁੱਧ ਸਾਥੀ ਵੀ ਸਨ। ਮਾਤਾ ਪ੍ਰੀਤਮ ਕੌਰ 85 ਵਰ੍ਹਿਆਂ ਦੇ ਸਨ।

ਮਾਤਾ ਪ੍ਰੀਤਮ ਕੌਰ ਆਪਣੇ ਪਿੱਛੇ ਸਾਥੀ ਅਜੀਤ ਸਿੰਘ, ਬੇਟਾ ਇਕਬਾਲ ਖਾਨ , ਨੂੰਹ ਮਹਿੰਦਰ ਕੌਰ ਕੈਲਗਰੀ (ਕਨੇਡਾ) ਬੇਟਾ ਜਸਵੀਰ ਸਿੰਘ, ਨੂੰਹ ਪਰਮਜੀਤ ਕੌਰ ਕਾਲੀਰਾਏ ਲੰਡਨ(ਬਰਤਾਨੀਆ) ਅਤੇ 13 ਦੋਹਤੇ, ਪੋਤੇ, ਪੋਤਰੀਆਂ ਅਤੇ ਦੋਹਤਰੀਆਂ ਦਾ ਖੁਸ਼ਹਾਲ ਪਰਿਵਾਰ ਛੱਡ ਗਏ ਹਨ। ਮਾਤਾ ਜੀ ਦੀ ਇਕ ਬੇਟੀ ਜਸਪਾਲ ਕੌਰ ਆਪਣੇ ਜੀਵਨ ਸਾਥੀ ਸੁਰਿੰਦਰ ਸਿੰਘ ਕੰਧੋਲਾ ਨਾਲ ਬਰਤਾਨੀਆ ਵਿਚ ਅਤੇ ਇਕ ਬੇਟੀ ਇਕਬਾਲ ਕੌਰ ਆਪਣੇ ਜੀਵਨ ਸਾਥੀ ਦਵਿੰਦਰ ਸਿੰਘ ਬਰਾੜ ਨਾਲ ਭਰਾਤ ਵਿਚ ਰਹਿ ਰਹੇ ਹਨ। ਮਾਤਾ ਜੀ ਦਾ ਇਕ ਬੇਟਾ 1992 ਵਿਚ ਲੰਡਨ(ਬਰਤਾਨੀਆ) ਵਿਖੇ ਸਦਾ ਲਈ ਵਿਛੋੜਾ ਦੇ ਗਿਆ ਸੀ। ਮਾਤਾ ਜੀ ਦਾ ਸਾਰਾ ਹੀ ਪਰਿਵਾਰ ਅਗਾਂਹਵਧੂ ਖਿਆਲਾਂ ਵਾਲਾ ਅਤੇ ਲੋਕ ਪੱਖੀ ਕਾਰਜਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਵਾਲਾ ਹੈ।

ਅਦਾਰਾ 'ਨਵੀਂ ਦੁਨੀਆ' ਮਾਤਾ ਪ੍ਰੀਤਮ ਕੌਰ ਜੀ ਦੇ ਸਦੀਵੀ ਚਲਾਣੁ ਉੱਤੇ ਕਾਮਰੇਡ ਅਜੀਤ ਸਿੰਘ ਦੇ ਪਰਿਵਾਰ ਨਾਲ ਗਹਿਰੀ ਹਮਦਰਦੀ ਪ੍ਰਗਟ ਕਰਦਾ ਹੈ।

**ਉਨ੍ਹਾਂ ਦਾ ਅੰਤਮ ਸਸਕਾਰ ਕੈਲਗਰੀ ਦੇ ਸ਼ਮਸ਼ਾਨ ਘਾਟ 3219, ਫੋਰਥ ਸਟ੍ਰੀਟ, ਐਨ.ਡਬਲਿਊ, ਕੈਲਗਰੀ ਵਿਖੇ 15 ਸਤੰਬਰ ਨੂੰ ਬਾਅਦ ਦੁਪਹਿਰ ਦੋ ਵਜੇ ਕੀਤਾ ਜਾਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਇਕਬਾਲ ਖ਼ਾਨ ਨਾਲ 403-921-8736 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

### ਅਰਪਨ ਲਿਖਾਰੀ ਸਭਾ ਵਲੋਂ ਦੁੱਖ ਦਾ ਪ੍ਰਗਟਾਵਾ

ਅਰਪਨ ਲਿਖਾਰੀ ਸਭਾ ਕੈਲਗਰੀ ਦੇ ਜਨਰਲ ਸਕੱਤਰ ਇਕਬਾਲ ਖ਼ਾਨ ਦੇ ਸਤਿਕਾਰਯੋਗ ਮਾਤਾ ਜੀ ਪ੍ਰੀਤਮ ਕੌਰ ਸੁਪਤਨੀ ਕਾ. ਅਜੀਤ ਸਿੰਘ ਕਾਲੀਰਾਏ ਪਿੰਡ ਖ਼ਾਨਖ਼ਾਨਾ ਜ਼ਿਲ੍ਹਾ ਜਲੰਧਰ, ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬੀਮਾਰ ਚਲੇ ਆ ਰਹੇ ਸਨ। ਅਰਪਨ ਲਿਖਾਰੀ ਸਭਾ ਦੀ ਕਾਰਜਕਾਰਨੀ ਕਾਲੀਰਾਏ ਪਰਿਵਾਰ ਦੇ ਇਸ ਦੁੱਖ ਵਿੱਚ ਸ਼ਰੀਕ ਹੈ। ਕਾਮਨਾ ਕਰਦੇ ਹਾਂ ਕਿ ਪ੍ਰਮਾਤਮਾ ਕਾਲੀਰਾਏ ਪਰਿਵਾਰ ਨੂੰ ਇਹ ਸਦਮਾ ਸਹਿਣ ਕਰਨ ਦੀ ਤਾਕਤ ਬਖ਼ਸ਼ੇ।

# ਗਿਆਨੀ ਸੋਹਣ ਸਿੰਘ ਸੀਤਲ ਦੀ ਯਾਦ ਵਿਚ ਕਰਵਾਇਆ ਸਮਾਗਮ




ਕੈਲਗਰੀ(ਨਦਬ) ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਦੇ ਹਾਲ ਵਿਚ ਹੋਈ। ਫੋਰਮ ਦੇ ਸਕੱਤਰ ਜੱਸ ਚਾਹਲ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਅਤੇ ਜਨਾਬ ਸ਼ੇਖ ਸਬ੍ਹਾ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।

ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਨੇ ਪੰਜਾਬੀ ਦੇ ਮਸ਼ਹੂਰ ਸਾਹਿਤਕਾਰ ਤੇ ਮਹਾਨ ਢਾਡੀ ਗਿ. ਸ਼ੋਹਣ ਸਿੰਘ ਸੀਤਲ ਦੇ 7 ਅਗਸਤ ਦੇ ਜਨਮ ਦਿਨ 'ਤੇ ਬੋਲਦਿਆਂ ਕਿਹਾ ਕਿ ਸੀਤਲ ਜੀ ਨੂੰ ਗ਼ਜ਼ਲ ਦਾ ਵੀ ਪੂਰਨ ਗਿਆਨ ਸੀ। ਸਾਊਥ ਏਸ਼ਿਅਨ ਕਨੇਡੀਅਨ ਐਸੋਸੀਏਸ਼ਨ ਦੇ ਪ੍ਰਧਾਨ ਹਰਮਹਿੰਦਰ ਸਿੰਘ ਪਲਾਹਾ ਅਤੇ ਸਕੱਤਰ ਰਛਪਾਲ ਸਿੰਘ ਬੋਪਾਰਾਏ ਨੇ ਐਸੋਸੀਏਸ਼ਨ ਦੀ ਪੰਜਵੀਂ ਵਰ੍ਹੇਗੰਢ ਦੇ ਸਮਾਗਮ ਲਈ ਸਭ ਨੂੰ ਸੱਦਾ ਦਿੱਤਾ ਜੋ 9 ਸਤੰਬਰ ਨੂੰ ਪਾਈਨਰਿਜ ਕਮਯੁਨਿੱਟੀ ਹਾਲ ਵਿੱਚ ਹੋਵੇਗਾ। ਅਵਤਾਰ (ਪਾਲੀ) ਸਿੰਘ ਨੇ ਅਪਣੀ ਕਵਿਤਾ ,ਜਸਵੰਤ ਸਿੰਘ ਸੇਖੋਂ ਨੇ ਗਿਆਨੀ ਸੋਹਨ ਸਿੰਘ ਸੀਤਲ ਬਾਰੇ ਮਨੋਹਰ ਭਵਾਨੀ ਛੰਦ, ਵੈਨਕੂਵਰ ਦੇ ਬੀਬੀ ਸੁਖਰਾਜ ਢੱਟ 'ਤਬੱਸਮ' ਨੇ ਅਪਣੀਆਂ ਦੋ ਨਜ਼ਮਾਂ ,ਇੰਜੀ. ਗੁਰਦਿਆਲ ਸਿੰਘ ਖੈਹਰਾ ਨੇ ਸਿਅਰ, ਸਰੂਪ ਸਿੰਘ ਮੰਡੇਰ ਉਚੇਚੇ ਤੌਰ ਤੇ ਬੱਚਿਆਂ ਦੇ ਢਾਡੀ ਜੱਥੇ ਨੂੰ ਅਪਣੇ ਨਾਲ ਲੈਕੇ ਆਏ, ਕਾਕਾ ਯੁਵਰਾਜ ਸਿੰਘ, ਗੁਰਜੀਤ ਸਿੰਘ ਗਿੱਲ ਅਤੇ ਜੁਝਾਰ ਸਿੰਘ ਗਿੱਲ ਨੇ ਗਿ. ਸੋਹਣ ਸਿੰਘ ਸੀਤਲ ਦੀਆਂ ਵਾਰਾਂ ਗਾ ਕੇ ਰੌਣਕਾਂ ਲਾ ਦਿੱਤਿਆਂ। ਕੇ.ਐਨ. ਮਹਿਰੋਤਰਾ ਨੇ ਹਿੰਦੀ ਦੀਆਂ ਤਿਨ ਮਿੰਨੀ ਕਵਿਤਾਵਾਂ ਸਾਂਝੀਆਂ ਕੀਤੀਆਂ,ਸੁਰਿੰਦਰ ਰਨਦੇਵ ਨੇ ਉਰਦੂ ਦੇ ਕੁਝ ਸ਼ਿਅਰ ਸੁਣਾਏ, ਹਰਨੇਕ ਬੱਧਨੀ ਅਪਣੀ ਰਚਨਾ, ਡਾ. ਮਨਮੋਹਨ ਸਿੰਘ ਬਾਠ ਨੇ ਤਰੱਨੁਮ ਵਿੱਚ ਹਿੰਦੀ ਦਾ ਗੀਤ, ਦਲਜੀਤ ਸਿੰਘ ਨੇ ਇਕ ਕਵਿਤਾ, ਸਲਾਹੁਦੀਨ ਸਬ੍ਹਾ ਸ਼ੇਖ, ਜਤਿੰਦਰ ਸਿੰਘ 'ਸਵੈਚ' ਨੇ ਕਵਿਤਾ 'ਬਦਲਦਾ ਸਮਾਂ', ਜੱਸ ਚਾਹਲ 'ਤਨਹਾ' ਨੇ ਗ਼ਜ਼ਲ, ਪ੍ਰਭਦੇਵ ਸਿੰਘ ਗਿੱਲ ਨੇ ਕਵਿਤਾ, ਤਾਰਿਕ ਮਲਿਕ ਨੇ ਮੁਖ਼ਤਲਿਫ ਉਰਦੂ ਸ਼ਾਇਰਾਂ ਦੇ ਕੁਝ ਖ਼ੂਬਸੂਰਤ ਸ਼ਿਅਰ, ਬੀਜਾ ਰਾਮ ਨੇ ਸ਼ਿਵ ਬਟਾਲਵੀ ਦਾ ਗੀਤ ਅਤੇ ਜਰਨੈਲ ਸਿੰਘ ਤੱਗੜ ਨੇ ਇਕ ਕਵਿਤਾ ਨਾਲ ਬੁਲਾਰਿਆਂ ਵਿੱਚ ਹਾਜ਼ਰੀ ਲਵਾਈ।

# ਪ੍ਰੌਗਰੈਸਿਵ ਕਲਚਰਲ ਐਸੋਸ਼ੀਏਸ਼ਨ ਕੈਲਗਰੀ (ਰਜਿ) ਵਲੋਂ "ਕੈਨੇਡੀਅਨ ਸੋਸਾਈਟੀ ਅਤੇ ਨਵੇਂ ਕੈਨੇਡੀਅਨ" ਵਿਸ਼ੇ ਤੇ ਗੋਸਟੀ









ਕੈਲਗਰੀ, (ਨਦਬ) ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.) ਵਲੋਂ ਕੋਸੋ ਹਾਲ ਕੈਲਗਰੀ ਵਿਖੇ "ਕਨੇਡੀਅਨ ਸੁਸਾਈਟੀ ਅਤੇ ਨਵੇਂ ਕਨੇਡੀਅਨ" ਵਿਸ਼ੇ 'ਤੇ ਗੋਸਟੀ ਕਰਵਾਈ ਗਈ। ਪ੍ਰਧਾਨ ਸੋਹਨ ਮਾਨ ਨੇ ਕਿਹਾ ਕਿ ਭਾਵੇਂ ਕਨੇਡਾ ਅਤੇ ਅੰਤਰਰਾਸ਼ਟਰੀ ਕਾਰਨਾਂ ਕਰਕੇ ਅੰਗਰੇਜ਼ੀ ਵਿਚ ਮਹਾਰਤ ਹੋਣੀ ਚਾਹੀਦੀ ਹੈ। ਪਰ ਅਪਣੀ ਮਾਤ ਭਾਸ਼ਾ ਵੀ ਓਨੀ ਹੀ ਜ਼ਰੂਰੀ ਹੈ। ਸਾਨੂੰ ਪੰਜਾਬੀ ਬੋਲੀ ਅਤੇ ਸਭਿਆਚਾਰ ਦੇ ਨਾਂ 'ਤੇ ਹੋ ਰਹੇ ਵਪਾਰ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਅਪਣੇ ਸਭਿਆਚਾਰ ਦੀਆਂ ਚੰਗੀਆਂ ਗੱਲਾਂ ਅਪਣਾਉਣੀਆਂ ਚਾਹੀਦੀਆਂ ਹਨ ਅਤੇ ਮਾੜੀਆਂ ਗੱਲਾਂ (ਭਰੂਣ ਹੱਤਿਆ, ਗਲਤ ਵਿਆਹ, ਇੱਜ਼ਤ ਲਈ ਕਤਲ, ਦਾਜ ਦੀ ਲਾਹਨਤ ਆਦਿ) ਨੂੰ ਤਿਆਗਣ ਦੀ ਲੋੜ ਹੈ ਅਤੇ ਕਨੇਡਾ ਦੀਆਂ ਚੰਗੀਆਂ ਗੱਲਾਂ ਅਪਣਾਉਣੀਆਂ ਚਾਹੀਦੀਆਂ ਹਨ। ਮਾ. ਭਜਨ ਗਿੱਲ ਨੇ ਕਿਹਾ ਕਿ ਬੇਰੁਜ਼ਗਾਰੀ ਅਤੇ ਮਾੜੇ ਪ੍ਰਬੰਧ ਕਾਰਨ ਸਾਡੇ ਨੌਜਵਾਨਾਂ ਨੂੰ ਅਪਣਾ ਦੇਸ਼ ਛੱਡ ਕੇ ਕਨੇਡਾ ਔਣਾ ਪਿਆ। ਸਾਨੂੰ ਅਪਣੇ ਬੱਚਿਆਂ ਨੂੰ ਚੰਗੇ ਇਨਸਾਨ ਬਣਾਉਣ ਲਈ ਅਪਣੇ ਸੱਭਿਆਚਾਰ ਦਾ ਉਸਾਰੂ ਪੱਖ ਦੱਸਣਾ ਚਾਹੀਦਾ ਹੈ। ਕਮਲਪ੍ਰੀਤ ਪੰਧੇਰ ਨੇ ਕਿਹਾ, 'ਮੈਂ ਕੈਲਗਰੀ ਦੇ 9-14 ਸਾਲ ਦੇ 50 ਬੱਚਿਆਂ ਨਾਲ ਗੱਲਬਾਤ ਕਰਕੇ ਸਰਵੇਖਣ ਰਿਪੋਰਟ ਤਿਆਰ ਕੀਤੀ ਹੈ ਜਿਸ ਤੋਂ ਮੇਰਾ ਅਨੁਭਵ ਬਣਿਆ ਹੈ ਕਿ ਅਸੀਂ ਬੱਚਿਆਂ ਨੂੰ ਆਪਣਾ ਦੇਸ਼ ਛੱਡ ਕੇ ਆਉਣ ਦੀ ਅਸਲੀਅਤ ਨਹੀਂ ਦੱਸਦੇ ਜੋ ਦਸਣੀ ਬਨਦੀ ਹੈ। ਜੇ ਅਸੀਂ ਆਪਣੇ ਬੱਚਿਆਂ ਨੂੰ ਮੁਕਾਬਲੇ ਵਿਚ ਪਛੜਨ ਅਤੇ ਅਲੱਗ-ਥਲੱਗ ਹੋਣ ਤੋਂ ਬਚਾਉਣਾ ਹੈ ਤਾਂ ਇਥੋਂ ਦੇ ਕਲਚਰ ਵਿਚ ਬੱਚਿਆਂ ਨੂੰ ਵਿਚਰਨ ਦੇਣ ਤੋਂ ਝਿਜਕਣਾ ਨਹੀਂ ਚਾਹੀਦਾ।

ਅਰਪਨ ਲਿਖਾਰੀ ਸਭਾ ਦੇ ਸਕੱਤਰ ਇਕਬਾਲ ਖਾਨ ਨੇ ਕਿਹਾ ਕਿ ਸਾਂਝੀਆਂ ਸਮੱਸਿਆਵਾਂ ਲਈ ਸਾਂਝੇ ਯਤਨਾਂ ਦੀ ਲੋੜ ਹੈ। ਇਮੀਗ੍ਰੈਂਟਸ ਸੀਨੀਅਰਜ਼ ਦੇ ਪ੍ਰਧਾਨ ਪਰਸ਼ੋਤਮ ਭਾਰਦਵਾਜ ਨੇ ਕਿਹਾ ਕਿ ਨਵੇਂ ਆਏ ਇਮੀਗ੍ਰੈਂਟਸ ਨੂੰ ਇਥੋਂ ਦੇ ਰਹਿਣ ਸਹਿਣ ਅਤੇ ਆਦਤਾਂ ਤੋਂ ਜਾਣੂ ਹੋਣਾ ਚਾਹੀਦਾ ਹੈ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਜਸਵੀਰ ਸਹੋਤਾ ਨੇ ਕਿਹਾ ਕਿ ਸਭਾ ਵਲੋ 29 ਸਤੰਬਰ ਨੂੰ ਵ੍ਹਾਈਟ ਹਾਰਨ ਕਮਿਊਨਿਟੀ ਸੈਂਟਰ ਵਿਖੇ ਸਾਲਾਨਾ ਸਮਾਗਮ 2 ਤੋਂ 5 ਵਜੇ ਤਕ ਹੋਵੇਗਾ। ਇਸ ਵਿਚ ਸਿੱਖ ਵਿਰਸੇ ਦੇ ਸੰਪਾਦਕ ਹਰਚਰਨ ਪਰਹਾਰ ਨੂੰ ਸਨਮਾਨਤ ਕੀਤਾ ਜਾਵੇਗਾ। ਮਾ. ਬਚਿੱਤਰ ਗਿੱਲ ਨੇ ਕਿਹਾ ਕਿ ਗੋਰੇ ਲੋਕਾਂ ਦਾ ਵਿਹਾਰ ਵਧੀਆ ਅਤੇ ਮਿਲਣਸਾਰ ਹੈ। ਪੈਰੀ ਮਾਹਲ ਦੇ ਮੁਤਾਬਕ ਨਵੇਂ ਇਮੀਗ੍ਰੈਂਟਸ ਨੂੰ ਪਹਿਲਾਂ ਦੇ ਮੁਕਾਬਲੇ ਸੈਟ ਹੋਣਾ ਆਸਾਨ ਹੈ। ਗੁਰਬਚਨ ਬਰਾੜ ਨੇ ਕਿਹਾ ਕਿ ਸਾਨੂੰ ਪੈਨਸ਼ਨਰਜ਼ ਕਟੌਤੀ ਆਦਿ ਮੁੱਦੇ ਸੁਲਝਾਉਣ ਲਈ ਨਿੱਜੀ ਸੋਚ ਤੋ ਉੱਪਰ ਉੱਠ ਕੇ ਸਹੀ ਨੁਮਾਇੰਦਿਆਂ ਦੀ ਚੋਣ ਕਰਨੀ ਚਾਹੀਦੀ ਹੈ। ਰਣਧੀਰ ਗਿੱਲ, ਗੁਰਕੀਰਤ ਟਿਵਾਣਾ, ਸਰਵਣ ਸਿੰਘ ਗਿੱਲ ਨੇ ਵੀ ਵਿਚਾਰ ਸਾਂਝੇ ਕੀਤੇ। ਹਰਨੇਕ ਬੱਧਨੀ ਨੇ ਆਪਣੀ ਕਵਿਤਾ ਸੁਣਾਈ। ਗੁਰਦਿਆਲ ਖਹਿਰਾ ਨੇ ਮਰਹੂਮ ਕਵੀ ਅਵਤਾਰ ਪਾਸ਼ ਦੀ ਕਵਿਤਾ "ਘਾਹ" ਸੁਣਾਈ। ਇਨ੍ਹਾਂ ਤੋਂ ਇਲਾਵਾ ਸ੍ਰੀਮਤੀ ਹਰਕੇਸ਼ ਸੋਹਲ, ਜੈਸਮੀਨ ਬਟਾਲਵੀ, ਸੁਰਿੰਦਰ ਕੌਰ, ਬਲਵੀਰ ਢਿੱਲੋਂ, ਰਣਜੀਤ ਬੜਿੰਗ, ਜਗੀਰ ਸਿੰਘ ਘੁੰਮਣ, ਕਾਮਰੇਡ ਅਜੀਤ ਸਿੰਘ, ਮੇਜਰ ਸਿੰਘ ਧਾਲੀਵਾਲ, ਹਰਬਖਸ਼ ਸਿੰਘ ਸਰੋਆ, ਗੁਰਮੀਤ ਭੱਟੀ, ਰਘਬੀਰ ਸਿੰਘ, ਹਰਨਾਮ ਸਿੰਘ, ਬਲਵਿੰਦਰ ਸਿੰਘ ਡਾਲ੍ਹਾ, ਬਖਤਾਵਰ ਸਿੰਘ ਬਰਾੜ, ਦਰਸ਼ਨ ਸਿੰਘ ਗਗੜਾ, ਸੁਖਦੇਵ ਸਿੰਘ ਧਾਲੀਵਾਲ, ਬਲਵੀਰ ਸਿੰਘ ਬਰਾੜ, ਬੂਟਾ ਸਿੰਘ ਖੇਲਾ, ਅਵਤਾਰ ਸਿੰਘ ਭੱਚੂ, ਸੰਗਤਾਰ ਕਾਲੀਰਾਏ, ਸਹਿਜ ਪੰਧੇਰ, ਸਾਹਿਲ ਗਿੱਲ, ਸਾਹਿਬ ਪੰਧੇਰ ਅਤੇ ਜੇਸਨ ਗਿੱਲ ਹਾਜ਼ਰ ਸਨ।

ਮੀਟਿੰਗ 'ਚ ਮਤਾ ਪਾਸ ਕਰਕੇ ਅਮਰੀਕਾ ਦੇ ਗੁਰਦੁਆਰੇ ਵਿਸਕੋਨਸਿਨ ਕਰੀਕ ਓਕ ਲੇਕ ਵਿਖੇ ਹੋਏ ਕਤਲੇਆਮ ਦੀ ਪੁਰਜ਼ੋਰ ਨਿੰਦਾ ਕੀਤੀ ਗਈ। ਡੇਰਾ ਸਿਰਸਾ ਦੇ ਕੀਤੇ ਅਣਮਨੁੱਖੀ ਕਾਰਨਾਮੇ (400 ਦੇ ਲਗਭਗ ਨੌਜਵਾਨਾ ਨੂੰ ਨਪੁੰਸਕ ਬਣਾਉਣ) ਦੀ ਘੋਰ ਨਿੰਦਾ ਕੀਤੀ ਗਈ ਅਤੇ ਭਾਰਤ ਸਰਕਾਰ ਤੋਂ ਇਸ ਮਾਮਲੇ ਦੀ ਸੀ. ਬੀ.ਆਈ. ਜਾਂਚ ਦੀ ਮੰਗ ਕੀਤੀ ਗਈ। ਤਰਕਸ਼ੀਲ ਸੁਸਾਇਟੀ ਦੇ ਸੈਨਲ ਐਡਮਾਰਕੂ (ਦਿੱਲੀ) ਤੇ ਧਾਰਮਕ ਭਾਵਨਾਵਾਂ ਭੜਕਾਉਣ ਦੀ ਸਾਜ਼ਿਸ਼ ਅਧੀਨ ਪਾਇਆ ਗਲਤ ਕੇਸ ਤੁਰੰਤ ਵਾਪਸ ਲਿਆ ਜਾਵੇ।

# ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੀ ਸਾਹਿਤਕ ਮਿਲਣੀ 'ਚ ਡਾ. ਦਰਸ਼ਨ ਗਿੱਲ ਸਿਮਰਤੀ ਗ੍ਰੰਥ ਲੋਕ-ਅਰਪਣ




ਕੈਲਗਰੀ- (ਨਦਬ) ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੀ ਅਗਸਤ ਮਹੀਨੇ ਦੀ ਮੀਟਿੰਗ ਕੋਸੋ ਹਾਲ ਕੈਲਗਰੀ ਵਿੱਚ ਹੋਈ। ਸਭਾ ਦੇ ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਮੀਤ ਪ੍ਰਧਾਨ ਹਰੀਪਾਲ, ਡਾ ਮਹਿੰਦਰ ਸਿੰਘ ਹੱਲਣ, ਸੁਰਿੰਦਰ ਗੀਤ ਅਤੇ ਜ਼ੋਰਾਵਰ ਬਾਂਸਲ ਕਹਾਣੀਕਾਰ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ ਅਤੇ ਨਾਲ ਹੀ ਰਾਜੇਸ਼ ਖੰਨਾ, ਲੇਖਕ ਦਰਸ਼ਨ ਸਿੰਘ ਦਰਸ਼ਨ ਅਤੇ ਅਮਰੀਕਾ ਦੇ ਓਕ ਕ੍ਰੀਕ ਗੁਰੂਦੁਆਰੇ ਵਿਚ ਇਕ ਸਿਰਫਿਰੇ ਨਸਲਵਾਦੀ ਵੱਲੋਂ ਗੋਲੀਆਂ ਚਲਾਕੇ ਮਾਰੇ ਗਏ ਨਿਰਦੋਸ਼ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਜਾਹਰ ਕੀਤੀ। ਚਿੱਤਰਕਾਰ ਹਰਪ੍ਰਕਾਸ਼ ਜ਼ਨਾਗਲ ਨੂੰ ਅਮਰੀਕਾ ਵੱਲੋ ਗੋਲਡ ਮੈਡਲ ਨਾਲ ਸਨਮਾਨਿਤ  ਕਰਨ ਦੀ ਖੁਸ਼ੀ ਪ੍ਰੋ ਮਨਜੀਤ ਸਿੰਘ ਸਿੱਧੂ ਨੇ ਸਾਂਝੀ ਕੀਤੀ। ਸ਼੍ਰੀ ਜ਼ਨਾਗਲ ਜੀ ਨੇ ਅਖਿਆ ਕਿ ਇਹ ਮੇਰਾ ਨਹੀਂ ਬਲਕਿ ਸਭਾ ਦਾ ਮਾਣ ਹੈ। ਸਭਾ ਵੱਲੋਂ ਚੇਤਨਾ ਪ੍ਰਕਾਸ਼ਨ ਵੱਲੋਂ ਛਾਪਿਆ ਡਾ. ਦਰਸ਼ਨ ਗਿੱਲ ਸਿਮਰਤੀ ਗ੍ਰੰਥ ਰੀਲੀਜ਼ ਕੀਤਾ ਗਿਆ। ਗੁਰਬਚਨ ਬਰਾੜ ਨੇ ਦੱਸਿਆ ਕਿ ਇਸ ਵਿਚ 33 ਲੇਖਕਾਂ ਨੇ ਦਰਸ਼ਨ ਗਿੱਲ ਦੀ ਸ਼ਖਸ਼ੀਅਤ ਬਾਰੇ ਅਤੇ ਉਹਨਾਂ ਨਾਲ ਬਿਤਾਏ ਪਲਾਂ ਬਾਰੇ ਆਪਣੇ ਵਿਚਾਰ ਦਿੱਤੇ ਹਨ। ਸ਼੍ਰੀ ਹਰੀਪਾਲ ਨੇ ਦਰਸ਼ਨ ਗਿੱਲ ਨਾਲ ਆਪਣੀ ਭਾਵੁਕ ਸਾਂਝ ਦਾ ਜ਼ਿਕਰ ਕੀਤਾ। ਬਲਜਿੰਦਰ ਸੰਘਾ ਨੇ ਨੰਦਲਾਲ ਨੂਰਪੁਰੀ ਦੇ ਪਰਿਵਾਰ ਲਈ ਇਕੱਠੇ ਕੀਤੇ ਜਾ ਰਹੇ ਫੰਡ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਤਰਲੋਚਨ ਸੈਂਭੀ ਨੇ ਦੇਸ ਦੀ ਅਜ਼ਾਦੀ ਨਾਲ ਸਬੰਧਤ ਗੀਤ ਗਾਕੇ ਕੀਤੀ। ਉਪਰੰਤ ਬੀਜਾ ਰਾਮ ਨੇ ਉਰਦੂ ਗਜ਼ਲ, ਰਾਮ ਸਵਰੂਪ ਸੈਣੀ ਨੇ ਤਰਨੁੰਮ ਵਿਚ ਗੀਤ, ਜ਼ੋਰਾਵਰ ਬਾਂਸਲ ਨੇ ਕਹਾਣੀ 'ਖਬਰ' ਹਰਨੇਕ ਬੱਧਨੀ ਨੇ ਕਵਿਤਾ, ਗੁਰਨਾਮ ਗਿੱਲ ਰਾਮੂਵਾਲੀਆਂ ਨੇ ਕਵੀਸ਼ੀਰੀ, ਸੁਰਿੰਦਰ ਗੀਤ ਨੇ ਦੋ ਕਵਿਤਾਵਾਂ ਅਤੇ ਰਾਈਟਰ ਫੋਰਮ ਦੇ ਪ੍ਰਧਾਨ ਸ਼ਮਸ਼ੇਰ ਸੰਧੂ  ਨੇ ਡਾ. ਦਰਸਨ ਗਿੱਲ ਦੀ ਗਜ਼ਲ ਦੇ ਕੁਝ ਬੋਲ ਸਾਂਝੇ ਕਰਕੇ ਹਾਜ਼ਰੀ ਲਵਾਈ।

ਇਹਨਾਂ ਤੋ ਇਲਾਵਾ ਕੁਲਵੰਤ ਸਰਾਂ, ਦਵਿੰਦਰ ਮਲਹਾਂਸ, ਬਲਵੀਰ ਗੋਰਾ ਅਤੇ ਸੁਰਿੰਦਰ ਢਿੱਲੋਂ ਨੇ ਵੀ ਰਚਨਾਵਾਂ ਦੇ ਦੌਰ ਵਿਚ ਹਿੱਸਾ ਲਿਆ। ਮਾ. ਭਜਨ ਸਿੰਘ ਗਿੱਲ ਨੇ ਜਿੱਥੇ ਆਪਣੇ ਫੋਰਮ ਵੱਲੋ 23 ਸਤੰਬਰ ਨੂੰ ਕਰਵਾਏ ਜਾ ਰਹੇ ਨਾਟਕਾਂ ਬਾਰੇ ਜਾਣਕਾਰੀ ਦਿੱਤੀ ਉੱਥੇ ਸਮਾਜ ਦੇ ਕੁਝ ਨਿੱਘਰਦੇ ਜਾ ਰਹੇ ਪਹਿਲੂਆਂ ਅਤੇ ਹਰ ਪਾਸੇ ਹੋ ਰਹੀ ਘਟੀਆਂ ਰਾਜਨੀਤੀ ਨੂੰ ਵੀ ਆੜੇ ਹੱਥੀ ਲਿਆ। ਇੰਜੀ ਗੁਰਦਿਆਲ ਸਿੰਘ ਖਹਿਰਾ ਨੇ ਸਾਹਿਤ ਸਭਾ ਦੇ 27 ਸਤੰਬਰ ਨੂੰ ਹੋਣ ਜਾ ਰਹੇ ਸਮਾਗਮ ਬਾਰੇ ਜਾਣਕਾਰੀ ਦਿੱਤੀ। ਮੀਟਿੰਗ ਵਿਚ ਜਸਵੰਤ ਸਿੰਘ ਗਿੱਲ, ਪੈਰੀ ਮਾਹਲ, ਨਛੱਤਰ ਸਿੰਘ ਪੁਰਬਾ, ਮਨਜੋਤ ਗਿੱਲ, ਮੰਗਲ ਸਿੰਘ ਚੱਠਾ, ਰਣਜੀਤ ਸਿੰਘ ਲਾਡੀ, ਪਵਨਦੀਪ ਬਾਂਸਲ, ਪਿਆਰੀ ਬਾਸਲ ਆਦਿ ਹਾਜ਼ਰ ਸਨ।।

# ਪ੍ਰਸਿੱਧ ਕਹਾਣੀਕਾਰ ਜਿੰਦਰ ਨਾਲ ਕਹਾਣੀ ਵਿਚਾਰ ਮੰਚ ਤੇ ਕਲਾ ਕੇਂਦਰ ਟੋਰਾਂਟੋ ਵਲੋਂ ਰੂਬਰੂ ਦਾ ਆਯੋਜਨ



ਬਰੈਂਪਟਨ (ਮੇਜਰ ਮਾਂਗਟ) :-  ਵੀਹ ਅਗਸਤ ਦੀ ਚਮਕਦੀ ਦੁਪਹਿਰ ਤੇ ਗਰੇਟਰ ਟੋਰਾਂਟੋ ਏਰੀਏ ਦਾ ਖੂਬਸੂਰਤ, ਫੁੱਲਾਂ ਲੱਦਿਆ ਇਲਾਕਾ ਮਿਲਟਨ। ਏਥੇ ਹੀ ਵਸਦੀ ਹੈ ਪੰਜਾਬੀ ਦੀ ਨਾਮਵਰ ਲੇਖਿਕਾ ਬਲਬੀਰ ਸੰਘੇੜਾ।  ਜਿਸ ਦੇ ਘਰ ਦੁਆਲੇ ਕਾਰਾਂ ਦਾ ਝੁਰਮਟ ਤੇ ਮਿਲਣ ਗਿਲਣ ਵਾਲਿਆਂ ਦੀ ਚਹਿਲ ਪਹਿਲ ਅੱਜ ਵੀ ਹੈ।  ਤੇ ਏਥੇ ਹੀ ਕੁੱਝ ਦਿਨਾਂ ਤੋਂ ਰਹਿ ਰਿਹਾ ਹੈ ਆਧੁਨਿਕ ਪੰਜਾਬੀ ਕਹਾਣੀ ਦਾ ਚਰਚਿਤ ਹਸਤਾਖਰ ਜਿੰਦਰ।  ਜੋ ਜਖਮ ਤੇ ਕਤਲ ਵਰਗੀਆਂ ਕਹਾਣੀਆਂ ਲਿਖਕੇ ਕਹਾਣੀਕਾਰਾਂ ਦੀ ਮੂਹਰਲੀ ਕਤਾਰ ਵਿੱਚ ਆਪਣਾ ਨਾਂ ਦਰਜ ਕਰਵਾ ਚੁੱਕਾ ਹੈ।  ਅੱਜ ਦਾ ਇਹ ਮੇਲਾ ਗੇਲਾ ਉਸੇ ਕਰਕੇ ਹੀ ਹੈ।  ਮੈਂ ਵੀ ਕਾਰ ਪਾਰਕ ਕਰਕੇ ਅੰਦਰ ਨੂੰ ਤੁਰ ਪੈਂਦਾ ਹਾਂ, ਤਾਂ ਅੱਗੋਂ ਜਿੰਦਰ ਹੀ ਬੂਹਾ ਖੋਹਲਦਾ ਹੈ।  ਜਿਸ ਨੇ ਇੱਕ ਖਿੜਕੀ ਰਾਹੀ ਮੈਨੂੰ ਆਂਉਦਿਆਂ ਵੇਖ ਲਿਆ ਸੀ।  ਅੱਗੇ ਸੋਫਿਆਂ ਤੇ ਬਲਰਾਜ ਚੀਮਾਂ, ਪਾਕਿਸਤਾਨੀ ਮੂਲ ਦੀ ਲੇਖਿਕਾ ਤਲਤ ਜਾਹਿਰਾ, ਲਾਲ ਸਿੰਘ ਸੰਘੇੜਾ ਤੇ ਬਲਬੀਰ ਸੰਘੇੜਾ ਜੀ ਬਿਰਾਜਮਾਨ ਨੇ। ਸੁਆਗਤ ਦੇ ਨਾਲ ਨਾਲ ਚਾਹ ਪਾਣੀ ਦਾ ਦੌਰ ਵੀ ਚੱਲ ਰਿਹਾ ਹੈ।

ਜਿੰਦਰ ਆਪਣੀ ਸੀਟ ਫੇਰ ਸੰਭਾਲਦਾ ਹੈ ਤੇ ਉਸੇ ਵਕਤ ਪਹੁੰਚ ਜਾਂਦੇ ਹਨ ਕਹਾਣੀਕਾਰ ਕੁਲਜੀਤ ਮਾਨ, ਬਰਜਿੰਦਰ ਗੁਲਾਟੀ, ਨੀਰੂ ਅਸੀਮ, ਮਿਨੀ ਗਰੇਵਾਲ ਅਤੇ ਜਗਦੇਵ ਸਿੰਘ ਨਿੱਝਰ।  ਮਹਿਫਲ ਭਰ ਜਾਂਦੀ ਹੈ।  ਬਲਵੀਰ ਸੰਘੇੜਾ ਜੀ ਕਹਿਣ ਤੇ ਬਲਰਾਜ ਚੀਮਾਂ ਮੀਟਿੰਗ ਦੀ ਵਾਗਡੋਰ ਸੰਭਾਲਦੇ ਹਨ।  ਮੇਜਰ ਮਾਂਗਟ ਨੂੰ ਰਿਪੋਰਟ ਲਿਖਣ ਲਈ ਕਿਹਾ ਜਾਂਦਾ ਹੈ ਤੇ ਫੇਰ ਸ਼ੁਰੂ ਹੁੰਦਾ ਹੈ ਕਹਾਣੀਕਾਰ ਜਿੰਦਰ ਨਾਲ ਅੱਜ ਦਾ ਰੂ-ਬ-ਰੂ ਦਾ ਆਰੰਭ।

ਜਿੰਦਰ ਨੇ ਆਪਣੇ ਜਨਮ ਤੋਂ ਜੀਵਨ ਦਾ ਸਫਰ ਬਿਆਨਣਾ ਸ਼ੁਰੂ ਕੀਤਾ।  ਜਿਵੇਂ - ਉਸਦਾ ਜਨਮ 2 ਫਰਵਰੀ 1954 ਨੂੰ ਤਹਿਸੀਲ ਨਕੋਦਰ ਦੇ ਪਿੰਡ ਲੱਧੜਾਂ ਵਿੱਚ ਹੋਇਆ।  ਉਸ ਨੇ ਸਭ ਤੋਂ ਪਹਿਲੀ ਕਹਾਣੀ ਨਿਊਡ ਲਿਖੀ ਜੋ ਇੱਕ ਪਰਚੇ ਕਮਲ ਵਿੱਚ ਛਪਣ ਨਾਲ ਉਸ ਨੂੰ ਅਥਾਹ ਖੁਸ਼ੀ ਹੋਈ।  ਆਪਣੀ ਲੇਖਣੀ ਦੇ ਸਫਰ ਤੇ ਕਾਹਲੇ ਕਦਮੀ ਤੁਰਦਿਆਂ 1982 ਵਿੱਚ ਹੀ ਉਹ ਪ੍ਰੀਤਲੜੀ, ਅਕਸ ਤੇ ਸਮਤਾ ਵਰਗੇ ਪਰਚਿਆਂ ਵਿੱਚ ਛਪਣ ਲੱਗ ਪਿਆ ਸੀ।

ਇਸੇ ਸਮੇਂ ਉਸਨੇ ਐਮ ਬੀ ਡੀ ਪ੍ਰਕਾਸ਼ਨ ਨਾਲ ਪਰੂਫ ਰੀਡਰ ਦੀ ਨੌਕਰੀ ਕਰਦਿਆਂ ਸਖਤ ਮਿਹਨਤ ਕੀਤੀ ਜਿਸ ਨਾਲ ਉਸ ਨੂੰ ਭਾਸ਼ਾ ਤੇ ਆਬੂਰ ਹਾਸਲ ਹੋਇਆ। ਉਹ ਅੰਗਰੇਜੀ ਦੀ ਐਮ ਏ ਹੋਣ ਕਾਰਨ ਪੰਜਾਬੀ ਹਿੰਦੀ ਦੇ ਨਾਲ ਬਹੁਤ ਸਾਰਾ ਸਾਹਿਤ ਅਤੇ ਦਰਸ਼ਨ ਪੜ੍ਹਦਾ ਵੀ ਰਿਹਾ।  ਫੇਰ 1990 ਵਿੱਚ ਉਸਦਾ ਪਹਿਲਾ ਕਹਾਣੀ ਸੰਗ੍ਰਹਿ 'ਮੈਂ ਕਹਾਣੀ ਤੇ ਉਹ' ਪ੍ਰਕਾਸ਼ਤ ਹੋਇਆ। ਪਰੰਤੂ 1995 ਵਿੱਚ ਜਦੋਂ ਉਸ ਦੀ ਕਹਾਣੀ ਕਤਲ ਸਿਰਜਣਾ ਵਿੱਚ ਛਪੀ ਤਾਂ ਤਾਂ ਪਾਠਕਾਂ ਤੇ ਅਲੋਚਕਾਂ ਨੇ ਉਸ ਨੂੰ ਵਧੀਆ ਕਹਾਣੀਕਾਰ ਪ੍ਰਵਾਨ ਕਰ ਲਿਆ। ਹੁਣ ਤੱਕ ਜਿੰਦਰ ਦੇ ਪੰਜ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਨੇ ਜਿਵੇਂ:-

ਮੈਂ ਕਹਾਣੀ ਤੇ ਉਹ,  ਨਹੀਂ ਮੈਂ ਨਹੀਂ,  ਤੁਸੀਂ ਨੀ ਸਮਝ ਸਕਦੇ,  ਬਿਨਾਂ ਵਝਾ ਤਾਂ ਨਹੀਂ  ਅਤੇ  ਜਖਮ

ਪਿੱਛੇ ਜਿਹੇ ਉਸਦੀਆਂ ਸਮੁੱਚੀਆਂ ਕਹਾਣੀਆਂ ਤਹਿਜੀਬ ਨਾਂ ਦੀ ਪੁਸਤਕ ਵਿੱਚ ਛਪ ਗਈਆਂ ਨੇ। ਇਸ ਤੋਂ ਇਲਾਵਾ ਸਨ 1998 ਵਿੱਚ ਉਸਨੇ ਹਰਜੀਤ ਅਟਵਾਲ ਨਾਲ ਮਿਲ ਕੇ ਸ਼ਬਦ ਨਾਂ ਦਾ ਤ੍ਰੈਮਾਸਿਕ ਪਰਚਾ ਸ਼ੁਰੂ ਕੀਤਾ ਜੋ ਇਸ ਵਕਤ ਬੁਲੰਦੀਆਂ ਤੇ ਹੈ। ਉਸ ਨੇ ਬਹੁਤ ਖੂਬਸੂਰਤ ਵਾਰਤਿਕ ਵੀ ਲਿਖੀ। ਉਹ ਦੀਪਕ ਜੈਤੋਈ ਸਾਹਿਬ ਦੇ ਦਾਮਾਦ ਹੋਣ ਦੀ ਮਾਣ ਮਹਿਸੂਸ ਕਰਦਿਆਂ ਯਾਦਾਂ ਸਾਂਝੀਆਂ ਕਰਦੇ ਹਨ ਤੇ ਜਲੰਧਰ ਵਾਲੇ ਆਪਣੇ ਉਸ ਚੁਬਾਰੇ ਦੀਆਂ ਵੀ ਜਿੱਥੇ ਲੇਖਕ ਅਕਸਰ ਆਉਂਦੇ ਰਹਿੰਦੇ। ਉਨ੍ਹਾਂ ਇਹ ਵੀ ਦੱਸਿਆ ਕਿ ਕਿਵੇਂ ਕਾਵਿ ਤੇ ਗਲਪ ਦੀਆਂ ਨਦੀਆਂ ਸਮਾਂਤਰ ਵਹਿੰਦੀਆਂ ਰਹੀਆਂ।  2007 ਵਿੱਚ ਆਪਣੇ ਸਾਹਿਤਕਾਰ ਦੋਸਤਾਂ ਨਾਲ ਮਿਲਕੇ ਉਹ ਪਾਕਿਸਤਾਨ ਫੇਰੀ ਤੇ ਗਏ,  ਜਿੱਥੇ ਜੜ੍ਹਾਂਵਾਲਾ ਕੋਲ,  ਉਹ ਆਪਣੇ ਪੁਰਖਿਆਂ ਦੀ ਮਿੱਟੀ ਨੂੰ ਸਲਾਮ ਕੀਤਾ । ਬੇਹੱਦ ਪਿਆਰ ਤੇ ਸਤਿਕਾਰ ਮਿਲਿਆਂ ਤੇ ਏਸੇ ਚੋਂ ਜਨਮੀ ਉਨ੍ਹਾਂ ਦੀ ਕਹਾਣੀ ਜੜ੍ਹਾਂ। ਉਨ੍ਹਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਦਾ ਅਨੁਵਾਦ ਵੀ ਦੂਸਰੀਆਂ ਭਾਸ਼ਾਵਾਂ ਵਿੱਚ ਹੋ ਚੁੱਕਾ ਹੈ।

ਪਿੱਛੇ ਜਿਹੇ ਹੀ ਉਹ ਪੰਜਾਬ ਟ੍ਰਾਂਸਪੋਰਟ ਮਹਿਕਮੇਂ ਤੋਂ ਸੇਵਾ ਨਵਿਰਤ ਹੋਏ ਹਨ ਤੇ ਹੁਣ ਪੂਰਾ ਸਮਾਂ ਸਾਹਿਤ ਨੂੰ ਸਮਰਪਿਤ ਕਰ ਰਹੇ ਹਨ।  ਇੰਗਲੈਂਡ ਤੋਂ ਬਾਅਦ ਇਹ ਉੱਤਰੀ ਅਮਰੀਕਾ ਦੀ ਉਨ੍ਹਾਂ ਦੀ ਪਲੇਠੀ ਫੇਰੀ ਹੈ।  ਜਿਸ ਦੇ ਬਹੁਤ ਸਾਰੇ ਤਜੁਰਬੇ ਵੀ ਉਨ੍ਹਾਂ ਸਾਂਝੇ ਕੀਤੇ।  ਅੰਤ ਵਿੱਚ ਸਭ ਦੇ ਕਹਿਣ ਤੇ ਉਨ੍ਹਾਂ ਆਪਣੀ ਨਵੀਂ ਕਹਾਣੀ  ਕੋਰੜੂ  ਸੁਣਾਈ ਜੋ ਬਹੁਤ ਕਮਾਲ ਦੀ ਕਹਾਣੀ ਸੀ ਤੇ ਸਭ ਨੇ ਬਹੁਤ ਪਸੰਦ ਕੀਤੀ।

ਇਸ ਉਪਰੰਤ ਸਵਾਲਾਂ ਜਵਾਬਾਂ ਦਾ ਦੌਰ ਆਰੰਭ ਹੋਇਆ। ਜਿਸ ਵਿੱਚ ਪੁਰਾਤਨ ਤੇ ਆਧੁਨਿਕ ਕਹਾਣੀ ਵਿਚਲਾ ਅੰਤਰ, ਪੰਜਾਬੀ ਕਹਾਣੀ ਦਾ ਮੌਜੂਦਾ ਚਿਹਰਾ ਮੋਹਰਾ, ਅਲੋਚਨਾ ਦੀ ਸਥਿਤੀ, ਬਾਹਰਲੀ ਕਹਾਣੀ ਦਾ ਮੁੱਖ ਧਾਰਾ ਤੇ ਪ੍ਰਭਾਵ, ਧੜੇਬੰਦੀਆਂ, ਜੁਗਾੜਬੰਦੀਆਂ ਤੇ ਬਦ-ਦਿਆਨਤਦਾਰੀ ਤੇ ਵੀ ਖੁੱਲ ਕੇ ਗੱਲਬਾਤ ਹੋਈ।

# ਅਰਪਨ ਲਿਖਾਰੀ ਸਭਾ 'ਚ ਬਾਬੂ ਰਜਬ ਅਲੀ ਨੂੰ ਯਾਦ ਕੀਤਾ







ਕੈਲਗਰੀ (ਨਦਬ): ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮਿਲਣੀ ਸਤਨਾਮ ਸਿੰਘ ਢਾਅ ਦੀ ਪ੍ਰਧਾਨਗੀ ਹੇਠ ਕੋਸੋ ਦੇ ਹਾਲ ਵਿੱਚ ਹੋਈ। ਸਭਾ ਦੇ ਜਨਰਲ ਸਕੱਤਰ ਇਕਬਾਲ ਖ਼ਾਨ ਨੇ ਮਿਲਵਾਕੀ ਵਿਖੇ ਹੋਏ ਦੁਖਾਂਤ ਦੀ ਘਟਨਾ ਵਾਰੇ ਦੁੱਖ ਪ੍ਰਗਟ ਕੀਤਾ। ਸਭਾ ਵੱਲੋਂ ਵਿਛੜ ਗਈਆਂ ਰੂਹਾਂ ਲਈ ਇੱਕ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਜਸਵੰਤ ਸਿੰਘ ਸੇਖੋਂ ਨੇ ਸੋਹਣ ਸਿੰਘ ਸੀਤਲ ਬਾਰੇ ਲਿਖੀ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਕਵਿਤਾ 'ਢਾਡੀਆਂ ਦਾ ਉਹਨੂੰ ਕਹਿਣ ਪਿਤਾਮਾਂ'  ਰਾਹੀ ਕੀਤੀ। ਹਰਮਿੰਦਰ ਕੌਰ ਢਿੱਲੋਂ ਨੇ 'ਜੇ ਦਿਲ ਹੋਵੇ ਕਮਜੋਰ' ਨਾਂ ਦੇ ਗੀਤ ਨਾਲ ਹਾਜ਼ਰੀ ਲਗਵਾਈ। ਕੁਲਦੀਪ ਕੌਰ ਘਟੌੜਾ ਨੇ ਇੱਕ ਨਜ਼ਮ ਪੇਸ਼ ਕੀਤੀ। ਕਹਾਣੀਕਾਰਾ ਗੁਰਚਰਨ ਕੌਰ ਥਿੰਦ ਨੇ ਕਹਾਣੀ 'ਪੁਹ ਫੁਟਾਲਾ' ਪੜ੍ਹ ਕੇ ਸੁਣਾਈ। ਸੁਰਜੀਤ ਸਿੰਘ ਰੰਧਾਵਾ ਨੇ ਆਪਣੀਆਂ ਕੁਝ ਰੁਬਾਈਆਂ ਪੇਸ਼ ਕੀਤੀਆਂ। ਗੁਰਦਿਆਲ ਸਿੰਘ ਖ਼ਹਿਰਾ ਨੇ ਸਟੇਜ ਤੇ ਬੋਲਣ ਦੇ ਕੁਝ ਅਹਿਮ ਨੁਕਤੇ ਸਾਂਝੇ ਕੀਤੇ। ਪਰਦੀਪ ਕੰਗ ਨੇ ਆਪਣੀ ਇੱਕ ਕਵਿਤਾ ਸੁਣਾਈ। ਸਰੂਪ ਸਿੰਘ ਮੰਡੇਰ ਨੇ ਵੀ ਇੱਕ ਕਵੀਸ਼ਰੀ ਰੰਗ ਪੇਸ਼ ਕਰਕੇ ਵਾਹ-ਵਾਹ ਖੱਟੀ।

ਸਭਾ ਦੇ ਸਕੱਤਰ ਹਰਜੀਤ ਗਿੱਲ ਨੇ ਇੱਕ ਗੀਤ ਅਤੇ ਮਾ. ਸੁਖਦੇਵ ਸਿੰਘ ਧਾਲੀਵਾਲ ਨੇ ਬਾਬੂ ਰਜ਼ਬ ਅਲੀ ਦੀ ਰਚਨਾ ਨਾਲ ਸਰੋਤਿਆਂ ਨੂੰ ਨਿਹਾਲ ਕਰ ਦਿੱਤਾ। 10 ਅੱਗਸਤ ਨੂੰ ਬਾਬੂ ਰਜ਼ਬ ਅਲੀ ਜੀ ਦਾ ਜਨਮ ਦਿਨ ਸੀ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ, ਮਾ. ਬਚਿੱਤਰ ਸਿੰਘ ਨੇ ਬਾਬੂ ਜੀ ਦੀ ਬਹੁਤ ਹੀ ਮਕਬੂਲ ਕਵਿਤਾ 'ਮੈਨੂੰ ਉੱਠਦੇ ਬੈਠਦੇ ਨੂੰ ਰਹਿਣ ਹਰ ਵਕਤ ਵਤਨ ਦੀਆਂ ਤਾਘਾਂ' ਪੂਰੇ ਜਲੌ ਵਿੱਚ ਸੁਣਾਈ । ਪੰਜਾਬ ਤੋਂ ਆਏ ਲੇਖਕ ਕੁਲਵੰਤ ਸਿੰਘ ਸਰਾਂ ਨੇ 'ਜੰਡ ਦੀ ਫ਼ਲੀ' ਇੱਕ ਨਾਂ ਦੀ ਵਿਅੰਗ-ਮਈ ਕਵਿਤਾ ਸੁਣਾ ਕੇ ਪੰਜਾਬ ਦੀ ਰਾਜਨੀਤਿਕ ਤਸਵੀਰ ਪੇਸ਼ ਕਰ ਦਿੱਤੀ। ਜੀ. ਐਸ. ਟਿਵਾਣਾ ਨੇ ਕੁਝ ਪਰਵਾਸੀ ਮਾਪਿਆਂ ਨਾਲ ਉਨ੍ਹਾਂ ਦੇ ਹੀ ਬੱਚਿਆਂ ਵੱਲੋਂ ਕੀਤੇ ਜਾਂਦੇ ਮਾੜੇ ਵਰਤਾਓ ਬਾਰੇ ਚਿੰਤਾ ਪਰਗਟ ਕੀਤੀ। ਸਰਵਣ ਸਿੰਘ ਸੰਧੂ ਨੇ ਨਵੇਂ ਆਏ ਪਰਵਾਸੀਆਂ ਦੀਆਂ ਮੁਸ਼ਕਲਾਂ ਤੇ ਕੈਨੇਡੀਅਨ ਜ਼ਿੰਦਗੀ ਦੀ ਅਸਲੀਅਤ ਨੂੰ ਇੱਕ ਵਿਅੰਗ ਮਈ ਕਵਿਤਾ ਵਿੱਚ ਸਰੋਤਿਆਂ ਦੇ ਸਨਮੁਖ ਕੀਤੀ। ਸੋਹਣ ਮਾਨ ਨੇ ਅਮਰੀਕਾ ਦੇ ਮਿਲਵਾਕੀ ਸ਼ਹਿਰ ਦੇ ਗੁਰੂ ਘਰ ਵਿੱਚ ਵਾਪਰੇ ਦੁਖਾਂਤ 'ਤੇ ਦੁੱਖ ਪਰਗਟ ਕੀਤਾ। ਸਭਾ ਦੀ ਸੁਹਿਰਦ ਮੈਂਬਰ ਕੁਲਦੀਪ ਕੌਰ ਘਟੌੜਾ ਦੀ ਛੋਟੀ ਭੈਣ ਕੰਵਲਜੀਤ ਕੌਰ ਦੀ ਅਚਾਨਕ ਮੌਤ ਉਪਰ ਸਭਾ ਵਲੋਂ ਦੁੱਖ ਪਰਗਟ ਕੀਤਾ ਗਿਆ।

ਇਨ੍ਹਾਂ ਤੋਂ ਇਲਾਵਾ ਕੇਸਰ ਸਿੰਘ ਨੀਰ, ਰਣਧੀਰ ਗਿੱਲ, ਡਾ. ਮਨਜੀਤ ਸਿੰਘ ਸੋਹਲ, ਪ੍ਰਸ਼ੋਤਮ ਭਾਰਦਆਜ, ਕ੍ਰਿਸ਼ਨ ਦੇਵ ਕੌਸ਼ਲ, ਨਰਿੰਦਰ ਸਿੰਘ ਢਿੱਲੋਂ, ਮੇਵਾ ਸਿੰਘ ਢਿੱਲੋਂ, ਪੈਰੀ ਮਾਹਲ, ਦਿਲਾਵਰ ਸਿੰਘ ਸਮਰਾ, ਤੇਜਾ ਸਿੰਘ ਥਿਆੜਾ, ਹਰਿੰਦਰ ਗਿੱਲ ਅਤੇ ਮਖਿੰਦਰ ਸਿੰਘ ਉੱਪਲ ਨੇ ਭਰਪੂਰ ਹਾਜ਼ਰੀ ਲਗਵਾਈ। ਮਾ. ਭਜਨ ਗਿੱਲ ਨੇ ਪ੍ਰੋਗਰੈਸਿਵ ਕਲਚਲ ਐਸੋਸੀਏਸ਼ਨ ਵੱਲੋਂ 23 ਸੰਤਬਰ ਨੂੰ ਸੈਂਟਰਲ ਪਬਲਿਕ ਲਾਇਬਰੇਰੀ ਵਿੱਚ ਹੋਣ ਜਾ ਰਹੇ ਨਾਟਕ-ਮੇਲੇ ਬਾਰੇ ਜਾਣਕਾਰੀ ਦਿੱਤੀ।

ਸਤਨਾਮ ਸਿੰਘ ਢਾਅ ਨੇ ਨਵੇਂ ਆਏ ਮੈਂਬਰਾਂ ਨੂੰ ਜੀ ਆਇਆਂ ਆਖਿਆ ਤੇ ਧੰਨਵਾਦ ਕੀਤਾ।

### ਲਾਹੌਰ ਕੋਰਟ ਟ੍ਰਾਇਲ ਦਾ ਹਿੰਦੀ 'ਚ ਕਰਾਇਆ ਗਿਆ ਉਲੱਥਾ, ਪ੍ਰਕਾਸ਼ਨ ਲਈ ਕੇਂਦਰ ਸਰਕਾਰ ਤੋਂ ਮੰਗੀ ਇਜਾਜ਼ਤ

# ਹੁਣ ਹਿੰਦੀ 'ਚ ਪੜ੍ਹਿਆ ਜਾ ਸਕੇਗਾ 'ਕਿਵੇਂ ਤੈਅ ਹੋਏ ਸ਼ਹੀਦ-ਏ-ਆਜ਼ਮ 'ਤੇ ਦੋਸ਼'



### ਭਗਤ ਸਿੰਘ 'ਤੇ ਲਾਈਆਂ ਧਾਰਾਵਾਂ



ਲਾਹੌਰ ਕੋਰਟ ਤੋਂ ਆਏ ਦਸਤਾਵੇਜ਼

- 302- ਕਤਲ ਦਾ ਦੋਸ਼
- 120-ਅਪਰਾਧਕ ਸਾਜ਼ਿਸ਼
- 121-ਸਰਕਾਰ ਵਿਰੁਧ ਲੜਾਈ ਦੀ ਸਾਜ਼ਿਸ਼
- 109-ਕਿਸੇ ਜੁਰਮ ਲਈ ਉਕਸਾਨਾ
- 5 ਮਈ 1930 ਨੂੰ ਸ਼ੁਰੂ ਹੋਇਆ ਮੁਕੱਦਮਾ
- 11 ਸਤੰਬਰ ਨੂੰ ਦੋਸ਼ ਤੈਅ ਹੋਏ
- 23 ਮਾਰਚ ਨੂੰ 1931 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦਿੱਤੀ ਗਈ।
- 1659 ਸਫ਼ਿਆਂ 'ਤੇ ਕੋਰਟ ਦੀ ਕਾਰਵਾਈ ਦਰਜ ਕੀਤੀ ਗਈ।

**ਲਾਹੌਰ ਕੋਰਟ 'ਚ ਸੁਣਵਾਈ ਦੇ ਕੁਝ ਖਾਸ ਨੁਕਤੇ**

ਫਾਇਰ ਹੁੰਦਿਆਂ ਸਾਰ ਹੀ ਭਗਤ ਸਿੰਘ ਆਇਆ ਅਤੇ ਸਾਹਿਬ (ਸਕਾਟ) 'ਤੇ ਕਈ ਫਾਇਰ ਕੀਤੇ। ਆਟੋਮੈਟਿਕ ਪਿਸਤੌਲ ਭਗਤ ਸਿੰਘ ਕੋਲ ਸੀ। – ਜੈਗੋਪਾਲ, ਸੁਲਤਾਨੀ, ਸਰਕਾਰੀ ਗਵਾਹ (8 ਮਈ 1930 ਨੂੰ ਗਵਾਹੀ)।

ਹਰਿਦਵਾਰ, (ਨਦਬ): ਸ਼ਹੀਦ-ਏ-ਆਜ਼ਮ ਭਗਤ ਸਿੰਘ 'ਤੇ ਲਾਹੌਰ 'ਤੇ ਚਲੀ ਕੇਸ ਦੀ ਕਾਰਵਾਈ ਹੁਣ ਦੇਸ਼ਵਾਸੀ ਹਿੰਦੀ 'ਚ ਪੜ੍ਹ ਸਕਣਗੇ। ਹਰਿਦਵਾਰ ਦੇ ਗੁਰੂਕੁਲ ਕਾਂਗੜੀ ਯੂਨੀਵਰਸਿਟੀ ਵਲੋਂ ਉਰਦੂ ਅਤੇ ਅੰਗਰੇਜ਼ੀ 'ਚ ਉਪਲਬਧ ਕੋਰਟ ਟ੍ਰਾਇਲ ਦਾ ਹਿੰਦੀ ਉਲਥਾ ਕਰਵਾਇਆ ਗਿਆ ਹੈ। ਯੂਨੀਵਰਸਿਟੀ ਇਸ ਨੂੰ ਤਿੰਨ ਖੰਡਾਂ 'ਚ ਪ੍ਰਕਾਸ਼ਤ ਕਰੇਗਾ। ਪ੍ਰਕਾਸ਼ਨ ਲਈ ਭਾਰਤ ਸਰਕਾਰ ਤੋਂ ਇਜਾਜ਼ਤ ਮੰਗੀ ਗਈ ਹੈ।

ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸਮੇਤ 18 ਲੋਕਾਂ 'ਤੇ 5 ਮਈ 1930 ਨੂੰ ਲਾਹੌਰ ਕੋਰਟ 'ਚ ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋਈ ਸੀ। 11 ਸਤੰਬਰ 1930 ਨੂੰ ਕੋਰਟ ਨੇ ਇਨ੍ਹਾਂ 'ਤੇ ਦੋਸ਼ ਤੈਅ ਕਰ ਦਿੱਤੇ ਸਨ। ਮੁਕੱਦਮਾ ਸ਼ੁਰੂ ਹੋਣ ਤੋਂ ਲੈ ਕੇ ਦੋਸ਼ ਨਿਰਧਾਰਤ ਹੋਣ ਦੀ ਕਾਰਵਾਈ 1659 ਸਫ਼ਿਆਂ 'ਤੇ ਦਰਜ ਹੈ। ਮੁਕੱਦਮੇ ਦੀ ਸੁਣਵਾਈ ਜੱਜ ਜੀ.ਸੀ. ਹਿਲਟਨ ਦੀ ਦੋ ਮੈਂਬਰੀ ਬੈਂਚ ਨੇ ਕੀਤੀ ਸੀ। ਉਨ੍ਹਾਂ ਨਾਲ ਦੂਜੇ ਜੱਜ ਦੇ ਤੌਰ 'ਤੇ ਕਦੇ ਆਗਾ ਹੈਦਰ ਤਾਂ ਕਦੇ ਅਬਦੁਲ ਕਾਦਿਰ ਆਦਿ ਬਦਲਦੇ ਰਹਿੰਦੇ ਸਨ। ਜ਼ਿਆਦਾਤਰ ਕਾਰਵਾਈ ਉਰਦੂ ਭਾਸ਼ਾ 'ਚ ਦਰਜ ਕੀਤੀ ਗਈ। ਕਿਤੇ ਕਿਤੇ ਅੰਗਰੇਜ਼ੀ ਦੇ ਲਫ਼ਜ਼ਾਂ ਦੀ ਵੀ ਵਰਤੋਂ ਕੀਤੀ ਗਈ ਸੀ। ਤਿੰਨ ਸਾਲ ਪਹਿਲਾਂ ਲਾਹੌਰ ਹਾਈ ਕੋਰਟ ਤੋਂ ਗੁਰੂਕੁਲ ਕਾਂਗੜੀ ਯੂਨੀਵਰਸਿਟੀ ਲਿਆਂਦੇ ਗਏ ਦਸਤਾਵੇਜ਼ਾਂ ਨੂੰ ਹੁਣ ਹਿੰਦੀ 'ਚ ਅਨੁਵਾਦ ਕੀਤਾ ਗਿਆ ਹੈ ਜਿਸ 'ਤੇ ਪਿਛਲੇ ਛੇ ਮਹੀਨਿਆਂ ਤੋਂ ਕੰਮ ਜਾਰੀ ਸੀ। ਇਸ ਕੰਮ ਕਈ ਉਰਦੂ, ਹਿੰਦੀ ਅਤੇ ਅੰਗਰੇਜ਼ੀ ਦੇ ਮਾਹਰਾਂ ਦੀ ਮਦਦ ਵੀ ਲਈ ਗਈ ਸੀ।

# ਕਦੋਂ ਸ਼ੁਰੂ ਹੋਵੇਗੀ ਅੰਮ੍ਰਿਤਸਰ-ਦਿੱਲੀ-ਟੋਰਾਂਟੋ ਫਲਾਈਟ?

ਅੰਮ੍ਰਿਤਸਰ, (ਨਦਬ) : ਅਸਥਾਈ ਤੌਰ 'ਤੇ ਬੰਦ ਚੱਲ ਰਹੀ ਏਅਰ ਇੰਡੀਆ ਦੀ ਅੰਮ੍ਰਿਤਸਰ-ਦਿੱਲੀ-ਟੋਰਾਂਟੋ ਫਲਾਈਟ (ਏ.ਆਈ-187) ਦੀ ਹੋਂਦ ਖ਼ਤਰੇ ਵਿਚ ਦਿਖ ਰਹੀ ਹੈ। ਪਾਇਲਟਾਂ ਦੀ ਹੜਤਾਲ ਕਾਰਨ ਬੰਦ ਰਹੀਆਂ ਜ਼ਿਆਦਾਤਰ ਕੌਮਾਂਤਰੀ ਉਡਾਣਾਂ ਦੁਬਾਰਾ ਬਹਾਲ ਕਰ ਦਿੱਤੀਆਂ ਗਈਆਂ ਹਨ, ਉਥੇ ਗੁਰੂ ਨਗਰੀ ਦੇ ਹਵਾਈ ਅੱਡਿਆਂ ਦੀ ਮੁੱਖ ਕੌਮਾਂਤਰੀ ਉਡਾਣ ਹਾਲੇ ਤੱਕ ਸ਼ਡਿਊਲ ਤੋਂ ਗਾਇਬ ਹੈ। ਫਿਲਹਾਲ ਅਕਤੂਬਰ ਦੇ ਅੰਤ ਤੱਕ ਇਸ ਨੂੰ ਬੰਦ ਰੱਖਣ ਦਾ ਫਰਮਾਨ ਜਾਰੀ ਕੀਤਾ ਗਿਆ ਹੈ, ਜਦੋਂ ਕਿ ਇਸ ਰੂਟ 'ਤੇ ਦਿਵਾਲੀ ਤੋਂ ਲੈ ਕੇ ਜਨਵਰੀ ਤੱਕ ਚੰਗਾ-ਖਾਸਾ ਪੈਸੰਜਰ ਲੋਡ ਰਹਿੰਦਾ ਹੈ।

**ਵਿੰਟਰ ਸ਼ਡਿਊਲ 'ਚ ਪਤਾ ਚੱਲੇਗਾ**

ਦਿੱਲੀ ਤੋਂ ਏਅਰ ਇੰਡੀਆ ਦੇ ਬੁਲਾਰੇ ਦਾ ਕਹਿਣਾ ਹੈ ਕਿ ਫਲਾਈਟ ਵਿਚ ਪੈਸੰਜਰ ਲੋਡ ਘੱਟ ਸੀ। ਸਾਰੇ ਪਾਇਲਟ ਵਾਪਸ ਨਹੀਂ ਪਰਤੇ। ਵਿੰਟਰ ਸ਼ਡਿਊਲ ਵਿਚ ਹੀ ਇਸ ਫਲਾਈਟ ਦੇ ਦੁਬਾਰਾ ਸ਼ੁਰੂ ਹੋਣ ਬਾਰੇ ਪਤਾ ਚੱਲ ਸਕੇਗਾ। ਇਸ ਫਲਾਈਟ ਤੋਂ ਪੈਸੰਜਰਸ ਨੂੰ ਓਟਾਵਾ, ਮਾਨਿਟ੍ਰੀਅਲ ਅਤੇ ਵੈਨਕੂਵਰ ਲਈ ਕਨੈਕਟੀਵਿਟੀ ਵੀ ਮਿਲ ਰਹੀ ਸੀ।

**ਲਟਕਦਾ ਰਿਹਾ ਮਾਮਲਾ**

7 ਮਈ 2012 ਨੂੰ ਬੀ-777 ਨੇ ਆਖਰੀ ਵਾਰ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਤੋਂ ਉਡਾਣ ਭਰੀ ਸੀ। ਇਸ ਤੋਂ ਬਾਅਦ 8 ਮਈ ਤੋਂ ਪਾਇਲਟਾਂ ਦੀ ਹੜਤਾਲ ਤੋਂ ਬਾਅਦ ਇਸ ਰੂਟ 'ਤੇ ਬੋਇੰਟ ਉਡਾਣ ਨਹੀਂ ਭਰ ਸਕਿਆ। ਪਹਿਲਾਂ 31 ਜੁਲਾਈ ਤੱਕ ਉਡਾਣ ਬੰਦ ਹੋਣ ਦਾ ਐਲਾਨ ਹੋਇਆ ਸੀ। ਇਸ ਤੋਂ ਬਾਅਦ ਅਗਸਤ ਅਤੇ ਹੁਣ ਅਕਤੂਬਰ ਦੇ ਅੰਤ ਤੱਕ ਬੰਦ ਰੱਖਣ ਦਾ ਐਲਾਨ ਹੈ। ਹਾਲਾਂਕਿ ਏਅਰ ਇੰਡੀਆ ਨੇ 24 ਜੂਨ ਨੂੰ ਦਿੱਲੀ-ਸ਼ੰਘਾਈ ਉਡਾਣ, 26 ਜੂਨ ਨੂੰ ਦਿੱਲੀ-ਸ਼ੰਘਾਈ ਉਡਾਣ, 26 ਜੂਨ ਤੋਂ ਦਿੱਲੀ-ਟੋਕੀਓ ਅਤੇ 21 ਅਗਸਤ ਤੋਂ ਦਿੱਲੀ-ਹਾਂਗਕਾਂਗ ਉਡਾਣ ਦੁਬਾਰਾ ਸ਼ੁਰੂ ਕਰ ਦਿੱਤੀ ਗਈ ਹੈ।

**ਪੈਸੰਜਰ ਲੋਡ ਕਿੰਨਾ**

ਅੰਮ੍ਰਿਤਸਰ-ਲੰਦਨ-ਟੋਰਾਂਟੋ ਡਾਇਰੈਕਟ ਫਲਾਈਟ ਵਿਚ ਬੋਇੰਗ 80 ਫੀਸਦੀ ਦੇ ਕਰੀਬ ਪੈਸੰਜਰ ਲੋਡ ਲੈ ਕੇ ਰੂਟ 'ਤੇ ਉਡਾਣ ਭਰਦਾ ਰਿਹਾ। ਅਪ੍ਰੈਲ ਵਿਚ ਇਸ ਦਾ ਪੈਸੰਜਰ ਲੋਡ ਵਿਚ ਵਿਚਾਲੇ 300 ਤੋਂ ਪਾਰ ਕਰਦਾ ਰਿਹਾ। ਉਥੇ 6 ਮਈ, 2012 ਤੱਕ 200 ਤੋਂ ਲੈ ਕੇ 250 ਤੱਕ ਪੈਸੰਜਰ ਲੋਡ ਰਿਹਾ।

**ਆ ਰਹੀਆਂ ਹਨ ਮੁਸ਼ਕਲਾਂ**

ਏਅਰ ਇੰਡੀਆ ਦੀ ਏ.ਆਈ-187 ਅੰਮ੍ਰਿਤਸਰ-ਦਿੱਲੀ-ਟੋਰਾਂਟੋ ਫਲਾਈਟ ਦੀਆਂ ਗੱਲਾਂ ਕਰੀਏ ਤਾਂ ਸ਼ੁਰੂ ਤੋਂ ਹੀ ਇਸ ਦੀ ਰਾਹ ਕੰਡਿਆਂ ਭਰੀ ਰਹੀ ਹੈ। ਏਅਰ ਇੰਡੀਆ ਨੇ ਮਈ 2005 ਵਿਚ ਹਫ਼ਤੇ ਵਿਚ ਤਿੰਨ ਵਾਰ ਦਿੱਲੀ-ਅੰਮ੍ਰਿਤਸਰ-ਬਰਮਿੰਘਮ-ਟੋਰਾਂਟੋ ਫਲਾਈਟ ਸ਼ੁਰੂ ਕੀਤੀ ਸੀ। ਸਾਲ 2006 ਵਿਚ ਡਿਮਾਂਡ ਤਹਿਤ ਫਲਾਈਟ ਹਫ਼ਤੇ ਵਿਚ 5 ਵਾਰ ਕੀਤੀ ਗਈ। ਦਸੰਬਰ 2007 (ਵਿੰਟਰ ਸ਼ਡਿਊਲ) ਵਿਚ ਇਸ ਨੂੰ ਅੰਮ੍ਰਿਤਸਰ-ਬਰਮਿੰਘਮ-ਟੋਰਾਂਟੋ ਕਰ ਦਿੱਤਾ ਗਿਆ।

# ਐੱਨ.ਆਰ.ਆਈ ਨਾਲ ਵਿਆਹ, ਥੋੜ੍ਹਾ ਸੰਭਲ ਕੇ!



### ਕਮਿਸ਼ਨ ਦੇ ਸੁਝਾਅ

- ਐੱਨ.ਆਰ.ਆਈ ਨਾਲ ਵਿਆਹ ਲਈ ਜਲਦਬਾਜ਼ੀ ਨਾ ਕਰੋ।
- ਮੰਗਣੀ ਅਤੇ ਵਿਆਹ ਵਿਚ ਸਮੇਂ ਦਾ ਅੰਤਰ ਰੱਖੋ।
- ਚੁੱਪ-ਚਪੀਤੇ ਸ਼ਾਦੀ ਨਾ ਕਰੋ, ਰਿਸ਼ਤੇਦਾਰਾਂ ਨਾਲ ਗੱਲਬਾਤ ਕਰੋ।
- ਲੜਕੇ ਦਾ ਪੂਰਾ ਪਿਛੋਕੜ ਪਤਾ ਕਰੋ।
- ਵਿਆਹ ਦੀ ਰਜਿਸਟ੍ਰੇਸ਼ਨ ਹਰ ਹਾਲ ਵਿਚ ਕਰਾਓ।

ਚੰਡੀਗੜ੍ਹ, (ਨਦਬ) : ਪ੍ਰਵਾਸੀ ਭਾਰਤੀਆਂ ਦੇ ਧੋਖੇਬਾਜ਼ ਵਿਆਹਾਂ ਦੇ ਵਧਦੇ ਮਾਮਲਿਆਂ ਦੇ ਮੱਦੇਨਜ਼ਰ ਪੰਜਾਬ ਐੱਨ.ਆਰ.ਆਈ ਕਮਿਸ਼ਨ ਚੌਕਸ ਹੋ ਗਿਆ ਹੈ। ਐੱਨ.ਆਰ.ਆਈ ਕਮਿਸ਼ਨ ਨੇ ਇਸ ਸਬੰਧੀ ਲੜਕੀਆਂ ਨੂੰ ਕਾਲਜਾਂ ਵਿਚ ਹੀ ਜਾਗਰੂਕ ਕਰਨ ਦੀ ਸਿਫਾਰਿਸ਼ ਕੀਤੀ ਹੈ। ਕਮਿਸ਼ਨ ਵੱਲੋਂ ਇਸ ਸਬੰਧੀ ਬਾਕਾਇਦਾ ਪ੍ਰਸਤਾਵ ਤਿਆਰ ਕਰਕੇ ਪੰਜਾਬ ਸਰਕਾਰ ਨੂੰ ਭੇਜਿਆ ਜਾ ਰਿਹਾ ਹੈ। ਕਮਿਸ਼ਨ ਦਾ ਮੰਨਣਾ ਹੈ ਕਿ ਸਿੱਖਿਆ ਸੰਸਥਾਵਾਂ ਵਿਚ ਇਸ ਸਬੰਧੀ 'ਕੀ ਕਰੀਏ ਅਤੇ ਕੀ ਨਾ ਕਰੀਏ' ਦੇ ਪੋਸਟਰ ਲਾਉਣ ਦੇ ਨਾਲ ਇਕ ਮੁਹਿੰਮ ਚਲਾਈ ਜਾਵੇ।

ਕਮਿਸ਼ਨ ਨੇ ਇਸ ਨੂੰ ਲੈ ਕੇ ਇਕ ਮਸੌਦਾ ਵੀ ਤਿਆਰ ਕਰ ਲਿਆ ਹੈ। ਸਾਰੇ ਕਾਲਜਾਂ ਨੂੰ ਇਸ ਬਾਰੇ ਨਿਰਦੇਸ਼ ਜਾਰੀ ਕਰਨ ਦਾ ਸੁਝਾਅ ਦਿੱਤਾ ਹੈ। ਪੰਜਾਬ ਐੱਨ.ਆਰ.ਆਈ ਕਮਿਸ਼ਨ ਵਿਚ ਐੱਨ.ਆਰ.ਆਈ ਦੇ ਧੋਖੇਬਾਜ਼ ਵਿਆਹਾਂ ਦੇ ਕਈ ਮਾਮਲੇ ਆ ਰਹੇ ਹਨ। ਕਈ ਐੱਨ.ਆਰ.ਆਈ ਦੇ ਦੋ-ਦੋ, ਤਿੰਨ-ਤਿੰਨ ਸ਼ਾਦੀਆਂ ਦੇ ਮਾਮਲੇ ਵੀ ਸਾਹਮਣੇ ਆਏ ਹਨ। ਸੂਬੇ ਵਿਚ ਪੁਲਿਸ ਕੋਲ ਹੀ ਇਸ ਤਰ੍ਹਾਂ ਦੇ 75 ਤੋਂ ਜ਼ਿਆਦਾ ਕੇਸ ਦਰਜ ਹਨ। ਸੌ ਤੋਂ ਜ਼ਿਆਦਾ ਸ਼ਿਕਾਇਤਾਂ ਪੈਂਡਿੰਗ ਹਨ। ਕਮਿਸ਼ਨ ਕੋਲ ਰੋਜ਼ਾਨਾ ਇਸ ਤਰ੍ਹਾਂ ਦੇ ਕੇਸ ਪਹੁੰਚ ਰਹੇ ਹਨ। ਕਮਿਸ਼ਨ ਦੇ ਚੇਅਰਮੈਨ ਜਸਟਿਸ (ਰਿਟਾ.) ਅਰਵਿੰਦ ਕੁਮਾਰ ਕਹਿੰਦੇ ਹਨ ਕਿ ਰੋਜ਼ਾਨਾ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆ ਰਹੇ ਹਨ। ਐੱਨ.ਆਰ.ਆਈ ਨਾਲ ਵਿਆਹ ਨੂੰ ਲੈ ਕੇ ਲੜਕੀਆਂ ਨੂੰ ਵੀ ਕਾਲਜਾਂ ਵਿਚ ਹੀ ਜਾਗਰੂਕ ਕਰਨ ਦੀ ਲੋੜ ਹੈ। ਕਮਿਸ਼ਨ ਵੱਲੋਂ ਇਸ ਸਬੰਧੀ ਰਾਜ ਸਰਕਾਰ ਦੀ ਸਿਫਾਰਿਸ਼ ਭੇਜੀ ਜਾ ਰਹੀ ਹੈ।

# ਬਾਬਾ ਰਾਮਦੇਵ ਨੂੰ 35 ਕਰੋੜ ਰੁਪਏ ਦਾ ਆਮਦਨ ਕਰ ਨੋਟਿਸ

ਹਰਿਦੁਆਰ, (ਨਦਬ) : ਯੋਗਗੁਰੂ ਬਾਬਾ ਰਾਮਦੇਵ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਨੇ ਸੱਤ ਦਿਨ ਤੱਕ ਮੀਡੀਆ ਰਾਹੀਂ ਵਿਸ਼ਵ ਭਰ ਵਿਚ ਉਨ੍ਹਾਂ ਨੂੰ ਬਦਨਾਮ ਕਰਨ ਤੋਂ ਬਾਅਦ ਹੁਣ ਨੋਟਿਸ ਭੇਜਿਆ ਹੈ। ਇਸ ਵਿਚ ਟਰਸਟ ਨੂੰ ਮਿਲੇ 70 ਕਰੋੜ ਰੁਪਏ ਦੇ ਦਾਨ 'ਤੇ 35 ਕਰੋੜ ਰੁਪਏ ਦਾ ਟੈਕਸ ਲਗਾਇਆ ਹੈ। ਰਾਮਦੇਵ ਨੇ ਕਿਹਾ ਕਿ ਰੋਜ਼ਾਨਾ ਝੂਠੇ ਦੋਸ਼ ਲਾਉਣ ਵਾਲੀ ਸਰਕਾਰ ਦਾ ਦਿਮਾਗ ਖਰਾਬ ਹੋ ਗਿਆ ਹੈ ਤਦ ਹੀ ਸਰਕਾਰ ਨੂੰ ਦਾਨ ਦਾ ਪੈਸਾ ਪਤੰਜਲੀ ਯੋਗ ਪੀਠ ਦੀ ਆਮਦਨ ਨਜ਼ਰ ਆਉਂਦਾ ਹੈ ਅਤੇ ਸਾਡੀਆਂ ਸਮਾਜਿਕ ਸੇਵਾਵਾਂ ਵਪਾਰ ਦਿਖਾਈ ਦਿੰਦੀਆਂ ਹਨ। ਸਵਾਮੀ ਰਾਮਦੇਵ ਨੇ ਪ੍ਰਧਾਨ ਮੰਤਰੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਹੁਣ ਤਾਂ ਸਾਡੀ ਲੜਾਈ ਬਾਦਸ਼ਾਹ ਨਾਲ ਹੈ, ਪਿਆਦਿਆਂ ਨਾਲ ਨਹੀਂ।




# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਮੰਦਭਾਗਾ ਗੁਰਦੁਆਰਾ ਗੋਲੀਕਾਂਡ




ਵਿਸਕੋਨਸਿਨ ਦੇ ਗੁਰਦੁਆਰੇ ਵਿਚ ਵਾਪਰੀ ਮੰਦਭਾਗੀ ਘਟਨਾ ਮਾਨਵਤਾ ਨੂੰ ਸ਼ਰਮਸਾਰ ਕਰਨ ਵਾਲੀ ਹੈ। ਇਸ ਘਟਨਾ, ਜਿਸ ਵਿਚ ਸਿੱਖ ਭਾਈਚਾਰੇ ਦੇ ਛੇ ਵਿਅਕਤੀ ਇਕ ਸਿਰਫਿਰੇ ਦੀਆਂ ਗੋਲੀਆਂ ਦਾ ਸ਼ਿਕਾਰ ਬਣੇ, ਨੂੰ ਲੈ ਕੇ ਪੂਰਾ ਵਿਸ਼ਵ ਭਾਈਚਾਰ ਸਦਮੇ ਵਿਚ ਹੈ। ਇਸ ਘਟਨਾ ਨੂੰ ਲੈ ਕੇ ਚਿੰਤਾ ਉਦੋਂ ਹੋਰ ਵੀ ਵਧ ਜਾਂਦੀ ਹੈ, ਜਦੋਂ ਇਹ ਸੋਚਿਆ ਜਾਂਦਾ ਹੈ ਕਿ ਇਹ ਉਸ ਮੁਲਕ ਵਿਚ ਵਾਪਰੀ ਹੈ, ਜਿਹੜਾ ਹਰ ਤਰ੍ਹਾਂ ਦੀਆਂ ਮਨੁੱਖੀ ਆਜ਼ਾਦੀਆਂ ਦਾ ਝੰਡਾ ਬਰਦਾਰ ਹੈ ਅਤੇ ਜਿਹੜਾ ਵਿਸ਼ਵ ਭਰ ਵਿਚ ਜਮਹੂਰੀ ਪ੍ਰਬੰਧ ਦੀ ਬਹਾਲੀ ਦਾ ਹੋਕਾ ਦਿੰਦਾ ਹੈ। ਅਜਿਹੇ ਦੇਸ਼ ਵਿਚ ਇਕੋ ਫਿਰਕੇ ਦੇ ਲੋਕਾਂ ਦੀਆਂ ਹੱਤਿਆਵਾਂ ਦਾ ਸਿਲਸਿਲਾ ਬਹੁਤ ਸਾਰੇ ਗੰਭੀਰ ਅਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ। ਇਨ੍ਹਾਂ ਸਵਾਲਾਂ ਨੂੰ ਉਦੋਂ ਹੋਰ ਵੀ ਬਲ ਮਿਲਦਾ ਹੈ ਜਦੋਂ ਇਨ੍ਹਾਂ ਘਟਨਾਵਾਂ ਦੇ ਸੰਭਾਵੀ ਕਾਰਨਾਂ ਦੀ ਚਰਚਾ ਛਿੜਦੀ ਹੈ। ਜਦੋਂ ਹੱਤਿਆਰੇ ਵਿਅਕਤੀ ਦਾ ਹੁਲੀਆ ਅਤੇ ਉਸ ਦਾ ਪਿਛੋਕੜ ਮੀਡੀਆ ਵਿਚ ਨਸ਼ਰ ਹੋਈ ਤਾਂ ਮਿਲਵਾਕੀ ਦੀ ਤ੍ਰਾਸਦੀ ਦੀਆਂ ਕਈ ਅਜਿਹੀਆਂ ਪਰਤਾਂ ਉਧੜਆਂ ਜਿਨ੍ਹਾਂ ਤੋਂ ਇਸ ਪੂਰੇ ਘਟਨਾਕ੍ਰਮ ਬਾਰੇ ਸਮਝ ਸਿਰਫ਼ ਫੌਰੀ ਪ੍ਰਤੀਕਰਮਾਂ ਦੇ ਆਧਾਰ 'ਤੇ ਨਹੀਂ ਬਣਾਈ ਜਾ ਸਕਦੀ। ਇਸ ਘਟਨਾ ਪਿੱਛੇ ਕਾਰਜਸ਼ੀਲ ਯਥਾਰਥ ਬਹੁਤ ਗੁੰਝਲਦਾਰ ਹੈ ਤੇ ਸੰਭਵ ਹੈ ਕਿ ਇਸ ਘਟਨਾ ਦੇ ਬੀਜ ਨਵ-ਸਾਮਰਾਜਵਾਦ ਦੀਆਂ ਵਿਸ਼ਵੀਕਰਨ ਅਤੇ ਨਵ-ਉਦਾਰਵਾਦ ਭਾਵੇਂ ਓਪਰੀ ਨਜ਼ਰੇ ਲੁਭਾਊਣਾ ਤੇ ਜਮਹੂਰੀ ਵਰਤਾਰਾ ਜਾਪਦਾ ਹੈ, ਪਰ ਅੰਤਿਮ ਰੂਪ ਵਿਚ ਇਹ ਬੇਹੱਦ ਹਮਲਾਵਰ ਹੈ ਤੇ ਖੂੰਖਾਰ ਵੀ। ਜਿਸ ਵਿਅਕਤੀ ਨੇ ਗੁਰਦੁਆਰੇ ਅੰਦਰ ਵੜ ਕੇ ਸਿੱਖਾਂ ਦੀਆਂ ਹੱਤਿਆਵਾਂ ਕੀਤੀਆਂ, ਉਹ ਅਮਰੀਕੀ ਫੌਜ ਵਿਚ ਰਹਿ ਚੁੱਕਾ ਹੈ। ਉਸ ਦੀ ਮਾਨਸਿਕਤਾ ਨੂੰ ਅਮਰੀਕੀ ਫੌਜਵਾਦ ਨੇ ਤਰਾਸ਼ਿਆ ਹੈ ਤੇ ਇਸ ਅਮਲ ਵਿਚੋਂ ਹੋਰ ਵੀ ਪਤਾ ਨਹੀਂ ਕਿੰਨੇ ਕੁ ਅਮਰੀਕੀ ਗੁਜ਼ਰ ਰਹੇ ਹੋਣਗੇ। ਅਮਰੀਕਾ ਦਾ ਅਜੋਕਾ ਫੌਜਵਾਦ ਵਿਸ਼ੇਸ਼ ਕਰਕੇ ਮੱਧ ਪੂਰਬ ਦੇ ਦੇਸ਼ਾਂ ਵਿਚ ਸਰਗਰਮ ਹੈ ਤੇ ਉਥੇ ਇਕ ਫਿਰਕੇ ਨਾਲ ਆਪਣੇ ਫੌਜੀ ਆਪ੍ਰੇਸ਼ਨ 'ਸਭਿਅਤਾਵਾਂ ਦੇ ਭੇੜ' ਦੀ ਫਿਲਾਸਫੀ ਤਹਿਤ ਚਲਾ ਰਿਹਾ ਹੈ। ਇਹੋ ਤਾਂ ਉਹ ਆਪ੍ਰੇਸ਼ਨ ਹਨ, ਜਿਨ੍ਹਾਂ ਰਾਹੀਂ ਉਸ ਵਿਅਕਤੀ ਦੀ ਫਿਰਕੂ ਜ਼ਿਹਨੀਅਤ ਤਿਆਰ ਹੋਈ ਤੇ ਉਸ ਨੇ ਵਰਤਮਾਨ ਦੁਖਦਾਇਕ ਪ੍ਰਸਥਿਤੀ ਪੈਦਾ ਕਰ ਦਿੱਤੀ। ਵਿਸਕੋਨਸਿਨ ਦੇ ਕਾਤਲ ਨੇ ਆਪਣੇ ਜਿਸਮ 'ਤੇ ਜੋ ਬਹੁਤ ਸਾਰੇ ਟੈਟੂ ਖੁਣਵਾਏ ਹੋਏ ਸਨ, ਉਨ੍ਹਾਂ ਵਿਚ ਇਕ ਟੈਟੂ 9/11 ਦਾ ਵੀ ਸੀ। ਇਸ ਟੈਟੂ ਤੋਂ ਵੀ ਇਸ ਵਿਅਕਤੀ ਦੀ ਮਾਨਸਿਕਤਾ ਦੀਆਂ ਗੁੰਝਲਾਂ ਖੁੱਲ੍ਹਦੀਆਂ ਹਨ। ਵਿਸ਼ਵੀਕਰਨ ਅਤੇ ਨਵ-ਉਦਾਰਵਾਦ ਦੇ ਵਿਸ਼ਵ ਖਿਲਾੜੀ ਅੱਜ ਦੁਨੀਆ ਭਰ ਦੇ ਕੁਦਰਤੀ ਸਰੋਤਾਂ ਉਪਰ ਕਬਜ਼ਾ ਕਰਨ ਦੀ ਮੁਹਿੰਮ 'ਤੇ ਨਿਕਲੇ ਹੋਏ ਹਨ। ਤੇਲ ਸਰੋਤਾਂ ਲਈ ਇਹ ਬਾਕਾਇਦਾ ਸੈਨਿਕ ਕਾਰਵਾਈਆਂ ਨੂੰ 'ਤੇਲ ਯੁੱਧਾਂ' ਦਾ ਨਾਮ ਨਹੀਂ ਦੇ ਸਕਦੇ, ਇਸ ਦੀ ਥਾਂ ਆਪਣੇ ਮਨਸੂਬਿਆਂ ਨੂੰ ਓਹਲਾ ਦੇਣ ਲਈ ਇਹ ਖੇਤਰੀ, ਫਿਰਕੂ ਅਤੇ ਨਸਲੀ 'ਵਿਭਿੰਨਤਾਵਾਂ' ਨੂੰ ਬੜੀ ਕੁਸ਼ਲਤਾ ਨਾਲ ਨਫ਼ਰਤ ਵਿਚ ਬਦਲ ਦਿੰਦੇ ਹਨ। ਅਮਰੀਕਾ ਵਿਚ ਪਿਛਲੇ ਤਿੰਨ ਹਫ਼ਤਿਆਂ ਵਿਚ ਵਾਪਰੀਆਂ ਕਤਲੇਆਮ ਦੀਆਂ ਘਟਨਾਵਾਂ ਨਵ-ਸਾਮਰਾਜਵਾਦ ਦੀਆਂ ਅਜੋਕੀਆਂ ਗਲਤ ਨੀਤੀਆਂ ਦਾ ਹੀ ਨਤੀਜਾ ਹੈ। ਲੋੜ ਹੈ ਨਫ਼ਰਤ ਦੇ ਇਸ ਵਰਤਾਰੇ ਨੂੰ ਇਸ ਦੇ ਸਮਾਜਕ-ਆਰਥਕ ਤੇ ਰਾਜਨੀਤਕ ਸੰਦਰਭਾਂ ਦੀ ਰੌਸ਼ਨੀ ਵਿਚ ਸਮਝਣ ਦਾ ਯਤਨ ਕੀਤਾ ਜਾਵੇ।

## ਕੇਂਦਰ ਦਾ ਪਲਟਵਾਰ

ਪੰਜਾਬ ਦੇ ਇਲੈਕਟ੍ਰੌਨਿਕ ਮੀਡੀਏ ਦੀ ਮੌਜੂਦਾ ਸਥਿਤੀ ਵੱਲ ਨਜ਼ਰ ਮਾਰੀਏ ਤਾਂ ਇਸ ਸੂਬੇ ਵਿਚ ਇਕ ਪਾਰਟੀ ਤਾਨਾਸ਼ਾਹੀ ਹਕੂਮਤ ਹੋਣ ਦਾ ਪ੍ਰਭਾਵ ਪੈਂਦਾ ਹੈ। ਦੋ-ਚਾਰ ਨਿੱਜੀ ਟੀ.ਵੀ ਚੈਨਲ ਤਾਂ ਬਾਦਲਾਂ ਦੇ ਆਪਣੇ ਹੀ ਹਨ, ਕੇਬਲ ਨੈੱਟਵਰਕ ਉਪਰ ਵੀ ਇਨ੍ਹਾਂ ਦੀ ਹੀ ਮਜ਼ਬੂਤ ਪਕੜ ਹੈ। ਕੇਬਲ 'ਤੇ ਸਿਰਫ਼ ਉਨ੍ਹਾਂ ਟੀ.ਵੀ ਚੈਨਲਾਂ ਦਾ ਹੀ ਪ੍ਰਸਾਰਣ ਹੁੰਦਾ ਹੈ, ਜਿਥੇ ਪੰਜਾਬ ਦੀ ਵਿਰੋਧੀ ਧਿਰ ਨੂੰ ਬਿਲਕੁਲ ਕੋਈ ਥਾਂ ਨਹੀਂ ਦਿੱਤੀ ਜਾਂਦੀ। ਇਉਂ ਟੀ.ਵੀ ਚੈਨਲਾਂ ਉਪਰ ਚੌਵੀ ਘੰਟੇ ਬਾਦਲਾਂ ਦੀ ਹੀ ਤੂਤੀ ਬੋਲਦੀ ਹੈ ਤੇ ਪੰਜਾਬੀ ਨਿਊਜ਼ ਬੁਲੇਟਨਾਂ ਵਿਚ ਹਰ ਇਕ ਜਨਤਕ ਮਸਲੇ ਲਈ ਸਿਰਫ਼ ਤੇ ਸਿਰਫ਼ ਕੇਂਦਰ ਸਰਕਾਰ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਹਾਲਾਂਕਿ ਇਹ ਵੀ ਸੱਚ ਹੈ ਕਿ ਬਾਦਲਾਂ ਨੇ ਪੰਜਾਬ ਦੀ ਆਰਥਕ ਤੇ ਵਿੱਤੀ ਹਾਲਤ ਬੁਰੀ ਤਰ੍ਹਾਂ ਵਿਗਾੜ ਦਿੱਤੀ ਹੈ ਤੇ ਪੰਜਾਬ ਦੀ ਜਨਤਾ ਨੂੰ ਜੇਕਰ ਕੋਈ ਮਾੜੀ-ਮੋਟੀ ਰਾਹਤ ਮਿਲਦੀ ਹੈ ਤਾਂ ਉਹ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਹੀ ਮਿਲਦੀ ਹੈ, ਵਰਨਾ ਪੰਜਾਬ ਸਰਕਾਰ ਦੇ ਹੱਥਾਂ 'ਚ ਤਾਂ ਹਮੇਸ਼ਾਂ ਟੈਕਸਾਂ ਦਾ ਭਰਿਆ ਟੀਕਾ ਤਿਆਰ ਹੀ ਹੁੰਦਾ ਹੈ। ਪੰਜਾਬ ਦੇ ਹਰ ਮਸਲੇ ਦਾ ਦੋਸ਼ ਕੇਂਦਰ ਸਿਰ ਮੜ੍ਹ ਕੇ ਦਰਅਸਲ ਅਕਾਲੀ ਪੰਜਾਬ ਵਿਚ ਆਪਣੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੂੰ ਨਿਸ਼ਾਨਾ ਬਣਾਉਂਦੇ ਹਨ। ਦੋਸ਼ਾਂ ਦਾ ਜਵਾਬ ਦੇ ਦੇ ਕੇ ਸ਼ਾਇਦ ਹੁਣ ਕਾਂਗਰਸ ਵੀ ਅੱਕ ਗਈ ਹੈ ਤੇ ਇਸ ਨੇ ਪੰਜਾਬ ਦੇ ਅਕਾਲੀਆਂ ਦੀ ਇਕਨੁਕਾਤੀ ਰਾਜਨੀਤੀ ਦਾ ਢੁਕਵਾਂ ਜਵਾਬ ਦੇਣ ਦਾ ਰਾਹ ਲੱਭ ਲਿਆ ਹੈ। ਕੇਂਦਰ ਪੰਜਾਬ ਦੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਦੀ ਨੀਤੀ ਅਪਨਾ ਰਿਹਾ ਪ੍ਰਤੀਤ ਹੋ ਰਿਹਾ ਹੈ। ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਅਤੇ ਪੇਂਡੂ ਵਿਕਾਸ ਮੰਤਰੀ ਜੈਰਾਮ ਰਮੇਸ਼ ਨੇ ਚੰਡੀਗੜ੍ਹ ਵਿਚ ਮੀਟਿੰਗ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਹੈ ਕਿ ਕੇਂਦਰ ਤੋਂ ਕਿਸਾਨਾਂ ਨੂੰ ਸੋਕਾ ਰਾਹਤ ਮਦਦ ਸਿੱਧੀ ਹੀ ਦਿੱਤੀ ਜਾਵੇਗੀ ਅਤੇ ਡੀਜ਼ਲ ਦਾ ਖਰਚ ਵੀ ਕੇਂਦਰ ਚੁੱਕੇਗਾ। ਇਸ ਮੌਕੇ ਪੰਜਾਬ ਨੂੰ ਸਾਫ ਪਾਣੀ ਲਈ 40 ਕਰੋੜ ਰੁਪਏ ਦੀ ਰਾਸ਼ੀ ਵੀ ਜਾਰੀ ਕੀਤੀ ਗਈ। ਅਜਿਹਾ ਪੰਜਾਬ ਸਰਕਾਰ ਦੇ, ਕੇਂਦਰ ਦੀ ਵਿੱਤੀ ਸਹਾਇਤਾ ਸਬੰਧੀ, ਪਿਛਲੇ ਰਿਕਾਰਡ ਕਾਰਨ ਵੀ ਹੋਇਆ ਹੈ। ਕਰੀਬ ਤਿੰਨ ਸਾਲ ਪਹਿਲਾਂ ਕੇਂਦਰ ਨੇ ਪੰਜਾਬ ਦੇ ਕਿਸਾਨਾਂ ਲਈ 800 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਜਾਰੀ ਕੀਤੀ ਸੀ, ਪਰ ਇਹ ਅਜੇ ਤਕ ਕਿਸਾਨਾਂ 'ਚ ਵੰਡੀ ਨਹੀਂ ਗਈ। ਬਾਦਲ ਸਰਕਾਰ 'ਤੇ ਇਹ ਦੋਸ਼ ਵੀ ਆਮ ਲਗਦਾ ਹੈ ਕਿ ਇਸ ਵੱਲੋਂ ਅਕਸਰ ਹੀ ਕਿਸੇ ਵਿਸ਼ੇਸ਼ ਕਾਰਜ ਲਈ (ਕੇਂਦਰ ਤੋਂ ਪ੍ਰਾਪਤ) ਰਾਖਵਾਂ ਫੰਡ ਕਿਸੇ ਹੋਰ ਕੰਮ ਲਈ ਖਰਚ ਲਿਆ ਜਾਂਦਾ ਹੈ। ਇਹ ਬਾਦਲਾਂ ਦੀ ਪੰਜਾਬ ਦੀ ਆਰਥਕਤਾ ਵੱਲ ਗ਼ੈਰ ਗੰਭੀਰ ਪਹੁੰਚ ਦਾ ਪ੍ਰਮਾਣ ਹੈ। ਬਾਦਲ ਵਧੇਰੇ ਤਰਜੀਹ ਵੋਟ ਰਾਜਨੀਤੀ ਨੂੰ ਦਿੰਦੇ ਹਨ ਤੇ ਹਰ ਹੀਲੇ ਕੁਰਸੀ ਨਾਲ ਚਿੰਬੜੇ ਰਹਿਣਾ ਹੀ ਇਨ੍ਹਾਂ ਦਾ ਮੁੱਖ ਮਨੋਰਥ ਹੈ। ਇਸ ਕਰਕੇ ਆਰਥਕ ਮਾਮਲਿਆਂ ਵਿਚ ਇਨ੍ਹਾਂ ਦੀਆਂ ਅਣਗਹਿਲੀਆਂ ਜੱਗ ਜ਼ਾਹਰ ਹਨ। ਪੰਜਾਬ



ਵਿਚ ਇਸ ਵਾਰ ਕੇਂਦਰ ਸਰਕਾਰ ਵੱਲੋਂ ਘੱਟ ਗਿਣਤੀ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜ਼ੀਫ਼ੇ ਅਜੇ ਤਕ ਨਹੀਂ ਮਿਲੇ। ਵਜ਼ੀਫੇ ਪਛੜਣ ਦਾ ਭੇਤ ਖੋਲ੍ਹਦਿਆਂ ਦੇਸ਼ ਦੇ ਇਕ ਨਾਮਵਰ ਵਕੀਲ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਅਜੇ ਤਕ ਘੱਟ ਗਿਣਤੀ ਕਮਿਸ਼ਨ ਨੂੰ ਪਿਛਲੇ ਵਰ੍ਹੇ ਦੇ ਵਜ਼ੀਫਿਆਂ ਦੀ ਵੰਡ ਦਾ ਪ੍ਰਮਾਣ ਪੱਤਰ ਹੀ ਨਹੀਂ ਭੇਜਿਆ। ਭਾਵੇਂ ਪੰਜਾਬ ਦੇ ਲੋਕਾਂ ਨਾਲ ਕੇਂਦਰ ਦਾ ਸਿੱਧਾ ਰਾਬਤਾ ਬਾਦਲਾਂ ਵਿਰੁੱਧ ਇਕ ਪਲਟਵਾਰ ਹੀ ਜਾਪਦਾ ਹੈ, ਪਰ ਇਹ ਕੇਂਦਰੀ ਨੀਤੀ ਅਕਾਲੀਆਂ ਦੀ ਸੌੜੀ ਰਾਜਨੀਤੀ ਦੇ ਪ੍ਰਤੀਕਰਮ ਵਜੋਂ ਹੀ ਸਾਹਮਣੇ ਆਈ ਹੈ।

## ਚੰਡੀਗੜ੍ਹ ਦੀ ਫਿਜ਼ਾ

ਚੰਡੀਗੜ੍ਹ ਦੀ ਫਿਜ਼ਾ ਉਦੋਂ ਚਰਚਾ 'ਚ ਆਈ ਸੀ ਜਦੋਂ ਕੁਝ ਵਰ੍ਹੇ ਪਹਿਲਾਂ ਗੁਆਂਢੀ ਰਾਜ ਹਰਿਆਣਾ ਦਾ ਉਪ ਮੁੱਖ ਮੰਤਰੀ ਚੰਦਰ ਮੋਹਨ ਬਿਸ਼ਨੋਈ ਅਚਾਨਕ ਲਾਪਤਾ ਹੋ ਗਿਆ ਸੀ। ਉਹ ਕਈ ਮਹੀਨੇ ਜਨਤਕ ਜੀਵਨ ਵਿਚ ਨਜ਼ਰ ਨਹੀਂ ਸੀ ਆਇਆ ਤੇ ਜਦੋਂ ਉਹ ਪਰਤਿਆ ਉਦੋਂ ਉਹ ਚੰਦਰ ਮੋਹਨ ਬਿਸ਼ਨੋਈ ਨਹੀਂ ਸਗੋਂ ਚਾਂਦ ਮੁਹੰਮਦ ਸੀ। ਉਹ ਹਰਿਆਣੇ ਦੀ ਐਡਵੋਕੇਟ ਜਨਰਲ ਅਨੁਰਾਧਾ ਬਾਲੀ ਨੂੰ ਲੈ ਕੇ ਫਰਾਰ ਹੋ ਗਿਆ ਸੀ। ਇਹੋ ਅਨੁਰਾਧਾ ਬਾਲੀ ਚੰਦਰ ਮੋਹਨ ਨਾਲ ਵਿਆਹ ਰਚਾਉਣ ਮਗਰੋਂ ਫਿਜ਼ਾ



ਬਣ ਗਈ ਸੀ। ਚੰਦਰ ਮੋਹਨ ਕਿਉਂਕਿ ਸ਼ਾਦੀਸ਼ੁਦਾ ਸੀ, ਇਸ ਲਈ ਦੂਸਰਾ ਵਿਆਹ ਕਰਵਾਉਣ ਲਈ ਦੋਵਾਂ ਨੇ ਇਸਲਾਮ ਧਰਮ ਧਾਰਨ ਕਰ ਲਿਆ ਤੇ ਆਪਣੇ ਨਾਮ ਬਦਲ ਲਏ। ਚੰਦਰ ਮੋਹਨ ਉਰਫ਼ ਚਾਂਦ ਮੁਹੰਮਦ ਦੇ ਸਿਆਸੀ ਸ਼ਖ਼ਸੀਅਤ ਹੋਣ ਕਾਰਨ ਨਿੱਜੀ ਟੀ.ਵੀ ਚੈਨਲਾਂ ਨੇ ਇਸ ਅਲੋਕਾਰ ਵਿਆਹ ਦੀ ਖ਼ੂਬ ਚਰਚਾ ਕੀਤੀ। ਪਰਦੇ 'ਤੇ ਬਹੁਤ ਜ਼ਿਆਦਾ ਸੁੰਦਰ ਦਿਖਾਈ ਦਿੰਦੀ ਫਿਜ਼ਾ ਦਿਨਾਂ ਵਿਚ ਹੀ ਸਟਾਰ ਬਣ ਗਈ। ਫਿਰ ਘਟਨਾਵਾਂ ਦਾ ਨਵਾਂ ਸਿਲਸਿਲਾ ਸ਼ੁਰੂ ਹੋ ਗਿਆ। ਚੌਧਰੀ ਭਜਨ ਲਾਲ ਦੇ ਬੇਟੇ ਚੰਦਰ ਮੋਹਨ ਦਾ ਦੂਜਾ ਵਿਆਹ ਭਾਈਚਾਰੇ ਤੇ ਪਰਿਵਾਰ ਵੱਲੋਂ ਕਾਲੀ ਕਰਤੂਤ ਵਾਂਗ ਲਿਆ ਗਿਆ। ਚਾਂਦ ਮੁਹੰਮਦ ਫਿਜ਼ਾ ਨੂੰ ਤਲਾਕ ਦੇ ਕੇ ਮੁੜ ਚੰਦਰ ਮੋਹਨ ਹੋ ਗਿਆ ਤੇ ਫਿਜ਼ਾ ਸੁਰਖੀਆਂ ਵਿਚ ਰਹਿਣ ਲਈ ਬਹੁਤ ਕੁਝ ਕਰਦੀ ਰਹੀ। ਅਖ਼ਬਾਰਾਂ ਤੇ ਚੈਨਲ ਉਸ ਦਾ ਖ਼ੂਬਸੂਰਤ ਚਿਹਰਾ ਮੁੜ-ਮੁੜ ਦਿਖਾਉਂਦੇ ਰਹੇ। ਉਸ ਦੇ ਰਿਐਲਟੀ ਸ਼ੋਆਂ ਤੋਂ ਲੈ ਕੇ ਗੁਆਂਢੀਆਂ ਨਾਲ ਝਗੜਿਆਂ ਤਕ ਦੀਆਂ ਰਿਪੋਰਟਾਂ ਮੀਡੀਆਂ ਵਿਚ ਆਉਂਦੀਆਂ ਰਹੀਆਂ ਤੇ ਫਿਰ ਆਉਂਦੀ-ਆਉਂਦੀ ਇਹ ਖ਼ਬਰ ਵੀ ਆ ਗਈ ਕਿ ਉਸ ਦੀ ਗਲੀ-ਸੜੀ ਲਾਸ਼ ਉਸ ਦੇ ਘਰ ਵਿਚੋਂ ਮਿਲੀ ਹੈ, ਜਿਥੇ ਉਹ ਇਕੱਲੀ ਰਹਿੰਦੀ ਸੀ। ਉਸ ਦੇ ਘਰ ਵਿਚੋਂ ਇਕ ਕਰੋੜ ਦੇ ਲਗਪਗ ਨਕਦੀ, ਡੇਢ ਕਿੱਲੋ ਦੇ ਕਰੀਬ ਸੋਨੇ ਦੇ ਗਹਿਣੇ ਤੇ ਕਈ ਭੇਤ ਖੋਲ੍ਹਣ ਵਾਲੀਆਂ ਸੀ.ਡੀਜ਼ ਵੀ ਬਰਾਮਦ ਹੋਈਆਂ ਹਨ। ਇੰਝ ਪਰਦੇ 'ਤੇ ਅਤਿਅੰਤ ਖ਼ੂਬਸੂਰਤ ਦਿਖਾਈ ਦਿੰਦੀ ਸ਼ਖ਼ਸੀਅਤ ਦਾ ਉਹ ਅੰਤ ਹੋਇਆ, ਜਿਸ ਨੂੰ ਬਦਸੂਰਤ ਤੇ ਘ੍ਰਿਣਤ ਅੰਤ ਕਹਿਣਾ ਹੀ ਮੁਨਾਸਬ ਹੋਵੇਗਾ। ਦਰਅਸਲ, ਫਿਜ਼ਾ ਦੀ ਹੋਣੀ ਇਕੱਲੇ ਵਿਅਕਤੀ ਦੀ ਹੋਣੀ ਨਹੀਂ ਹੈ, ਸਗੋਂ ਇਹ ਕਲਚਰ ਦੀ ਹੋਣੀ ਹੈ। ਲੋਭ, ਲਾਲਚ, ਕਦਰਾਂ-ਕੀਮਤਾਂ ਤੋਂ ਵਿਹੂਣੇ, ਮੌਕਾਪ੍ਰਸਤੀ ਤੇ ਅੰਨ੍ਹੇ ਖਪਤਵਾਦ ਨਾਲ ਗ੍ਰਹਿਣੇ ਹੋਏ ਪਤਨਸ਼ੀਲ ਕਲਚਰ ਦੀ ਹੋਣੀ ਹੋਰ ਹੋ ਵੀ ਕੀ ਸਕਦੀ ਹੈ? ਫਿਜ਼ਾ ਦੇ ਘਰ 'ਚੋਂ ਬਰਾਮਦ ਹੋਈ ਕਰੋੜ ਰੁਪਏ ਦੀ ਰਕਮ ਤਾਂ ਮਾਤਰ ਸੰਕੇਤ ਹੈ। ਸਮਾਜ ਦਾ ਇਹ ਵਰਗ ਆਪਣੇ ਕੋਲ ਕਰੋੜਾਂ-ਅਰਬਾਂ ਦੀਆਂ ਦੌਲਤਾਂ ਜਮ੍ਹਾਂ ਕਰੀ ਬੈਠਾ ਹੈ, ਜਦ ਕਿ ਦੇਸ਼ ਦੇ ਹੋਰ ਕਰੋੜਾਂ ਲੋਕ ਦੋ ਡੰਗ ਦੀ ਰੋਟੀ ਤੋਂ ਵੀ ਮੁਹਤਾਜ ਹਨ। ਟੀ.ਵੀ ਚੈਨਲਾਂ ਲਈ ਫਿਜ਼ਾ ਦੀ ਕਹਾਣੀ ਸਨਸਨੀ, ਉਤੇਜਨਾ ਅਤੇ ਰੁਮਾਂਸ ਪੈਦਾ ਕਰਨ ਵਾਲੀ ਹੋਵੇਗੀ, ਪਰ ਸਮਾਜ ਪ੍ਰਤੀ ਜ਼ਿੰਮੇਵਾਰ ਲੋਕਾਂ ਨੂੰ ਇਸ ਕਹਾਣੀ ਦਾ ਇਹ ਪੱਖ ਛੱਡ ਕੇ ਇਹ ਸੋਚਣਾ ਹੋਵੇਗਾ ਕਿ ਆਖ਼ਰ ਸਮਾਜ ਦਾ ਇਹ ਵਰਗ ਜਿਸ ਨਾਲ ਫਿਜ਼ਾ ਸਬੰਧ ਰੱਖਦੀ ਸੀ, ਇੰਨਾ ਨਿੱਘਰ ਕਿਉਂ ਗਿਆ ਹੈ? ਇਨ੍ਹੀਂ ਦਿਨੀਂ ਹੋਰ ਵੀ ਕਈ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਹੜੀਆਂ 'ਭੱਦਰ ਪੁਰਸ਼ ਸਮਾਜ' ਦਾ ਮੂੰਹ ਚਿੜਾ ਰਹੀਆਂ ਹਨ।

## ਪੰਜਾਬ ਦਾ ਬਿਜਲੀ ਸੰਕਟ

ਬਿਜਲੀ ਸੰਕਟ ਦੇ ਚਲਦਿਆਂ ਇਸ ਵਾਰ ਦੀਆਂ ਗਰਮੀਆਂ ਪੰਜਾਬੀਆਂ, ਖਾਸ ਕਰਕੇ ਪਿੰਡਾਂ ਵਿਚ ਵਸਦਿਆਂ ਲਈ 'ਅਭੁੱਲ ਗਰਮੀਆਂ' ਹੋ ਨਿਬੜੀਆਂ। ਪੰਜਾਬ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਦੀ ਮੁਹਿੰਮ ਦੌਰਾਨ ਮੌਜੂਦਾ ਗਠਜੋੜ ਨੇ ਪੰਜਾਬ ਨੂੰ ਸਰਪਲਸ ਬਿਜਲੀ ਪੈਦਾ ਕਰਨ ਵਾਲਾ ਸੂਬਾ ਬਣਾਉਣ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ, ਪਰ ਐਤਕੀਂ ਜਦੋਂ ਬਿਜਲੀ ਕੱਟਾਂ ਨੇ ਪੰਜਾਬੀਆਂ ਦੀਆਂ ਚੀਕਾਂ ਕਢਵਾਈਆਂ ਤਾਂ ਬਿੱਲੀ ਥੈਲੇ ਵਿਚੋਂ ਬਾਹਰ ਆ ਗਈ। ਬਿਜਲੀ ਦੇ ਵਰਤਮਾਨ ਤੇ ਭਵਿੱਖ ਬਾਰੇ ਅਨੇਕਾਂ ਭੇਤ ਖੁੱਲ੍ਹ ਗਏ। ਮਾਹਰਾਂ ਨੇ ਦੱਸਿਆ ਕਿ ਸਰਪਲੱਸ ਬਿਜਲੀ ਦਾ ਦਾਅਵਾ ਨਿਰਾ ਕੂੜ ਪ੍ਰਚਾਰ ਹੈ। ਪੰਜਾਬ ਦੇ ਉਸਾਰੀ ਅਧੀਨ ਤਾਪ ਬਿਜਲੀ ਪ੍ਰਾਜੈਕਟ ਜੇਕਰ ਮੁਕੰਮਲ ਵੀ ਹੋ ਜਾਂਦੇ ਹਨ ਤਦ ਵੀ ਬਿਜਲੀ ਸਰਪਲੱਸ ਨਹੀਂ ਹੋਵੇਗੀ ਕਿਉਂਕਿ ਉਦੋਂ ਤੱਕ ਬਿਜਲੀ ਦੀ ਮੰਗ ਵਿਚ ਕਈ ਗੁਣਾ ਵਾਧਾ ਹੋ ਚੁੱਕਾ ਹੋਵੇਗਾ। ਮਾਹਰਾਂ ਨੇ ਨਵੇਂ ਪ੍ਰਾਜੈਕਟਾਂ ਦੇ ਸਫ਼ਲਤਾਪੂਰਵਕ



ਚੱਲਣ ਬਾਰੇ ਵੀ ਕਈ ਤਰ੍ਹਾਂ ਦੇ ਖ਼ਦਸ਼ੇ ਪ੍ਰਗਟਾਏ ਹਨ। ਉਨ੍ਹਾਂ ਹਰਿਆਣਾ ਦੀ ਮਿਸਾਲ ਦਿੰਦਿਆਂ ਕਿਹਾ ਕਿ ਇਸ ਸੂਬੇ ਦੇ ਤਾਪ ਬਿਜਲੀ ਪਲਾਂਟਾਂ ਨੂੰ ਲੋੜੀਂਦਾ ਕੋਲਾ ਹੀ ਨਹੀਂ ਮਿਲ ਰਿਹਾ ਤੇ ਕੋਲਾ ਰੂਪੀ ਬਾਲਣ ਦੀ ਘਾਟ ਦਾ ਸਾਹਮਣਾ ਪੰਜਾਬ ਦੇ ਉਸਾਰੀ ਅਧੀਨ ਤਾਪ ਬਿਜਲੀ ਪ੍ਰਾਜੈਕਟਾਂ ਨੂੰ ਵੀ ਕਰਨਾ ਪੈ ਸਕਦਾ ਹੈ। ਉਨ੍ਹਾਂ ਨਵੇਂ ਪਾਵਰ ਪਲਾਂਟਾਂ ਤੋਂ ਪੰਜਾਬ ਲਈ ਬਿਜਲੀ ਦੀ ਉਪਲਬਧਤਾ ਉਪਰ ਵੀ ਪ੍ਰਸ਼ਨ ਚਿੰਨ੍ਹ ਲਗਾਏ ਹਨ। ਦਲੀਲ ਇਹ ਦਿੱਤੀ ਹੈ ਕਿ ਨਵੇਂ ਪਾਵਰ ਪਲਾਂਟ ਨਿੱਜੀ ਖੇਤਰ ਵਿਚ ਲੱਗ ਰਹੇ ਹਨ ਤੇ ਇਹ ਪਲਾਂਟ ਆਪਣਾ ਮੁਨਾਫ਼ਾ ਮੁੱਖ ਰੱਖਣਗੇ ਨਾ ਕਿ ਪੰਜਾਬ ਨੂੰ। ਜਿਥੇ ਇਨ੍ਹਾਂ ਦੀ ਬਿਜਲੀ ਮਹਿੰਗੀ ਵਿਕ ਸਕਦੀ ਹੋਈ ਇਹ ਵੇਚ ਲੈਣਗੇ ਤੇ ਪੰਜਾਬ ਵਿਚ ਬਿਜਲੀ ਦੀ ਸਥਿਤੀ ਸੁਧਰ ਨਹੀਂ ਸਕੇਗੀ। ਮਾਹਰਾਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਪ੍ਰਤੀ ਵੀ ਨਾਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬ ਦੇ ਇਕ ਅਰਥਸ਼ਾਸਤਰੀ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਹੈ ਕਿ ਬਿਜਲੀ ਦੀ ਪੂਰਤੀ ਲਈ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਨਾਲ ਹਾਈਡਰੋ ਇਲੈਕਟ੍ਰਿਕ ਪਲਾਂਟ ਬਣਾਉਣ ਲਈ ਗੱਲਬਾਤ ਕਿਉਂ ਨਹੀਂ ਕੀਤੀ ਜਾਂਦੀ ਤੇ ਨਾਲ ਹੀ ਖੇਤੀਬਾੜੀ ਦੀ ਬਿਜਲੀ ਉਪਰ ਨਿਰਭਰਤਾ ਘਟਾਉਣ ਲਈ ਕੋਈ ਸੂਬਾਈ ਫਸਲੀ ਵਿਭਿੰਨਤਾ ਨੀਤੀ ਕਿਉਂ ਨਹੀਂ ਤਿਆਰ ਕੀਤੀ ਜਾਂਦੀ? ਐਤਕੀਂ ਦੀਆਂ ਅਭੁੱਲ ਗਰਮੀਆਂ ਦੇ ਤਜ਼ਰਬੇ 'ਚੋਂ ਗੁਜ਼ਰਕੇ ਪੰਜਾਬੀਆਂ ਨੂੰ ਮਹਿਸੂਸ ਹੋਣ ਲੱਗ ਪਿਆ ਹੈ ਕਿ ਘੱਟੋ ਘੱਟ ਵਰਤਮਾਨ ਸਰਕਾਰ ਪੰਜਾਬ ਨੂੰ ਬਿਜਲੀ ਸੰਕਟ ਤੋਂ ਨਿਜਾਤ ਨਹੀਂ ਦਿਵਾ ਸਕਦੀ।

### ਛੇਕੜਲੀ ਗੱਲ

ਬਿਜਲੀ ਬਾਰੇ ਕਿਸੇ ਨੇ ਚੁਟਕੀ ਲੈਂਦਿਆਂ ਕਿਹਾ; ਸਰਕਾਰ ਕੋਲ ਬਿਜਲੀ ਦੀ ਘਾਟ ਤਾਂ ਕੋਈ ਨਹੀਂ, ਇਹ ਤਾਂ ਬਿਜਲੀ ਕੱਟ ਲਾ ਕੇ ਬਾਦਲ ਸਾਹਿਬ ਪੰਜਾਬੀਆਂ ਨੂੰ ਜ਼ਰਾ ਆਪਣੇ ਸਭਿਆਚਾਰਕ ਵਿਰਸੇ ਨਾਲ ਜੋੜ ਰਹੇ ਹਨ, ਦੇਖੋ ਕਿਵੇਂ ਲੋਕਾਂ ਨੇ ਪੱਖੀਆਂ ਤੇ ਲਾਲਟੈਨਾਂ ਹੱਥੀਂ ਫੜ ਲਈਆਂ ਨੇ!

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday




# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



# ALL INDIA
RESTAURANT & SWEETS

780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: Making Life Easy

Who We Are

Western Canada's

Biggest Brokers Team, designed to serve Canadians' with solutions for your personal and professional insurance needs.

When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them





What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

◈ ਕਾਰ, ਮੋਟਰਸਾਈਕਲ ਇੰਸ਼ੋਰੈਂਸ
◈ ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
◈ ਟਰੱਕ: ਲੌਂਗਹਾਲ ਅਤੇ ਗਰੈਵਲ
◈ ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
◈ ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI SASKATCHEWAN MUTUAL INSURANCE COMPANY

Discounts up to 60%

Payment Options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

અમે અંગ્રેજી, પંજાબી, ગુજરાતી, હિન્દી, અને ઉર્દૂ ભાષામાં સેવા આપીએ છીએ.

**We Provide Services In English, Punjabi, Gujrati, Hindi & Urdu**

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਦੀਪਕ ਸ਼ਾਹ, ਰਮਨ ਗਿੱਲ, ਹਰਸਿਮਰਨ ਗਿੱਲ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**Gurkeerat Holding Ltd.**



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

**G DRIVING SCHOOL LTD.**
Authorised teach Certification Course


Gurcharan Singh Garcha (M.Sc. M.Ed.)

EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu




Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

**PIZZA99**
*Serving for over 16 years*
Call (780) 450-9900


ਪਰਮਜੀਤ ਸਿੰਘ ਬਾਠ



ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

*Buy any Pizza at regular price & get Second Pizza of equal or less value Free or Chicken wings Free and 3rd Pizza Half Price.*

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.

**Sidhu Stucco Ltd.**
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।

Stucco is a versatile, beautiful, durable and fire resistant cladding.


Harinder Dhaliwal

All kind of Stucco
Acrylic & Rain Screen (780) 297-9165

**EconoLodge** BY CHOICE HOTELS
**Red Deer Econo Lodge Inn & Suites**
www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca


Varinder Sidhu
President

37433 Highway 2 South, East Side Gasoline Alley
Red Deer, Alberta T4E 1B3

**$299,900**
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900
SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800
2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage


$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# Punjabi Cultural Association Of Alberta

*Presents*

# 30th Annual Cultural Program

**Sunday, October 7, 2012. 2 PM Sharp**
**Jubilee Auditorium,11455 87 Ave.Edmonton**

## ਬੜੇ ਮਾਣ ਨਾਲ ਪੇਸ਼ ਕਰਦੀ ਹੈ
## 30ਵਾਂ ਸਾਲਾਨਾ ਸਭਿਆਚਾਰਕ ਸਮਾਗਮ
## ਐਤਵਾਰ, 7 ਅਕਤੂਬਰ 2012- 2 ਵਜੇ

ਜਿਸ ਵਿੱਚ ਗਿੱਧਾ-ਭੰਗੜਾ, ਗੀਤ-ਸੰਗੀਤ, ਹਾਸਾ-ਠੱਠਾ,
ਸਕਿੱਟਾਂ ਤੇ ਹੋਰ ਬਹੁਤ ਕੁਝ

AVAILABLE AT ALL INDIAN GROCERY STORE
428765394
PLAY TICKET
$5.00
Kids Under 10 year Free



**For more info**

Gurcharan Brar 780-265-3752
Bakhash Sangha 780-461-7528
Dalbir Sangion 780-995-5475
Arvind Sekhon 780-965-9590
Manjit Bajwa 780264-5997
Gurvinder Gill 780497-8801
Sukhdev Dhanoa 780-700-5022
Kirtmeet Kohar 780-200-5328
Tajinder Brar 780-709-7979
Harjit Sandhu 780-233-3100
Kuldip Dhaliwal 780-278-0627
Varinder Bhullar 780966-3121

**Media-Sponsors**

ਨਵੀਂ ਦੁਨੀਆ
ਦੇਸ ਪ੍ਰਦੇਸ ਟਾਈਮਜ਼
ਲੋਕ ਆਵਾਜ
ਦੇਸ਼ ਵਿਦੇਸ਼ ਟਾਇਮਜ਼
ਰੇਡੀਉ ਪੰਜਾਬ
ਰੇਡੀਉ ਸੁਰ ਸੰਗਮ
ਦੇਸ਼ ਪੰਜਾਬ ਰੇਡੀਉ
ਵਤਨ ਟੀ.ਵੀ.
ਪੰਜਾਬ ਮੇਲ
ਸ਼ਾਨ-ਏ-ਪੰਜਾਬ

# ਕਨੇਡਾ ਦੇ ਪੱਤਰਕਾਰਾਂ ਲਈ ਵੀ ਬਾਬੂਸ਼ਾਹੀ ਡਾਟ ਕਾਮ ਬਣਿਆ ਇੱਕ ਲਾਹੇਵੰਦ ਮੀਡੀਆ



ਟਰਾਂਟੋ (ਕੰਵਲਜੀਤ ਸਿੰਘ ਕੰਵਲ) ਪ੍ਰਸਿਧ ਪੰਜਾਬੀ ਪੱਤਰਕਾਰ, ਚਿੰਤਕ,ਬੁੱਧੀਜੀਵੀ ਅਤੇ ਬਾਬੂਸ਼ਾਹੀ ਡਾਟ ਕਾਮ ਦੇ ਕਰਤਾ ਧਰਤਾ ਬਲਜੀਤ ਬੱਲੀ ਦਾ ਵੀਰਵਾਰ ਸ਼ਾਮੀਂ ਕਨੇਡਾ ਦੇ ਮਿਸੀਸਾਗਾ ਸ਼ਹਿਰ ਦੇ ਰੈਡੀਸਨ ਹੋਟਲ ਵਿੱਚ ਚੋਣਵੇਂ ਪ੍ਰਵਾਸੀ ਪੰਜਾਬੀਆਂ ਵੱਲੋਂ ਕੀਤੇ ਗਏ ਇਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਸਨਮਾਨ ਕੀਤਾ ਗਿਆ।ਇਸ ਗੈਰਸਮੀ ਸਨਮਾਨ ਸਮਾਰੋਹ ਦਾ ਪ੍ਰਬੰਧ ਰੈਡੀਸਨ ਹੋਟਲ ਦੇ ਮਾਲਕ ਅਤੇ ਬਲੈਕ ਡਾਇਮੰਡ ਐਂਟਰਟੇਨਮੈਂਟ ਦੇ ਮੁਖੀ ਹਰਪ੍ਰੀਤ ਸੇਠੀ ਅਤੇ ਊੱਘੇ ਲਿਬਰਲ ਆਗੂ ਹਰਦਮ ਮਾਂਗਟ ਦੀ ਪਹਿਲਕਦਮੀ ਤੇ ਕੀਤਾ ਗਿਆ । ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਮੀਡੀਆਕਰਮਬਿ ਇੰਡੀਅਨ ਓਵਰਸੀਜ਼ ਕਾਂਗਰਸ, ਸ਼ਰੋਮਣੀ ਅਕਾਲੀ ਦਲ ਕੈਨੇਡਾ ਅਤੇ ਤਰਕਸ਼ੀਲ ਸੁਸਾਇਟੀ ਸਮੇਤ ਕਈ ਸਮਾਜ ਸੇਵੀ ਜੱਥੇਬੰਦੀਆਂ ਦੇ ਆਗੂ ਸ਼ਾਮਲ ਸਨ। ਇਸ ਸਮਾਗਮ ਦੇ ਮੁੱਖ ਮਹਿਮਾਨ ਓਨਟਾਰੀਓ ਸੂਬੇ ਦੀਆਂ ਸਰਕਾਰੀ ਸੇਵਾਂਵਾਂ ਦੇ ਮੰਤਰੀ ਹਰਿੰਦਰ ਤੱਖਰ ਸਨ ।ਸਾਬਕਾ ਲਿਬਰਲ ਐਮ ਪੀ ਸ: ਗੁਬਰਖਸ਼ ਸਿੰਘ ਮੱਲ੍ਹੀ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸ: ਮੱਲ੍ਹੀ ਅਤੇ ਸ੍ਰੀ ਹਰਿੰਦਰ ਤੱਖਰ ਨੇ ਬਲਜੀਤ ਬੱਲੀ ਵਲੋਂ ਪੱਤਰਕਾਰੀ ਦੇ ਖੇਤਰ ਵਿੱਚ ਪਾਏ ਗਏ ਵੱਡਮੁੱਲੇ ਯੋਗਦਾਨ ਵਾਸਤੇ ਉਹਨਾਂ ਦੀ ਸ਼ਲਾਘਾ ਕਰਦਿਆਂ ਉਹਨਾਂ ਨੂੰ ਇਕ ਯਾਦਗਾਰੀ ਚਿੰਨ੍ਹ ਅਤੇ ਇੱਕ ਪੁਸਤਕ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਹਰਿੰਦਰ ਤੱਖੜ ਨੇ ਇੱਥੋਂ ਦੇ ਲੋਕਲ ਮੀਡੀਏ ਦੀ ਸ਼ਲਾਘਾ ਕਰਦਿਆਂ ਪੱਤਰਕਾਰੀ ਦੇ ਇਸ ਕਿੱਤੇ ਨੂੰ ਹੋਰ ਮਿਆਰੀ ਅਤੇ ਸਮਾਜ ਪ੍ਰਤੀ ਊਸਾਰੂ ਬਣਾਉਣ ਦੀ ਸਲਾਹ ਵੀ ਦਿਤੀ । ਸਨਮਾਂਨ ਸਮਾਂਰੋਹ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਸਥਾਨਕ ਪੰਜਾਬੀ ਮੀਡੀਆਕਰਮੀ ਅਤੇ ਰਾਜਨੀਤਕ ਜੱਥੇਬੰਦੀਆਂ ਦੇ ਨੁਮਾਂਇੰਦੇ ਇਸ ਗੱਲ ਦੀ ਗਵਾਹੀ ਸਨ ਕਿ ਬਲਜੀਤ ਬੱਲੀ ਪ੍ਰਵਾਸੀ ਪੰਜਾਬੀ ਮੀਡੀਆ ਅਤੇ ਕੈਨੇਡਾ ਵਿੱਚ ਵੱਸਦੇ ਮਿੰਨ੍ਹੀ ਪੰਜਾਬ ਵਿੱਚ ਕਿੰਨੇ ਹਰਮਨ ਪਿਆਰੇ ਹਨ।ਪੰਜਾਬੀ ਲਹਿਰਾਂ ਦੇ ਸ੍ਰੀ ਸਤਿੰਦਰਪਾਲ ਸਿਧਵਾਂ, ਪੰਜਾਬੀ ਪੋਸਟ ਦੇ ਸ੍ਰੀ ਜਗਦੀਸ਼ ਗਰੇਵਾਲ ਅਤੇ ਇੰਡੋ-ਕਨੇਡੀਅਨ ਸਮੇਂ ਦੇ ਸੰਪਾਦਕ ਸ੍ਰੀ ਕੰਵਲਜੀਤ ਸਿੰਘ ਕੰਵਲ ਅਤੇ ਸਿਟੀ ਆਫ ਬਰੈਂਮਪਟਨ ਦੇ ਪਹਿਲੇ ਦਸਤਾਰਧਾਰੀ ਕੌਂਸਲਰ ਵਿੱਕੀ ਢਿੱਲੋਂ ਆਦਿ ਨੇ ਬਲਜੀਤ ਬੱਲੀ ਵਲੋਂ ਬੀਤੇ ਤਿੰਨ ਦਹਾਕੇ ਤੋਂ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਬੁਲੰਦ ਪੱਤਰਕਾਰੀ ਲਈ ਕੀਤੀਆਂ ਸੇਵਾਂਵਾਂ ਦੀ ਸਰਾਹਨਾ ਕੀਤੀ। ਗਰੇਵਾਲ ਨੇ ਤਾਂ ਆਪਣੀਆਂ ਰੋਜ਼ ਦੀਆਂ ਮਿਸਾਲਾਂ ਦੇ ਕੇ ਦੱਸਿਆ ਕਿ ਬਾਬੂਸ਼ਾਹੀ ਡਾਟ ਕਾਮ ਕਿਸ ਤਰ੍ਹਾਂ ਸਭ ਤੋਂ ਤੇਜ਼ ਖ਼ਬਰ ਮੀਡੀਆ ਵੱਜੋਂ ਉੱਭਰ ਕੇ ਸਾਹਮਣੇ ਆਇਆ ਹੈ ਜਿਸ ਦਾ ਲਾਭ ਉਹ ਰੋਜ਼ਾਨਾ ਲੈਂਦੇ ਹਨ। ਸ੍ਰੀ ਸਿਧਵਾਂ ਸਟੇਜ ਸਕੱਤਰੀ ਦੇ ਨਾਲ ਨਾਲ ਆਪਣੇ ਰੰਗੀਲੇ ਸੁਭਾਅ ਮੁਤਾਬਿਕ ਟੋਟਕੇ ਸੁਣਾ ਕੇ ਰੰਗ ਬੰਨ੍ਹਿਆਂ। ਸਮਾਗਮ ਦੇ ਅੰਤ ਵਿੱਚ ਬੱਲਜੀਤ ਬੱਲੀ ਨੇ ਸਥਾਨਕ ਪੰਜਾਬੀ ਮੀਡੀਏ, ਆਗੂਆਂ, ਵਪਾਰੀ ਸੱਜਣਾਂ ਅਤੇ ਲੋਕਾਂ ਵਲੋਂ ਮਿਲ ਰਹੇ ਪਿਆਰ ਅਤੇ ਵੱਡਮੁੱਲੇ ਸਹਿਯੋਗ ਵਾਸਤੇ ਜਿੱਥੇ ਸਭ ਦਾ ਧੰਨਵਾਦ ਕੀਤਾ ਉੱਥੇ ਆਪਣੇ ਤਿੰਨ ਦਹਾਕਿਆਂ ਦੇ ਪੱਤਰਕਾਰੀ ਦੇ ਇਸ ਪੈਂਡੇ ਦੌਰਾਨ ਆਪਣੀਆਂ ਕੌੜੀਆਂ ਮਿੱਠੀਆਂ ਯਾਂਦਾਂ ਨੂੰ ਵੀ ਸਾਂਝਾ ਕੀਤਾ।

ਤਿਰਛੀ ਨਜ਼ਰ ਮੀਡੀਆ ਕੰਪਨੀ ਕਾਇਮ ਕਰਕੇ ਬਾਬੂਸ਼ਾਹੀ ਡਾਟ ਕਾਮ ਦੇ ਸ਼ੁਰੂ ਕੀਤੇ ਆਪਣੇ ਆਨ ਲਾਈਨ ਮੀਡੀਏ ਨੂੰ ਆਪਣਾ ਇੱਕ ਡਰੀਮ਼ ਪ੍ਰੋਜੈਕਟ ਕਰਾਰ ਦਿੰਦੇ ਹੋਏ ਬਲਜੀਤ ਬੱਲੀ ਨੇ ਕਿਹਾ ਕਿ ਆਉਣ ਵਾਲਾ ਸਮਾ ਤੇਜ਼ ਰਫ਼ਤਾਰ ਤਕਨਾਲੋਜੀ ਅਤੇ ਆਨ ਲਾਈਨ ਡਿਜੀਟਲ ਮੀਡੀਏ ਦਾ ਹੈ ।ਇਸ ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਪੱਤਰਕਾਰਾਂ ਨੂੰ ਨੇਵਨ ਯੁੱਗ ਦੇ ਹਾਣੀ ਬਨਾਉਣ ਦੀ ਲੋੜ ਹੈ।ਅੱਜ ਦੇ ਗਲੋਬਲ ਯੁੱਗ ਵਿਚ ਇਸ ਨਵੇਂ ਮੀਡੀਏ ਨੂੰ ਦੁਨੀਆ ਭਰ ਦੇ ਪੰਜਾਬੀਆਂ ਲਈ 24 ਘੰਟੇ ਤਰੋ -ਤਾਜ਼ਾ ਖ਼ਬਰਾਂ, ਰਿਪੋਰਟਾਂ ਅਤੇ ਸੂਚਨਾ ਭਰਪੂਰ ਮੰਚ ਬਨਾਉਣਾ ਮੇਰਾ ਟੀਚਾ ਹੈ। ਉਨ੍ਹਾ ਇਹ ਵੀ ਭਰੋਸਾ ਦਿੱਤਾ ਕਿ ਉਹ ਪਹਿਲਾਂ ਵਾਂਗ ਹੀ ਪੱਤਰਕਾਰੀ ਦੀਆਂ ਕਦਰਾਂ ਕੀਮਤਾਂ,ਲੋਕ-ਪੱਖੀ ਮਰਿਆਦਾ ਅਤੇ ਸਲੀਕੇ ਨੂੰ ਕਾਇਮ ਰੱਖਣ ਦਾ ਯਤਨ ਕਰਨਗੇ।ਬਲਜੀਤ ਬੱਲੀ ਨੇ ਇਸ ਉਦੇਸ਼ ਨੂੰ ਪੂਰਾ ਕਰਨ ਲਈ ਪ੍ਰਵਾਸੀ ਮੀਡੀਏ ਅਤੇ ਪ੍ਰਵਾਸੀ ਭਾਰਤੀਆਂ ਨੂੰ ਹਰ ਤਰ੍ਹਾਂ ਦੇ ਸਹਿਯੋਗ ਦੀ ਅੱਪੀਲ ਕੀਤੀ। ਇਸ ਮੌਕੇ ਬਾਬੂਸ਼ਾਹੀ ਡਾਟ ਕਾਮ ਨੂੰ ਸਹਿਯੋਗ ਦੇਣ ਦਾ ਭਰੋਸਾ ਦੇਣ ਅਤੇ ਆਪਣੇ ਵਿਚਾਰ ਰੱਖਣ ਵਾਲਿਆਂ ਵਿੱਚ ਬੌਬੀ ਗੁਰਸ਼ਰਨ ਸਿੱਧੂ ਤੇ ਪਾਲ ਸਹੋਤਾ ਵੀ ਸ਼ਾਮਲ ਸਨ।ਇਸ ਸਨਮਾਨ ਸਮਾਗਮ ਵਿਚ ਮਿਸ ਪਾਕਿਸਤਾਨ ਵਰਡ ਕਨੇਡਾ ਦੀ ਸੰਸਥਾ ਦੀ ਮੁਖੀ ਸੋਨੀਆ ਅਹਿਮਦ ਅਤੇ 2001 ਦੀ ਮਿਸ ਪਾਕਿਸਤਾਨ ਸਨੋਬਰ ਹੁਸੈਨ ਵੀ ਸ਼ਾਮਲ ਸਨ . ਸਮਾਗਮ ਵਿਚ ਵਿਚ ਸਿਰਫ ਇਹ ਦੋ ਹੀ ਔਰਤਾਂ ਸਨ ਅਤੇ ਦੋਵੇਂ ਹੀ ਪਾਕਿਸਤਾਨੀ ਪਰਿਵਾਰਾਂ ਦੀਆਂ ਜਮਪਲ ਹਨ.

### ਅਵਤਾਰ ਜੰਡਿਆਲਵੀ ਸ਼ਰਧਾਂਜਲੀ ਸਮਾਗਮ

# ‘ਹੁਣ’ ਨੂੰ ਸਦਾ ਜੀਉਂਦਾ ਰੱਖਣ ਦਾ ਅਹਿਦ

ਚੰਡੀਗੜ੍ਹ, (ਨਦਬ)-ਪੰਜਾਬੀ ਦੇ ਚਰਚਿਤ ਸਾਹਿਤਕ ਰਸਾਲੇ ‘ਹੁਣ’ ਵਲੋਂ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਹੁਣ ਦੇ ਬਾਨੀ ਸੰਪਾਦਕ ਅਵਤਾਰ ਜੰਡਿਆਲਵੀ ਨੂੰ ਸ਼ਰਧਾਂਜਲੀ ਦੇਣ ਲਈ ਸਮਾਗਮ ਰਚਿਆ ਗਿਆ। ਸ਼ਾਮ ਸਿੰਘ ਅੰਗਸੰਗ ਦੀ ਸੁਚੱਜੀ ਮੰਚ ਸੰਚਾਲਨਾ ਵਿਚ ਸ਼ੁਰੂ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਮੋਹਨ ਭੰਡਾਰੀ, ਗੁਲਜ਼ਾਰ ਸਿੰਘ ਸੰਧੂ, ਡਾ. ਪਰੇਮ ਸਿੰਘ, ਡਾ. ਸੁਰਿੰਦਰ ਗਿੱਲ ਅਤੇ ਡਾ. ਦੀਪਕ ਮਨਮੋਹਨ ਸਿੰਘ ਨੇ ਕੀਤੀ। ‘ਹੁਣ’ ਦੇ ਸੰਪਾਦਕ ਸੁਸ਼ੀਲ ਦੁਸਾਂਝ ਨੇ ਅਵਤਾਰ ਜੰਡਿਆਲਵੀ ਦੇ ਸਾਹਿਤਕ ਸਫਰ ਬਾਰੇ ਗੱਲ ਕਰਦਿਆਂ ਕਿਹਾ ਕਿ ਅਵਤਾਰ ਜੰਡਿਆਲਵੀ ਨੇ ਉਚ ਕੋਟੀ ਦੀ ਕਵਿਤਾ ਰਚੀ ਹੈ ਤੇ ਕਵਿਤਾ ਖੇਤਰ ਵਿਚ ਉਨ੍ਹਾਂ ਦਾ ਕੌਮਾਂਤਰੀ ਮੁਕਾਮ ਹੈ। ਉਨ੍ਹਾਂ ਦਾ ਪਹਿਲਾ ਕਾਵਿ ਸੰਗ੍ਰਹਿ ‘ਕੱਪਰ ਛੱਲਾਂ’ 1961 ਵਿਚ ਆਇਆ ਸੀ, ਜਿਸ ਦੀ ਪ੍ਰਕਾਸ਼ਨਾ ਪ੍ਰੋ. ਮੋਹਨ ਸਿੰਘ ਨੇ ਕੀਤੀ ਸੀ। ਫੇਰ ਉਹ ਬਰਤਾਨੀਆ ਚਲੇ ਗਏ, ਜਿਥੇ ਸਖ਼ਤ ਮਿਹਨਤ ਦੇ ਨਾਲ ਨਾਲ ਕਵਿਤਾ ਦਾ ਸਫ਼ਰ ਜਾਰੀ ਰਖਦਿਆਂ ‘ਮੇਰੇ ਪਰਤ ਆਉਣ ਤੱਕ’ ਦੂਜਾ ਕਾਵਿ ਸੰਗ੍ਰਹਿ ਲਿਖਿਆ, ਜਿਸ ਦੀ ਪ੍ਰਕਾਸ਼ਨਾ ‘ਨਵਯੁਗ ਪ੍ਰਕਾਸ਼ਨ’ ਵਿਚ ਭਾਪਾ ਪ੍ਰੀਤਮ ਸਿੰਘ ਨੇ ਕੀਤੀ ਅਤੇ ਭੂਮਿਕਾ ਡਾ. ਹਰਿਭਜਨ ਸਿੰਘ ਨੇ ਲਿਖੀ। ਇਸ ਕਿਤਾਬ ਦੀ ਮਕਬੂਲੀਅਤ ਸਦਕਾ ਹੀ ਇਸ ਦਾ ਦੂਜਾ ਸੰਕਲਨ ਵੀ ਛਪਿਆ। ਉਨ੍ਹਾਂ ਦਸਿਆ ਕਿ ਅਵਤਾਰ ਦੇ ਤੀਜੇ ਕਾਵਿ ਸੰਗ੍ਰਿਹ ‘ਅਸੀਂ ਕਾਲੇ ਲੋਕ ਸਦੀਂਦੇ’ ਦੀਆਂ ਕਵਿਤਾਵਾਂ ਨਸਲਵਾਦ ਦਾ ਸ਼ਿਕਾਰ ਬੰਦੇ ਦੀ ਰੂਹ ’ਤੇ ਲਗੱਦੇ ਜ਼ਖ਼ਮਾਂ ਦੀ ਤਰਜ਼ਮਾਨੀ ਕਰਨ ਵਾਲੀਆਂ ਹਨ। ਉਨ੍ਹਾਂ ਕਿਹਾ ਕਿ ਅਵਤਾਰ ਜੰਡਿਆਲਵੀ ਆਪਣੀ ਸ਼ਾਇਰੀ ਤੇ ‘ਹੁਣ’’ ਰਸਾਲੇ ਰਾਹੀਂ ਸਦਾ ਹੀ ਸਾਡੇ ਦਰਮਿਆਨ ਰਹੇਗਾ। ਉਨ੍ਹਾਂ ਜੰਡਿਆਲਵੀ ਦੀ ਲੰਮੀ ਰਚਨਾ ‘ਮੇਰੇ ਪਰਤ ਆਉਣ ਤੱਕ’ ’ਚੋਂ ਕੁਝ ਅੰਸ਼ ਵੀ ਪੇਸ਼ ਕੀਤੇ।



ਸਮਾਗਮ ਵਿਚ ਬੋਲਦੇ ਹੋਏ ਗੁਲਜ਼ਾਰ ਸੰਧੂ, ਬਲਵਿੰਦਰ ਸੰਧੂ, ਸੁਸ਼ੀਲ ਦੁਸਾਂਝ, ਦਰਸ਼ਨ ਬੁੱਟਰ, ਸੁਰਿੰਦਰ ਗਿੱਲ, ਨਿੰਦਰ ਘੁਗਿਆਣਵੀ, ਮੋਹਨ ਭੰਡਾਰੀ, ਨਵਜੀਤ ਜੌਹਰ, ਸ਼ਾਮ ਸਿੰਘ, ਦੀਪਕ ਮਨਮੋਹਨ ਸਿੰਘ ਅਤੇ ਡਾ. ਪ੍ਰੇਮ ਸਿੰਘ। ਹੇਠਾਂ ਹਾਜ਼ਰ ਲੇਖਕ

ਡਾ. ਸੁਰਿੰਦਰ ਗਿੱਲ ਨੇ ਕਿਹਾ ਕਿ ਅਵਤਾਰ ਮੇਰਾ ਜਵਾਨੀ ਸਮੇਂ ਦਾ ਆੜੀ ਸੀ ਤੇ ਖ਼ੂਬ ਸਾਂਝ ਪਾਉਣ ਵਾਲਾ ਪ੍ਰਬਲ ਇਛਾ ਵਾਲਾ ਬੰਦਾ ਸੀ। ਡਾ. ਦੀਪਕ ਮਨਮੋਹਨ ਸਿੰਘ ਨੇ ਕਿਹਾ ਕਿ ਅਵਤਾਰ ਵਧੀਆ ਅਕਸ, ਉਚੇ ਕੱਦ, ਮਿਆਰੀ ਸਾਹਿਤ ਦੇਣ ਵਾਲਾ ਅਤੇ ਚੁੱਪ ਰਹਿਣ ਵਾਲਾ ਗਹਿਰ ਗੰਭੀਰ ਵੱਡਾ ਸ਼ਾਇਰ ਸੀ। ਮੋਹਨ ਭੰਡਾਰੀ ਨੇ ਕਿਹਾ ਕਿ ‘ਹੁਣ’’ ਦਾ ਨਾਂ ਰੱਖਣ ਲੱਗਿਆਂ ਉਸ ਨੇ ਬਹੁਤ ਤਰੱਦਦ ਕੀਤਾ। ਅਸੀਂ ਇਸ ਬੂਟੇ ਨੂੰ ਹਰ ਹਾਲਤ ਵਿਚ ਹਰਾ ਰੱਖਾਂਗੇ। ਮੈਂ ਵੀ ਹੁਣ ਪ੍ਰਤੀ ਭਾਵੁਕ ਹਾਂ ਤੇ ਸਾਨੂੰ ਸਾਰਿਆਂ ਨੂੰ ਹੋਣਾ ਚਾਹੀਦਾ ਹੈ ਕਿਉਂ ਕਿ ਇਸ ਦੀ ਸਾਨੂੰ ਸਾਰਿਆਂ ਨੂੰ ਸਖ਼ਤ ਲੋੜ ਹੈ। ਜੋ ਅਵਤਾਰ ਨੇ ਹੁਣ ਰਾਹੀਂ ਪੱਤਰਕਾਰੀ ਦਾ ਮਿਆਰ ਸਥਾਪਤ ਕੀਤਾ ਹੈ, ਉਹ ਮਿਸਾਲੀ ਹੈ। ਡਾ. ਪਰੇਮ ਸਿੰਘ ਨੇ ਕਿਹਾ ਕਿ ਅਵਤਾਰ ਨੂੰ ਜਾਨਣ ਲਈ ਰਸਾਲੇ ‘ਹੁਣ’’ ਨੂੰ ਘੋਖੋ ਤਾਂ ਸਹਿਜੇ ਹੀ ਅਵਤਾਰ ਜੰਡਿਆਲਵੀ ਦੀ ਕਾਬਲੀਅਤ, ਸਿਰੜ ਤੇ ਲਗਨ ਦਾ ਅਹਿਸਾਸ ਹੋ ਜਾਵੇਗਾ।

ਗੁਲਜ਼ਾਰ ਸਿੰਘ ਸੰਧੂ ਨੇ ਕਿਹਾ ਕਿ ਅਵਤਾਰ ਨਾਲ ਮੇਰੀ ਮੁਲਾਕਾਤ 1980 ਵਿਚ ਰਣਜੀਤ ਧੀਰ ਵਲੋਂ ਕਰਾਏ ਕਵੀ ਦਰਬਾਰ ਵਿਚ ਹੋਈ ਸੀ ਤੇ ਉਸ ਨੇ ਬਹੁਤ ਅਗਾਂਹ ਵਧੂ ਵਿਚਾਰਾਂ ਵਾਲੀ ਕਵਿਤਾ ਪੇਸ਼ ਕੀਤੀ ਸੀ ਤੇ ਉਹ ਮੇਰਾ ਸਦੀਵੀ ਦੋਸਤ ਬਣ ਗਿਆ। ਉਹ ਬਹੁਤ ਦਿਲਦਾਰ, ਸੁਚੱਜਾ ਤੇ ਸਲੀਕੇ ਵਾਲਾ ਦੋਸਤ ਸੀ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੁਲੱਖਣ ਸਰਹੱਦੀ ਨੇ ਕਿਹਾ ਕਿ ਉਨ੍ਹਾਂ ਹਰ ਵਿਧਾ ਨੂੰ ਰਸਾਲੇ ਵਿਚ ਥਾਂ ਦਿਤੀ ਤੇ ਕਈ ਸਾਹਿਤਕਾਰਾਂ ਨੂੰ ਉਨ੍ਹਾਂ ਦੇ ਸਾਹਿਤਕ ਮਿਆਰ ਅਨੁਸਾਰ ਬਣਦਾ ਮੁਕਾਮ ਦੇ ਕੇ ਨਵਾਜ਼ਿਆ। ਨਿੰਦਰ ਘੁਗਿਆਣਵੀ ਨੇ ਕਿਹਾ ਕਿ ਲੰਡਨ ਵਿਚ ਉਨ੍ਹਾਂ ਨਾਲ ਸੰਖੇਪ ਮਿਲਣੀ ਕੀਤੀ, ਮਜ਼ਾ ਆ ਗਿਆ। ਉਹ ਬਹੁਤ ਮਿਲਣਸਾਰ ਤੇ ਅਪਣੱਤ ਨਾਲ ਭਰੇ ਪਏ ਸਨ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਕਰਮ ਸਿੰਘ ਵਕੀਲ ਨੇ ਕਿਹਾ ਕਿ ਜੰਡਿਆਲਵੀ ਬਹੁਤ ਸੁਹਿਰਦ, ਗੰਭੀਰ, ਠਰ੍ਹੰਮੇ ਨਾਲ ਦੂਜੇ ਨੂੰ ਸੁਣਨ ਵਾਲੇ ਤੇ ਧੀਮੀ ਸੁਰ ਨਾਲ ਬਹੁਤ ਸੱਚੀ-ਸੁੱਚੀ ਤੇ ਮਿਆਰੀ ਗੱਲ ਕਰਦੇ ਸਨ। ਡਾ. ਨਵਜੀਤ ਜੌਹਲ, ਦਰਸ਼ਨ ਬੁਟਰ ਅਤੇ ਬਲਵਿੰਦਰ ਸੰਧੂ ਨੇ ਵੀ ਅਵਤਾਰ ਨਾਲ ਆਪਣੀਆਂ ਸਾਂਝਾਂ ਦਾ ਭਾਵਪੂਰਤ ਜ਼ਿਕਰ ਕੀਤਾ। ਸਮਾਗਮ ਵਿਚ ਜਸਵੀਰ ਭੁੱਲਰ, ਮਨਮੋਹਨ ਸਿੰਘ ਦਾਊਂ, ਸ਼ਿਵ ਨਾਥ, ਸੁਰਿੰਦਰ ਅਤੈ ਸਿੰਘ, ਦਵਿੰਦਰ ਦਮਨ, ਜਸਵੰਤ ਦਮਨ, ਕਵਿੰਦਰ ਚਾਂਦ, ਪ੍ਰੋ. ਕੁਲਵੰਤ, ਰਾਜ ਕੁਲਵੰਤ, ਕਮਲ ਦੁਸਾਂਝ, ਮਨਜੀਤ ਇੰਦਰਾ, ਬਲਵੰਤ ਚੌਹਾਨ, ਦਲਜੀਤ ਕੌਰ ਦਾਉਂ, ਆਰ.ਐਸ. ਫਰਾਜ਼, ਸੁਦਰਸ਼ਨ ਵਾਲੀਆ, ਅਮਰਜੀਤ ਹਿਰਦੇ, ਡਾ. ਗੁਰਦਰਪਾਲ ਸਿੰਘ, ਪ੍ਰੋ. ਮਨਦੀਪ ਸਿੰਘ ਅਤੇ ਅਨੇਕਾਂ ਹੋਰ ਸਾਹਿਤਕਾਰਾਂ ਨੇ ਸ਼ਮੂਲੀਅਤ ਕੀਤੀ।

K.P. ACCOUNTING & TAX SERVICES

135 Millbourne Road East Lee Ridge Plaza, Edmonton, AB T6K1P6

SAVE YOUR TAX FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

# ਦੱਖਣੀ ਅਫਰੀਕਾ ਦੇ ਖਾਣ ਮਜ਼ਦੂਰਾਂ ’ਤੇ ਅੰਨ੍ਹਾ ਜਬਰ, 45 ਮਜ਼ਦੂਰ ਗੋਲੀਆਂ ਨਾਲ ਸ਼ਹੀਦ



ਨਰਿੰਦਰ ਕੁਮਾਰ ਜੀਤ
+91-94175-07363

16 ਅਗਸਤ ਨੂੰ ਦੱਖਣੀ ਅਫਰੀਕਾ ’ਚ ਲੋਨਮਿਨ ਕੰਪਨੀ ਦੀ ਮਾਰੀਕਾਨਾ ਪਲਾਟੀਨਮ ਖਾਣ ’ਚ ਆਪਣੀਆਂ ਤਨਖਾਹਾਂ ’ਚ ਵਾਧੇ ਦੀ ਮੰਗ ਨੂੰ ਲੈ ਕੇ ਹਫਤੇ ਭਰ ਤੋਂ ਸੰਘਰਸ਼ ਕਰ ਰਹੇ ਮਜ਼ਦੂਰ ਅਤੇ ਉਹਨਾਂ ਦੇ ਪਰਿਵਾਰ, ਰਸਟਨਬਰਗ ਸ਼ਹਿਰ ਤੋਂ ਬਾਹਰ ਇੱਕ ਪਹਾੜੀ ਚੋਟੀ ’ਤੇ ’ਕੱਠੇ ਹੋਏ। ਪੁਲਸ ਨੇ ਇਹਨਾਂ ਨੂੰ ਖਿੰਡਾਉਣ ਲਈ ਆਟੋਮੈਟਿਕ ਹਥਿਆਰਾਂ ਨਾਲ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਤਿੰਨ ਮਿੰਟ ਦੀ ਗੋਲੀਬਾਰੀ ’ਚ 34 ਮਜ਼ਦੂਰ ਮਾਰ ਦਿੱਤੇ ਗਏ ਅਤੇ 78 ਜਖਮੀ ਹੋ ਗਏ। 249 ਮਜ਼ਦੂਰਾਂ ਨੂੰ ਪੁਲਸ ਨੇ ਘੇਰ ਕੇ ਗ੍ਰਿਫਤਾਰ ਕਰ ਲਿਆ।

18 ਅਗਸਤ ਨੂੰ ਪੁਲਸ ਦੀ ਇਸ ਦਰਿੰਦਗੀ ਦਾ ਸ਼ਿਕਾਰ ਹੋਏ ਮਜ਼ਦੂਰਾਂ ਦੇ ਪਰਿਵਾਰਾਂ ਨੇ ਲੋਨਮਿਨ ਕੰਪਨੀ ਦੀ ਖਾਣ ਦੇ ਨੇੜੇ ਰੈਲੀ ਕਰ ਕੇ ਲਾਪਤਾ ਮਜ਼ਦੂਰਾਂ ਬਾਰੇ ਜਾਣਕਾਰੀ ਮੰਗੀ। ਪੁਲਸ ਨੇ ਜਿਹਨਾਂ 249 ਖਾਣ ਮਜ਼ਦੂਰਾਂ ਨੂੰ ਗ੍ਰਿਫਤਾਰ ਕੀਤਾ ਸੀ, ਉਹਨਾਂ ’ਚੋਂ ਕੁੱਝ ਨੂੰ 20 ਅਗਸਤ ਨੂੰ ਅਦਾਲਤ ’ਚ ਪੇਸ਼ ਕਰ ਦਿੱਤਾ, ਜਿੱਥੋਂ ਉਹਨਾਂ ਨੂੰ 27 ਅਗਸਤ ਤੱਕ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ। ਅਨੇਕਾਂ ਮਜ਼ਦੂਰ ਅਜੇ ਲਾਪਤਾ ਹਨ। ਪੁਲਸ ਅਤੇ ਖਾਣ ਮਾਲਕ ਉਹਨਾਂ ਬਾਰੇ ਕੁਝ ਵੀ ਨਹੀਂ ਦੱਸ ਰਹੇ।

ਦੱਖਣੀ ਅਫਰੀਕਾ ’ਚ ਨਸਲ-ਭੇਦੀ ਗੋਰੀ ਸਰਕਾਰ ਦੇ 1994 ’ਚ ਹੋਏ ਖਾਤਮੇ ਤੋਂ ਬਾਅਦ ਇਹ ਸਭ ਤੋਂ ਵੱਡਾ ਖੂਨੀ ਸਾਕਾ ਹੈ। ਇਸ ਖੂਨੀ ਸਾਕੇ ਨੇ ਇੱਕ ਵਾਰੀ ਫਿਰ ਨਸਲ ਭੇਦੀ ਗੋਰੀ ਸਰਕਾਰ ਦੇ ਖੂੰਖਾਰ ਜ਼ੁਲਮਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਜਿਸ ਨੇ 1960 ’ਚ ਸਾਰਪਵਿਲੇ) ’ਚ 69 ਲੋਕਾਂ ਅਤੇ ਸਾਲ 1992 ’ਚ ਬੋਏਪੋਟੌਂਗ ’ਚ 45 ਲੋਕਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ।

ਖਾਣ ਮਜ਼ਦੂਰਾਂ ਦੇ ਇਸ ਵਹਿਸ਼ੀ ਕਤਲੇਆਮ ਲਈ, ਨਾ ਸਿਰਫ ਦੱਖਣੀ ਅਫਰੀਕਾ ਦੇ ਲੋਕਾਂ, ਸਗੋਂ ਦੁਨੀਆਂ ਭਰ ਦੀਆਂ ਮਜ਼ਦੂਰ ਜੱਥੇਬੰਦੀਆਂ ਅਤੇ ਇਨਸਾਫ ਪਸੰਦ ਲੋਕਾਂ ਨੇ ਦੱਖਣੀ ਅਫਰੀਕਾ ਦੇ ਹਾਕਮਾਂ ਨੂੰ ਫਿੱਟ ਲਾਹਣਤਾਂ ਪਾਈਆਂ, ਰੋਸ ਮੁਜਹਾਰੇ ਕੀਤੇ। ਦੇਸ ਦਾ ਰਾਸ਼ਟਰਪਤੀ ਜੈਕਬ ਜ਼ੂਮਾ, ਆਪਣਾ ਮੁਜ਼ੰਬਿਕ ਦਾ ਦੋਰਾ ਵਿੱਚੇ ਛੱਡ ਕੇ ਮੁਲਕ ਪਰਤ ਆਇਆ ਅਤੇ ਹਫਤੇ ਭਰ ਦੇ ਕੌਮੀ ਸ਼ੋਕ ਦਾ ਐਲਾਨ ਕੀਤਾ। ਉਸਨੇ ਇਸ ਘਟਨਾ ਦੀ ਜਾਂਚ ਕਰਵਾਉਣ ਲਈ ਇੱਕ ਪੜਤਾਲੀਆ ਕਮਿਸ਼ਨ ਬਨਾਉਣ ਦਾ ਵੀ ਐਲਾਨ ਕੀਤਾ ਪਰੰਤੂ ਲੋਨਮਿਨ ਕੰਪਨੀ ’ਤੇ ਇਸ ਦਾ ਕੋਈ ਅਸਰ ਨਹੀਂ ਪਿਆ। ਉਸਨੇ ਮਜ਼ਦੂਰਾਂ ਵਿਰੱਧ ਆਪਣਾ ਜ਼ਾਲਮਾਨਾ ਰਵੱਈਆ ਉਵੇਂ ਹੀ ਜਾਰੀ ਰੱਖਦਿਆ ਉਹਨਾਂ ਨੂੰ ਤਿੰਨ ਦਿਨਾਂ ਦੇ ਅੰਦਰ ਅੰਦਰ ਹੜਤਾਲ ਛੱਡ ਕੇ ਕੰਮ ’ਤੇ ਪਰਤ ਆਉਣ ਜਾਂ ਨੌਕਰੀ ਤੋਂ ਕੱਢੇ ਜਾਣ ਲਈ ਤਿਆਰ ਰਹਿਣ ਦੀ ਧਮਕੀ ਦਿੱਤੀ। ਪਰ ਖਾਣ ਮਜ਼ਦੂਰਾਂ ਨੇ ਇਸ ਧਮਕੀ ਨੂੰ ਠੁਕਰਾਉਂਦਿਆਂ ਮੋੜਵੀਂ ਸੁਣਾਉਣੀ ਕਰ ਦਿੱਤੀ ਕਿ ਜਦੋਂ ਤੱਕ ਉਹਨਾਂ ਦੀਆਂ ਤਨਖਾਹਾਂ ’ਚ ਵਾਧਾ ਪ੍ਰਵਾਨ ਨਹੀਂ ਕੀਤਾ ਜਾਂਦਾ ਉਹ ਕੰਮ ’ਤੇ ਨਹੀਂ ਪਰਤਣਗੇ। ਲੋਨਮਿਨ ਕੰਪਨੀ ਦੀ ਧਮਕੀ ਦੇ ਜਵਾਬ ਵਿੱਚ 23 ਅਗਸਤ ਨੂੰ ਹਜ਼ਾਰਾਂ ਖਾਣ ਮਜ਼ਦੂਰ ਅਤੇ ਉਹਨਾਂ ਦੇ ਪਰਿਵਾਰ ਉਸੇ ਪਹਾੜੀ ਚੋਟੀ ’ਤੇ ਫਿਰ ਇੱਕਠੇ ਹੋਏ ਜਿੱਥੇ 16 ਅਗਸਤ ਨੂੰ ਪੁਲਸ ਨੇ ਉਹਨਾਂ ਦੇ 34 ਸਾਥੀਆਂ ਨੂੰ ਸ਼ਹੀਦ ਕੀਤਾ ਸੀ। ਉਹਨਾਂ ਦੇ ਇੱਕ ਆਗੂ ਅਲਫਰਡ ਬੇਲੇ ਨੇ ਇੱਕਠ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਿਆਂ ਐਲਾਨ ਕੀਤਾ, “ਅਸੀਂ ਆਪਣੇ ਸ਼ਹੀਦ ਨਾਇਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਆਏ ਹਾਂ।" ਹੋਰਾਂ ਪਲਾਟੀਨਮ ਖਾਣਾਂ ਦੇ ਮਜ਼ਦੂਰਾਂ ਨੇ ਵੀ ਇਸ ਸਮਾਗਮ ’ਚ ਸ਼ਮੂਲੀਅਤ ਕੀਤੀ। ਸਾਰਿਆਂ ਨੇ ਸ਼ਹੀਦਾਂ ਦੇ ਲਹੂ ਨਾਲ ਭਿੱਜੀ ਮਿੱਟੀ ਮਥੇ ਨਾਲ ਲਾਉਂਦਿਆਂ, ਸਿਜ਼ਦਾ ਕਰਦਿਆਂ, ਆਪਣੇ ਸੰਘਰਸ਼ ਨੂੰ ਅੱਗੇ ਵਧਾਉਣ ਦਾ ਪ੍ਰਣ ਲਿਆ।



**ਕਾਲੇ ਆਗੂ ਗੋਰਿਆਂ ਦੀਆਂ ਕੰਪਨੀਆਂ ਦੇ ਦਲਾਲ ਬਣੇ**

ਦੱਖਣੀ ਅਫਰੀਕਾ ’ਚ ਪਲਾਟੀਨਮ ਧਾਤ ਦੇ ਅਥਾਹ ਭੰਡਾਰ ਹਨ। ਕੁੱਲ ਦੁਨੀਆਂ ਦਾ 80 % ਪਲਾਟੀਨਮ ਇੱਥੇ ਮਿਲਦਾ ਹੈ। ਪਲਾਟੀਨਮ ਇੱਕ ਬਹੁ-ਮੁੱਲੀ ਧਾਤ ਹੈ ਜੋ ਆਟੋ-ਮੋਬਾਈਲ ਦੇ ਪੁਰਜਿਆਂ ਅਤੇ ਹੀਰੇ ਸੋਨੇ ਦੇ ਜੜਾਊ ਗਹਿਣਿਆਂ ’ਚ ਵਰਤੀ ਜਾਂਦੀ ਹੈ। ਕੁੱਝ ਮਹੀਨੇ ਪਹਿਲਾਂ ਇਸਦੀ ਕੀਮਤ ਸੋਨੇ ਤੋਂ ਵੀ ਵੱਧ ਸੀ। ਲੋਨਮਿਨ ਕੰਪਨੀ, ਪਲਾਟੀਨਮ ਖੇਤਰ ਦੀ ਤੀਜੀ ਸਭ ਤੋਂ ਵਡੀ ਕੰਪਨੀ ਹੈ। ਇਸ ਕੰਪਨੀ ਦਾ ਵਿਵਾਦਾਂ ਭਰਪੂਰ ਇਤਿਹਾਸ ਹੈ। ਸਾਲ 1973 ’ਚ ਉਦੋਂ ਦੇ ਬਰਤਾਨਵੀ ਪ੍ਰਧਾਨ ਮੰਤਰੀ ਐਡਵਰਡ ਹੀਥ ਨੇ ਇਸ ਕੰਪਨੀ ਦੇ ਰੋਡੇਸ਼ੀਆ ਦੀ ਨਸਲ ਭੇਦੀ ਗੋਰੀ ਸਰਕਾਰ ਨਾਲ ਰਿਸ਼ਤਿਆਂ ਦੀ ਨੁਕਤਾਚੀਨੀ ਕਰਦਿਆਂ ਇਸ ਨੂੰ “ਪੂੰਜੀਵਾਦ ਦਾ ਘਿਨਾਉਣਾ ਅਤੇ ਅਪ੍ਰਵਾਨ ਚਿਹਰਾ” ਦੱਸਿਆ।

ਲੋਨਮਿਨ ਕੰਪਨੀ ਦੀ ਮਾਰੀਕਾਨਾ ਪਲਾਟੀਨਮ ਖਾਣ ਦੇ ਮਜ਼ਦੂਰ ਪਹਿਲਾਂ ਖਾਣ ਮਜ਼ਦੂਰਾਂ ਦੀ ਕੌਮੀ ਯੂਨੀਅਨ (ਐਨ.ਯੂ.ਐਮ) ਦੇ ਮੈਂਬਰ ਸਨ। ਸਾਇਰਸ ਰਾਮਪੋਸਾ ਦੀ ਅਗਵਾਈ ’ਚ ਇਹ ਯੂਨੀਅਨ ਕਾਲੇ ਮਜ਼ਦੂਰਾਂ ਨੂੰ ਰੰਗ ਭੇਦ ਦੀ ਨੀਤੀ ਦੇ ਖਿਲਾਫ ਲਾਮਬੰਦ ਕਰਨ ਲਈ ਬਣਾਈ ਗਈ ਸੀ। ਇਹ ਯੂਨੀਅਨ ਅੱਗੋਂ ਦੱਖਣੀ ਅਫਰੀਕਾ ਟਰੇਡ ਯੂਨੀਅਨ ਕਾਂਗਰਸ ਨਾਲ ਸਬੰਧਤ ਸੀ ਜੋ ਹੁਣ ਰਾਜ ਕਰ ਰਹੀ ਅਫਰੀਕਾ ਕੌਮੀ ਕਾਂਗਰਸ ਦੀ ਤਾਕਤਵਰ ਸੰਗੀ ਹੈ। 1994 ’ਚ ਨਸਲਭੇਦੀ ਗੋਰੀ ਸਰਕਾਰ ਦੇ ਖਾਤਮੇ ਤੋਂ ਬਾਅਦ, ਖਾਣ ਮਜ਼ਦੂਰਾਂ ਦੀ ਕੌਮੀ ਯੂਨੀਅਨ ਨੇ, ਰਾਜ ਕਰ ਰਹੀ ਪਾਰਟੀ ਨਾਲ ਸਬੰਧਤ ਹੋਣ ਕਰਕੇ ਮਜ਼ਦੂਰਾਂ ਦੇ ਮੰਗਾਂ ਮਸਲਿਆਂ ’ਤੇ ਸੰਘਰਸ਼ ਕਰਨਾ ਛੱਡ ਕੇ, ਖਾਣ ਮਾਲਕਾਂ ਨਾਲ ਯਾਰੀਆਂ ਪਾ ਲਈਆਂ। ਇਹ ਹਾਲਤ ਦੀ ਅਜੀਬ ਵਿਡੰਬਨਾਂ ਹੈ ਕਿ ਖਾਣ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਵਾਲਾ ਸਾਇਰਸ ਰਾਮਪੋਸਾ ਹੁਣ ਇੱਕ ਤਾਕਤਵਰ ਧਨੀ ਵਪਾਰੀ ਹੈ। ਉਹ ਲੋਨਮਿਨ ਕੰਪਨੀ ਦਾ ਡਾਇਰੈਕਟਰ ਹੈ। ਪਿਛਲੇ ਸਾਲ ਉਹ ਮੈਕਡੋਨਾਲਡ ਕੰਪਨੀ ਦੇ ਸਾਰੇ ਦੱਖਣੀ ਅਫਰੀਕਾ ਕਾਰੋਬਾਰ ਦਾ ਮਾਲਕ ਬਣ ਗਿਆ ਹੈ। ਉਸਦਾ ਇੱਕ ਹੋਰ ਸਾਥੀ ਰਾਵੇਡੇ ਮੈਨਤਾਸ਼ੇ ਜੋ ਉਦੋਂ ਯੂਨੀਅਨ ਦਾ ਜਨਰਲ ਸਕੱਤਰ ਸੀ, ਹੁਣ ਰਾਸ਼ਟਰਪਤੀ ਜੈਕਬ ਜੁਮਾ ਦੀ ਸੱਜੀ ਬਾਂਹ ਹੈ।

**ਪਲਾਟੀਨਮ ਖਾਣਾਂ ਦੇ ਮਜ਼ਦੂਰ ਸੰਘਰਸ਼ ਦੇ ਰਾਹ**

ਮਾਰੀਕਾਨਾ ਪਲਾਟੀਨਮ ਖਾਣ ’ਚ ਕੰਮ ਕਰਦੇ ਹਜ਼ਾਰਾਂ ਕਾਮੇ ਅੱਤ ਦੀਆਂ ਭੈੜੀਆਂ ਅਤੇ ਖਤਰਿਆਂ ਭਰਪੂਰ ਕੰਮ ਹਾਲਤਾਂ, ਨਿਗੂਣੀਆਂ ਤਨਖਾਹਾਂ ਅਤੇ ਮਾੜੀਆਂ ਰਹਿਣ-ਸਹਿਣ ਹਾਲਤਾਂ ’ਚ ਘਿਰੇ ਦੁੱਖਾਂ-ਭੁੱਖਾਂ ਭਰਪੂਰ ਜ਼ਿੰਦਗੀ ਬਸਰ ਕਰ ਰਹੇ ਸਨ। ਡਰਿਲਾਂ ਨਾਲ ਚੱਟਾਨਾਂ ਦੀ ਕਟਾਈ ਕਰਨ ਵਾਲੇ ਮਜ਼ਦੂਰਾਂ ਦੀ ਹਲਾਤ ਸਭ ਤੋਂ ਮਾੜੀ ਹੈ। ਲੱਗਭੱਗ 3 ਹਜ਼ਾਰ ਕਟਾਈ ਮਜ਼ਦੂਰ 25 ਕਿੱਲੋ ਭਾਰੀ ਡਰਿੱਲ ਮੋਢੇ ’ਤੇ ਟੰਗ ਕੇ ਹਰ ਰੋਜ਼ 8 ਘੰਟੇ, ਲਗਾਤਾਰ ਚਟਾਨਾਂ ਨਾਲ ਮੱਥਾ ਮਾਰਦੇ ਹਨ। ਉਹਨਾਂ ਦਾ ਕੰਮ ਸਭ ਤੋਂ ਔਖਾ ਅਤੇ ਅਤਿ ਜ਼ੋਖਮ ਭਰਿਆ ਹੈ, ਮਾਰੂ ਹਾਦਸੇ ਅਕਸਰ ਵਾਪਰਦੇ ਰਹਿੰਦੇ ਹਨ ਜਿਹਨਾਂ ’ਚ ਇਹ ਮਜ਼ਦੂਰ ਜਾਂ ਤਾਂ ਮਾਰੇ ਜਾਂਦੇ ਹਨ ਜਾਂ ਉਹਨਾਂ ਦੇ ਹੱਥ ਪੈਰ ਕੱਟੇ ਜਾਂਦੇ ਹਨ। ਆਪਣੀ ਜਾਨ ਜ਼ੋਖਮ ’ਚ ਪਾਕੇ ਅਮੀਰਾਂ ਦੀਆਂ ਕਾਰਾਂ ਅਤੇ ਹੀਰਿਆਂ ਦੇ ਜੜਾਊ ਗਹਿਣਿਆਂ ’ਚ ਵਰਤੀ ਜਾਣ ਵਾਲੀ ਪਲਾਟੀਨਮ ਧਾਤ, ਧਰਤੀ ਦੀ ਕੁੱਖ ’ਚੋਂ ਪਲਾਟੀਨਮ ਕੱਢਣ ਵਾਲੇ ਇਹਨਾਂ ਮਜ਼ਦੂਰਾਂ ਦੀ ਤਨਖਾਹ ਸਿਰਫ 4 ਹਜ਼ਾਰ ਰੈਂਡ ਪ੍ਰਤੀ ਮਹੀਨਾ ਹੈ। ਲੇਸੋਥੋ ਇਲਾਕੇ ’ਚੋਂ ਆਏ ਬਾਸੋਥੋ ਕਬੀਲੇ ਦੇ ਲੋਕ ਇਸ ਕੰਮ ’ਚ ਮਾਹਰ ਸਮਝੇ ਜਾਂਦੇ ਹਨ।

ਮਾਲਕਾਂ, ਪ੍ਰਸ਼ਾਸਕਾਂ ਅਤੇ ਪੁਲਸ ਅਧੀਕਾਰੀਆਂ ਨਾਲ, ਸਿੱਧਾ ਗਠਜੋੜ ਹੋਣ ਕਾਰਣ, ਖਾਣ ਮਜ਼ਦੂਰਾਂ ਦੀ ਕੌਮੀ ਯੂਨੀਅਨ ਇਹਨਾਂ ਮਜ਼ਦੂਰਾਂ ਦੀਆਂ ਉਜਰਤਾਂ ’ਚ ਵਾਧੇ ਦੀ ਮੰਗ ਕਰਨ ਲਈ ਤਿਆਰ ਨਹੀਂ ਸੀ। ਮਜ਼ਦੂਰਾਂ ਨੂੰ ਜੋ ਗੱਲ ਸਭ ਤੋਂ ਵੱਧ ਚੁੱਭਦੀ ਸੀ, ਉਹ ਇਹ ਕਿ ਜਿਸ ਜੱਥੇਬੰਦੀ ਦਾ ਜਨਰਲ ਸਕੱਤਰ ਫਰਾਂਸ ਬਾਲੇਨੀ, ਮਜ਼ਦੂਰਾਂ ਦੀ ਕਮਾਈ 1 ਲੱਖ 5 ਹਜ਼ਾਰ ਰੈਂਡ (12600 ਡਾਲਰ) ਪ੍ਰਤੀ ਮਹੀਨਾ ਤਨਖਾਹ ਲੈਂਦਾ ਸੀ, ਉਸ ਨੂੰ ਚਟਾਨਾਂ ਕੱਟਣ ਵਾਲੇ ਮਜ਼ਦੂਰਾਂ ਦੀ 12500 ਰੈਂਡ ਪ੍ਰਤੀ ਮਹੀਨਾ ਤਨਖਾਹ ਦੀ ਮੰਗ ਗੈਰ ਵਾਜਬ ਲਗਦੀ ਸੀ। ਆਖਰ ਨੂੰ ਇਹਨਾਂ ਮਜ਼ਦੂਰਾਂ ਨੇ ਵੱਖਰੀ ਜੱਥੇਬੰਦੀ - ਖਾਣ ਅਤੇ ਉਸਾਰੀ ਮਜ਼ਦੂਰਾਂ ਦੀ ਐਸੋਸੀਏਸ਼ਨ - ਐਮਕੂ ਕਾਇਮ ਕਰ ਲਈ ਅਤੇ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ। ਇਸ ਜੱਥੇਬੰਦੀ ਨੇ ਖਾਣ ਮਜ਼ਦੂਰਾਂ ਦੇ ਨਾਲ ਨਾਲ ਗਰੀਬ ਮਜ਼ਦੂਰਾਂ, ਬੇਜ਼ਮੀਨਿਆਂ ਅਤੇ ਟੱਪਰੀਵਾਸਾਂ ਨੂੰ ਸੰਗਠਿਤ ਕੀਤਾ।

**ਸਥਾਪਤ ਯੂਨੀਅਨਾਂ ਦੀ ਗੱਦਾਰੀ ਅਤੇ ਅੰਨ੍ਹੇ ਜਬਰ ਦੇ ਬਾਵਜੂਦ - ਮਜ਼ਦੂਰ ਨਵੇਂ ਲਾਂਘੇ ਭੰਨ ਰਹੇ ਹਨ**

ਐਮਕੂ ਨੇ ਪਹਿਲਾਂ ਦੁਨੀਆ ਦੀ ਸਭ ਤੋਂ ਵੱਡੀ ਪਲਾਟੀਨਮ ਕੰਪਨੀ ਇਮਪਲਾਸਟ ਦੀਆਂ ਖਾਣਾਂ ’ਚ ਸਤਾਰਾਂ ਹਫਤੇ ਲੰਬੀ ਸ਼ਾਨਦਾਰ ਹੜਤਾਲ ਕੀਤੀ। ਇਸ ਹੜਤਾਲ ਦੇ ਨਤੀਜੇ ਵਜੋਂ ਉਥੋਂ ਦੇ ਚੱਟਾਨਾਂ ਕੱਟਣ ਵਾਲੇ ਮਜ਼ਦੂਰਾਂ ਦੀਆਂ ਤਨਖਾਹਾਂ 4 ਹਜ਼ਾਰ ਰੈਂਡ ਤੋਂ ਵਧਾ ਕੇ 9500 ਰੈਂਡ ਪ੍ਰਤੀ ਮਹੀਨਾ ਕਰ ਦਿੱਤੀਆਂ ਗਈਆਂ। ਇਸ ਸੰਘਰਸ਼ ਦੀ ਜਿੱਤ ਨੇ ਜਿੱਥੇ ਲੋਨਮਿਨ ਕੰਪਨੀ ਦੇ ਮਜ਼ਦੂਰਾਂ ਦੇ ਹੌਂਸਲੇ ਬੁਲੰਦ ਕੀਤੇ ਉਥੇ ਸਥਾਪਤ ਆਗੂਆਂ ਨੂੰ ਬੇਚੈਨ ਕਰ ਦਿੱਤਾ। ਉਹਨਾਂ ਨੂੰ ਆਪਣੀ ਡਿੱਗਦੀ ਸਾਖ ਦੀ ਚਿੰਤਾ ਖੜੀ ਹੋ ਗਈ। ਪਰ ਸਰਕਾਰ ਭੱਗਤੀ ’ਚ ਅੰਨ੍ਹੇ ਹੋਏ ਇਹ ਆਗੂ ਸੰਘਰਸ਼ ਕਰ ਰਹੇ ਮਜ਼ਦੂਰਾਂ ਨਾਲ ਖੜਨ ਦੀ ਥਾਂ ਮਾਲਕਾਂ ਅਤੇ ਪੁਲਸ ਦੇ ਹੱਕ ’ਚ ਖੁੱਲ੍ਹ ਕੇ ਨਿੱਤਰ ਆਏ ਅਤੇ ਮਜ਼ਦੂਰਾਂ ਚੋਂ ਪੂਰੀ ਤਰ੍ਹਾਂ ਨਿੱਖੜ ਗਏ, ਇੱਥੋਂ ਤੱਕ ਕਿ ਉਹ ਮਜ਼ਦੂਰਾਂ ’ਚ ਭਾਸ਼ਣ ਵੀ ਪੁਲਸ ਦੀਆਂ ਬਖਤਰਬੰਦ ਗੱਡੀਆਂ ’ਚੋਂ ਹੀ ਕਰਦੇ ਸਨ। ਉਹਨਾਂ ਦੇ ਸਾਹਮਣੇ ਖੜੇ ਹੋਣ ਦੀ ਹਿੰਮਤ ਨਹੀਂ ਸਨ ਕਰਦੇ।

ਦੱਖਣੀ ਅਫਰੀਕਾ ਦੀ ਪੁਲਸ ਵਲੋਂ ਮਜ਼ਦੂਰਾਂ ਦੇ ਇਸ ਵਹਿਸ਼ੀ ਕਤਲੇਆਮ ਦੇ ਬਾਵਜੂਦ ਮਜ਼ਦੂਰਾਂ ਦਾ ਸੰਘਰਸ਼ ਦਿਨੋਂ ਦਿਨ ਹੋਰ ਫੈਲ ਰਿਹਾ ਹੈ। ਰਾਇਲ ਬੈਫੋਨਕੈਗ ਪਲਾਟੀਨਮ ਅਤੇ ਐਗਲੋ ਅਮੈਰੀਕਨ ਪਲਾਟੀਨਮ ਕੰਪਨੀਆਂ ਦੇ ਮਜ਼ਦੂਰਾਂ ਨੇ ਵੀ ਸੰਘਰਸ਼ ਦਾ ਝੰਡਾ ਚੁੱਕ ਲਿਆ ਹੈ।

ਅਸਲ ’ਚ ਮਜ਼ਦੂਰਾਂ ਦੀਆਂ ਕੰਮ ਅਤੇ ਜਿਉਣ ਹਾਲਤਾਂ ਉਹਨਾਂ ਨੂੰ ਸੰਘਰਸ਼ ਦੇ ਰਾਹ ’ਤੇ ਪੈਣ ਲਈ ਮਜਬੂਰ ਕਰ ਰਹੀਆਂ ਹਨ। ਹਰ ਸਾਲ ਮਾਰੀਕਾਨਾ ’ਚ ਪੁਲਸ ਵਲੋਂ ਮਾਰੇ ਮਜ਼ਦੂਰਾਂ ਤੋਂ ਕਈ ਗੁਣਾ ਵੱਧ ਮਜ਼ਦੂਰ ਖਾਣਾਂ ’ਚ ਵਾਪਰਦੇ ਹਾਦਸਿਆਂ ’ਚ ਮਾਰੇ ਜਾਂਦੇ ਹਨ। ਸਾਲ 2010 ’ਚ 128 ਮਜ਼ਦੂਰ ਇਹਨਾਂ ਹਾਦਸਿਆਂ ’ਚ ਮਾਰੇ ਗਏ ਸਨ। ਪ੍ਰਬੰਧਕਾਂ ਅਤੇ ਮਜ਼ਦੂਰਾਂ ਦੀਆਂ ਤਨਖਾਹਾਂ ’ਚ ਵੱਡਾ ਪਾੜਾ ਕਿਰਤ ਦੀ ਅੰਨ੍ਹੀਂ ਲੁੱਟ ਦਰਸਾਉਂਦਾ ਹੈ। ਲੋਨਮਿਨ ਕੰਪਨੀ ਆਪਣੇ ਮੁੱਖ ਪ੍ਰਸ਼ਾਸਕ ਨੂੰ ਜਿੰਨੀ ਤਨਖਾਹ ਅਤੇ ਭੱਤੇ ਹਰ ਸਾਲ ਦਿੰਦੀ ਹੈ, ਉਨੀਂ ਤਨਖਾਹ ਚੱਟਾਨਾਂ ਕੱਟਣ ਵਾਲਾ ਮਜ਼ਦੂਰ 400 ਸਾਲਾਂ ’ਚ ਕੰਮ ਕਰਕੇ ਵੀ ਨਹੀਂ ਕਮਾ ਸਕਦਾ।

ਚਾਹੇ ਦੱਖਨੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜੂਮਾ ਨੇ ਮਾਰੀਕਾਨਾ ਕਤਲੇਆਮ ਦੀ ਪੜਤਾਲ ਦੇ ਹੁਕਮ ਦਿੱਤੇ ਹਨ, ਪਰ ਇਹ ਪੜਤਾਲ ਮਹਿਜ਼ ਇੱਕ ਡਰਾਮਾ ਹੈ। ਇਸਦਾ ਮਕਸਦ ਪੁਲਸ, ਖਾਣ ਮਾਲਕਾਂ ਅਤੇ ਉਹਨਾਂ ਦੇ ਭਾਈਵਾਲਾਂ ਨੂੰ ਦੁੱਧ ਧੋਤੇ ਸਿੱਧ ਕਰਕੇ ਸਾਰਾ ਦੋਸ਼ ਮਜ਼ਦੂਰਾਂ ਅਤੇ ਉਹਨਾਂ ਦੀ ਸੰਘਰਸ਼ੀਲ ਜੱਥੇਬੰਦੀ ਐਮਕੂ ਸਿਰ ਮੜ੍ਹਨਾ ਹੈ।

---

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 ▲ Ph: 905 479 5807

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਗ਼ਦਰ ਲਹਿਰ ਦੀ ਸਹੀ ਕਦਰ

ਗ਼ਦਰ ਲਹਿਰ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਸ਼ਾਨਾਮੱਤਾ ਅਧਿਆਇ ਹੈ। ਬ੍ਰਿਟਿਸ਼ ਹਕੂਮਤ ਵਿਰੁੱਧ ਇਹ ਅੰਦੋਲਨ ਸਹੀ ਅਰਥਾਂ ਵਿਚ ਰਾਜਸੀ ਚੇਤਨਾ ਤੋਂ ਪ੍ਰੇਰਤ ਸਪਸ਼ਟ ਰਾਜਸੀ ਨਿਸ਼ਾਨੇ ਵਾਲਾ ਲੋਕ ਸੰਘਰਸ਼ ਸੀ। ਇਸ ਦਾ ਸਰੂਪ ਅਫਿਰਕੂ ਹੋਣ ਕਾਰਨ ਇਹ ਬੜੇ ਵਿਸ਼ਾਲ ਆਧਾਰ ਵਾਲਾ ਰਾਸ਼ਟਰੀ ਅੰਦੋਲਨ ਵੀ ਸੀ। ਗ਼ਦਰ ਲਹਿਰ ਦੌਰਾਨ ਅਨੇਕਾਂ ਦੇਸ਼ ਭਗਤਾਂ ਨੇ ਬ੍ਰਿਟਿਸ਼ ਹਕੂਮਤ ਦੇ ਜ਼ਬਰ-ਜ਼ੁਲਮ ਦਾ ਸਾਹਮਣਾ ਕੀਤਾ, ਹੱਸ-ਹੱਸ ਕੇ ਫਾਂਸੀਆਂ ਦੇ ਤਖ਼ਤਿਆਂ ਤੇ ਚੜ੍ਹੇ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਝੱਲੀਆਂ, ਜਾਇਦਾਦਾਂ ਜ਼ਬਤ ਕਰਵਾ ਕੇ ਘਰੋਂ ਬੇਘਰ ਹੋਏ, ਪਰ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਬੜੀ ਜਰਖ਼ੇਜ਼ ਜ਼ਮੀਨ ਤਿਆਰ ਕੀਤੀ। 'ਗ਼ਦਰ' ਨਾਂ ਦਾ ਰਸਾਲਾ ਨਵੰਬਰ 1913 ਵਿਚ ਆਰੰਭ ਕੀਤਾ ਗਿਆ ਸੀ। ਇਸੇ ਰਸਾਲੇ ਦੇ ਨਾਂ ਤੋਂ ਹੀ ਗ਼ਦਰ ਪਾਰਟੀ ਦਾ ਨਾਂ ਰੱਖਿਆ ਗਿਆ। ਹਰਦਿਆਲ, ਬਾਬਾ ਸੋਹਣ ਸਿੰਘ ਭਕਨਾ, ਤਾਰਕਨਾਥ ਦਾਸ ਅਤੇ ਕਾਂਸ਼ੀ ਰਾਮ ਮੜੌਲੀ ਜਿਹੇ ਦੇਸ਼ ਭਗਤ ਇਸ ਦੇ ਬਾਨੀ ਸਨ ਜਿਨ੍ਹਾਂ ਨੇ ਭਾਰਤੀਆਂ ਦੀ ਅਣਖ ਨੂੰ ਹਲੂਣਿਆ। ਗ਼ਦਰ ਵਿਚ ਇਕ ਇਸ਼ਤਿਹਾਰ ਕੁਝ ਇਸ ਤਰ੍ਹਾਂ ਪ੍ਰਕਾਸ਼ਤ ਹੋਇਆ ''ਭਾਰਤ ਵਿਚ ਗ਼ਦਰ ਲਿਆਉਣ ਲਈ ਸੂਰਮੇ ਸਿਪਾਹੀਆਂ ਦੀ ਲੋੜ ਹੈ। ਤਨਖਾਹ-ਮੌਤ; ਮੁੱਲ-ਸ਼ਹੀਦੀ; ਪੈਨਸ਼ਨ-ਸੁਤੰਤਰਤਾ; ਰਣ ਖੇਤਰ-ਭਾਰਤ।'' ਕਾਮਾਗਾਟਾ ਮਾਰੂ ਦਾ ਸਾਕਾ ਗ਼ਦਰ ਪਾਰਟੀ ਦੀ ਪਹਿਲੀ ਕਾਰਵਾਈ ਹੋ ਨਿਬੜਿਆ। ਇਸ ਜਹਾਜ਼ ਵਿਚ ਕਨੇਡਾ ਲਈ ਲੋਕ ਸੱਦ ਕੇ ਲਿਆਏ ਜਾ ਰਹੇ ਸਨ। ਕਨੇਡਾ ਪਹੁੰਚਣ 'ਤੇ ਉਨ੍ਹਾਂ ਨੂੰ ਕਨੇਡਾ 'ਚ ਪ੍ਰਵੇਸ਼ ਨਾ ਕਰਨ ਦਿੱਤਾ ਗਿਆ ਅਤੇ ਦੋ ਮਹੀਨੇ ਖੱਜਲ-ਖੁਆਰੀ ਮਗਰੋਂ ਜਦ ਉਹ ਕਲਕੱਤਾ ਵਾਪਸ ਆਏ ਤਾਂ ਉਨ੍ਹਾਂ ਅੰਗਰੇਜ਼ ਸਰਕਾਰ ਦੀ ਤਿਆਰ ਕੀਤੀ ਰੇਲ ਵਿਚ ਬੈਠਣੋਂ ਨਾਂਹ ਕਰ ਦਿੱਤੀ। ਗੋਲੀ ਚੱਲੀ, 20 ਤੋਂ 40 ਤਕ ਬੰਦੇ ਸ਼ਹੀਦ ਹੋ ਗਏ, ਅਨੇਕਾਂ ਜ਼ਖਮੀ ਹੋਏ। ਤੋਸ਼ਾਮਾਰੂ ਜਹਾਜ਼ ਨਾਲ ਵੀ ਇੰਝ ਹੀ ਵਾਪਰਿਆ। ਇਨ੍ਹਾਂ ਘਟਨਾਵਾਂ ਨੇ ਹਿੰਦ ਵਾਸੀਆਂ ਦੀ ਅਣਖ ਨੂੰ ਵੰਗਾਰਿਆ ਤੇ ਬਾਹਰ ਬੈਠੇ ਪੰਜਾਬੀਆਂ ਨੇ ਤਾਂ ਵਤਨ ਪਰਤ ਕੇ ਬ੍ਰਿਟਿਸ਼ ਹਕੂਮਤ ਵਿਰੁੱਧ ਹਥਿਆਰਬੰਦ ਘੋਲ ਲੜਨ ਦਾ ਪ੍ਰਣ ਕਰ ਲਿਆ। ਗ਼ਦਰੀ ਦੇਸ਼ ਭਗਤਾਂ ਨੇ ਜਿਸ ਸਮਰਪਣ ਭਾਵਨਾ ਤੇ ਸਿਦਕਦਿਲੀ ਨਾਲ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ, ਉਸੇ ਤਰ੍ਹਾਂ ਦੀ ਸ਼ਰਧਾ ਨਾਲ ਅਸੀਂ ਉਨ੍ਹਾਂ ਨੂੰ ਯਾਦ ਕਰਦੇ ਰਹੇ ਹਾਂ, ਪਰ ਹੁਣ ਰੁਝਾਨ ਥੋੜ੍ਹਾ ਬਦਲ ਰਿਹਾ ਹੈ। ਪਿੱਛੇ ਜਿਹੇ ਪੰਜਾਬ ਸਰਕਾਰ ਨੇ ਗ਼ਦਰ ਲਹਿਰ ਦੀ ਯਾਦ ਵਿਚ ਸਮਾਗਮ ਅਤੇ ਹੋਰ ਕਈ ਤਰ੍ਹਾਂ ਦੇ ਪ੍ਰੋਗਰਾਮ ਉਲੀਕਣ ਲਈ ਕਮੇਟੀਆਂ ਬਣਾਈਆਂ। ਇਨ੍ਹਾਂ ਕਮੇਟੀਆਂ ਵਿਚ ਸਰਕਾਰੀ ਧਿਰ ਦੇ ਮੈਂਬਰ ਇਸ ਗੱਲ 'ਤੇ ਜ਼ੋਰ ਦਿੰਦੇ ਰਹੇ ਕਿ ਕਿਸੇ ਤਰੀਕੇ ਨਾਲ ਗ਼ਦਰ ਲਹਿਰ ਦੀਆਂ ਵਿਦੇਸ਼ਾਂ ਵਿਚ ਸਥਾਪਤ ਜਥੇਬੰਦੀਆਂ ਦੇ ਫੰਡ ਆਪਣੀ (ਸਰਕਾਰੀ) ਪਹੁੰਚ ਵਿਚ ਕੀਤੇ ਜਾਣ, ਭਾਵ ਫੰਡ ਯਾਦਗਾਰੀ ਕਮੇਟੀਆਂ ਦੇ ਹੋਣ ਤੇ ਸਮਾਗਮਾਂ ਦਾ ਸਿਹਰਾ ਸਰਕਾਰ ਸਿਰ ਬੱਝੇ। ਸਰਕਾਰ ਦੇ ਇਹ ਯਤਨ ਭਾਵੇਂ ਸਫ਼ਲ ਨਹੀਂ ਹੋਏ ਪਰ ਇਹ ਯਤਨ ਸੰਵੇਦਨਸ਼ੀਲ ਹਿਰਦਿਆਂ ਨੂੰ ਵਲੂੰਧਰਣ ਵਾਲੇ ਸਨ। ਇਸੇ ਤਰ੍ਹਾਂ ਦੇ ਯਤਨਾਂ ਦਾ ਹੀ ਇਕ ਹਿੱਸਾ ਹੁੰਦੇ ਹਨ ਉਹ ਸਮਾਗਮ ਜਦੋਂ ਗ਼ਦਰੀਆਂ ਵਰਗੀਆਂ ਬੇਮਿਸਾਲ ਕੁਰਬਾਨੀਆਂ ਕਰਨ ਵਾਲਿਆਂ ਦੀ ਯਾਦ ਬਾਜ਼ਾਰੀ ਗਾਇਕ/ਗਾਇਕਾਵਾਂ ਦੇ ਅਖਾੜੇ ਲਗਾ ਕੇ ਮਨਾਈ ਜਾਂਦੀ ਹੈ। ਕੁਰਬਾਨੀ ਗੰਭੀਰਤਾ ਦਾ ਸੁਨੇਹਾ ਦਿੰਦੀ ਹੈ, ਇਹ ਨੱਚਣ-ਟੱਪਣ ਲਈ ਨਹੀ ਉਕਸਾਉਂਦੀ। ਨੱਚਣ-ਟੱਪਣ ਦੇ ਇਨ੍ਹਾਂ ਪ੍ਰੋਗਰਾਮਾਂ ਨੂੰ ਉਨ੍ਹਾਂ ਲੋਕਾਂ ਦਾ ਥਾਪੜਾ ਮਿਲਣ ਦਾ ਤੱਥ ਜਦੋਂ ਸਾਹਮਣੇ ਆਉਂਦਾ ਹੈ, ਜਿਹੜੇ ਗ਼ਦਰੀਆਂ ਦੇ ਵਾਰਸ ਹੋਣ ਦਾ ਦਮ ਵੀ ਭਰਦੇ ਹਨ ਤਾਂ ਚਿੰਤਾ ਹੋਣੀ ਸੁਭਾਵਕ ਹੀ ਹੋ ਜਾਂਦੀ ਹੈ। ਸਾਡੀ ਜਾਚੇ ਗ਼ਦਰ ਲਹਿਰ ਦੀ ਯਾਦ ਲਈ ਰਚਾਇਆ ਜਾਣ ਵਾਲਾ ਹਰ ਸਮਾਗਮ ਨਾ ਕੇਵਲ ਗੰਭੀਰ ਹੀ ਹੋਣਾ ਚਾਹੀਦਾ ਹੈ, ਸਗੋਂ ਸਮਾਜਕ ਅਤੇ ਰਾਜਸੀ ਪ੍ਰਤੀਬੱਧਤਾ ਤੋਂ ਵੀ ਪ੍ਰੇਰਤ ਹੋਣਾ ਚਾਹੀਦਾ ਹੈ ਕਿਉਂਕਿ ਗ਼ਦਰ ਲਹਿਰ ਦੇ ਵੀ ਇਹੋ ਦੋ ਵੱਡੇ ਸਰੋਕਾਰ ਸਨ। ਇੰਝ ਕਰਕੇ ਹੀ ਗ਼ਦਰ ਲਹਿਰ ਦੀ ਸਹੀ ਕਦਰ ਪਾਈ ਜਾ ਸਕਦੀ ਹੈ।

| | |
|---|---|
| ਸੰਪਾਦਕੀ ਬੋਰਡ | ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ |
| ਸਲਾਹਕਾਰ ਬੋਰਡ | ਡਾ ਕਰਮਜੀਤ ਸਿੰਘ (ਕੁਰਕਸ਼ੇਤਰ) |
| | ਪ੍ਰੋ ਰਾਕੇਸ਼ ਰਮਨ (ਲੁਧਿਆਣਾ) |
| | ਸੁਲੱਖਣ ਸਰਹੱਦੀ (ਗੁਰਦਾਸਪੁਰ) |
| | ਜਸਬੀਰ ਦਿਓਲ (ਐਡਮਿੰਟਨ) |
| | ਜੈਸੀ ਸਿੰਘ (ਕੈਲਗਰੀ) |
| | ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ) |

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

# ਯੋਗ ਉਦਯੋਗਪਤੀ ਰਾਮਦੇਵ ਦੀ ਮਹਾਂਭ੍ਰਾਂਤੀ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਯੋਗ ਮੱਤ ਅਤੇ ਅਸਲ ਮਾਨਵ ਕਲਿਆਣਕਾਰੀ ਧਰਮ ਵਿਚਾਲੇ ਲਕੀਰ ਤਾਂ ਗੁਰੂ ਨਾਨਕ ਦੇਵ ਜੀ ਨੇ ਹੀ ਖਿੱਚ ਦਿੱਤੀ ਸੀ। ਉਨ੍ਹਾਂ ਨੇ ਆਪਣੇ ਸਮੇਂ ਦੇ ਯੋਗ ਸਿਧਾਂਤਕਾਰਾਂ ਨਾਲ ਬਾਕਾਇਦਾ ਵਿਚਾਰ-ਗੋਸ਼ਟੀ ਕੀਤੀ ਸੀ। ਗੁਰੂ ਜੀ ਨੇ ਯੋਗ ਮੱਤ ਦਾ ਅਤੇ ਯੋਗੀਆਂ ਦੀਆਂ ਗਤੀਵਿਧੀਆਂ ਦਾ ਬੜਾ ਬਾਰੀਕਬੀਨੀ ਨਾਲ ਅਧਿਐਨ ਕੀਤਾ ਹੋਇਆ ਸੀ। ਉਨ੍ਹਾਂ ਨੇ ਯੋਗ ਮੱਤ ਦਾ ਖੰਡਨ ਇਸ ਮੱਤ ਅੰਦਰਲੀ ਚਤੁਰਾਈ ਨੂੰ ਆਧਾਰ ਬਣਾ ਕੇ ਕੀਤਾ। ਗੁਰੂ ਜੀ ਨੇ ਬੜੇ ਸਪਸ਼ਟ ਲਹਿਜ਼ੇ ਵਿਚ ਕਿਹਾ ਕਿ ਆਪਣੀ ਚਤੁਰਾਈ ਨਾਲ ਯੋਗੀ ਰਿੱਧੀਆਂ-ਸਿੱਧੀਆਂ ਨੂੰ ਵੱਸ ਵਿਚ ਤਾਂ ਕਰ ਸਕਦੇ ਹਨ, ਲੋਕਾਂ 'ਤੇ ਆਪਣਾ ਜਾਦੂ ਵੀ ਚਲਾ ਸਕਦੇ ਹਨ, ਪਰ ਚੰਗਿਆਈ ਨੂੰ ਨਹੀਂ ਪਾ ਸਕਦੇ। ਭਾਵੇਂ ਯੋਗ ਉਦਯੋਗਪਤੀ ਰਾਮਦੇਵ ਦਾ ਮੱਧਕਾਲ ਦੇ ਯੋਗ ਮੱਤ ਨਾਲ ਸਬੰਧ ਕਾਫੀ ਓਪਰਾ ਜਿਹਾ ਹੀ ਹੈ, ਫਿਰ ਵੀ ਉਸ ਦੀ ਸਮੁੱਚੀ ਜੀਵਨ ਸਰਗਰਮੀ ਵਿਚ 'ਚਤੁਰਾਈ' ਵਾਲੀ ਮੱਧਕਾਲੀਨ ਜੁਗਤ ਬਰਕਰਾਰ ਹੈ। ਇਸ ਸਮੇਂ ਦੇਸ਼ ਦੇ ਰਾਜਸੀ ਸਭਿਆਚਾਰ ਦੀ ਸ਼ਾਇਦ ਹੀ ਕੋਈ ਅਜਿਹੀ ਸ਼ਖ਼ਸੀਅਤ ਹੋਵੇ ਜਿਹੜੀ 'ਚਤੁਰਾਈ' ਵਿਚ ਰਾਮਦੇਵ ਦਾ ਮੁਕਾਬਲਾ ਕਰਨ ਦੇ ਯੋਗ ਹੋਵੇ। ਉਹ ਆਪਣੀਆਂ ਤੇਜ਼-ਤਰਾਰ ਗੱਲਾਂ ਨਾਲ ਵੱਡਿਆਂ-ਵੱਡਿਆਂ ਦੇ ਕੰਨ ਕੁਤਰਨ ਦੀ ਸਮਰੱਥਾ ਰੱਖਦਾ ਹੈ।

ਰਾਮਦੇਵ ਦੀਆਂ ਚਤੁਰਾਈਆਂ ਇਸ ਸਮੇਂ ਭ੍ਰਾਂਤੀਆਂ ਪੈਦਾ ਕਰ ਰਹੀਆਂ ਹਨ। ਇਸ ਵਾਰ ਰਾਮ ਲੀਲਾ ਮੈਦਾਨ 'ਚ ਉਸ ਹੈ ਤੇ ਦੇਸ਼ ਦੀ ਭ੍ਰਿਸ਼ਟ ਮਸ਼ੀਨਰੀ ਜਿਥੇ ਪਹਿਲਾਂ ਹੀ ਐਨਾ ਜਨਤਕ ਧਨ ਹੜੱਪ ਕਰੀ ਜਾ ਰਹੀ ਹੈ, ਉਥੇ ਵਾਪਸ ਆਇਆ ਕਾਲਾ ਧਨ ਹੜੱਪ ਕਰਨ ਲੱਗੀ ਵੀ ਨਹੀਂ ਹਿਚਕਿਚਾਏਗੀ। ਕਿਹਾ ਜਾ ਸਕਦਾ ਹੈ ਕਿ ਰਾਮਦੇਵ ਵੱਲੋਂ ਭ੍ਰਿਸ਼ਟਾਚਾਰ ਨੂੰ ਮਿਟਾਉਣ ਦੀ ਗੱਲ ਵੀ ਕਹੀ ਜਾ ਰਹੀ ਹੈ, ਪਰ ਯਾਦ ਰੱਖਣ ਵਾਲੀ ਗੱਲ ਹੈ ਕਿ ਭ੍ਰਿਸ਼ਟਾਚਾਰ ਨੂੰ ਰਾਮਦੇਵ ਅਤੇ ਉਸ ਦੀ ਕੰਪਨੀ ਇਕ ਗਠਜੋੜ ਦੀ ਥਾਂ ਦੂਜੇ ਗਠਜੋੜ ਦੀ ਸਰਕਾਰ ਲਿਆ ਕੇ ਜਾਂ ਫਿਰ ਲੋਕਪਾਲ ਵਰਗਾ ਕਾਨੂੰਨ ਬਣਾ ਕੇ ਮਿਟਾਉਣਾ ਚਾਹੁੰਦੀ ਹੈ, ਜਦ ਕਿ ਭ੍ਰਿਸ਼ਟਾਚਾਰ ਇਉਂ ਖ਼ਤਮ ਹੋਣਾ ਹੁੰਦਾ ਤਾਂ ਪਿਛਲੀ ਐਨ.ਡੀ.ਏ ਸਰਕਾਰ ਸਮੇਂ ਖ਼ਤਮ ਹੋ ਜਾਣਾ ਸੀ। ਰਾਮਦੇਵ ਦੀ ਚਤੁਰਾਈ ਦੇਖੋ ਕਿ ਉਹ ਗੱਲ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੀ ਕਰ ਰਿਹਾ ਹੈ ਤੇ ਦੂਜੇ ਪਾਸੇ ਸੱਤਾਧਾਰੀ ਭ੍ਰਿਸ਼ਟਾਚਾਰੀ ਗਠਜੋੜ ਦੇ ਵਿਰੁੱਧ ਬਰਾਬਰ



ਵੱਲੋਂ ਦਿੱਤਾ ਮਹਾਂਕ੍ਰਾਂਤੀ ਦਾ ਨਾਅਰਾ ਦਰਅਸਲ 'ਮਹਾਂਭ੍ਰਾਂਤੀ' ਅਖਵਾਉਣ ਦਾ ਹੀ ਹੱਕਦਾਰ ਹੈ। ਥੋੜ੍ਹੇ-ਥੋੜ੍ਹੇ ਮਹੀਨਿਆਂ ਦੇ ਵਕਫ਼ੇ ਨਾਲ ਦਿੱਲੀ 'ਚ ਕੀਤੇ ਜਾਂਦੇ 'ਅੰਨਸ਼ਨ' ਰੂਪੀ ਪ੍ਰਯੋਜਤ ਅੰਦੋਲਨ ਇਸ ਚਤੁਰਾਈ ਦਾ ਨਤੀਜਾ ਹਨ ਕਿ ਮੱਧਵਰਗੀ ਮਾਨਸਿਕਤਾ ਉਪਰ ਉਨ੍ਹਾਂ ਰਾਜਸੀ ਅਤੇ ਆਰਥਕ ਸ਼ਕਤੀਆਂ ਦੀ ਪਕੜ ਕਾਇਮ ਰੱਖੀ ਜਾਵੇ, ਜਿਹੜੀਆਂ ਵਰਤਮਾਨ ਵਿਵਸਥਾ ਦਾ ਆਪਣੇ ਮੁਨਾਫ਼ਿਆਂ ਲਈ ਭਰਪੂਰ ਲਾਭ ਉਠਾ ਰਹੀਆਂ ਹਨ। ਦੇਸ਼ ਉਪਰ ਕਾਬਜ਼ ਰਾਜਸੀ ਤੇ ਆਰਥਕ ਵਰਗ ਜਾਣਦੇ ਹਨ ਕਿ ਵਰਤਮਾਨ ਪ੍ਰਸਥਿਤੀਆਂ ਵਿਚ ਬਦਲਾਅ ਮੱਧਵਰਗ ਦੀ ਪ੍ਰਮੁੱਖ ਤਾਂਘ ਹੈ, ਇਸ ਲਈ ਜ਼ਰੂਰੀ ਹੈ ਕਿ ਵਿਵਸਥਾ ਅੰਦਰ ਬਦਲਾਅ ਦੇ ਕੁਝ ਅਜਿਹੇ ਮੁੱਦੇ ਉਛਾਲੇ ਜਾਣ ਕਿ ਮੱਧਵਰਗੀ ਮਾਨਸਿਕਤਾ ਨੂੰ ਹੁਲ੍ਹਾਰਾ ਵੀ ਮਿਲਦਾ ਰਹੇ ਅਤੇ ਵਿਵਸਥਾ ਪਰਿਵਰਤਨ ਵੀ ਨਾ ਹੋਵੇ। ਭਾਵ ਵਿਵਸਥਾ ਉਵੇਂ-ਜਿਵੇਂ ਜਨਤਾ ਦੀ ਲੁੱਟ ਦਾ ਜ਼ਰੀਆ ਬਣੀ ਰਹੇ। ਅਸੀਂ ਜਾਣਦੇ ਹਾਂ ਕਿ ਇਸ ਸਮੇਂ ਦੇਸ਼ ਅੰਦਰਲਾ ਸਰਮਾਇਆ ਆਮ ਲੋਕਾਂ ਦੀ ਲੁੱਟ ਦਾ ਸਭ ਤੋਂ ਜ਼ਬਰਦਸਤ ਔਜ਼ਾਰ ਬਣਿਆ ਹੋਇਆ ਹੈ। ਰਾਮਦੇਵ ਖੁਦ ਭਾਰੀ ਸਰਮਾਏ ਦਾ ਮਾਲਕ ਹੈ ਤੇ ਉਸ ਦੀ ਇਕ ਅਜਿਹੇ ਉਦਯੋਗ ਉਪਰ ਅਜ਼ਾਰੇਦਾਰੀ ਹੈ, ਜਿਸ ਰਾਹੀਂ ਉਸ ਦੀ ਸਰਮਾਏ ਪੱਖੋਂ ਸਥਿਤੀ ਦਿਨ-ਬ-ਦਿਨ ਵਧੇਰੇ ਮਜ਼ਬੂਤ ਹੁੰਦੀ ਜਾ ਰਹੀ ਹੈ। ਇਹ ਸਰਮਾਇਆ ਲੋਕਾਂ ਦੇ ਪਸੀਨੇ 'ਚੋਂ ਆ ਰਿਹਾ ਹੈ, ਪਰ ਰਾਮਦੇਵ ਇਸ ਸਰਮਾਏ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਕੇ ਕੇਵਲ ਵਿਦੇਸ਼ਾਂ ਵਿਚ (ਕੁਝ ਭਾਰਤੀਆਂ ਦੇ) ਜਮ੍ਹਾਂ 'ਕਾਲੇ ਧਨ' ਉਪਰ ਹੀ ਕੇਂਦਰਤ ਕਰ ਰਿਹਾ ਹੈ। ਇਹ ਕਾਲਾ ਧਨ ਨਿਰਸੰਦੇਹ ਭਾਰਤੀਆਂ ਦਾ ਹੀ ਹੈ, ਪਰ ਭਾਰਤਵਾਸੀ ਇਸ ਸਮੇਂ ਦੇਸ਼ ਅੰਦਰਲੇ ਸਰਮਾਏ, ਜੋ ਧਨ ਕੁਬੇਰਾਂ ਦੇ ਹੱਥਾਂ ਵਿਚ ਬੜੀ ਤੇਜ਼ੀ ਨਾਲ ਇਕੱਤਰ ਹੋ ਰਿਹਾ ਹੈ, ਦੀ ਮਾਰ ਹੇਠ ਆਏ ਹੋਏ ਹਨ। ਰਾਮਦੇਵ ਸਭ ਤੋਂ ਵੱਡੀ ਭ੍ਰਾਂਤੀ ਇਹ ਸ਼ੋਰ ਮਚਾ ਕੇ ਪੈਦਾ ਕਰ ਰਿਹਾ ਹੈ ਕਿ ਆਮ ਲੋਕਾਂ ਦੀ ਦੁਖਦਾਇਕ ਜੀਵਨ ਦਸ਼ਾ ਦਾ ਕਾਰਨ ਵਿਦੇਸ਼ਾਂ ਵਿਚਲਾ ਕਾਲਾ ਧਨ ਹੀ ਹੈ, ਜਦ ਕਿ ਦੇਸ਼ ਅੰਦਰਲੇ ਕਥਿਤ 'ਚਿੱਟੇ ਧਨ' ਤੋਂ ਵੀ ਜਨਤਾ ਕੋਈ ਘੱਟ ਦੁਖੀ ਨਹੀਂ ਹੈ।

ਵਿਦੇਸ਼ਾਂ ਵਿਚ ਜਮ੍ਹਾਂ ਕਾਲਾ ਧਨ ਦੇਸ਼ ਵਿਚ ਕਿੰਨਾ, ਕਿਵੇਂ ਤੇ ਕਦੋਂ ਆਉਣਾ ਹੈ? ਇਸ ਸਵਾਲ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਹੈ। ਪਰ ਜੇਕਰ ਕਾਲਾ ਧਨ ਫਰਜ਼ ਕਰੋ ਕਿ ਵਾਪਸ ਆ ਵੀ ਜਾਂਦਾ ਹੈ ਤਾਂ ਵੀ ਇਹ ਸਿੱਧਾ ਜਨਤਾ ਦੇ ਬੈਂਕ ਖਾਤਿਆਂ ਵਿਚ ਤਾਂ ਚਲਾ ਨਹੀਂ ਜਾਣਾ, ਇਹ ਦੇਸ਼ ਦੀ ਪ੍ਰਸ਼ਾਸਨਿਕ ਮਸ਼ੀਨਰੀ ਕੋਲ ਆਉਣਾ ਦੇ ਭ੍ਰਿਸ਼ਟਾਚਾਰੀ ਗਠਜੋੜ ਨੂੰ ਰਾਜਸੀ ਮਜ਼ਬੂਤੀ ਬਖਸ਼ ਰਿਹਾ ਹੈ। ਇਸ ਵਾਰ ਦੇ 'ਅੰਨਸ਼ਨ' ਸਮੇਂ ਦੇਸ਼ ਦੀਆਂ ਫਿਰਕਾਪ੍ਰਸਤ ਅਤੇ ਭ੍ਰਿਸ਼ਟਾਚਾਰੀ ਰਾਜਸੀ ਧਿਰਾਂ ਸ਼ਰ੍ਹੇਆਮ ਰਾਮਦੇਵ ਦੇ ਨਾਲ ਸਨ। ਨਾ ਕੇਵਲ ਕੌਮੀ ਪੱਧਰ 'ਤੇ ਸਗੋਂ ਖੇਤਰੀ ਪੱਧਰ 'ਤੇ ਵੀ ਰਾਮਦੇਵ ਨੇ ਕਾਂਗਰਸ ਖਿਲਾਫ਼ ਸਦਾ ਉਨ੍ਹਾਂ ਲੋਕਾਂ ਦਾ ਸਾਥ ਦਿੱਤਾ ਹੈ, ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਜਿਨ੍ਹਾਂ ਦਾ ਆਪਣਾ ਰਿਕਾਰਡ ਵੀ ਬਹੁਤ ਮਾੜਾ ਹੈ। ਇਸ ਪੱਖੋਂ ਦੂਰ ਜਾਣ ਦੀ ਲੋੜ ਨਹੀਂ, ਆਪਣੇ ਪੰਜਾਬ ਦੀ ਮਿਸਾਲ ਹੀ ਲਈ ਜਾ ਸਕਦੀ ਹੈ। ਦਰਅਸਲ ਜਦੋਂ ਤਕ ਸਰਮਾਇਆ ਦਲਾਲ ਰਾਜਸੀ ਪਾਰਟੀਆਂ ਨੂੰ ਸੱਤਾ 'ਚ ਲਿਆਉਣ, ਅਖੌਤੀ ਜਨਤਕ ਅੰਦੋਲਨ ਖੜ੍ਹੇ ਕਰਨ, ਪ੍ਰਸ਼ਾਸਨਿਕ ਮਸ਼ੀਨਰੀ ਨੂੰ ਕੁਝ ਕੰਪਨੀਆਂ ਦੁਆਰਾ ਆਪਣੇ ਹੱਥ ਹੇਠ ਰੱਖਣ ਅਤੇ ਮੀਡੀਆ 'ਤੇ ਨਿਯੰਤਰਣ ਰੱਖਣ ਲਈ ਮੌਜੂਦ ਹੈ, ਉਦੋਂ ਤਕ ਭ੍ਰਿਸ਼ਟਾਚਾਰ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ। ਰਾਮਦੇਵ ਹੁਰੀਂ ਭ੍ਰਿਸ਼ਟਾਚਾਰ ਦੇ ਖ਼ਾਤਮੇ ਦੀਆਂ ਗੱਲਾਂ ਕਰਕੇ ਕੇਵਲ ਭ੍ਰਾਂਤੀਆਂ ਹੀ ਪੈਦਾ ਕਰ ਰਹੇ ਹਨ, ਉਂਝ ਉਨ੍ਹਾਂ ਨੂੰ ਪਤਾ ਹੈ ਕਿ ਭ੍ਰਿਸ਼ਟਾਚਾਰ ਇੰਝ ਨਾ ਖ਼ਤਮ ਹੋਣਾ ਹੈ ਤੇ ਨਾ ਹੀ ਉਨ੍ਹਾਂ ਨੂੰ ਇਸ ਦੇ ਖ਼ਾਤਮੇ ਦੀ ਜ਼ਰੂਰਤ ਹੈ।

ਇਕ ਹੋਰ ਭ੍ਰਾਂਤੀ ਜੋ ਰਾਮਦੇਵ ਦੀਆਂ ਗਤੀਵਿਧੀਆਂ ਤੇ ਕਾਰਜਸ਼ੈਲੀ ਦੀ ਹੀ ਉਪਜ ਹੈ, ਉਹ ਇਹ ਹੈ ਕਿ ਹੁਣ ਜਨਤਕ ਅੰਦੋਲਨ ਕੇਵਲ ਇਲੈਕਟ੍ਰੌਨਿਕ ਮੀਡੀਆ ਰਾਹੀਂ ਹੀ ਉਭਰਨੇ, ਇਸ ਦੁਆਰਾ ਹੀ ਨਿਯੰਤਰਣ ਵਿਚ ਰਹਿਣੇ ਹਨ, ਮੀਡੀਆ ਤੋਂ ਬਾਹਰ ਅੰਦੋਲਨ ਦੀ ਕੋਈ ਹੋਂਦ ਨਹੀਂ। ਇਸ ਭ੍ਰਾਂਤੀ ਦਾ ਅਰਥ ਹੈ ਕਿ ਦੱਬੇ-ਕੁਚਲੇ ਵਰਗ ਤਾਂ ਅੰਦੋਲਨ ਕਰ ਹੀ ਸਕਣਗੇ ਕਿਉਂਕਿ ਦੇਸ਼ ਦਾ ਬੇਹੱਦ ਮਹਿੰਗਾ ਮੀਡੀਆ ਉਨ੍ਹਾਂ ਦੀ ਪਹੁੰਚ ਵਿਚ ਹੀ ਨਹੀਂ ਹੈ। ਉਂਝ ਇਹ ਭੁਲੇਖਾ ਬਹੁਤਾ ਸਮਾਂ ਬਣਿਆ ਰਹਿਣ ਵਾਲਾ ਨਹੀਂ ਹੈ। ਜਨਤਕ ਅੰਦੋਲਨ ਜਨਤਾ ਦੀ ਜਾਗਰੂਕਤਾ ਵਿਚੋਂ ਹੀ ਉਪਜਦੇ ਤੇ ਉਭਰਦੇ ਹਨ ਤੇ ਅਸਲ ਜਨਤਕ ਅੰਦੋਲਨਾਂ ਨੂੰ ਮੀਡੀਆ ਦੀ ਚਿੰਤਾ ਨਹੀਂ ਹੁੰਦੀ। ਇਹ ਅੰਦੋਲਨ ਲੰਮੇ ਸਮੇਂ ਤਕ ਪ੍ਰਭਾਵ ਛੱਡਣ ਵਾਲੇ ਹੁੰਦੇ ਹਨ, ਇਹ ਮਹਿਜ਼ 'ਵਰਤ ਰੱਖ ਲਿਆ' 'ਵਰਤ ਤੋੜ ਦਿੱਤਾ' ਵਰਗੀਆਂ ਕਸਰਤਾਂ ਤੇ ਕੈਮਰਿਆਂ (ਟੀ.ਵੀ) ਅੱਗੇ ਕੀਤੀ ਡਾਇਲਾਗਬਾਜ਼ੀ ਅਥਵਾ ਡਰਾਮੇਬਾਜ਼ੀ ਨਹੀਂ ਹੁੰਦੇ। ਰਾਮਦੇਵ ਦੇ ਆਪਣੇ ਭਗਵੇਂ ਸਾਥੀਆਂ ਨਾਲ ਮਿਲ ਕੇ ਕੀਤੇ ਜਾ ਰਹੇ ਅੰਦੋਲਨ ਕੇਵਲ ਤੇ ਕੇਵਲ ਮਹਾਂਭ੍ਰਾਂਤੀ ਪੈਦਾ ਕਰ ਰਹੇ ਹਨ। ਆਪਣੀਆਂ ਸਰਗਰਮੀਆਂ ਨੂੰ ਮਹਾਂਕ੍ਰਾਂਤੀ ਦਾ ਨਾਂ ਦੇ ਕੇ ਰਾਮਦੇਵ ਕ੍ਰਾਂਤੀ ਸ਼ਬਦ ਦੀ ਤੌਹੀਨ ਕਰ ਰਿਹਾ ਹੈ।

# ਖੇਤਰੀ ਤਾਕਤਾਂ ਅਤੇ ਸਰਵ ਭਾਰਤੀਅਤਾ

**ਜੈਪ੍ਰਕਾਸ਼ ਚੌਕਸੇ**

ਕੀ ਅਗਲੀਆਂ ਚੋਣਾਂ ਇਕ ਅਜਿਹਾ ਸਿਆਸੀ ਮੰਥਨ ਸਿੱਧ ਹੋਣਗੀਆਂ, ਜਿਸ ਨਾਲ ਸਿਰਫ਼ ਦੇਸ਼ ਕਲਿਆਣ ਦਾ ਅੰਮ੍ਰਿਤ ਹੀ ਪ੍ਰਾਪਤ ਹੋਵੇਗਾ ਅਤੇ ਕੀ ਉਸ ਅੰਮ੍ਰਿਤ ਨੂੰ ਦਾਨਵ ਸ਼ਕਤੀਆਂ ਚੋਰੀ ਕਰਨ ਦੀਆਂ ਕੋਸ਼ਿਸ਼ਾਂ ਨਹੀਂ ਕਰਨਗੀਆਂ? ਦਰਅਸਲ ਚੋਣ ਰੂਪੀ ਮੰਥਨ ਵਿਚ ਇੰਨੇ ਦੋਸ਼ ਹਨ ਕਿ ਸਮੁੰਦਰ ਹੀ ਆਪਣਾ ਚਰਿੱਤਰ ਬਦਲ ਦੇਵੇਗਾ। ਅੱਜ ਭਾਰਤ ਦੇ ਸਾਹਮਣੇ ਸਭ ਤੋਂ ਵੱਡਾ ਮੁੱਦਾ ਚੋਣ ਪ੍ਰਕਿਰਿਆ ਨੂੰ ਸੁਧਾਰਨਾ ਹੈ, ਪਰ ਸੰਸਦ ਠੱਪ ਕਰ ਦਿੱਤੀ ਗਈ ਹੈ, ਕਿਉਂਕਿ ਵਿਰੋਧੀ ਧਿਰ ਤੁਰੰਤ ਚੋਣਾਂ ਚਾਹੁੰਦੀ ਹੈ। ਉਸ ਨੂੰ ਡਰ ਹੈ ਕਿ ਅਗਲੇ ਕੁਝ ਮਹੀਨਿਆਂ ਵਿਚ ਸਰਕਾਰ ਆਰਡੀਨੈਂਸ ਰਾਹੀਂ ਆਰਥਕ ਵਿਕਾਸ ਦੇ ਪ੍ਰੋਗਰਾਮ ਲਾਗੂ ਕਰਕੇ ਤੇ ਕੁਝ ਆਪਣੇ ਦਾਗਦਾਰਾਂ ਨੂੰ ਸਜ਼ਾ ਦੇ ਕੇ ਆਪਣੀ ਸ਼ਾਖ ਸੁਧਾਰ ਸਕਦੀ ਹੈ। ਸੱਤਾਪੱਖ ਅਤੇ ਵਿਰੋਧੀ ਧਿਰ ਦੋਵੇਂ ਹੀ ਅਨੈਤਿਕਤਾ ਰਾਹੀਂ ਸੱਤਾ ਦੀ ਲੜਾਈ ਲੜ ਰਹੇ ਹਨ ਅਤੇ ਸਾਧਨਾਂ ਦੇ ਇਹ ਦੋਸ਼ ਹੀ ਉਨ੍ਹਾਂ ਨੂੰ ਕਲੰਕਿਤ ਕਰ ਸਕਦੇ ਹਨ।

ਕਿਸੇ ਵੀ ਸੰਗਰਾਮ ਦਾ ਚਰਿੱਤਰ ਦੋ ਗੱਲਾਂ 'ਤੇ ਨਿਰਭਰ ਕਰਦਾ ਹੈ। ਇਕ ਤਾਂ ਇਹ ਕਿ ਦੁਸ਼ਮਣ ਦਾ ਚਰਿੱਤਰ ਕੀ ਹੈ ਅਤੇ ਉਹ ਕਿਹੜੇ ਹਥਿਆਰਾਂ ਦੀ ਵਰਤੋਂ ਕਰ ਰਿਹਾ ਹੈ ਅਤੇ ਦੂਸਰਾ ਇਹ ਕਿ ਸਾਡਾ ਚਰਿੱਤਰ ਕੀ ਹੈ ਅਤੇ ਅਸੀਂ ਕਿਹੜੇ ਹਥਿਆਰਾਂ ਦੀ ਵਰਤੋਂ ਕਰ ਰਹੇ ਹਾਂ। ਯਾਦ ਕਰੋ ਆਪਣੇ ਸੁਤੰਤਰਤਾ ਸੰਗਰਾਮ ਨੂੰ। ਦੁਨੀਆ ਦੇ ਇਤਿਹਾਸ ਦਾ ਉਹ ਸਭ ਤੋਂ ਅਨੋਖਾ ਸੰਗਰਾਮ ਸੀ। ਅੰਗਰੇਜ਼ ਦਮਨ ਤੇ ਸ਼ੋਸ਼ਣ ਕਰਦੇ ਸਨ, ਪਰ ਕਾਨੂੰਨ ਰਾਜ ਦੀ ਵਿਵਸਥਾ ਕੁਸ਼ਲਤਾ ਨਾਲ ਚਲਾਉਂਦੇ ਸਨ। ਅਨਿਆਂ ਕਰਦੇ ਹੋਏ ਵੀ ਉਨ੍ਹਾਂ ਨੂੰ ਨਿਆਂ ਦੀ ਸ਼ਾਖ ਬਣਾਏ ਰੱਖਣਾ ਜ਼ਰੂਰੀ ਲਗਦਾ ਸੀ। ਆਪਣੀ ਇਸ ਸ਼ਾਖ ਲਈ ਉਹ ਗਾਂਧੀ ਜੀ ਨਾਲ ਸਨਮਾਨਜਨਕ ਵਿਹਾਰ ਕਰਦੇ ਸਨ ਅਤੇ ਗਾਂਧੀ ਜੀ ਨੇ ਸਾਧਨ ਦੇ ਥੋੜ੍ਹਾ ਜਿਹਾ ਕਲੰਕਿਤ ਹੋਣ 'ਤੇ ਸਫ਼ਲਤਾ ਦੇ ਨੇੜੇ ਪਹੁੰਚੇ ਅੰਦੋਲਨ ਨੂੰ ਵਾਪਸ ਲੈ ਲਿਆ। ਉਨ੍ਹਾਂ ਲਈ ਸਾਧਨ ਦੀ ਪਵਿੱਤਰਤਾ ਹੀ ਅਹਿਮ ਸੀ। ਗਾਂਧੀ ਜੀ ਨੇ ਅਹਿੰਸਾ 'ਤੇ ਕਾਇਮ ਰਹਿ ਕੇ ਸੰਗਰਾਮ ਨੂੰ ਲੰਬਾ ਚਲਣ ਦਿੱਤਾ ਅਤੇ ਬਰਤਾਨੀਆ ਨੂੰ ਥਕਾ ਦਿੱਤਾ। ਉਨ੍ਹਾਂ ਨੇ ਗਤੀ-ਯੁੱਧ ਦੇ ਬਦਲੇ ਸਥਿਰ-ਯੁੱਧ ਨੂੰ ਹਥਿਆਰ ਬਣਾਇਆ। ਭਾਰਤੀ ਸਬਰ ਅੱਗੇ ਅੰਗਰੇਜ਼ ਹਾਰ ਗਏ।

ਭਾਰਤ ਦੀ ਮੌਜੂਦਾ ਵਿਰੋਧੀ ਧਿਰ ਜਾਣਦੀ ਹੈ ਕਿ ਸਮਾਂ ਆਉਣ 'ਤੇ ਸੋਨੀਆ ਗਾਂਧੀ ਆਪਣੀ ਇਸਪਾਤੀ ਇਰਾਦਿਆਂ ਵਾਲੀ ਸੱਸ ਇੰਦਰਾ ਗਾਂਧੀ ਵਾਂਗ ਆਰਡੀਨੈਂਸ ਨਾਲ ਸੁਧਾਰ ਲਿਆ ਸਕਦੀ ਹੈ, ਜਿਵੇਂ ਇੰਦਰਾ ਗਾਂਧੀ ਨੇ ਬੈਂਕਾਂ ਦੇ ਰਾਸ਼ਟਰੀਕਰਨ ਸਮੇਂ ਕੀਤਾ ਸੀ। ਜਦੋਂ ਤੱਕ ਸੋਨੀਆ ਗਾਂਧੀ ਇੰਦਰਾ ਗਾਂਧੀ ਦੇ ਕੰਮਾਂ ਦਾ ਅਧਿਐਨ ਨਹੀਂ ਕਰਦੀ, ਤਦ ਤੱਕ ਵਿਰੋਧੀ ਧਿਰ ਚੈਨ ਨਾਲ ਨਹੀਂ ਬੈਠੇਗੀ। ਅੱਜ ਦੇ ਸੰਗਰਾਮ ਵਿਚ ਤਾਂ ਦਾਗਦਾਰ ਹੀ ਦਾਗਦਾਰ ਨਾਲ ਲੜ ਰਿਹਾ ਹੈ ਅਤੇ ਸਫ਼ਾਈ ਦੇ ਠੇਕੇਦਾਰ ਵੀ ਆਪਣੇ ਦਾਗ ਛੁਪਾਉਣ ਵਿਚ ਸਫ਼ਲ ਹੋ ਰਹੇ ਹਨ। ਅੱਜ ਸਾਫ-ਸੁਥਰਾ ਦਿਖਣ ਦਾ ਭਰਮ ਬਣਾਈ ਰੱਖਣਾ ਸਾਫ-ਸੁਥਰਾ ਹੋਣ ਤੋਂ ਜ਼ਿਆਦਾ ਜ਼ਰੂਰੀ ਹੋ ਗਿਆ ਹੈ ਕਿਉਂਕਿ ਜੋ ਦਿਖਦਾ ਹੈ, ਉਹੀ ਵਿਕਦਾ ਹੈ। ਚਰਿੱਤਰ ਕਮੀਜ਼ ਨਹੀਂ ਹੈ, ਚਮੜੀ ਨਹੀਂ ਹੈ ਅਤੇ ਕੁੰਜ ਵੀ ਨਹੀਂ ਹੈ। ਉਹ ਅੰਦਰੂਨੀ ਬਨਾਵਟ ਹੈ। ਜੁਲਾਹੇ ਕਵੀ ਕਬੀਰ ਵੱਲੋਂ ਬੁਣਿਆ ਗਿਆ ਕੱਪੜਾ ਹੈ ਚਰਿੱਤਰ।

ਫਿਲਹਾਲ, ਇਹ ਹੋ ਸਕਦਾ ਹੈ ਕਿ ਮੋਟੇ ਤੌਰ 'ਤੇ ਚੋਣ ਪ੍ਰਚਾਰ ਕੇਵਲ ਟੈਲੀਵਿਜ਼ਨ ਤੇ ਅਖ਼ਬਾਰਾਂ ਰਾਹੀਂ ਕੀਤਾ ਜਾਵੇ ਅਤੇ ਸਰਕਾਰ ਮੌਜੂਦ ਸੰਸਦ ਮੈਂਬਰ ਸੰਖਿਆ ਦੇ ਅਨੁਪਾਤ ਵਿਚ ਸਿਆਸੀ ਪਾਰਟੀਆਂ ਨੂੰ ਟੈਲੀਵਿਜ਼ਨ ਦਾ ਸਮਾਂ ਅਤੇ ਅਖ਼ਬਾਰ ਵਿਚ ਸਥਾਨ ਦਾ ਫੈਸਲਾ ਕਰੇ। ਵਿਹਾਰਕ ਸੱਚ ਹੈ ਕਿ ਨੇਤਾ ਨੂੰ ਇਕ ਫੌਜ ਖੜ੍ਹੀ ਕਰਨੀ ਪੈਂਦੀ ਹੈ, ਜਿਹੜੀ ਚੋਣਾਂ ਜਿੱਤਣ ਤੋਂ ਬਾਅਦ ਹੰਗਾਮਾ ਕਰਦੀ ਹੈ, ਨਿਯਮ ਤੋੜਦੀ ਹੈ ਅਤੇ ਵਿਵਸਥਾ ਨੂੰ ਕਮਜ਼ੋਰ ਕਰ ਦਿੰਦੀ ਹੈ। ਚੋਣ ਪ੍ਰਕਿਰਿਆ ਨੂੰ ਸਰਲ ਅਤੇ ਸਸਤਾ ਕਰਕੇ ਇਸ ਕਾਰਜਕਰਤਾ ਫੌਜ ਦਾ ਸਫ਼ਾਇਆ ਕਰਨਾ ਚਾਹੀਦਾ ਹੈ। ਸਮਾਜ ਵਿਚ ਸਾਰੀਆਂ ਬੁਰਾਈਆਂ ਇਹ ਲੋਕ ਹੀ ਲਿਆਉਂਦੇ ਹਨ। ਇਨ੍ਹਾਂ ਦਾ ਹਰਮਨ ਪਿਆਰਾ ਨੇਤਾ ਅਪਰਾਧ ਲਈ ਫੜਿਆ ਜਾਂਦਾ ਹੈ ਅਤੇ ਇਹ ਲੋਕ ਧਰਨਾ ਦਿੰਦੇ ਹਨ, ਸ਼ਹਿਰ ਠੱਪ ਕਰ ਦਿੰਦੇ ਹਨ। ਨੇਤਾਵਾਂ ਲਈ ਅਜਿਹੀ ਸਥਿਤੀ ਬਣਾਉਣੀ ਹੋਵੇਗੀ ਕਿ ਉਨ੍ਹਾਂ ਨੂੰ ਇਨ੍ਹਾਂ ਹੰਗਾਮਾਕਾਰੀਆਂ ਤੋਂ ਬਚਾਇਆ ਜਾ ਸਕੇ? ਹਰ ਸ਼ਹਿਰ ਵਿਚ ਇਕ ਮੈਦਾਨ ਨਿਸ਼ਚਿਤ ਹੋਵੇ ਤਾਂ ਕਿ ਨੇਤਾਵਾਂ ਦੀਆਂ ਰੈਲੀਆਂ ਨਾਲ ਆਮ ਨਾਗਰਿਕਾਂ ਦੇ ਜੀਵਨ ਵਿਚ ਦੁੱਖ ਨਾ ਵਧੇ।

ਜਦੋਂ ਤੱਕ ਚੋਣਾਂ ਦੇ ਸਾਧਨ ਨਹੀਂ ਸੁਧਰਦੇ, ਤਦ ਤੱਕ ਨਤੀਜੇ ਫੈਸਲਾਕੁੰਨ ਸਾਬਤ ਨਹੀਂ ਹੋ ਸਕਦੇ। ਅੱਜ ਕਿਸੇ ਵੀ ਪਾਰਟੀ ਕੋਲ ਇਕ ਵੀ ਅਜਿਹਾ ਨੇਤਾ ਨਹੀਂ ਹੈ, ਜੋ ਦੇਸ਼ ਦੇ ਕਿਸੇ ਵੀ ਖੇਤਰ ਤੋਂ ਚੋਣ ਜਿੱਤ ਸਕੇ। ਪ੍ਰਧਾਨ ਮੰਤਰੀ ਦਾ ਦਾਅਵਾ ਕਰਨ ਵਾਲੇ ਨਰਿੰਦਰ ਮੋਦੀ ਗੁਜਰਾਤ ਤੋਂ ਬਾਹਰ ਬਿਹਾਰ ਜਾਂ ਕੋਲਕਾਤਾ ਜਾਂ ਚੇਨੱਈ ਤੋਂ ਚੋਣ ਨਹੀਂ ਜਿੱਤ ਸਕਦੇ। ਹੁਣ ਕਿਸੇ ਵੀ ਪਾਰਟੀ ਕੋਲ ਨਾ ਇੰਦਰਾ ਗਾਂਧੀ ਹੈ, ਨਾ ਜਿਓਤੀ ਬਾਸੂ ਅਤੇ ਨਾ ਹੀ ਅਟਲ ਬਿਹਾਰੀ ਵਾਜਪਾਈ। ਖੇਤਰੀ ਤਕਤਾਂ ਨੇ ਆਪਣੇ ਬੌਨੇਪਣ ਨਾਲ ਸਰਵ ਭਾਰਤੀਅਤਾ ਨੂੰ ਖੰਡਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕੋਲ ਸਰਵ ਭਾਰਤੀ ਲੋਕਪ੍ਰਿਯਤਾ ਨਹੀਂ ਹੈ, ਪਰ ਸੁਫਨੇ ਪੂਰੇ ਦੇਸ਼ ਦਾ ਨੇਤਾ ਬਣਨ ਦੇ ਹਨ। ਛੋਟੀਆਂ ਜਿਹੀਆਂ ਸ਼ਖ਼ਸੀਅਤਾਂ ਦੇ ਵੱਡੇ ਸੁਫਨੇ ਦੇਸ਼ ਦਾ ਭਲਾ ਨਹੀਂ ਹੈ।

ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਪ੍ਰਜਾਤੰਤਰ ਦੇ ਭਾਰਤੀ ਸਵਰੂਪ, ਜਿਹੜਾ ਸਾਮੰਤਵਾਦ ਦਾ ਮੁਖੌਟਾ ਹੈ, ਦੀਆਂ ਸਾਰੀਆਂ ਕਮਜ਼ੋਰੀਆਂ ਉਜਾਗਰ ਹੋ ਗਈਆਂ ਹਨ। ਇਹ ਕਿਹੜੇ ਲੋਕ ਹਨ ਜਿਹੜੇ ਚੋਣਾਂ ਜਿੱਤ ਰਹੇ ਹਨ? ਚੋਣਾਂ ਲਈ ਉਦਯੋਗਪਤੀਆਂ ਤੋਂ ਲਿਆ ਹੋਇਆ ਪੈਸਾ ਰਾਸ਼ਟਰ ਨੂੰ ਬਹੁਤ ਮਹਿੰਗਾ ਪੈਂਦਾ ਹੈ। ਸਭ ਮਾਹਿਰ ਵਿਚਾਰ ਕਰਨ ਕਿ ਚੋਣਾਂ ਕਿਵੇਂ ਸਰਲ ਤੇ ਸਸਤੀਆਂ ਕੀਤੀਆਂ ਜਾ ਸਕਦੀਆਂ ਹਨ?

# ਕੀ ਮੁਲਕ ਤਮਾਸ਼ਬੀਨ ਹੋ ਗਿਐ ?

**ਕਮਲ ਦੁਸਾਂਝ**

ਸਮਾਜ ਦੇ ਅਖੌਤੀ ਠੇਕੇਦਾਰਾਂ ਦੀਆਂ ਗ਼ੈਰ-ਜ਼ਿੰਮੇਵਾਰਾਨਾ ਹਰਕਤਾਂ ਬੇਹੱਦ ਸ਼ਰਮਨਾਕ ਹੱਦ ਤਕ ਵਧਦੀਆਂ ਜਾ ਰਹੀਆਂ ਹਨ। ਇਨ੍ਹਾਂ ਦੇ ਹੌਸਲੇ ਇਸ ਕਦਰ ਬੁਲੰਦ ਹਨ ਕਿ ਇਨ੍ਹਾਂ ਨੇ ਆਪਣੇ ਹੀ ਕਾਇਦੇ-ਕਾਨੂੰਨ ਬਣਾ ਲਏ ਹਨ ਤੇ ਇਨ੍ਹਾਂ ਦੀ ਅਦਾਲਤ ਵਿਚ ਕੋਈ ਅਪੀਲ-ਦਲੀਲ ਵੀ ਨਹੀਂ ਚਲਦੀ, ਸਿੱਧੀ ਸਜ਼ਾ ਮਿਲਦੀ ਹੈ। ਪਿਆਰ, ਮੋਹ, ਮੁਹੱਬਤ ਦੇ ਵੈਰੀ ਇਹ ਲੋਕ ਨਫ਼ਰਤਾਂ ਉਗਲ ਰਹੇ ਹਨ ਤੇ ਅਸੀਂ ਮਹਿਜ਼ ਤਮਾਸ਼ਬੀਨ ਦਾ ਰੋਲ ਅਦਾ ਕਰ ਰਹੇ ਹਾਂ।

ਮੁਲਕ ਦੇ ਹਰ ਹਿੱਸੇ ਵਿਚ ਮੁਹਬਤ ਮਹਿਫੂਜ਼ ਨਹੀਂ ਹੈ। ਜ਼ਿੰਦਗੀ ਨੂੰ ਜੀਅ ਭਰ ਕੇ ਜੀਅ ਲੈਣ ਦੇ ਚਾਹਵਾਨ ਜੋੜਿਆਂ ਨਾਲ ਅਣਮਨੁੱਖੀ ਵਿਹਾਰ ਆਮ ਹੁੰਦਾ ਜਾ ਰਿਹਾ ਹੈ। ਸਮਾਜ ਦੇ ਅਖੌਤੀ ਠੇਕੇਦਾਰਾਂ ਦੀਆਂ ਗੈਰ ਮਾਨਵੀ ਹਰਕਤਾਂ ਕਾਰਨ ਕਿੰਨੀਆਂ ਜ਼ਿੰਦਗੀਆਂ ਬਰਬਾਦ ਹੋ ਰਹੀਆਂ ਹਨ, ਇਹਦੇ ਵਲ ਕਿਸੇ ਦੀ ਸੰਜੀਦਾ ਪਹੁੰਚ ਦਿਖਾਈ ਨਹੀਂ ਦੇ ਰਹੀ। ਮੁਹੱਬਤੀ ਜੋੜਿਆਂ ਨੂੰ 'ਸਬਕ' ਸਿਖਾਉਣ ਦੇ ਨਾਂਅ 'ਤੇ ਕੁੱਟ-ਮਾਰ ਤਾਂ ਆਮ ਗੱਲ ਹੈ। ਸਮਾਜ ਦੇ ਇਹ ਬਦਸੂਰਤ ਚਿਹਰੇ ਬੱਚੀਆਂ ਨਾਲ ਬਲਾਤਕਾਰ ਤਕ ਕਰਦੇ ਹਨ ਪਰ ਇਹ ਕੇਸ ਕਿਤੇ ਦਰਜ ਨਹੀਂ ਹੁੰਦੇ। ਜੇ ਕਿਤੇ ਕੋਈ ਵਿਰੋਧ ਹੁੰਦਾ ਵੀ ਹੈ ਤਾਂ ਉਲਟਾ ਲੜਕੀ ਨੂੰ ਹੀ ਬਦਚਲਨ ਆਖ ਗੱਲ ਮੁਕਾ ਦਿੱਤੀ ਜਾਂਦੀ ਹੈ। ਹੀਰ-ਰਾਂਝੇ, ਸੱਸੀ-ਪੁਨੂੰ, ਮਿਰਜ਼ਾ-ਸਾਹਿਬਾਂ ਦੇ ਕਿੱਸੇ ਗਾਉਣ ਵਾਲੇ ਪੰਜਾਬ ਦਾ ਚਿਹਰਾ ਦਾਗਦਾਰ ਹੁੰਦਾ ਜਾ ਰਿਹਾ ਹੈ।

ਪਿਛਲੇ ਦਿਨੀਂ ਮੁੱਖ ਪਾਰਲੀਮਾਨੀ ਸਕੱਤਰ ਨਵਜੋਤ ਕੌਰ ਸਿੱਧੂ ਨੇ ਸਕੂਲਾਂ/ਕਾਲਜਾਂ ਦੇ ਬਾਹਰ ਖੜਦੀ ਮੁੰਡੀਰ 'ਤੇ ਨਜ਼ਰ ਰੱਖਣ ਦੀ ਹਦਾਇਤ ਦਿੱਤੀ ਸੀ। ਭਾਵੇਂ ਉਨ੍ਹਾਂ ਨੂੰ ਇਸ ਬਾਰੇ ਪਹਿਲੀ ਵਾਰ ਇਲਮ ਹੋਇਆ ਸੀ ਪਰ ਉਨ੍ਹਾਂ ਦਾ ਫੈਸਲਾ ਸਹੀ ਸੀ ਤਾਂ ਜੋ ਬਿਨਾਂ ਵਜ੍ਹਾ ਕਿਸੇ ਲੜਕੀ ਨੂੰ ਤੰਗ-ਪ੍ਰੇਸ਼ਾਨ ਨਾ ਕੀਤਾ ਜਾਵੇ। ਪਰ ਸਮਾਜ ਦੇ ਜਿਹੜੇ ਜ਼ਿੰਮੇਵਾਰ ਲੋਕਾਂ ਨੂੰ ਹਦਾਇਤਾਂ ਹੋਈਆਂ, ਉਨ੍ਹਾਂ ਹੀ ਆਪਣੇ ਮੋਢਿਆਂ 'ਤੇ ਗ਼ੈਰ-ਜ਼ਿੰਮੇਵਾਰੀ ਦੀਆਂ ਫੀਤੀਆਂ ਟੰਗ ਲਈਆਂ। ਉਨ੍ਹਾਂ ਕੁੜੀਆਂ ਨੂੰ ਸੁਰੱਖਿਆ ਦੇਣ ਦੀ ਥਾਂ ਪਾਰਕਾਂ ਵਿਚ ਬੈਠੇ ਜੋੜਿਆਂ ਅਤੇ ਬਾਜ਼ਾਰਾਂ ਵਿਚ ਘੁੰਮਦੇ ਨੌਜਵਾਨਾਂ 'ਤੇ 'ਥਾਣੇਦਾਰੀ' ਸ਼ੁਰੂ ਕਰ ਦਿੱਤੀ।

'ਸਭਿਅਕ' ਸਮਾਜ ਦੇ ਕਰਿੰਦਿਆਂ ਦੀ ਅਜਿਹੀ ਕਾਰਵਾਈ ਤੋਂ ਪ੍ਰੇਸ਼ਾਨ ਇਕ ਬੱਚੀ ਨੇ ਜਲੰਧਰ ਵਿਚ ਜਾਨ ਦੇ ਦਿੱਤੀ। ਇਹ ਬੱਚੀ ਆਪਣੇ ਦੋਸਤ ਨਾਲ ਕਾਰ ਵਿਚ ਜਾ ਰਹੀ ਸੀ। ਇਨ੍ਹਾਂ ਦੀ ਕਾਰ ਰੋਕ ਕੇ ਉਨ੍ਹਾਂ ਨੂੰ ਅਜਿਹੇ ਸਵਾਲ ਪੁੱਛੇ ਗਏ, ਜੋ ਕਦੇ ਕਿਸੇ ਅਪਰਾਧੀ ਤੋਂ ਨਹੀਂ ਪੁੱਛੇ ਹੋਣਗੇ। ਲੋਕ ਵਿਰੋਧੀ ਕਾਰਵਾਈਆਂ ਦਾ ਸੱਚ ਸਾਹਮਣੇ ਲਿਆਉਣ ਲਈ ਜਿਨ੍ਹਾਂ ਨੂੰ ਅਧਿਕਾਰ ਦਿੱਤੇ ਗਏ, ਉਨ੍ਹਾਂ ਆਪਣੀ 'ਐਕਸਕਲਿਊਸਿਵ ਪਿਕਚਰ' ਤੇ ਮਸਾਲੇਦਾਰ ਖ਼ਬਰ ਲਈ ਉਸ ਲੜਕੀ ਦੀਆਂ ਤਸਵੀਰਾਂ ਖਿੱਚ ਲਈਆਂ। ਲੜਕੀ ਵਲੋਂ ਵਾਰ ਵਾਰ ਦੁਹਾਈ ਦਿੱਤੀ ਗਈ ਕਿ ਉਸ ਦੀਆਂ ਤਸਵੀਰਾਂ ਛਾਪ ਕੇ ਬਦਨਾਮ ਨਾ ਕੀਤਾ ਜਾਵੇ ਪਰ ਇਨ੍ਹਾਂ ਲੋਕਾਂ ਦੀ ਸੰਵੇਦਨਹੀਣਤਾ ਨੇ ਲੜਕੀ ਦੀ ਜਾਨ ਲੈ ਲਈ।

ਇਹ ਬਾਜ਼ਾਰ ਦਾ ਕਿਹੋ ਜਿਹਾ ਦਸਤੂਰ ਹੈ ਕਿ ਜਿਥੇ ਜਿਸਮਾਂ ਦੀ ਨੁਮਾਇਸ਼ ਵੀ ਹੋ ਰਹੀ ਹੈ ਤੇ ਪਵਿੱਤਰਤਾ 'ਤੇ ਪਹਿਰੇ ਲਾਏ ਜਾ ਰਹੇ ਹਨ। ਦਰਅਸਲ, ਇਹ ਪਹਿਰੇ ਉਨ੍ਹਾਂ ਵਲੋਂ ਹੀ ਲਾਏ ਜਾ ਰਹੇ ਹਨ ਜੋ ਸਫੇਦ ਚਾਦਰ ਤਾਣ ਕੇ 'ਰੰਗੀਨੀਆਂ' ਲੁਟਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਕਿ ਸਫੇਦ ਚਾਦਰ ਦੇ ਪਰਲੇ ਪਾਸੇ ਦੀਆਂ ਰੰਗੀਨੀਆਂ ਸਮਾਜ ਨੂੰ ਬਦਰੰਗ ਕਰਨ, ਇਨ੍ਹਾਂ 'ਤੇ ਲਗਾਮ ਲਾਉਣੀ ਬਹੁਤ ਜ਼ਰੂਰੀ ਹੈ।

## ਧੁਖਦਾ ਕਾਲਮ

# 'ਇਸ ਪਾਸੇ ਨੇ ਠੰਢੇ ਚੁੱਲ੍ਹੇ, ਉਸ ਪਾਸੇ ਅੰਨ ਦੇ ਅੰਬਾਰ'

**ਸੁਸ਼ੀਲ ਦੁਸਾਂਝ**

ਕਲਮ ਦੇ ਸਿਪਾਹੀ ਮਹਾਨ ਹਿੰਦੀ ਨਾਵਲਕਾਰ ਮੁਨਸ਼ੀ ਪ੍ਰੇਮ ਚੰਦ ਨੇ ਆਪਣੀ ਪੁਸਤਕ 'ਗੁਪਤਧਨ' ਵਿਚ ਲਿਖਿਆ ਸੀ- ''ਜੋ ਮੁੜਕੋ -ਮੁੜਕੀ ਹੋਣ, ਉਹ ਰੋਟੀ ਨੂੰ ਤਰਸਣ ਤੇ ਜਿੰਨ੍ਹਾਂ ਹਰਾਮਖੋਰੀ ਨੂੰ ਆਪਣਾ ਪੇਸ਼ਾ ਬਣਾ ਲਿਆ ਹੈ, ਉਹ ਸਾਡੀਆਂ ਮਹਿਫਲਾਂ ਦਾ ਸ਼ਿੰਗਾਰ ਬਣਨ। ਮੈਂ ਆਪਣੀਆਂ ਅੱਖਾਂ ਨਾਲ ਇਹ ਅਨਿਆਂ ਅਤੇ ਜ਼ੁਲਮ ਨਹੀਂ ਦੇਖ ਸਕਦਾ। ...ਇਸ ਤਰ੍ਹਾਂ ਦੇ ਰਾਜ ਵਿਚ ਰਹਿਣਾ ਮੈਂ ਆਪਣੇ ਅਸੂਲਾਂ ਦੇ ਖ਼ਿਲਾਫ਼ ਅਤੇ ਸ਼ਰਮਨਾਕ ਸਮਝਦਾ ਹਾਂ।'' ਪ੍ਰੇਮ ਚੰਦ ਜੀ ਅੱਜ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ, ਅਸੀਂ ਹਾਂ ਤੇ ਪ੍ਰੇਮ ਚੰਦ ਹੁਰਾਂ ਦੇ ਸਮੇਂ ਤੋਂ ਵੀ ਮਾੜੇ ਰਾਜ ਵਿਚ ਰਹਿਣ ਲਈ ਮਜਬੂਰ ਹਾਂ। ਇਹ ਉਹ ਸਮਾਂ ਹੈ ਜਦੋਂ ਭੁੱਖਾਂ ਮਾਰੇ ਲੋਕ ਰੋਟੀਆਂ ਲੁੱਟ ਰਹੇ ਹਨ। ਬਹੁਤੇ ਪਾਠਕਾਂ ਨੂੰ ਸ਼ਾਇਦ ਇਹ ਗੱਲ ਅਜੀਬ ਲੱਗੇ ਕਿ ਆਪਣੇ ਮੁਲਕ ਵਿਚ ਹੁਣ ਲੋਕ ਰੋਟੀਆਂ ਲੁੱਟਣ ਲਈ ਮਜ਼ਬੂਰ ਹੋ ਗਏ ਹਨ, ਪਰ ਇਹ ਹੈ ਇਹ ਸੱਚ ਹੀ। ਸਭ ਤੋਂ ਤੇਜ਼ ਗਤੀ ਨਾਲ ਵਿਕਾਸ ਕਰਨ ਦੇ ਦਾਅਵੇ ਕਰਨ ਵਾਲੇ ਆਪਣੇ ਮਹਾਨ ਮੁਲਕ ਦਾ ਅਸਲੀ ਸੱਚ ਹੈ ਇਹ। ਪੱਛਮੀ ਬੰਗਾਲ ਵਿਚ ਰਾਸ਼ਨ ਦੀਆਂ ਦੁਕਾਨਾਂ ਲੁੱਟਣ ਦੀ ਗੱਲ ਤਾਂ ਹੁਣ ਪੁਰਾਣੀ ਹੋ ਗਈ ਹੈ, ਹੁਣ ਤਾਂ ਇਕ ਵਕਤ ਦੀ ਰੋਟੀ ਲੁੱਟਣ ਦੀਆਂ ਵਾਰਦਾਤਾਂ ਵੀ ਹੋਣ ਲੱਗ ਪਈਆਂ ਹਨ। ਪਿਛਲੇ ਜਿਹੇ ਹੀ ਦੀ ਤਾਂ ਗੱਲ ਹੈ ਜਦੋਂ ਬੁੰਦੇਲਖੰਡ ਦੇ ਪਿੰਡ ਕਨਕੁਮਾਂ ਵਿਚ ਭੁੱਖ ਦੇ ਤੜਪਾਏ ਕੁਝ ਲੋਕਾਂ ਨੇ ਇਕ ਘਰ ਹੱਲਾ ਬੋਲਿਆ ਤੇ ਰੋਟੀਆਂ ਲੁੱਟ ਕੇ ਫਰਾਰ ਹੋ ਗਏ। ਪੁਲਸ ਨੇ ਰੋਟੀਆਂ ਲੁੱਟਣ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ, ਪਰ ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਵਿਚੋਂ ਕੱਢਿਆ ਕੀ ਜਾ ਸਕਦਾ ਹੈ? ਹਾਂ, ਇਨ੍ਹਾਂ ਰੋਟੀ ਲੁਟੇਰਿਆ ਨੂੰ ਜੇਕਰ ਜੇਲ੍ਹ ਵਿਚ ਭੇਜ ਦਿੱਤਾ ਜਾਵੇ ਤਾਂ ਸ਼ਾਇਦ ਕੁਝ ਚੰਗਾ ਹੀ ਹੋਵੇ ਕਿਉਂਕਿ ਜੇਲ੍ਹ ਵਿਚ ਇਨ੍ਹਾਂ ਨੂੰ ਜਿੰਦਾਂ ਦੀ ਵੀ ਸਹੀ ਰੋਟੀ ਮਿਲਣ ਦੀ ਗਰੰਟੀ ਤਾਂ ਹੋ ਹੀ ਜਾਣੀ ਹੈ। ਇਹ ਰੋਟੀ ਲੁੱਟਣ ਵਾਲੇ ਲੋਕ ਉਸੇ ਮੁਲਕ ਦੇ ਹੀ ਬਾਸ਼ਿੰਦੇ ਹਨ ਜਿਹੜਾ ਮੁਲਕ ਆਰਥਕ ਮਹਾਸ਼ਕਤੀ ਬਣਨ ਜਾ ਰਿਹਾ ਹੈ। ਇਹ ਬਾਸ਼ਿੰਦੇ ਤਾਂ ਇਸੇ ਮੁਲਕ ਦੇ ਹਨ ਤੇ ਅਸਲੀ ਬਾਸ਼ਿੰਦੇ ਵੀ ਇਹ ਹੀ ਹਨ। ਪਰ ਕੀ ਇਸ ਮੁਲਕ ਦੇ ਹਾਕਮ ਜਾਂ ਹਾਕਮਾਂ ਨੂੰ ਚਲਾਉਣ ਵਾਲੇ ਅੰਬਾਨੀ, ਟਾਟੇ, ਬਿਰਲੇ ਆਦਿ ਇਨ੍ਹਾਂ ਨੂੰ ਇਸ ਮੁਲਕ ਦਾ ਹਿੱਸਾ ਮੰਨਦੇ ਹਨ? ਨਹੀਂ ਮੰਨਦੇ। ਜੇ ਮੰਨਦੇ ਹੁੰਦੇ ਤਾਂ ਇਹ ਕਦੇ ਵੀ ਰੋਟੀ ਲੁੱਟਣ ਦੇ ਰਾਹ ਨਾਂ ਪੈਂਦੇ। ਇਹ ਲੋਕ ਮੁਲਕ ਨੂੰ ਲੁੱਟ ਕੇ ਖਾ ਜਾਣ ਵਾਲਿਆਂ ਲਈ ਕੋਈ ਅਹਿਮੀਅਤ ਨਹੀਂ ਰੱਖਦੇ। ਹਾਕਮਾਂ ਅਤੇ ਲੁਟੇਰਿਆਂ ਨੂੰ ਬੰਦੇ ਨਹੀਂ ਮਸ਼ੀਨਾਂ ਚਾਹੀਦੀਆਂ ਹਨ, ਉਨ੍ਹਾਂ ਦੇ ਹਰ ਹੁਕਮ 'ਤੇ ਬਿਨਾ ਚੀਂ-ਚਾਂ ਕੀਤਿਆਂ ਚਲਣ ਵਾਲੀਆਂ ਮਸ਼ੀਨਾਂ। ਇਹ ਮਸ਼ੀਨਾਂ ਨੂੰ ਹੀ ਰਾਸ਼ਟਰ ਦੇ ਵਿਕਾਸ ਦਾ ਧੁਰਾ ਬਣਾਉਣ 'ਤੇ ਤੁਲੇ ਹੋਏ ਹਨ। ਹਿੰਦੀ ਸ਼ਾਇਰ 'ਸ਼ਿਆਮ ਸੁੰਦਰ ਨਮਰ' ਦੀ ਲੰਮੀ ਨਜ਼ਮ 'ਰਾਸ਼ਟਰ ਨਹੀਂ ਹੁੰਦੀ ਭੁੱਖੜ ਜਨਤਾ' ਦੇ ਕੁਝ ਅੰਸ਼ ਪੜ੍ਹੋ, ਫੇਰ ਅੱਗੇ ਗੱਲ ਤੋਰਾਂਗੇ।

'ਉਹ ਰਾਸ਼ਟਰ ਦੇ ਵਿਕਾਸ ਲਈ ਮਸ਼ੀਨਾਂ ਚਾਹੁੰਦੇ ਹਨ
ਕਿਉਂਕਿ ਮਸ਼ੀਨਾਂ ਬਿਮਾਰ ਨਹੀਂ ਹੁੰਦੀਆਂ
ਮਸ਼ੀਨਾਂ ਹੜਤਾਲ ਨਹੀਂ ਕਰਦੀਆਂ
ਮਸ਼ੀਨਾਂ ਮੁਆਵਜ਼ਾ ਨਹੀਂ ਮੰਗਦੀਆਂ
ਮਸ਼ੀਨਾਂ ਆਦਮੀ ਵਾਂਗ ਨਹੀਂ ਸੋਚਦੀਆਂ
ਮਸ਼ੀਨਾਂ ਮੁਕਤੀ ਦਾ ਮਾਰਗ ਨਹੀਂ ਖੋਜਦੀਆਂ
ਆਦਮੀ ਕੁਝ ਜ਼ਿਆਦਾ ਸੋਚਣ ਲੱਗਾ ਹੈ
ਰਾਸ਼ਟਰ ਨੂੰ ਖ਼ਤਰਾ ਹੋਣ ਲੱਗਾ ਹੈ
ਆਦਮੀ ਤਾਂ ਉਹ ਬਹੁਤ ਪਹਿਲਾਂ ਖ਼ਤਮ ਕਰ ਦਿੰਦੇ
ਜੇ ਬਾਜ਼ਾਰ ਦਾ ਖ਼ਿਆਲ ਨਾਂ ਹੁੰਦਾ
ਇਸ ਲਈ ਉਹ ਆਦਮੀ ਨੂੰ ਮਰਨ ਨਹੀਂ ਦੇਣਗੇ
ਉਹਨੂੰ ਮਸ਼ੀਨ ਬਣਾਉਣਗੇ
ਉਹ ਅਜਿਹਾ ਵਿਖਾਉਣਗੇ ਕਮਾਲ
ਕਿ ਬੰਦਾ ਭੁੱਲ ਜਾਏ ਭੁੱਖ ਦਾ ਸਵਾਲ'।

ਸੱਚਮੁੱਚ ਸੰਸਾਰ ਲੁਟੇਰੇ ਇਹੀਓ ਚਾਹੁੰਦੇ ਹਨ ਕਿ ਬੰਦਾ ਪੂਰੀ ਤਰ੍ਹਾਂ ਮਸ਼ੀਨ ਬਣ ਜਾਏ ਤੇ ਭੁੱਲ ਜਾਏ ਸਭ ਭੁੱਖ, ਸੁਖ ਅਤੇ ਦੁੱਖ। ਪਰ ਏਦਾਂ ਕਦੇ ਹੋਇਆ ਨਹੀਂ ਤੇ ਨਾਂ ਹੀ ਹੋਣਾ ਹੈ। ਮਸ਼ੀਨਾਂ ਵੀ ਤਾਂ ਬੰਦੇ ਨੇ ਹੀ ਚਲਾਉਣੀਆਂ ਹਨ। ਲੱਖ ਕੋਸ਼ਿਸ਼ਾਂ ਹੋਣ ਬੰਦੇ ਦੇ ਅੰਦਰ ਬੈਠਾ ਆਦਮੀ ਕਦੇ ਨਹੀਂ ਮੋਇਆ ਕਰਦਾ। ਇਹੀ ਕੁਦਰਤ ਦਾ ਨਿਯਮ ਹੈ ਤੇ ਵਿਗਿਆਨ ਦਾ ਵੀ। ਵਿਗਿਆਨ ਨੂੰ ਮਨੁੱਖ ਦੀ ਤਬਾਹੀ ਲਈ ਵਰਤਣ ਵਾਲੇ ਇਕ ਨਹੀਂ ਕਈ ਕਈ ਵਾਰ ਹਾਰੇ ਹਨ ਤੇ ਅਗਾਂਹ ਵੀ ਉਨ੍ਹਾਂ ਹੀ ਹਾਰਨਾ ਹੈ।

ਇਹ ਠੀਕ ਹੈ ਕਿ ਭੁੱਖ ਬਰਦਾਸ਼ਤ ਹੋ ਸਕਦੀ ਹੈ। ਇਹਦੀ ਵੀ ਕੋਈ ਸੀਮਾ ਹੈ। ਪਰ ਭੁੱਖ ਭੁੱਲ ਕਿਵੇਂ ਸਕਦੀ ਹੈ? ਭੁੱਖਾਂ-ਮਾਰੇ ਲੋਕਾਂ ਦੀ ਸ਼ਕਤੀ ਤਾਂ ਅਪਾਰ ਹੋਇਆ ਕਰਦੀ ਹੈ। ਅਸੀਂ ਤਾਂ ਇਕ ਘਟਨਾ ਦਾ ਜ਼ਿਕਰ ਕੀਤਾ ਹੈ ਦੁਨੀਆ ਭਰ ਵਿਚ ਭੁੱਖਾਂ ਦੇ ਲਤਾੜੇ ਲੋਕ ਲੜ ਰਹੇ ਹਨ। ਅਨਾਜ ਦਾ ਸੰਕਟ ਗਲੋਬਲ ਹੈ ਤੇ ਇਹਦੇ ਪਿੱਛੇ ਕਾਰਨ ਵੀ ਗਲੋਬਲ ਹੀ ਹਨ। ਪਿਛਲੇ 30-35 ਸਾਲਾਂ ਤੋਂ ਸੰਸਾਰ ਦੇ ਹਰ ਗਰੀਬ ਅਤੇ ਵਿਕਾਸਸ਼ੀਲ ਮੁਲਕ ਵਿਚ ਅਨਾਜ ਦੇ ਸੰਕਟ ਕਾਰਨ ਜ਼ਬਰਦਸਤ ਲੋਕ ਲਹਿਰਾਂ ਉੱਠੀਆਂ ਹਨ। ਭੁੱਖਾਂ ਦੇ ਮਾਰੇ ਤੇ ਲਤਾੜੇ ਲੋਕਾਂ ਦੀ ਇਕਮੁੱਠ ਸ਼ਕਤੀ ਕਿਸੇ ਵੀ ਹਾਕਮ ਦੀਆਂ ਗੋਡਣੀਆਂ ਲਵਾ ਸਕਦੀ ਹੈ। ਗਰੀਬ ਮੁਲਕਾਂ ਵਿਚੋਂ ਭੁੱਖ ਕਾਰਨ ਹਿੰਸਾ ਦੀਆਂ ਖ਼ਬਰਾਂ ਲਗਾਤਾਰ ਆ ਰਹੀਆਂ ਹਨ। ਸਵਾਲ ਹੈ ਕਿ ਇਨ੍ਹਾਂ ਪ੍ਰਸਥੀਤੀਆਂ ਲਈ ਅਸਲ ਜ਼ਿੰਮੇਵਾਰ ਕੌਣ ਹੈ ?

ਦਰਅਸਲ ਇਨ੍ਹਾਂ ਹਾਲਤਾਂ ਲਈ ਹਰ ਮੁਲਕ ਦੀਆਂ ਆਪੋ ਆਪਣੀਆਂ ਲੋਕ ਵਿਰੋਧੀ ਨੀਤੀਆਂ ਤਾਂ ਇਕ ਕਾਰਨ ਹੈ ਹੀ ਪਰ ਅਸਲ ਦੋਸ਼ ਸੰਸਾਰ ਭਰ ਨੂੰ ਪ੍ਰਭਾਵਿਤ ਕਰਨ ਵਾਲੀ ਚੌਧਰੀ ਮੁਲਕਾਂ ਦੀ ਸਿਆਸਤ ਹੀ ਹੈ। ਸੰਸਾਰੀਕਰਣ ਦੀ ਅਗਵਾਈ ਕਰ ਰਹੇ ਇਨ੍ਹਾਂ ਚੌਧਰੀ ਮੁਲਕਾਂ (ਅਮਰੀਕਾ ਆਦਿ) ਦੀਆਂ ਨੀਤੀਆਂ ਹੀ ਭੁੱਖ, ਕੁਪੋਸ਼ਣ ਅਤੇ ਅਨਾਜ ਦੇ ਸੰਕਟ ਲਈ ਜ਼ਿੰਮੇਵਾਰ ਹਨ। ਅਮਰੀਕਾ ਅਤੇ ਯੂਰਪੀ ਮੁਲਕਾਂ ਦੀ ਦੋਗਲੀ ਨੀਤੀ ਦੀ ਇੱਕ ਮਿਸਾਲ ਹੀ ਕਾਫ਼ੀ ਹੈ। ਇਹ ਮੁਲਕ ਆਪੋ ਆਪਣੇ ਮੁਲਕਾਂ ਦੇ ਕਿਸਾਨਾਂ ਨੂੰ ਤਾਂ ਵੱਡੇ ਪੱਧਰ 'ਤੇ ਸਬਸਿਡੀਆਂ ਦਿੰਦੇ ਹਨ, ਪਰ ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਦੇ ਕਿਸਾਨਾਂ ਤੋਂ ਸਬਸਿਡੀਆਂ ਖੋਹ ਲੈਣ ਲਈ ਦਬਾਅ ਬਣਾਉਂਦੇ ਹਨ। ਇਸ ਤੋਂ ਵੀ ਅੱਗੇ ਸੰਸਾਰ ਦੇ ਕੋਈ 85 ਕਰੋੜ ਲੋਕ ਕਦੇ ਵੀ ਭਰ-ਪੇਟ ਭੋਜਨ ਨਹੀਂ ਕਰ ਪਾਉਂਦੇ। 10 ਕਰੋੜ ਲੋਕ ਭੁੱਖ ਨਾਲ ਤੜਪਦੇ ਹੋਏ ਆਖ਼ਰੀ ਸਾਹਾਂ 'ਤੇ ਹਨ ਪਰ ਅਮਰੀਕਾ ਅਨਾਜ ਨੂੰ ਪੈਟਰੋਲ ਬਣਾਉਣ ਲਈ ਵਰਤ ਰਿਹਾ ਹੈ।

ਚਲੋ ਤੁਸੀਂ ਸਾਡੀ ਗੱਲ ਨਾ ਸੁਣੋ। ਪਿੱਛੇ ਜਿਹੇ ਸੰਯੁਕਤ ਰਾਸ਼ਟਰ ਦੀ ਸੰਸਥਾ ਖੁਰਾਕ ਤੇ ਖੇਤੀ ਸੰਗਠਨ ਦੇ ਸੰਮੇਲਨ ਵਿਚੋਂ ਉੱਠੀ ਆਵਾਜ਼ ਹੀ ਸੁਣ ਲਵੋ। ਉਥੋਂ ਆਵਾਜ਼ ਇਹ ਆਈ ਕਿ ਜਦੋਂ ਅੱਜ ਸੰਸਾਰ ਭਰ ਵਿਚ ਮਹਿੰਗਾਈ ਕਾਰਣ ਬੇਚੈਨੀ ਹੈ, ਕਰੋੜਾਂ ਲੋਕ ਭੁੱਖਮਰੀ ਦਾ ਸਰਾਪ ਭੋਗਣ ਲਈ ਮਜ਼ਬੂਰ ਹਨ, ਉਦੋਂ ਸੰਸਾਰ ਭਰ ਦੇ ਸਿਆਸੀ ਆਗੂ ਲੋਕਾਂ ਦੀ ਭੁੱਖ ਮਿਟਾਉਣ ਦੀ ਥਾਂ ਹਥਿਆਰ ਖਰੀਦਣ ਦੀ ਅੰਨ੍ਹੀ ਦੌੜ ਵਿਚ ਪਏ ਹੋਏ ਹਨ। ਉਥੋਂ ਹੈਰਾਨੀ ਭਰੀ ਜਾਣਕਾਰੀ ਮਿਲੀ ਹੈ ਕਿ ਸਾਲ 2006 ਵਿਚ ਸੰਸਾਰ ਭਰ ਵਿਚ ਹਥਿਆਰ ਖਰੀਦਣ 'ਤੇ 84 ਖਰਬ ਰੁਪਏ ਖਰਚ ਕੀਤੇ ਗਏ ਜਦਕਿ ਦੁਨੀਆ ਦੀ ਭੁੱਖ ਮਿਟਾਉਣ ਲਈ ਸਿਰਫ਼ ਸਾਢੇ ਬਾਰਾਂ ਖਰਬ ਰੁਪਇਆਂ ਦੀ ਹੀ ਲੋੜ ਹੈ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਸੰਸਾਰ ਦੇ ਆਪੂੰ ਬਣੇ ਚੌਧਰੀ ਸਿਰਫ਼ ਆਪਣੇ ਮੁਨਾਫ਼ੇ ਦੀ ਜੇਬ ਮੋਟੀ ਕਰਨ ਲਈ ਸੰਸਾਰ ਨੂੰ ਬਾਰੂਦ ਦੇ ਢੇਰ 'ਤੇ ਬਿਠਾ ਦੇਣ ਦੇ ਕੁਕਰਮ ਵਿਚ ਜੁੱਟੇ ਹੋਏ ਹਨ। ਉਨ੍ਹਾਂ ਲਈ ਬੰਦਾ ਅਹਿਮ ਨਹੀਂ। ਇਸੇ ਲਈ ਉਹ ਰੋਟੀ ਨਹੀਂ ਬੰਬ ਬਣਾਉਂਦੇ ਹਨ। ਇਹ ਰਿਪੋਰਟ ਵੀ ਸਾਹਮਣੇ ਆਈ ਕਿ ਸੰਸਾਰ ਦੇ ਵਿਕਸਿਤ ਮੁਲਕ 42 ਖਰਬ ਰੁਪਏ ਦੀ ਖੁਰਾਕ ਸਮੱਗਰੀ ਹਰ ਸਾਲ ਨਾਲੀਆਂ ਵਿਚ ਵਿਚ ਹੀ ਰੋੜ੍ਹ ਦਿੰਦੇ ਹਨ। ਹੁਣ ਪਾਠਕ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਨ ਕਿ ਜੇਕਰ ਸਾਡੇ ਮੁਲਕ ਵਿਚ ਵੀ ਰੋਟੀ ਖੋਹ ਕੇ ਖਾਣ ਵਰਗੇ ਹਾਲਾਤ ਬਣ ਰਹੇ ਹਨ ਤਾਂ ਇਹਦੇ ਲਈ ਕੌਣ ਕਿੰਨਾ ਕੁ ਜ਼ੁੰਮੇਵਾਰ ਹੈ। ਆਪਣੇ ਮੁਲਕ ਦੀ ਇਕ ਤਸਵੀਰ ਹੋਰ ਵੀ ਹੈ। ਉਹ ਇਹ ਕਿ ਸਾਡਾ ਤਾਂ ਮੁੱਖ ਧੰਦਾ ਹੀ ਖੇਤੀ ਹੈ ਤੇ ਮੁਲਕ ਦੇ ਗੁਦਾਮਾਂ ਵਿਚ ਅਨਾਜ ਤੂੜੇ ਪਏ ਹਨ ਪਰ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੀ ਜਨਤਕ ਵੰਡ ਪ੍ਰਣਾਲੀ ਕਾਰਨ ਇਹ ਲੋੜਵੰਦਾਂ ਕੋਲ ਅਨਾਜ ਪਹੁੰਚਦਾ ਹੀ ਨਹੀਂ। ਇਹ ਸਾਰੀਆਂ ਸਥਿਤੀਆਂ ਬਦਲੀਆਂ ਜਾ ਸਕਦੀਆਂ ਹਨ ਪਰ ਇਹਦੇ ਲਈ ਇੱਛਾ ਸ਼ਕਤੀ ਕਿੱਥੋਂ ਆਵੇ? ਸਾਡੇ ਹਾਕਮਾਂ ਦੀਆਂ ਨੀਤੀਆਂ ਸੰਸਾਰ ਚੌਧਰੀਆਂ ਦੇ ਦਬਾਅ ਹੇਠਾ ਹੀ ਤਿਆਰ ਹੁੰਦੀਆਂ ਹਨ। ਅਜਿਹੇ ਵਿਚ ਭੁੱਖਾਂ ਅਤੇ ਦੁੱਖਾਂ ਮਾਰੇ ਲੋਕਾਂ ਦੀ ਇਕ ਮੁੱਠ ਸ਼ਕਤੀ ਹੀ ਮੁਕਤੀ ਦਾ ਇੱਕੋ ਇਕ ਰਾਹ ਹੈ। ਅਖ਼ੀਰ ਵਿਚ ਉਸਤਾਦ ਸ਼ਾਇਰ ਸੁਲਖਣ ਸਰਹੱਦੀ ਦੇ ਇਸ ਸ਼ਿਅਰ ਨਾਲ ਵਿਦਾ ਦਿਓ ਆਗਿਆ-

'ਦੇਸ਼ ਅਮੀਰ ਬੜਾ ਹੈ ਭਾਰਤ, ਗੁਰਬਤ ਵਿਚ ਹੀ ਡੁੱਬੇ ਲੋਕ,
ਇਸ ਪਾਸੇ ਨੇ ਠੰਢੇ ਚੁੱਲ੍ਹੇ, ਉਸ ਪਾਸੇ ਅੰਨ ਦੇ ਅੰਬਾਰ।'

# 5 ਸਤੰਬਰ ਲੇਬਰ ਡੇ ਬਨਾਮ ਪਹਿਲੀ ਮਈ ਕੌਮਾਂਤਰੀ ਮਜ਼ਦੂਰ ਦਿਵਸ

ਪਾਟੀ ਕਿਰਤ ਗੁਲਾਮੀ ਝਲਦੀ
ਜੁੜੇ ਜਿੱਤੇ ਬ੍ਰਹਿਮੰਡ ਓ ਯਾਰ (ਪ੍ਰੋ: ਮੋਹਨ ਸਿੰਘ)

ਪਹਿਲੀ ਮਈ ਕੌਮਾਂਤਰੀ ਮਜ਼ਦੂਰ ਦਿਵਸ ਕੁਲ ਦੁਨੀਆ ਦੇ ਦੇਸ਼ਾਂ ਦੇ ਮਜ਼ਦੂਰਾਂ ਲਈ ਪੂੰਜੀਵਾਦੀ ਪ੍ਰਬੰਧ ਵੱਲੋਂ ਪਦਾਰਥਕ, ਬੌਧਕ, ਸਮਾਜਕ ਤੇ ਸਭਿਆਚਾਰਕ ਲੁੱਟ ਦੀ ਚੱਕੀ ਵਿਚ ਦਰੜੇ ਜਾ ਰਹੇ ਮਜ਼ਦੂਰਾਂ ਲਈ ਆਪਣੇ ਲੜੇ ਸੰਘਰਸ਼ਾਂ ਦਾ ਮੁਲਅੰਕਣ ਕਰਨ ਤੇ ਭਵਿੱਖ ਲਈ ਸਰਮਾਏਦਾਰੀ ਜੂਲੇ ਨੂੰ ਵਗਾਹ ਮਾਰਨ ਦੇ ਪ੍ਰੋਗਰਾਮ ਉਲੀਕਣ ਦਾ ਦਿਨ ਹੈ। ਮਈ ਦਿਨ ਦੁਨੀਆ ਭਰ ਦੇ ਲੋਕਾਂ ਲਈ ਜੰਗ ਦੀ ਬਰਬਾਦੀ ਵਿਰੁੱਧ ਤੇ ਅਮਨ ਦੀ ਰਾਖੀ ਲਈ ਅਹਿਦ ਕਰਨ ਦਾ ਦਿਨ ਹੈ। ਮਈ ਦਿਵਸ ਸਾਮਰਾਜੀਆਂ ਦੀਆਂ ਨਵ-ਬਸਤੀਵਾਦੀ ਚਾਲਾਂ ਨੂੰ ਲੋਕਾਂ ਵਿਚ ਨੰਗਿਆ ਕਰਨ ਦਾ ਦਿਨ ਹੈ, ਜਿਸ ਵਿਚ ਮਜ਼ਦੂਰ ਜਮਾਤ ਵੀ ਆਪਣੀ ਵੀ ਨਜਾਤ ਹੈ। ਮਈ ਦਿਵਸ ਪੂੰਜੀਵਾਦੀ ਪ੍ਰਬੰਧ ਹੇਠ ਨਰਕੀ ਜੀਵਨ ਭੋਗ ਰਹੇ ਮਜ਼ਦੂਰਾਂ ਲਈ ਸਰਮਾਏਦਾਰੀ ਜਗੀਰਦਾਰੀ ਢਾਂਚੇ ਵਿਰੁੱਧ ਨਿਰੰਤਰ ਤੇ ਬੇਕਿਰਕ ਘੋਲ ਕਰਨ ਦੇ ਪੱਕੇ ਇਰਾਦੇ ਨੂੰ ਮੁੜ ਦੁਹਰਾਉਣ ਦਾ ਦਿਨ ਹੈ। ਮਈ ਦਿਵਸ ਕੁਲ ਦੁਨੀਆ ਦੇ ਮਜ਼ਦੂਰਾਂ ਨਾਲ ਕੌਮਾਂਤਰੀ ਇਕਮੁਠਤਾ ਦਰਸਾਉਣ ਦਾ ਦਿਨ ਹੈ। ਮਈ ਦਿਵਸ ਵੱਖ-ਵੱਖ ਰੰਗਾਂ, ਨਸਲਾਂ, ਧਰਮਾਂ ਦੇ ਮਜ਼ਦੂਰਾਂ ਲਈ 'ਦੁਨੀਆ ਭਰ ਦੇ ਮਜ਼ਦੂਰੋ ਇਕ ਹੋ ਜਾਓ' ਦਾ ਨਾਅਰਾ ਬੁਲੰਦ ਕਰਨ ਦਾ ਦਿਨ ਹੈ। ਪਹਿਲੀ ਮਈ ਦਾ ਦਿਨ ਅਮਰੀਕਾ ਦੇ ਸ਼ਹਿਰਾਂ ਸ਼ਿਕਾਗੋ ਵਿਖੇ ਮਜ਼ਦੂਰਾਂ ਵੱਲੋਂ ਲੜੀ ਗਈ 8 ਘੰਟੇ ਦੀ ਦਿਹਾੜੀ ਲਈ ਹੜਤਾਲ ਦੇ ਇਕ ਖੜਯੰਤਰ ਕਰਕੇ ਫਾਂਸੀ ਲਾਏ ਗਏ ਬਹਾਦਰ ਸੂਰਵੀਰ ਲੀਡਰਾਂ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਦਿਨ ਹੈ। ਯੂ.ਐਨ.ਓ ਦੀ ਇਕ ਕਮਰਦਾਦ ਰਾਹੀਂ ਪਹਿਲੀ ਮਈ ਦੇ ਦਿਨ ਨੂੰ ਹਰ ਸਾਲ ਮਜ਼ਦੂਰਾਂ ਦੀਆਂ ਕੰਮ ਹਾਲਤਾਂ ਦੀ ਸਮੀਖਿਆ ਕਰਨ ਲਈ ਇਸੇ ਦਿਨ ਹਰ ਸਾਲ ਸਮੁੱਚੇ ਸੰਸਾਰ ਦੇ ਮਜ਼ਦੂਰਾਂ ਨੂੰ ਮਨਾਉਣ ਦੀ ਪ੍ਰੇਰਣਾ ਕੀਤੀ ਹੈ।

ਅਮਰੀਕਾ ਤੇ ਕੈਨੇਡਾ ਦੇ ਮਜ਼ਦੂਰ ਸੰਗਠਨ ਪਹਿਲੀ ਮਈ ਨੂੰ ਜਾਣ-ਬੁੱਝ ਕੇ ਸਰਕਾਰ ਦੇ ਇਸ਼ਾਰੇ ਤੇ ਇਸ ਦਿਨ ਨੂੰ ਸ਼ਿਕਾਗੋ ਵਿਖੇ ਮਈ 1886 ਨੂੰ ਵਾਪਰੀਆਂ ਘਟਨਾਵਾਂ ਨੂੰ ਅੱਖੋਂ ਪਰੋਖੇ ਕਰਕੇ ਵੱਖਰੀ ਮਿਤੀ 5 ਸਤੰਬਰ ਜਾਂ ਸਤੰਬਰ ਮਹੀਨੇ ਦੇ ਪਹਿਲੇ ਸੋਮਵਾਰ ਲੇਬਰ ਡੇ ਦੇ ਤੌਰ 'ਤੇ ਮਨਾਉਂਦੇ ਹਨ। ਇਨ੍ਹਾਂ ਦੋਨਾਂ ਮਜ਼ਦੂਰਾਂ ਨਾਲ ਸਬੰਧਤ ਦਿਨ ਮਨਾਉਣ ਦਾ ਆਸਾ-ਮਨਸ਼ਾ ਵੱਖੋ-ਵੱਖਰਾ ਹੈ। ਪਵਿੱਖੀ ਨਿਸ਼ਾਨੇ ਅਲੱਗ-ਅਲੱਗ ਹਨ। ਇਹ ਕੋਈ ਇਤਫਾਕ ਨਹੀਂ ਕਿ ਕੁਝ ਕੁ ਮਜ਼ਦੂਰ ਸੰਗਠਨ ਮਈ ਦਿਵਸ ਮਨਾਉਣ ਦੀਆਂ ਇਨਕਲਾਬੀ ਧਾਰਨਾਵਾਂ ਤੋਂ ਭਟਕ ਗਏ ਹਨ, ਟਰੇਡ ਯੂਨੀਅਨ ਵਿਚ ਸੋਧਵਾਦ ਸੁਧਾਰਵਾਦ ਦੀ ਪਟੜੀ ਚੜ੍ਹ ਗਏ ਹਨ, ਮਜ਼ਦੂਰ ਜਮਾਤ ਦੀ ਕੌਮਾਂਤਰੀ ਏਕਤਾ ਤੋਂ ਬੇਮੁਖ ਹੋ ਗਏ ਹਨ। ਪੂੰਜੀਪਤੀ ਸਰਕਾਰਾਂ ਦੀ ਉਮਰ ਲੰਬੇਰੀ ਕਰਨ ਵਿਚ ਸਹਾਈ ਹੋ ਗਏ ਹਨ। ਇਸ ਪਿੱਛੇ ਇਨ੍ਹਾਂ ਮੁਲਕਾਂ ਦੀਆਂ ਸਰਕਾਰੀ ਚਾਲਾਂ ਦਾ ਹੱਥ ਹੈ।

ਅਠਾਰਵੀਂ ਸਦੀ ਦੇ ਅੱਧ ਤੋਂ ਲੈ ਕੇ ਉਨੀਵੀਂ ਸਦੀ ਤੱਕ ਉਦਯੋਗਿਕ ਕ੍ਰਾਂਤੀ ਆਉਣ ਤੱਕ ਦਸਤਕਾਰ ਆਪਣੀ ਹੱਥ ਕੀਤੀ ਕਿਰਤ ਅਤੇ ਉਤਪਾਦਨ ਦਾ ਮੁੱਲ ਆਪ ਨਿਰਧਾਰਤ ਕਰਦਾ ਸੀ। ਫਿਰ ਦਿਉਕਦ ਮਸ਼ੀਨਾਂ, ਸਵੈਚਾਲਕ ਮਸ਼ੀਨਾਂ, ਦਿਉਕਦ ਕਾਰਖਾਨਿਆਂ ਨੇ ਉਤਪਾਦਨ ਵਿਚ ਬੇ-ਬਹਾ ਵਾਧਾ ਕੀਤਾ। ਦਸਤਕਾਰ ਦੀ ਕਿਰਤ ਮਸ਼ੀਨੀ ਉਤਪਾਦਨ ਵਿਚ ਤਬਦੀਲੀ ਹੋ ਗਈ। ਦਸਤਕਾਰ ਸਨਅਤੀ ਮਜ਼ਦੂਰ ਬਣਨ ਲਈ ਮਜਬੂਰ ਹੋ ਗਿਆ। ਉਸ ਦੀ ਕਿਰਤ ਦਾ ਮੁੱਲ ਦਿਹਾੜੀ ਵਿਚ ਤਬਦੀਲ ਹੋ ਗਿਆ। ਦਿਹਾੜੀ ਦੇ ਘੰਟੇ (ਕੰਮ ਸਮਾਂ) ਤੇ ਕਿਰਤ ਦਾ ਮੁੱਲ ਵੀ ਉਦਯੋਗਪਤੀ ਮਿੱਥਣ ਲੱਗਾ। ਇਹ ਸੀ ਸਨਅਤੀ ਕ੍ਰਾਂਤੀ ਦਾ ਮਜ਼ਦੂਰ ਦੀ ਮਿਹਨਤ ਲੁੱਟਣ ਦਾ ਪਹਿਲਾ ਹੱਲਾ। ਬਾਫਰ ਮੁਨਾਫੇ ਦੀ ਹੋੜ ਵਿਚ ਉਦਯੋਗਪਤੀ ਸਰਮਾਏਦਾਰ ਮਨੋਵਿਗਿਆਨੀਆਂ ਦੀ ਇਸ ਖੋਜ ਨੂੰ ਭੁੱਲ ਗਏ ਕਿ ਵਰਕਰ ਦੇ ਸੁਖਾਵੇਂ ਜੀਵਨ ਹਾਲਤ ਉਸ ਦੀ ਕੰਮ ਦੀ ਸਮਰਥਾ ਵਿਚ ਵਾਧਾ ਕਰਦੇ ਹਨ। ਦਿਹਾੜੀ ਦੇ ਕੰਮ ਦੇ ਘੰਟੇ ਅਤੇ ਤਨਖਾਹ ਇਸ ਦੇ ਮਹੱਤਵਪੂਰਨ ਅੰਗ ਹਨ, ਸਗੋਂ ਉਹ 18 ਘੰਟੇ ਤੱਕ ਦੀ ਦਿਹਾੜੀ ਅਤੇ ਘਟ ਉਜਰਤ ਦੇ ਕੇ ਕਿਰਤੀਆਂ ਦੇ ਖੂਨ ਦਾ ਆਖਰੀ ਤੁਪਕਾ ਤਕ ਨਚੋੜਨ ਤੱਕ ਚਲੇ ਗਏ। ਭਾਵੇਂ ਇਸ ਵਿਚ ਉਨ੍ਹਾਂ ਦੀ ਆਪਣੀ ਦੂਰ-ਰਸੀ ਹਾਨੀ ਵੀ ਲੁਕੀ ਹੋਈ ਸੀ। ਸ਼ਿਕਾਗੋ ਦੀਆਂ ਘਟਨਾਵਾਂ ਤੋਂ ਪਹਿਲੋਂ 1877 ਈ: ਰੇਲਵੇ ਸਟੀਲ ਉਦਯੋਗ ਦੇ ਲੱਖਾਂ ਕਾਮਿਆਂ ਸਰਕਾਰ ਤੇ ਕਾਰਪੋਰੇਟ ਜਗਤ ਨੂੰ ਚੁਣੌਤੀ ਦਿੱਤੀ ਸੀ। ਕੋਲੇ ਖਾਨਾਂ ਦੇ ਉਦਯੋਗਪਤੀਆਂ ਨੇ ਕੰਮ ਦੀਆਂ ਹਾਲਤਾਂ ਵਿਚ ਸੁਧਾਰ ਦੀ ਮੰਗ ਕਰ ਰਹੇ ਮਜ਼ਦੂਰਾਂ 'ਤੇ ਕਹਿਰ ਢਾਹਿਆ ਸੀ। ਪੈਨਸਿਲਵਾਨੀਆਂ ਵਿਖੇ ਮਜ਼ਦੂਰਾਂ ਨੂੰ ਫਾਹੇ ਲਾ ਦਿੱਤਾ ਸੀ। ਉਸ ਸਮੇਂ ਤੱਕ ਟਰੇਡ ਯੂਨੀਅਨ ਦਾ ਜਮਾਤ ਸੰਗਠਨ ਬਣਾਉਣਾ ਗ਼ੈਰ-ਕਾਨੂੰਨੀ ਕਾਰਜ ਸਮਝਿਆ ਜਾਂਦਾ ਸੀ। ਸਿਵਲ ਵਾਰ 1861 ਈ: ਤੋਂ 1866 ਈ: ਤੱਕ ਸਾਰੀਆਂ ਟਰੇਡ ਯੂਨੀਅਨਾਂ ਨੂੰ ਸੰਵਿਧਾਨਕ ਤੌਰ 'ਤੇ ਖ਼ਤਮ ਕਰ ਦਿੱਤਾ ਸੀ।



ਅਗਸਤ 1866 ਈ: ਬਾਲਟੀਮੂਰ ਦੇ ਮਜ਼ਦੂਰਾਂ ਨੇ 8 ਘੰਟੇ ਦੀ ਦਿਹਾੜੀ ਦਾ ਮਤਾ ਪਾਸ ਕੀਤਾ। ਇਸ ਦੇ ਦੋ ਹਫ਼ਤਿਆਂ ਬਾਅਦ ਪਹਿਲੀ ਇੰਟਰਨੈਸ਼ਨਲ ਦੀ ਜਨੇਵਾ ਕਾਨਫਰੰਸ ਨੇ ਕਿਹਾ, ''ਕੰਮ ਕਰਨ ਦੇ ਦਿਨ ਦੀ ਹੱਦ ਮਿਥਣਾ ਇਕ ਮੁਢਲੀ ਸੂਰਤ ਹੈ, ਜਿਸ ਤੋਂ ਬਿਨਾਂ ਮਜ਼ਦੂਰ ਜਮਾਤ ਦੀ ਹਾਲਤ ਵਿਚ ਸੁਧਾਰ ਹੋਣਾ ਨਾ ਮੁਮਕਨ ਹੈ। ਅੱਠ ਘੰਟੇ ਕੰਮ ਕਰਨ ਦੇ ਦਿਨ ਦੀ ਕਾਨੂੰਨੀ ਸੀਮਾ ਹੋਣੀ ਚਾਹੀਦੀ ਹੈ।'' 1884 ਈ: ਅਕਤੂਬਰ ਅਮਰੀਕਾ ਤੇ ਕੈਨੇਡਾ ਦੀ ਫੈਡਰੇਸ਼ਨ ਆਫ ਆਰਗਨਾਈਜ਼ਡ ਟਰੇਡਰਜ਼ ਐਂਡ ਲੇਬਰ ਯੂਨੀਅਨ ਦੀ ਚੌਥੀ ਕਾਨਫਰੰਸ ਨੇ ਮਈ 1886 ਤੋਂ ਅੱਠ ਘੰਟੇ ਦੀ ਦਿਹਾੜੀ ਦਾ ਮਤਾ ਪਾਸ ਕੀਤਾ ਤੇ ਹੜਤਾਲ ਦਾ ਸੱਦਾ ਦਿੱਤਾ। ਇਸ ਫੈਸਲੇ ਤੇ ਫੁੱਲ ਚੜ੍ਹਾਉਂਦੇ ਹੋਏ ਮਈ 1886 ਈ: ਸ਼ਿਕਾਗੋ ਦੇ ਮਜ਼ਦੂਰਾਂ ਨੇ ਖਾੜਕੂ ਹੜਤਾਲ ਕੀਤੀ। ਸਿੱਧੀ ਕਾਰਵਾਈ ਕਰਨ ਦਾ ਫੈਸਲਾ ਲਿਆ। ਮਿੱਲ ਮਾਲਕਾਂ, ਪ੍ਰਬੰਧਕਾਂ, ਉਦਯੋਗਪਤੀਆਂ ਤੇ ਅਮਰੀਕੀ ਸਰਕਾਰ ਦੇ ਗਠਜੋੜ ਨੇ ਜਵਾਬੀ ਕਾਰਵਾਈ ਕਰਨ ਦਾ ਨਿਰਣਾ ਕੀਤਾ। 3 ਮਈ 1886 ਮਜ਼ਦੂਰ ਆਗੂ ਅਗਸ ਸਪਾਈਸ, ਮੈਕਕਾਰਮਿਕ ਰੀਪਰ ਪਲਾਂਟ ਦੇ ਕਾਮਿਆਂ ਨੂੰ ਸੰਬੋਧਨ ਕਰ ਰਿਹਾ ਸੀ। ਪੁਲਿਸ ਨੇ ਕੈਪਟਨ ਬੋਨਫੀਲਡ ਦੀ ਅਗਵਾਈ ਵਿਚ ਮਜ਼ਦੂਰਾਂ 'ਤੇ ਗੋਲੀ ਚਲਾ ਦਿੱਤੀ। 2 ਕਾਮੇ ਸ਼ਹੀਦ ਹੋਏ। ਇਸ ਕਾਰਵਾਈ ਦੇ ਵਿਰੋਧ ਵਿਚ 4 ਮਈ 1886 ਨੂੰ ਇਕ ਰੋਸ ਮੁਜ਼ਾਹਰਾ ਕੀਤਾ ਗਿਆ। ਸ਼ਿਕਾਗੋ ਦੀ ਹੇਅ ਮਾਰਕੀਟ 176 ਪੁਲਸੀਆਂ ਨੇ ਮਜ਼ਦੂਰਾਂ ਤੇ ਮਿਲਟਰੀ ਦੀ ਤਰ੍ਹਾਂ ਹਮਲਾ ਕੀਤਾ। ਭਾੜੇ ਦੇ ਗੁੰਡਿਆਂ ਤੋਂ ਇਕ ਬੰਬ ਵਿਸਫੋਟ ਕਰਵਾਇਆ ਗਿਆ। ਇਸ ਸਾਜਿਸ਼ ਦਾ ਪਲਾਨ ਨਿਊਯਾਰਕ ਵਿਚ ਪਹਿਲਾਂ ਹੀ ਵਿਉਂਤਿਆ ਗਿਆ ਸੀ। ਇਕ ਮਾਰਜੈਂਟ ਦੀ ਜਾਨ ਗਈ, ਛੇ ਮਜ਼ਦੂਰ ਸ਼ਹੀਦ ਹੋਏ। ਸੈਂਕੜੇ ਮਜ਼ਦੂਰ ਜ਼ਖ਼ਮੀ ਹੋਏ। ਇਸੇ ਹੇਅ ਮਾਰਕੀਟ ਵਿਚ ਇਕ ਮੁਕਾਬਲੇ ਵਿਚ ਚਾਰ ਕਿਰਤੀ ਸ਼ਹੀਦ ਹੋਏ। ਵੱਡੇ ਉਦਯੋਗਪਤੀਆਂ ਦੇ ਸੰਗਠਨ ਕਮਰਸ਼ੀਅਲ ਕਲੱਬ ਵੱਲੋਂ ਉਸ ਸਮੇਂ 2000 ਡਾਲਰ ਖਰਚ ਕਰਕੇ ਪੁਲੀਸ ਨੂੰ ਇਕ ਮਸ਼ੀਨਗੰਨ ਖਰੀਦ ਕੇ ਦਿੱਤੀ ਸੀ ਤਾਂ ਜੋ ਉਠ ਰਹੇ ਮਜ਼ਦੂਰ ਅੰਦੋਲਨ ਨੂੰ ਸਖ਼ਤੀ ਨਾਲ ਦਬਾਇਆ ਜਾ ਸਕੇ। ਮਜ਼ਦੂਰ ਤਾਂ ਅਮਨ ਇਨਸਾਫ ਦਾ ਚਿੱਟੇ ਰੰਗ ਦਾ ਝੰਡਾ ਲੈ ਕੇ ਤੁਰੇ ਸਨ, ਜੋ ਉਨ੍ਹਾਂ ਦੇ ਖ਼ੂਨ ਨਾਲ ਰੰਗਿਆ ਗਿਆ। ਇਹ ਹੀ ਖ਼ੂਨ ਰੰਗਿਆ ਲਾਲ ਝੰਡਾ ਅੰਦੋਲਨ ਕਰ ਰਹੇ ਮਜ਼ਦੂਰਾਂ ਦਾ ਝੰਡਾ ਬਣ ਗਿਆ।

ਮਜ਼ਦੂਰ ਆਗੂਆਂ, ਅਲਬਰਟ ਪਾਰਸਨ, ਅਗਸਤ ਸਪਾਈਸ, ਅਲਫੋਰਡ ਫਿਸ਼ਰ, ਜਾਰਜ ਏਜਲ ਨੂੰ ਝੂਠੇ ਕੇਸ ਵਿਚ ਫਸਾ ਕੇ ਫਾਂਸੀ ਲਾ ਦਿੱਤੀ ਗਈ। ਲੁਈਸ ਕਿੰਗ ਜੇਲ੍ਹ ਤਸੀਹਿਆਂ ਕਰਕੇ ਜਾਨ ਦੇ ਗਿਆ। ਅਨੇਕਾਂ ਹੋਰ ਆਗੂਆਂ ਨੂੰ ਲੰਬੀ ਕੈਦ ਦੀਆਂ ਸਜ਼ਾਵਾਂ ਦਾ ਆਰਡਰ ਕਰ ਦਿੱਤਾ। ਮੁਕੱਦਮੇ ਦੌਰਾਨ ਇਨ੍ਹਾਂ ਸੂਰਮਿਆਂ ਨੇ ਆਪਣੇ ਬਚਾਅ ਦਾ ਪੱਖ ਪੇਸ਼ ਕਰਦਿਆਂ ਸਾਹਸ ਦਾ ਕੇਵਲ ਗੌਰਵਮਈ ਇਤਿਹਾਸ ਹੀ ਨਹੀਂ ਸਿਰਜਿਆ, ਸਗੋਂ ਅਧਿਕਾਰੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ। ਜਿਹੜੇ ਆਗੂ ਗ੍ਰਿਫਤਾਰੀ ਤੋਂ ਬਚ ਵੀ ਗਏ ਸਨ, ਆਪਣੇ ਸਾਥੀਆਂ ਨਾਲ ਅਦਾਲਤ ਵਿਚ ਜਾ ਖੜੋਤੇ। 11 ਨਵੰਬਰ 1887 ਨੂੰ ਇਨ੍ਹਾਂ ਚਾਰ ਲੀਡਰਾਂ ਨੂੰ ਫਾਂਸੀ ਚੜ੍ਹਾ ਦਿੱਤਾ ਗਿਆ। ਸੈਮੂਅਲ ਫੀਲਡਜ਼ ਅਤੇ ਮਾਈਕਲ ਸਾਅਬ ਨੂੰ 1893 ਈ: ਨੂੰ ਰਿਹਾਅ ਕਰ ਦਿੱਤਾ ਗਿਆ।

ਇਲੀਨਾਏ ਦੇ ਗਵਰਨਰ ਨੂੰ ਇਹ ਗੱਲ ਮੰਨਣੀ ਪਈ ਕਿ ਜਿਨ੍ਹਾਂ ਆਗੂਆਂ ਨੂੰ ਲੰਬੀ ਕੈਦ ਦੀ ਸਜ਼ਾ ਦਿੱਤੀ ਗਈ ਸੀ, ਉਨ੍ਹਾਂ ਦਾ ਕੋਈ ਜ਼ੁਰਮ ਸਾਬਤ ਨਹੀਂ ਹੁੰਦਾ। ਇਸੇ ਤਰ੍ਹਾਂ ਫਾਂਸੀ ਚਾੜੇ ਗਏ ਆਗੂਆਂ ਦੀ ਤਰ੍ਹਾਂ ਇਨ੍ਹਾਂ ਨੂੰ ਵੀ ਪੱਖਪਾਤੀ ਅਦਾਲਤ ਦਾ ਸ਼ਿਕਾਰ ਹੋਣਾ ਪਿਆ। ਮੁੱਖ ਗਵਾਹ ਨੂੰ ਵੱਢੀ ਦਿੱਤੀ ਗਈ ਸੀ। ਇਹ ਹੈ ਸਰਮਾਏਦਾਰੀ ਨਿਜਾਮ ਦੀਆਂ ਅਦਾਲਤਾਂ ਦੇ ਇਨਸਾਫ ਦੀ ਮੂੰਹ ਚਿੜਾਉਂਦੀ ਤਸਵੀਰ। 1889 ਈ: ਯੂਰਪ ਦੇ ਮਜ਼ਦੂਰ ਇਨ੍ਹਾਂ ਸ਼ਹੀਦਾਂ ਪਿੱਛੇ ਲਾਮਬੰਦ ਹੋ ਕੇ ਲੜਾਈ ਦੇ ਮੈਦਾਨ ਵਿਚ ਨਿੱਤਰ ਆਏ ਸਨ।

ਸ਼ਿਕਾਗੋ ਦੇ ਇਨ੍ਹਾਂ ਇਨਕਲਾਬੀ ਮਜ਼ਦੂਰ ਲੀਡਰਾਂ ਦੇ ਅਦਾਲਤ ਨੂੰ ਅਤੇ ਫਾਂਸੀ ਵੱਲ ਜਾਂਦਿਆਂ ਦਿੱਤੇ ਬਿਆਨ ਲਹੂ ਵੀਟਵੇ ਸੰਘਰਸ਼ ਦੇ ਇਤਿਹਾਸ ਦੇ ਸੁਨਹਿਰੀ ਪੰਜੇ ਹਨ।

ਅਲਬਰਟ ਪਾਰਸਨ ਨੇ ਕਿਹਾ, ''ਕੀ ਸਰਕਾਰ, ਉਸ ਦੇ ਪ੍ਰਬੰਧਕਾਂ ਅਤੇ ਉਦਯੋਗਪਤੀਆਂ ਨੇ ਸਾਜਿਸ਼ ਕਰਕੇ ਅਮਨ ਭਰਪੂਰ ਮਜ਼ਦੂਰਾਂ ਦੇ ਇਕੱਠ ਵਿਚ ਬੰਬ ਨਹੀਂ ਸੁਟਿਆ? ਤਾਂ ਜੋ ਮਜ਼ਦੂਰਾਂ ਨੂੰ ਕੰਨ ਹੋ ਜਾਣ ਕਿ ਹੱਕ ਮੰਗਣਾ ਐਨਾ ਸੁਖਾਲਾ ਨਹੀਂ ਹੁੰਦਾ। ਕੀ ਟੌਮ ਸਕਾਟ ਪੈਨਸਨਵੇਨੀਆਂ ਦੇ ਗਵਰਨਰ ਦਾ ਇਹ ਬਿਆਨ ਕਿ ਇਨ੍ਹਾਂ ਨੂੰ ਬੰਦੂਕ ਦੀ ਗੋਲੀ ਦੀ ਖੁਰਾਕ ਹੀ ਕਾਫੀ ਹੈ, ਕੀਤੇ ਜ਼ੁਲਮਾਂ ਦੀ ਮੂੰਹ ਬੋਲਦੀ ਤਸਵੀਰ ਨਹੀਂ? ਕੀ ਸ਼ਿਕਾਗੋ ਟ੍ਰਿਬਿਊਨ ਦਾ ਬਿਆਨ ਇਨ੍ਹਾਂ ਨੂੰ ਕਰੜੀਆਂ ਸਜ਼ਾਵਾਂ ਦਿਉ, ਭਾਵੇਂ ਇਨ੍ਹਾਂ ਨੇ ਬੰਬ ਨਾ ਵੀ ਸੁੱਟਿਆ ਹੋਵੇ। ਸਾਡੇ ਨਿਰਦੋਸ਼ ਹੋਣ ਦਾ ਸਬੂਤ ਨਹੀਂ? ਅਸੀਂ ਸਾਜਿਸ਼ ਦਾ ਸ਼ਿਕਾਰ ਹੋਏ ਹਾਂ, ਇਤਿਹਾਸ ਇਹ ਗੱਲ ਸਦਾ ਯਾਦ ਰੱਖੇਗਾ।'' ਅਗਸਤ ਸਪਾਈਸ, ''ਕੀ ਤੁਸੀਂ ਸੋਚਦੇ ਹੋ ਸਾਨੂੰ ਫਾਹੇ ਲਾ ਕੇ ਕਰੋੜਾਂ ਦਬੇ-ਕੁਚਲੇ ਮਜ਼ਦੂਰਾਂ ਦੀ ਲਹਿਰ ਦਬਾ ਦਿੱਤੀ ਹੈ? ਇਹ ਤੁਹਾਡੀ ਭੁੱਲ ਹੈ। ਸਾਨੂੰ ਫਾਂਸੀ ਚੜ੍ਹਾ ਕੇ ਇਹ ਚੰਗਿਆੜੀ ਬੁਝਾ ਦਿੱਤੀ ਹੈ। ਇਹ ਤਾਂ ਤੁਹਾਡੇ ਅੱਗੇ ਹੈ, ਪਿੱਛੇ ਹੈ, ਉਪਰ ਹੈ, ਥੱਲੇ ਹੈ, ਹਰ ਪਾਸੇ ਤੁਸੀਂ ਅੱਗ ਨਾਲ ਖੇਡ ਰਹੇ ਹੋ।

ਜਾਰਜ ਏਂਗਲ, ''ਇਕ ਸੂਝਵਾਨ ਮਨੁੱਖ ਦਾ ਫਰਜ਼ ਬਣਦਾ ਹੈ ਕਿ ਉਹ ਗਲੇ-ਸੜੇ ਨਿਜ਼ਾਮ ਖਿਲਾਫ਼ ਲੜੇ, ਹਜ਼ਾਰਾਂ ਕਿਰਤੀਆਂ ਨੂੰ ਆਪਣੇ ਦੁਆਲੇ ਇਕੱਤਰ ਕਰੇ ਤਾਂ ਜੋ ਹੋਰ ਕਰੋੜਾਂ ਮਜ਼ਦੂਰ ਨਿਤਾਣੇ ਨਾ ਬਣ ਜਾਣ।''

ਲਾਉਸ ਕਿੰਗ, ''ਮੈਂ ਇਸ ਬੇਇਨਸਾਫ਼ੀ ਅਧਾਰਿਤ ਪ੍ਰਬੰਧ ਨੂੰ ਆਖ਼ਰੀ ਸਾਹਾਂ ਤੱਕ ਨਫ਼ਰਤ ਕਰਦਾ ਰਹਾਂਗਾ। ਇਸ ਵਿਰੁੱਧ ਲੜਾਂਗਾ। ਮੈਨੂੰ ਫਾਂਸੀ ਚੜ੍ਹ ਜਾਣ ਦੀ ਖੁਸ਼ੀ ਹੈ। ਮੈਂ ਹਜ਼ਾਰਾਂ-ਲੱਖਾਂ ਮਜ਼ਦੂਰਾਂ ਲਈ ਬੋਲਿਆ ਹਾਂ।'' ਇਸ ਫਾਂਸੀ ਦੇ ਸ਼ੁੱਕਰਵਾਰ ਨੂੰ ਬਲੈਕ ਫਰਾਈਡੇ ਦਾ ਨਾਂ ਦਿੱਤਾ ਗਿਆ।

ਓਸਕਰ ਨਿਬਲ, ''ਮੈਂ ਵੇਖਿਆ ਬੇਕਰੀ ਵਿਚ ਕੰਮ ਕਰਨ ਵਾਲੇ ਇਸ ਸ਼ਹਿਰ ਵਿਚ ਕੁੱਤਿਆਂ ਤੋਂ ਬਦਤਰ ਜ਼ਿੰਦਗੀ ਜਿਉ ਰਹੇ ਹਨ। ਮੈਂ ਉਨ੍ਹਾਂ ਨੂੰ ਜਥੇਬੰਦ ਕੀਤਾ ਹੈ, ਸੰਘਰਸ਼ ਦੀ ਲੀਹੇ ਤੋਰਿਆ, ਇਹ ਮੇਰਾ ਕਸੂਰ ਹੈ। ਇਹ ਕਾਮੇਂ ਚੌਦਾਂ ਤੋਂ ਸੋਲਾਂ ਘੰਟੇ ਕੰਮ ਕਰਦੇ ਹਨ। ਸ਼ਿਕਾਗੋ ਸ਼ਹਿਰ ਦੇ ਕਿਰਤੀਆਂ ਨੂੰ 4 ਵਜੇ ਤੜਕੇ ਕੰਮ 'ਤੇ ਜਾਂਦਿਆਂ ਤੇ 8 ਵਜੇ ਸ਼ਾਮ ਪਰਤਦਿਆਂ ਵੇਖਿਆ। ਉਹ ਆਪਣੇ ਬੱਚਿਆਂ ਨੂੰ ਵੇਖਣ ਤੋਂ ਆਤਰ ਸਨ। ਮੈਂ ਉਨ੍ਹਾਂ ਨੂੰ ਜਥੇਬੰਦ ਕੀਤਾ। ਇਹ ਮੇਰਾ ਜੁਰਮ ਹੈ। ਗਰੋਸਰੀ ਸਟੋਰ ਦੇ ਕਾਮੇ 12 ਘੰਟੇ ਕੰਮ ਕਰਦੇ ਹਨ, ਐਤਵਾਰ ਨੂੰ ਵੀ। ਉਨ੍ਹਾਂ ਨੂੰ ਅੱਠ ਘੰਟੇ ਦੀ ਦਿਹਾੜੀ ਲਈ ਜਥੇਬੰਦ ਕੀਤਾ ਤੇ ਸੰਘਰਸ਼ ਕਰਨ ਲਈ ਕਿਹਾ। ਇਹ ਵੀ ਮੇਰਾ ਹੀ ਕਸੂਰ ਹੈ। ਮੈਨੂੰ ਫਾਂਸੀ ਚਾੜ ਦਿਉ ਕੋਈ ਗ਼ਮ ਨਹੀਂ।''

ਇਕ ਮਈ 1890 ਨੂੰ ਸਾਰੇ ਦੇਸ਼ਾਂ ਦੇ ਵੱਡੇ ਮਹਾਂਨਗਰਾਂ ਵਿਚ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿਚ ਮਜ਼ਦੂਰਾਂ ਨੇ ਹੜਤਾਲ ਕਰਕੇ ਮੁਜ਼ਾਹਰੇ ਕੀਤੇ। ਵਿਆਨਾ ਇਕ ਲੱਖ ਬੁਡਾ ਪੈਸਿਟ, 60 ਹਜ਼ਾਰ ਸਰਸੇਲਜ਼ ਤੇ ਲਾਉਸ 50 ਹਜ਼ਾਰ ਪਰਾਗ ਵਿਚ ਪੈਂਤੀ ਹਜ਼ਾਰ, ਸ਼ਿਕਾਗੋ ਵਿਚ 30 ਹਜ਼ਾਰ ਮਜ਼ਦੂਰਾਂ ਨੇ ਆਪਣੇ ਵਿਸ਼ਾਲ ਇਕੱਠ ਵਿਚ ਹੇਅ ਮਾਰਕੀਟ ਜਿਥੇ ਮਜ਼ਦੂਰਾਂ ਨੇ ਆਪਣੀਆਂ ਜਾਨਾਂ ਦੀ ਬਲੀ ਦਿੱਤੀ ਸੀ। ਫਾਂਸੀ ਚਾੜੇ ਗਏ ਬਹਾਦਰ ਚਾਰ ਆਗੂਆਂ ਦੇ ਬੁੱਤ ਸਥਾਪਤ ਕੀਤੇ। ਇਕ ਕਾਲਮ ਵੀ ਉਸਾਰਿਆ ਗਿਆ, ਜੋ 25 ਜੂਨ 1893 ਈ: ਨੂੰ ਲੋਕਾਂ ਦੇ ਨਾਂ ਸਮਰਪਤ ਕੀਤਾ ਗਿਆ। ਉਸ 'ਤੇ ਸਪਾਈਸ ਦੇ ਆਖਰੀ ਸ਼ਬਦ ਉਕਰੇ ਹੋਏ ਸਨ, ''ਸਮਾਂ ਆਵੇਗਾ ਸਾਡੀ ਚੁੱਪ ਵਧੇਰੇ ਸ਼ਕਤੀਸ਼ਾਲੀ ਹੋਵੇਗੀ।'' ਉਸ ਤੋਂ ਅਗਲੇ ਦਿਨ ਸੂਬਾਈ ਗਵਰਨਰ ਨੇ ਮਜ਼ਦੂਰਾਂ ਤੋਂ ਮੁਆਫ਼ੀ ਮੰਗਦੇ ਹੋਏ ਕਿਹਾ, ''ਕਿਉਂਕਿ ਅਮਰੀਕੀ ਸਵਿਧਾਨ ਪੁਰ-ਅਮਨ ਢੰਗ ਇਕੱਠੇ ਹੋਣ 'ਤੇ ਆਪਣੀ ਗੱਲ ਕਹਿਣ ਦਾ ਹੱਕ ਦਿੰਦਾ ਹੈ। ਪਰ ਜੱਜ ਨੇ ਇਨ੍ਹਾਂ ਅਧਿਕਾਰਾਂ ਦਾ ਧਿਆਨ ਨਹੀਂ ਰੱਖਿਆ ਹੈ।''



ਗਿਆਨ ਸਿੰਘ ਬਿਲਗਾ
+1-661-397-7330

ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਅੱਜ ਹੇਅ ਮਾਰਕੀਟ ਸ਼ਿਕਾਗੋ ਵਿਚ ਸਥਾਪਤ ਕੀਤੇ ਚਾਰ ਸ਼ਹੀਦਾਂ ਦੇ ਬੁੱਤ ਅਤੇ ਕਾਲਮ ਜੋ ਉਸਾਰਿਆ ਗਿਆ ਅਤੇ ਆਮ ਲੋਕਾਂ ਨੂੰ ਸਮਰਪਤ ਕੀਤਾ ਗਿਆ ਸੀ, ਕਿਤੇ ਦਿਖਾਈ ਨਹੀਂ ਦਿੰਦਾ। ਇਤਿਹਾਸਕ ਯਾਦਗਾਰ ਦਾ ਖੁਰਾ ਖੋਜ ਮਿਟਾ ਦਿੱਤਾ ਗਿਆ ਹੈ। ਪੂੰਜੀਵਾਦੀ ਪ੍ਰਬੰਧ ਨੂੰ ਉਨ੍ਹਾਂ ਬੁੱਤਾਂ ਤੋਂ ਵੀ ਭੈਅ ਆਉਂਦਾ ਸੀ ਕਿਉਂਕਿ ਉਹ ਮਜ਼ਦੂਰ ਜਮਾਤ ਦੀ ਇਕਮੁਠਤਾ ਤੇ ਸੰਘਰਸ਼ ਦੇ ਚਿੰਨ੍ਹ ਸਨ, ਪਰ ਉਹ ਤਾਂ ਦੁਨੀਆ ਪਰ ਦੇ ਮਜ਼ਦੂਰਾਂ ਦੇ ਦਿਲ ਵਿਚ ਵਸਦੇ ਹਨ ਅਤੇ ਮਨ ਮਸਤਕ ਵਿਚ ਖੁਣੇ ਹੋਏ ਹਨ, ਕੌਣ ਇਨ੍ਹਾਂ ਨੂੰ ਮਿਟਾ ਸਕਦਾ ਹੈ?

ਪਾਣੀ 'ਤੇ ਲੀਕ ਤਾਂ ਨਹੀਂ ਪੱਥਰ 'ਤੇ ਲੀਕ ਹਾਂ
ਜਿੰਨਾ ਕਿਸੇ ਮਿਟਾਇਆ ਹੁੰਦਾ ਗਿਆ ਡੂੰਘੇਰਾ। (ਜਗਤਾਰ)

ਪੂੰਜੀਵਾਦੀ ਸਰਕਾਰ ਤੇ ਉਦਯੋਗਪਤੀਆਂ ਦੀਆਂ ਸਰਪ੍ਰਸਤੀ ਪ੍ਰਾਪਤ ਯੂਨੀਅਨਾਂ ਨੇ ਮਜ਼ਦੂਰ ਦਿਵਸ ਦੀ ਥਾਂ 5 ਸਤੰਬਰ 1883 ਈ: ਤੋਂ ਛੁੱਟੀ ਕਰਕੇ ਮਜ਼ਦੂਰਾਂ ਨੂੰ ਪਰਿਵਾਰਕ ਪਿਕਨਿਕ ਦੇ ਤੌਰ 'ਤੇ ਲੇਬਰ ਡੇ ਮਨਾਉਣ ਲਈ ਪ੍ਰੇਰਤ ਕੀਤਾ। ਮਾਰਚ 1887 ਈ: ਕੋਲੋਰਾਡੋ ਨੇ ਪਹਿਲਾਂ 5 ਸਤੰਬਰ ਦਾ ਦਿਨ ਛੁੱਟੀ ਦਾ ਦਿਨ ਐਲਾਨਿਆ। ਫਿਰ ਹੋਰ ਸੂਬਿਆਂ ਵਾਰੋ-ਵਾਰੀ ਐਲਾਨ ਕੀਤੇ। 1894 ਈ: ਅਮਰੀਕਾ ਦੀ ਸਰਕਾਰ ਨੇ 5 ਸਤੰਬਰ ਲੇਬਰ ਡੇ ਦੀ ਕੌਮੀ ਛੁੱਟੀ ਦਾ ਐਲਾਨ ਕਰ ਦਿੱਤਾ। 5 ਸਤੰਬਰ ਲੇਬਰ ਡੇ ਮਨਾਉਣ ਦਾ ਮੋਹਰੀ ਮੈਕ ਗੋਇਰੀ ਨੂੰ ਬਣਾਇਆ ਗਿਆ, ਜੋ ਬਰਦਰਹੁੱਡ ਆਫ ਕਾਰਪੈਨਟਰਜ਼ ਯੂਨੀਅਨ ਦਾ ਜਨਰਲ ਸਕੱਤਰ ਸੀ। ਇਸੇ ਦੇ ਇਸ਼ਾਰੇ 'ਤੇ 5 ਸਤੰਬਰ ਨੂੰ ਲੇਬਰ ਡੇ ਮਨਾਉਣ ਦੀ ਰੀਤ ਚਲਾਈ। ਇਸ ਪਹਿਲੀ ਮਈ ਤੋਂ ਵੱਖਰੇ ਲੇਬਰ ਡੇ ਮਨਾਉਣ ਪਿੱਛੇ ਤਿੰਨ ਮੰਤਵ ਲੁਕੇ ਹੋਏ ਸਨ।

ਪਹਿਲਾ, ਪਹਿਲੀ ਮਈ ਸ਼ਿਕਾਗੋ ਦੇ ਸ਼ਹੀਦਾਂ ਤੋਂ ਮੂੰਹ ਮੋੜਦਿਆਂ ਉਨ੍ਹਾਂ ਦੀ ਸ਼ਹੀਦੀ ਨੂੰ ਨਕਾਰਿਆ ਜਾਵੇ। ਦੂਜਾ ਮਜ਼ਦੂਰਾਂ ਨੂੰ ਕੇਵਲ ਅੰਸ਼ਕ ਮੰਗਾਂ ਦੁਆਲੇ ਹੀ ਜਥੇਬੰਦ ਕੀਤਾ ਜਾਵੇ। ਰਾਜਨੀਤਕ ਚੇਤਨਾ ਤੋਂ ਦੂਰ ਰੱਖਿਆ ਜਾਵੇ। ਤੀਜਾ ਉਸਰ ਰਹੀ ਸੰਸਾਰ ਭਰ ਦੇ ਮਜ਼ਦੂਰਾਂ ਦੀ ਏਕਤਾ ਨੂੰ ਖੇਰੂੰ-ਖੇਰੂੰ ਕੀਤਾ ਜਾਵੇ।

ਅਸੀਂ ਇਕੱਵੀਂ ਸਦੀ ਵਿਚ ਪ੍ਰਵੇਸ਼ ਕਰ ਗਏ ਹਾਂ। ਦਿਉਕਦ ਮਸ਼ੀਨਾਂ ਦਾ ਕੰਪਿਊਟਰੀਕਰਨ ਹੋ ਗਿਆ ਹੈ। ਕਿਰਤੀ ਅਤਿ ਉਨਤ ਤਕਨੀਕੀ ਸਿੱਖਿਆ ਪ੍ਰਾਪਤ ਕਰ ਗਿਆ ਹੈ। ਉਤਪਾਦਨ ਦੇ ਅੰਬਾਰ ਲੱਗ ਗਏ ਹਨ। ਪੂੰਜੀਵਾਦੀ ਲੁਟ ਨੇ ਵੀ ਵਿਰਾਟ ਰੂਪ ਧਾਰਨ ਕਰ ਲਿਆ, ਸੰਸਾਰ ਮੁਦਰਾ ਕੋਸ਼ ਸੰਸਾਰ ਬੈਂਕ ਬਹੁਕੌਮੀ ਕਾਰਪੋਰੇਸ਼ਨ ਦੇ ਡੰਡੇ ਹੇਠ ਸਮੁੱਚੇ ਸੰਸਾਰ ਦੇ ਦੇਸ਼ਾਂ ਨੂੰ ਨਵ ਵਸਤੀਵਾਦੀ ਜਕੜ ਵਿਚ ਲਪੇਟ ਰਿਹਾ ਹੈ। ਇਸ ਦੇ ਟਾਕਰੇ ਲਈ ਕਿਰਤੀਆਂ ਦਾ ਸੰਸਾਰ ਪੱਧਰ ਦਾ ਸੰਗਠਨ ਤੇ ਏਕਤਾ ਸਮੇਂ ਦੀ ਲੋੜ ਬਣ ਗਿਆ ਹੈ।

ਪੂੰਜੀਵਾਦੀ ਪ੍ਰਬੰਧ ਮਹਾਂ ਮੰਦੀ ਦੇ ਦੌਰ ਵਿਚੋਂ ਲੰਘ ਰਿਹਾ ਹੈ। ਇਸ ਵਿਵਸਥਾ ਨਾਲ ਜੁੜੇ ਦੇਸ਼ਾਂ ਦੇ ਅਰਥਚਾਰੇ ਬੁਰੀ ਤਰ੍ਹਾਂ ਡਗਮਗਾ ਗਏ ਹਨ। ਇਸ ਮੰਦਵਾੜੇ ਦਾ ਭਾਰ ਮਜ਼ਦੂਰ ਜਮਾਤ ਤੇ ਉਸ ਨੂੰ ਮਿਲ ਰਹੀਆਂ ਸਹੂਲਤਾਂ ਨੂੰ ਜਾਮ ਕਰਕੇ ਲੱਦਿਆ ਜਾ ਰਿਹਾ ਹੈ। ਬੇਰੁਜ਼ਗਾਰੀ ਸੰਸਾਰ ਪੱਧਰ 'ਤੇ ਵਿਕਰਾਲ ਰੂਪ ਧਾਰਨ ਕਰ ਗਈ ਹੈ। ਵਾਲ ਸਟਰੀਟ ਦੇ ਬੈਂਕ ਤਾਸ਼ ਦੇ ਪੱਤਿਆਂ ਵਾਂਗੂ ਬਿਖਰ ਗਏ ਹਨ। ਬੇਲ ਆਊਟ ਦੇ ਨਾਂ 'ਤੇ ਸਰਕਾਰ ਨੇ ਬੈਂਕ ਖੇਤਰ ਠੁਮਣਾ ਦੇਣ ਲਈ ਗਰੀਬ ਜਨਤਾ ਵੱਲੋਂ ਇਕੱਠੇ ਕੀਤੇ ਖ਼ਜ਼ਾਨੇ ਦੀਆਂ ਬੋਰੀਆਂ ਦੇ ਮੂੰਹ ਖੋਲ੍ਹ ਦਿੱਤੇ। ਆਮ ਜਨਤਾ ਪੁਲੀਸ ਦੀਆਂ ਬੰਦਸ਼ਾਂ ਦੇ ਹੁੰਦਿਆਂ ਵੀ ਵਾਲ ਸਟਰੀਟ ਨੂੰ ਘੇਰਨ ਜਾ ਰਹੇ ਹਨ ਅਤੇ ਆਪਣੇ ਰੋਹ ਦਾ ਪ੍ਰਦਰਸ਼ਨ ਕਰ ਰਹੇ ਹਨ।

ਜਿਥੇ ਅੱਜ ਅੱਠ ਘੰਟੇ ਦੀ ਦਿਹਾੜੀ ਤੇ ਸਾਰਥਕ ਅਮਲ ਕਰਵਾਉਣਾ ਜ਼ਰੂਰੀ ਹੈ, ਉਥੇ ਜਿਉਣ ਜੋਗੀ ਤਨਖਾਹ ਦੀ ਸਮੀਖਿਆ ਹੱਲ ਮੰਗਦੀ ਹੈ ਤਾਂ ਜੋ ਢਿੱਡ ਭਰਨ ਲਈ ਮਜ਼ਦੂਰ ਦੇ ਦੋ-ਦੋ ਜੌਬਾਂ ਕਰਨ ਲਈ ਮਜ਼ਬੂਰ ਨਾ ਹੋਣਾ ਪਵੇ। ਮੁਸ਼ਕਲਾਂ ਦੇ ਸਦੀਵੀਂ ਹੱਲ ਲਈ ਮਜ਼ਦੂਰ ਦੀ ਏਕਤਾ ਤੇ ਮਜ਼ਬੂਤ ਸੰਸਾਰ ਪੱਧਰ ਦਾ ਸੰਗਠਨ ਹੀ ਸ਼ਿਕਾਗੋ ਦੇ ਸ਼ਹੀਦਾਂ ਦੀ ਪੁਕਾਰ ਹੈ।

# ਪਾਕਿਸਤਾਨ ’ਚ ‘ਅਰਬ ਸਪਰਿੰਗ’ ਦਾ ਸੁਪਨਾ?

ਅਰਬ ਸਮਾਜ ਦੇ ਮਿਸਰ, ਟੂਨੀਸੀਆ ਅਤੇ ਲੀਬੀਆ ਵਰਗੇ ਤਿੰਨ ਦੇਸ਼ਾਂ ਨੇ ਤਾਂ ਤਾਨਾਸ਼ਾਹੀ ਤੋਂ ਨਿਜਾਤ ਪਾ ਲਈ ਹੈ ਅਤੇ ਸੀਰੀਆ ਦੇ ਲੋਕ ਬਸ਼ਰ-ਅਲ-ਅਸਦ ਤੋਂ ਛੁਟਕਾਰਾ ਪਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਪੱਛਮ ’ਚ ਇਨ੍ਹਾਂ ਸਿਆਸੀ ਸਰਗਰਮੀਆਂ ਨੂੰ ‘ਅਰਬ ਸਪਰਿੰਗ’ ਦਾ ਨਾਂ ਦਿੱਤਾ ਗਿਆ ਹੈ। ਪਰ ਸੀ.ਐਨ.ਐਨ. ਦੇ ਸਾਬਕਾ ਕਮੈਨਟੇਟਰ ਫ਼ਰੀਦ ਜ਼ਰਕਾਰੀਆ ਮੁਤਾਬਕ, ‘ਇਨ੍ਹਾਂ ਦੇਸ਼ਾਂ ’ਚ ਇਹ ਬਦਲਾਅ ਕੋਈ ਨਵਾਂ ਬਦਲ ਲੈ ਕੇ ਨਹੀਂ ਆਇਆ ਬਲਕਿ ਇਸ ਨਾਲ ਤਾਂ ਨਵੀਆਂ ਚੁਣੌਤੀਆਂ ਅੱਗੇ ਆਣ ਖਲੋਤੀਆਂ ਹਨ।’ ਇਸ ਕਥਨ ’ਚ ਸੱਚਾਈ ਹੈ ਕਿਉਂਕਿ ਇਹ ਬਦਲਾਅ ਕੋਈ ਨਵੀਂ ਆਸ਼ਾਵਾਦੀ ਤਬਦੀਲੀ ਲੈਕੇ ਨਹੀਂ ਆਏ ਹਨ ਬਲਕਿ ਇਸ ਨਾਲ ਤਾਂ ਹਨੇਰਿਆਂ ਨੂੰ ਪਛਾੜ ਕੇ ਇਨ੍ਹਾਂ ਦੇਸ਼ਾਂ ’ਚ ਉਭਰੀ ਨਵੀਂ ਸਿਆਸਤ ਅੱਗੇ ਨਵੀਆਂ ਮੁਸ਼ਕਲਾਂ ਦਰਪੇਸ਼ ਹਨ। ਅਰਬ ਸਮਾਜ ਦਾ ਸਿਆਸੀ ਨਕਸ਼ਾ ਹੁਣ ਭਾਵੇਂ ਬਦਲ ਰਿਹਾ ਹੈ ਪਰ ਲੋਕਤੰਤਰ ਦੀਆਂ ਜੜ੍ਹਾਂ ਦੀ ਪਕੜ ਨੂੰ ਅਜੇ ਸਮਾਂ ਲੱਗੇਗਾ।

ਪਾਕਿਸਤਾਨ ਹੁਣ 65 ਸਾਲਾਂ ਦਾ ਹੋ ਚੁੱਕਾ ਹੈ ਅਤੇ ਵਿਸ਼ਲੇਸ਼ਕਾਂ ਨੇ ਇਸ ਨੂੰ ਪਹਿਲਾਂ ਤੋਂ ਹੀ ਨਾ-ਕਾਮਯਾਬ ਦੇਸ਼ ਕਰਾਰਿਆ ਹੈ ਜਿਥੇ ਨਿਆਂਪਾਲਿਕਾ, ਕਾਰਜਕਾਰਨੀ ਅਤੇ ਪਾਰਲੀਮੈਂਟ ਵਿਚਾਲੇ ਆਪਸੀ ਦਵੰਧ ਲਗਾਤਾਰ ਜਾਰੀ ਹਨ। ਅੱਜ ਸਾਰੇ ਪਾਕਿਸਤਾਨੀਆਂ ’ਤੇ ਆਲਮਾ ਇਕਬਾਲ ਦੀਆਂ ਲਿਖੀਆਂ ਉਹ ਸਤਰਾਂ ਯਾਦ ਹੋ ਆਉਂਦੀਆਂ ਹਨ, ਜਿਸ ’ਚ ਉਸ ਨੇ ਕਿਹਾ ਸੀ ਕਿ ਸਾਡਾ ਦੇਸ਼ ਅਜੇ ਵੀ ਆਪਣੇ ਉਸ ਅਬਰਾਹਮ ਦੀ ਭਾਲ ’ਚ ਹੈ ਜੋ ਉਨ੍ਹਾਂ ਨੂੰ ਇਸ ਸਦੀਵੀਂ ਦੋਜ਼ਖ਼ ਤੋਂ ਨਿਜਾਤ ਦੁਆਏਗਾ:

**ਯੇਹ ਦੌਰ ਅਪਨੇ ਬ੍ਰਾਹਿਮ ਕੀ ਤਾਲਾਸ਼ ਮੇਂ ਹੈ,**
**ਸਨਮ ਖੜਾ ਹੈ ਜਹਾਂ-ਲਾ ਇਲ੍ਹਾ ਇੱਲਲ ਅੱਲ੍ਹਾ।**

ਕੀ ਪਾਕਿਸਤਾਨ ਦੀਆਂ ਗਲੀਆਂ ਇਸ ਬਦਲ ਲਈ ਤਿਆਰ ਹਨ? ਕੀ ਇਥੋਂ ਦੀ ਆਵਾਮ ਅਰਬ ਦੀਆਂ ਗਲੀਆਂ ਦੀ ਬਦਲੀ ਨੁਹਾਰ ਦਾ ਪ੍ਰਤਖ਼-ਦਰਸ਼ੀ ਬਣਨਾ ਚਾਹੁੰਦੀ ਹੈ? ਕੀ ਪਾਕਿਸਤਾਨ ’ਚ ਇਹੋ ਜਿਹੀ ਕੋਈ ਸੰਗਠਤ ਪਾਰਟੀ ਹੈ ਜੋ ਇਥੇ ਲੋੜੀਂਦੇ ਬਦਲਾਅ ਨੂੰ ਆਪਣੀ ਤਾਕਤ ਨਾਲ ਲਿਆ ਸਕੇ? ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਨਾਂਹ ਹੈ। ਇਥੋਂ ਦੇ ਮੌਜੂਦਾ ਸਿਆਸੀ ਦ੍ਰਿਸ਼ ’ਚ ਦੇਸ਼ ਕੋਲ ਬਦਲ ਦੇ ਰੂਪ ’ਚ ਆਸੀਫ਼ ਅਲੀ ਜ਼ਰਦਾਰੀ, ਨਵਾਬ ਸ਼ਰੀਫ਼, ਜਾਂ ਫੇਰ ਇਮਰਾਨ ਖਾਨ ਵਰਗੇ ਸਿਰਫ਼ ਤਿੰਨ ਸਿਆਸਤਦਾਨ ਹੀ ਹਨ। ਕੀ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇੱਕ ਕੋਲ ਇਹ ਕਾਬਲੀਅਤ ਹੈ ਕਿ ਉਹ ਦੇਸ਼ ਦੀ ਨੁਹਾਰ ਨੂੰ ਬਦਲ ਸਕਣ। ਇਸ ਦਾ ਜਵਾਬ ਵੀ ਮੁੜ ਤੋਂ ਨਾਂਹਪੱਖੀ ਹੀ ਹੈ।

ਦੇਸ਼ ਦੀ ਮੌਜੂਦਾ ਸੱਤਾ ’ਤੇ ਕਾਬਜ਼ ਜ਼ਰਦਾਰੀ, ਜੋ ਅਦਾਲਤਾਂ ਵਲੋਂ ਪ੍ਰਮਾਣਤ ਜਾਂ ਅਣਪ੍ਰਮਾਣਤ, ਅਤਿ ਦਾ ਭ੍ਰਿਸ਼ਟ ਸਿਆਸੀ ਆਗੂ ਹੈ। ਪਰ ਉਹ ਪਾਕਿਸਤਾਨ ਪੀਪਲਜ਼ ਪਾਰਟੀ ਦਾ ਮੈਂਬਰ ਹੈ। ਇਹ ਉਹ ਪਾਰਟੀ ਹੈ ਜਿਸ ਦੇ ਮੈਨੀਫੈਸਟੋ ’ਚ ਪਾਕਿਸਤਾਨੀ ਆਵਾਮ ਦੀ ਸੇਵਾ ਕਰਨਾ ਹੈ ਹੀ ਮੁੱਖ ਮਕਸਦ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਉਸ ’ਚ ਦੇਸ਼ ’ਚ ਫੈਲੀ ਅਰਾਜਕਤਾ ਨੂੰ ਖ਼ਤਮ ਕਰਕੇ ਦੇਸ਼ ਦੀ ਅਗਵਾਈ ਕਰਨ ਦੀ ਕਾਬਲੀਅਤ ਹੈ? ਇਸ ਦਾ ਜਵਾਬ ਵੀ ਸਾਫ਼ ਲਫ਼ਜ਼ਾਂ ’ਚ ਨਾਂਹ ਹੀ ਹੈ। ਪਰ ਪੀ.ਪੀ.ਪੀ. ਦੇ ਸਾਧਾਰਨ ਮੈਂਬਰ ਹੀ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਨੂੰ ਖ਼ਾਰਜ ਕਰਕੇ ਭੁੱਟੋ ਖਾਨਦਾਨ ਤੋਂ ਆਪਣਾ ਪਿੱਛਾ ਛੁਡਾਉਂਦਿਆਂ ਹੋਇਆਂ ਪਾਰਟੀ ਨੂੰ ਜਗੀਰੂ ਲੀਡਰਸ਼ਿਪ ਤੋਂ ਮੁਕਤ ਕਰਾ ਸਕਦੇ ਹਨ ਤਾਂ ਜੋ ਪਾਰਟੀ ਮੈਨੀਫੈਸਟੋ ਸੁਰਜੀਤ ਹੋਏ ਤੇ ਪਾਰਟੀ ਦੇ ‘ਰੋਟੀ, ਕੱਪੜਾ ਅਤੇ ਮਕਾਨ’ ਦੇ ਅਸਲ ਨਾਅਰੇ ਨੂੰ ਲਾਗੂ ਕੀਤਾ ਜਾ ਸਕੇ।

ਇਸ ਤੋਂ ਬਾਅਦ ਗੱਲ ਤੁਰਦੀ ਹੈ ਨਵਾਜ਼ ਸ਼ਰੀਫ਼ ਬਾਰੇ। ਉਹ ਜਨਰਲ ਜ਼ਿਆਉਲ ਹੱਕ, ਜੋ ਜੇਹਾਦੀਆਂ ਦੀ ਪੁਸ਼ਤਪਨਾਈ ਕਰਦਾ ਸੀ, ਦਾ ਪੈਰੋਕਾਰ ਮੰਨਿਆ ਜਾਂਦਾ ਹੈ ਅਤੇ ਨਾਲ ਹੀ ਪਾਕਿਸਤਾਨ ਕੌਂਸਲ ‘ਦਿਫਾਏ’ ਦੇ ਇਸ਼ਰਿਆਂ ’ਤੇ ਕੰਮ ਕਰਦਾ ਹੈ। ਉਸ ਦਾ ਫੌਜ ਅਤੇ ਆਈ.ਐਸ.ਆਈ. ਵਲੋਂ ਕੀਤੀਆਂ ਜ਼ਿਆਦਤੀਆਂ ਪ੍ਰਤੀ ਰੱਵਈਆ ਬਹੁਤ ਨਰਮ ਸੀ ਅਤੇ ਉਸ ਕੋਲ ਧਾਰਮਕ ਕੱਟੜਪੰਥੀਆਂ ਦੀ ਨਿਖੇਧੀ ਕਰਨ ਦਾ ਜਿਗਰਾ ਵੀ ਨਹੀਂ ਸੀ ਤੇ ਨਾ ਹੀ ਉਹ ਸਾਡੇ ਸੰਵਿਧਾਨ ’ਚ ਜ਼ਿਆਉਲ ਹੱਕ ਦੇ ਜ਼ਮਾਨੇ ਤੋਂ ਲਾਗੂ ਧਰਮ ਦੀ ਨਿੰਦਾ ਅਤੇ ਹਦੂਦ ਸਬੰਧੀ ਕਾਨੂੰਨਾਂ ਨੂੰ ਹੀ ਖ਼ਤਮ ਕਰ ਸਕਿਆ ਸੀ। ਕੀ ਉਹ ਪਾਕਿਸਤਾਨ ਦੇ ਖ਼ਜ਼ਾਨੇ ’ਚੋਂ ਲੁੱਟਿਆ ਪੈਸਾ ਵਾਪਸ ਕਰ ਸਕਦਾ ਹੈ ਤਾਂ ਜੋ ਆਮ ਜਨਤਾ ਖੁਸ਼ਹਾਲ ਹੋ ਸਕੇ ਜੋ ਲਗਪਗ ਭੀਖ ਮੰਗਣ ਲਈ ਮਜਬੂਰ ਹੋਈ ਪਈ ਹੈ। ਸਿਰਫ਼ ਸ਼ਬਦਾਂ ਨਾਲ ਹੀ ਦੇਸ਼ ਦੀ ਕਿਸਮਤ ਨੂੰ ਬਦਲਿਆ ਨਹੀਂ ਜਾ ਸਕਦਾ। ਭਾਵੇਂ ਹਾਲ ਹੀ ਵਿਖੇ ਹੋਏ ਓਪੀਨੀਅਨ ਪੋਲ ਮੁਤਾਬਕ ਲੋਕਾਂ ’ਚ ਨਵਾਜ਼ ਸ਼ਰੀਫ਼ ਦੀ ਪ੍ਰਸਿੱਧੀ ’ਚ ਵਾਧਾ ਹੋਇਆ ਹੈ। ਪਰ ਕੀ ਉਹ ਜਨਤਕ ਮੀਟਿੰਗਾਂ ਅਤੇ ਪਾਰਲੀਮੈਂਟ ’ਚ ਫੌਜਗਰਦੀ ਦੇ ਝੂਠ ਦਾ ਖ਼ਾਤਮਾ ਕਰ ਸਕਦਾ ਹੈ ਤਾਂ ਜੋ ਜਮਹੂਰੀਅਤ ਦੀਆਂ ਜੜ੍ਹਾਂ ਮਜ਼ਬੂਤ ਹੋ ਸਕਣ?

ਸਿਆਸੀ ਗਲਿਆਰਿਆਂ ’ਚ ਇਮਰਾਨ ਖਾਨ ਦੇ ਰੂਪ ’ਚ ਇਕ ਹੋਰ ਚਿਹਰਾ ਸਾਡੇ ਸਾਹਮਣੇ ਹੈ, ਜਿਸ ਨੇ ਆਪਣੀ ਆਵਾਜ਼ ਬੁਲੰਦ ਕਰਦਿਆਂ ਦੇਸ਼ ਨੂੰ ਛੇਤੀ ਹੀ ਭ੍ਰਿਸ਼ਟ ਆਗੂਆਂ ਦੇ ਚੁੰਗਲ ਤੋਂ ਆਜ਼ਾਦ ਕਰਵਾਉਣ ਅਤੇ ਬਦਲ ਦੀ ਸੁਨਾਮੀ ਦੀ ਅਗਵਾਈ ਦਾ ਐਲਾਨ ਕੀਤਾ ਸੀ। ਇਮਰਾਨ ਖਾਨ ਨੇ ਪਿਛਲੇ ਕੁਝ ਸਮੇਂ ਤੋਂ ਕਾਫ਼ੀ ਸਾਰੇ ਸਿਆਸੀ ਗਠਜੋੜ ਤੋੜੇ ਹਨ ਅਤੇ ਭਾਵੇਂ ਗੈਲਪ ਪੋਲ ਮੁਤਾਬਕ ਉਸ ਦੀ ਪ੍ਰਸਿੱਧੀ ’ਚ ਕਾਫ਼ੀ ਵਾਧਾ ਹੋਇਆ ਹੈ ਜਿਸ ਨਾਲ ਚੋਣਾਂ ’ਚ ਉਸ ਦੀ ਜਿੱਤ ਦੀਆਂ ਸੰਭਾਵਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਰ ਉਸ ਦਾ ਦੇਸ਼ ਦੀ ਭ੍ਰਿਸ਼ਟ ਮਸ਼ੀਨਰੀ ਵਿਰੁੱਧ ਖੜੇ ਹੋਣ ਦਾ ਦਾਅਵਾ ਹੁਣ ਫਿੱਕਾ ਪੈਂਦਾ ਨਜ਼ਰ ਆ ਰਿਹਾ ਹੈ। ਉਸ ਨੂੰ ਵੇਖ ਕੇ ਜ਼ੈਡ.ਏ. ਭੁੱਟੋ ਦੀ ਯਾਦ ਤਾਜ਼ਾ ਹੋ ਆਉਂਦੀ ਹੈ, ਜਿਸ ਨੇ ਪੀ.ਪੀ.ਪੀ. ਦੇ ਮੈਨੀਫੈਸਟੋ ਦੇ ਬਲ-ਬੂਤੇ ਸਾਧਾਰਨ ਪਾਕਿਸਤਾਨੀ ਆਵਾਮ ਦਾ ਦਿਲ ਜਿੱਤਿਆ ਸੀ ਪਰ ਬਾਅਦ ਵਿਚ ਜਗੀਰੂ ਕਦਰਾਂ-ਕੀਮਤਾਂ ਦੀ ਰਕਾਬਕੱਸ ਲਈ ਸੀ। ਹੁਣ ਐਸ ਵੇਲੇ ਇਮਰਾਨ ਖਾਨ ਪਿਛਲੀਆਂ ਸਰਕਾਰਾਂ ਦੇ ਆਲਾ ਆਗੂਆਂ, ਫੌਜ ਅਤੇ ਆਈ.ਐਸ.ਆਈ ਦੇ ਏਜੰਟਾਂ ਅਤੇ ਪਾਕਿਸਤਾਨੀ ਕੌਂਸਲ-ਦਿਫਾਏ ਦੀਆਂ ਧਾਰਮਕ ਕੱਟੜਪੰਥੀ ਤਾਕਤਾਂ ਵਿਚਾਲੇ ਘਿਰਿਆ ਬੈਠਿਆ ਹੈ। ਕੀ ਭ੍ਰਿਸ਼ਟਾਚਾਰ ਦਾ ਵਿਰੋਧੀ ਇਹ ਚੈਂਪੀਅਨ ਆਪਣੇ ਵਾਅਦਿਆਂ ’ਤੇ ਕਾਇਮ ਰਹਿ ਸਕੇਗਾ? ਜਾਂ ਫੇਰ ਸੱਤਾ ਦੀ ਲਾਲਸਾ ਵੀ ਉਸ ਨੂੰ ਪਿਛਲੇ ਹਾਕਮਾਂ ਵਾਂਗ ਹੀ ਆਪਣੀ ਗੱਲਵਕੜੀ ’ਚ ਲੈ ਲਵੇਗੀ? ਇਮਰਾਨ ਖਾਨ ਦੇ ਸਾਬਕਾ ਤਾਨਾਸ਼ਾਹ ਜਨਰਲ ਪਰਵੇਜ਼ ਮੁਸ਼ਰਫ਼ ਨਾਲ ਬੜੇ ਨਿਘੇ ਤਾਅਲੁਕਾਤ ਰਹੇ ਹਨ ਅਤੇ ਜੇਹਾਦੀ ਵਿਚਾਰ ਸ਼ਾਸਤਰੀ ਜਨਰਲ ਹਮੀਦ ਗੁਲ ਨਾਲ ਬਹੁਤ ਚੰਗੇ ਸਬੰਧ ਹਨ ਅਤੇ ਹੁਣ ਉਹ ਪਿੰਡ ’ਚ ਰਹਿ ਗਏ ਇੱਕਲੇ ਰੇਂਜਰ ਸ਼ੇਖ਼ ਹਮੀਦ ਨਾਲ ਆਪਣੇ ਹੱਥ ਨਾ ਮਿਲਾ ਲਵੇ। ਹਾਲ ਹੀ ਵਿਖੇ ਪੀ.ਐਮ.ਐਲ.(ਐਨ) ਦੇ ਖ਼ਵਾਜਾ ਆਸੀਫ਼ ਨੇ ਇਮਰਾਨ ਖਾਨ ’ਤੇ ਟਿੱਪਣੀ ਕੀਤੀ ਸੀ ਕਿ ਸਿਆਸੀ ਕ੍ਰਾਂਤੀ ਕਿਸੇ ਵਿਚਾਰਧਾਰਾ ਤੋਂ ਬਿਨਾਂ ਨਹੀਂ ਲਿਆਂਦੀ ਜਾ ਸਕਦੀ ਅਤੇ ਇਸ ’ਚ ਕੋਈ ਸ਼ੱਕ ਨਹੀਂ ਹੈ ਕਿ ਇਮਰਾਨ ਖਾਨ ਕੋਲ ਕੋਈ ਆਪਣਾ ਸਿਆਸੀ ਮੈਨੀਫੈਸਟੋ ਵੀ ਨਹੀਂ ਹੈ।

ਦੇਸ਼ ਦੇ ਨਿਘਰਦੇ ਮੌਜੂਦਾ ਸਿਆਸੀ ਹਾਲਾਤ ’ਚ ਸੁਧਾਰ ਲਈ ਸਿਆਸੀ ਆਗੂਆਂ ਨੂੰ ਪਾਕਿਸਤਾਨ ’ਚ ਫੌਜ ਦੀ ਦਖ਼ਲਅੰਦਾਜ਼ੀ ਦੇ ਇਤਿਹਾਸ ਨੂੰ ਪੜ੍ਹਨਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਗੱਲ ’ਤੇ ਗੌਰ ਕਰਨਾ ਚਾਹੀਦਾ ਹੈ ਕਿ ਪਾਕਿਸਤਾਨ ਬਣਨ ਤੋਂ ਬਾਅਦ ਕਿਸ ਤਰ੍ਹਾਂ ਫੌਜ ਨੇ ਆਪਣੇ ਆਕਾਵਾਂ ਦੀ ਬਸਤੀਵਾਦੀ ਸੋਚ ਦੀ ਪਨੀਰੀ ਨੂੰ ਪਾਣੀ ਦਿੱਤਾ ਹੈ। ਉਹ ਪਾਕਿਸਤਾਨ ਦੀ ਸਿਆਸਤ ਨੂੰ ਭੰਗ ਕਰਨ ਵਾਲੀ ਤਾਕਤ ਵਜੋਂ ਉਭਰ ਕੇ ਸਾਹਮਣੇ ਆਏ ਹਨ ਅਤੇ ਪਿਛਲੇ ਪੰਜਾਹ ਸਾਲਾਂ ਤੋਂ ਉਨ੍ਹਾਂ ਨੇ ਦੇਸ਼ ਦੀ ਜਨਤਾ ਦੇ ਸਾਰੇ ਮੌਲਿਕ ਅਧਿਕਾਰਾਂ ਨੂੰ ਛਿੱਕੇ ਟੰਗ ਦਿੱਤਾ ਅਤੇ ਪੈਂਟਾਗਨ ਅਤੇ ਸੀ.ਆਈ.ਏ. ਨਾਲ ਭਾਈਵਾਲੀ ਕਰਕੇ ਅਫ਼ਗਾਨਿਸਤਾਨ ’ਚ ਸੋਵੀਅਤ ਰਾਜ ਨੂੰ ਨਿਖੇੜਦਿਆਂ ਹੋਇਆਂ ਜੇਹਾਦਵਾਦ ਨੂੰ ਸਥਾਪਤ ਕੀਤਾ।



ਵਸੀਮੁਲ ਹੱਕ ਪੀ.ਐਚ.ਡੀ
whaque@shaw.ca
780-722-1743

ਇਕ ਪ੍ਰਸਿੱਧ ਇਤਿਹਾਸਕਾਰ, ਸ਼ਾਹਿਦ ਜਾਵੇਦ ਬੁਰਕੀ ਮੁਤਾਬਕ ਪਾਕਿਸਤਾਨ ਫੌਜ ‘ਸੰਸਥਾਵਾਂ ਦੀ ਕਬਰਗਾਹ’ ਹੈ। ਜਨਰਲ ਜ਼ਿਆ ਉਹ ਤੀਜਾ ਫੌਜੀ ਤਾਨਾਸ਼ਾਹ ਸੀ, ਜਿਸ ਨੇ ਦੇਸ਼ ਨੂੰ ਚਲਾਉਣ ਲਈ ਨਵੇਂ ਇਸਲਾਮੀ ਸਿਧਾਂਤ ਬਣਾਏ ਅਤੇ ਅਫ਼ਗ਼ਾਨਿਸਤਾਨ ’ਚ ਸੋਵੀਅਤ ਦੇ ਗ਼ੈਰ ਇਸਲਾਮੀ ਲੋਕਾਂ ਵਿਰੁਧ ਜੇਹਾਦ ਛੇੜਿਆ ਸੀ।

ਜ਼ਰਦਾਰੀ, ਨਵਾਜ਼ ਸ਼ਰੀਫ਼ ਅਤੇ ਇਮਰਾਨ ਖਾਨ ਲਈ ਜ਼ਰੂਰੀ ਹੈ ਕਿ ਉਹ ਫੌਜ ਦੇ ਇਤਿਹਾਸ ਤੋਂ ਜਾਣੂ ਹੋਣ ਅਤੇ ਅਮਰੀਕੀ ਸਾਮਰਾਜੀ ਰਵੱਈਏ ਨੂੰ ਸਮਝਣ। ਇਸਮਾਇਲ ਹੁਸੈਨ-ਜ਼ਾਦੇਹ ਨੇ 19 ਦਸੰਬਰ 2010 ਦੇ ਕਾਊਂਟਰਪੰਚ -ਗਲੋਬਲਾਈਜ਼ੇਸ਼ਨ ਆਫ਼ ਮਿਲਟਰੀਇਜ਼ਮ- ’ਚ ਦੁਨੀਆ ’ਤੇ ਰਾਜ ਕਰਨ ਸਬੰਧੀ ਅਮਰੀਕੀ ਵਿਉਂਤਬੰਦੀ ਦੀ ਪ੍ਰੀਭਾਸ਼ਾ ਕਰਦਿਆਂ ਕਿਹਾ ਹੈ ਕਿ ਫੌਜ-ਸਨਅਤੀ-ਸੁਰੱਖਿਆ-ਵਿੱਤੀ ਮਾਮਲਿਆਂ ਦੇ ਸਾਜ਼ਸ਼ੀ ਧੜੇ ਦੇ ਨੁਮਾਇੰਦੇ ਵਾਇਟਹਾਊਸ ਅਤੇ ਅਮਰੀਕੀ ਕਾਂਗਰਸ ’ਚ ਪੱਕੇ ਪੈਰੀਂ ਬੈਠੇ ਹੋਏ ਹਨ। ਫੌਜੀ ਸੋਧ ਮੁਤਾਬਕ ਇਨ੍ਹਾਂ ਦਾ ਇਖ਼ਲਾਕੀ ਮਕਸਦ ਪੂਰੀ ਦੁਨੀਆ ਨੂੰ ਆਪਣੀ ਮੁੱਠੀ ’ਚ ਕਰਨਾ ਹੈ। ਅਤੇ ਇਸ ਮਕਸਦ ਨੂੰ ਹਾਸਲ ਕਰਨ ਲਈ ਜੇਕਰ ਜ਼ੂਰਰਤ ਪਈ ਤਾਂ ਉਹ ਬੇਅੰਤ ਲੋਕਾਂ ਦਾ ਕਤਲ ਕਰ ਸਕਦੇ ਹਨ, ਜ਼ਿਆਦਾ ਤੋਂ ਜ਼ਿਆਦਾ ਮੁਲਕਾਂ ’ਤੇ ਹਮਲਾ ਕਰਨ ਲਈ ਲਾਮਬੰਦ ਹਨ ਅਤੇ ਜਿੰਨੀਆਂ ਮਰਜ਼ੀ ਜੰਗਾਂ ਛੇੜ ਸਕਦੇ ਹਨ।

ਅਸੀਂ ਪਾਕਿਸਤਾਨ ’ਚ ‘ਅਰਬ ਸਪਰਿੰਗ’ ਦੀ ਗਵਾਹੀ ਭਰ ਸਕੀਏ ਇਹ ਨਾਮੁਮਕਿਨ ਜਾਪਦਾ ਹੈ। ਪਰ ਜੇਕਰ ਜਨਤਾ ਚਾਹੇ ਤਾਂ ਉਹ ਮੌਜੂਦਾ ਲੀਡਰਸ਼ਿਪ ਨੂੰ ਖਾਰਜ ਕਰਕੇ ਫੌਜ ਨੂੰ ਇਹ ਸੁਨੇਹਾ ਦੇਵੇ ਕਿ ਉਨ੍ਹਾਂ ਦੀ ਅਸਲ ਥਾਂ ਬੈਰਕਾਂ ਵਿਚ ਹੈ ਅਤੇ ਸੜਕਾਂ ’ਤੇ ਨਿਕਲਿਆ ਇਹ ਹਜੂਮ ਲੋਕਤੰਤਰ ਦੇ ਉਸ ਨਕਸ਼ੇ ਨੂੰ ਉਲੀਕੇ ਜੋ ਕਿ ਭ੍ਰਿਸ਼ਟਾਚਾਰ, ਧਾਰਮਕ ਕੱਟੜਵਾਦ ਤੋਂ ਮੁਕਤ ਹੋਏ ਤਾਂ ਜੋ ਪਾਕਿਸਤਾਨ ਦਾ ਮੁੜ ਤੋਂ ਜਨਮ ਹੋ ਸਕੇ/ਜੀਅ ਉੱਠੇ।

# ਟ੍ਰੇਨਿੰਗ ਤੋਂ ਬਿਨਾਂ ਸਿਆਸਤ

ਸ਼ੰਕਰ ਸ਼ਰਣ

ਇੰਜਨੀਅਰਿੰਗ, ਡਾਕਟਰੀ, ਇਥੋਂ ਤਕ ਕਿ ਨਿਗੁਣੇ ਜਿਹੇ ਵਪਾਰ ਲਈ ਵੀ ਪੜ੍ਹਾਈ, ਟ੍ਰੇਨਿੰਗ ਦੀ ਸਖ਼ਤ ਜ਼ਰੂਰਤ ਪੈਂਦੀ ਹੈ, ਪਰ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਸਿਆਸਤ ਵਰਗੇ ਗੁੱਝੇ ਕੰਮ ਲਈ ਕਿਸੇ ਪੜ੍ਹਾਈ ਜਾਂ ਟ੍ਰੇਨਿੰਗ ਦੀ ਲੋੜ ਮਹਿਸੂਸ ਨਹੀਂ ਕੀਤੀ ਜਾਂਦੀ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਸਿਆਸਤ ਦਾ ਮਤਲਬ ਅਹੁਦੇ ਨੂੰ ਭੋਗਣਾ ਸਮਝਿਆ ਜਾਂਦਾ ਹੈ ਜਿਵੇਂ ਕਿਸੇ ਗੰਭੀਰ ਜ਼ਿੰਮੇਵਾਰੀ ਤੋਂ ਇਸ ਦਾ ਕੋਈ ਲੈਣਾ-ਦੇਣਾ ਹੀ ਨਾ ਹੋਵੇ।

ਬਹੁਤ ਸਾਰੇ ਲੋਕ ਸਮਾਜ ਸੇਵਾ ਅਤੇ ਰਾਜਨੀਤੀ ਨੂੰ ਇੱਕੋ ਜਿਹਾ ਹੀ ਮੰਨ ਲੈਂਦੇ ਹਨ। ਇਹ ਸੱਚ ਹੈ ਕਿ ਸੱਚੀ ਨਿਸ਼ਠਾਵਾਨ ਸਿਆਸਤ ਸਮਾਜ ਸੇਵਾ ਹੀ ਹੈ, ਪਰ ਹਰ ਸਮਾਜਸੇਵੀ ਜਾਂ ਗਿਆਨੀ ਚੰਗਾ ਸਿਆਸੀ ਆਗੂ ਨਹੀਂ ਹੋ ਸਕਦਾ। ਨਹੀਂ ਤਾਂ ਚਾਣਕਿਆ ਨੂੰ ਚੰਦਰਗੁਪਤ ਅਤੇ ਸਮਰਥ ਰਾਮਦਾਸ ਨੂੰ ਸ਼ਿਵਾਜੀ ਨੂੰ ਲੱਭਣ ਦੀ ਜ਼ਰੂਰਤ ਨਹੀਂ ਸੀ ਹੋਣੀ। ਉਹ ਖੁਦ ਇਸ ਕੰਮ ਨੂੰ ਆਪਣੇ ਹੱਥਾਂ ’ਚ ਲੈ ਲੈਂਦੇ। ਇਥੇ ਹੀ ਅੰਨਾ ਹਜ਼ਾਰੇ ਅਤੇ ਬਾਬਾ ਰਾਮਦੇਵ ਦੀ ਸਿਆਸਤ ’ਚ ਆਮਦ ਵਿਚਾਰਯੋਗ ਹੋ ਜਾਂਦੀ ਹੈ। ਇਨ੍ਹਾਂ ਦੋਨਾਂ ਨੇ ਸਮਾਜ ਸੇਵਾ ’ਚ ਬਹੁਤ ਲਾਮਿਸਾਲ ਕੰਮ ਕੀਤੇ ਹਨ, ਪਰ ਕੀ ਇਹ ਰਾਜਨੀਤੀ ਕਰਨ ਦੀ ਸਮਰਥਾ ਨੂੰ ਦਰਸਾਉਂਦੇ ਹਨ?

ਇਕ ਜਵਾਬ ਤਾਂ ਇਸ ਤੱਥ ਤੋਂ ਮਿਲ ਜਾਵੇਗਾ ਕਿ ਦੋਨੋਂ ਹੀ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਨਿਕਲੇ ਸਨ ਪਰ ਦੋਨੋਂ ਦੋ ਦਿਨ ਵੀ ਇਕੱਠੇ ਨਹੀਂ ਰਹਿ ਸਕੇ ਸਨ। ਹੁਣ ਜਦੋਂ ਦੋਨੋਂ ਜਾਣੇ ਇੱਕ-ਦੂਜੇ ਨਾਲ ਨਹੀਂ ਰਹਿ ਸਕੇ ਤਾਂ ਅਣਗਿਣਤ ਸਿਆਸੀ ਆਗੂਆਂ ਨੂੰ, ਜੋ ਪਰਮਾਤਮਾ ਹੀ ਜਾਣਦਾ ਹੈ ਕਿ ਕਿਹੜੀਆਂ-ਕਿਹੜੀਆਂ ਭਾਵਨਾਵਾਂ ਅਤੇ ਇੱਛਾਵਾਂ ਦੇ ਨਾਲ ਤੁਹਾਡੇ ਨਾਲ ਆਉਣ ਵਾਲੇ ਹਨ, ਤੁਸੀਂ ਕਿਵੇਂ ਸੰਭਾਲੋਗੇ? ਇਹ ਤਾਂ ਬਸ ਇਕ ਸਵਾਲ ਹੈ। ਇਹੋ ਜਿਹੇ ਅਣਗਿਣਤ ਸਵਾਲ ਹਨ, ਜਿਨ੍ਹਾਂ ਦਾ ਜਵਾਬ ਦੇਣ ਦੀ ਯੋਗਤਾ ਕਿਸੇ ਆਗੂ ’ਚ ਹੋਣੀ ਬਹੁਤ ਜ਼ਰੂਰੀ ਹੈ। ਮਹਾਨ ਸਮਾਜ ਸ਼ਾਸਤਰੀ ਮੈਕਸ ਵੈਬਰ ਨੇ ਤਕਰੀਬਨ ਸੌ ਸਾਲ ਪਹਿਲਾਂ ਕਿਹਾ ਸੀ, ‘ਰਾਜਨੀਤੀ ’ਚ ਸ਼ੈਤਾਨੀ ਤਾਕਤਾਂ ਕੰਮ ਕਰਦੀਆਂ ਹਨ। ਜੋ ਇਹ ਨਹੀਂ ਸਮਝਦਾ, ਉਹ ਦੁੱਧ ਚੁੰਘਦਾ ਬੱਚਾ ਹੈ।’

ਹੁਣ ਜਦੋਂ ਤੁਸੀਂ ਸਿਰਫ਼ ਸਮਾਜਸੇਵੀ ਹੋ, ਉਦੋਂ ਤਕ ਤੁਹਾਡੇ ’ਚ ਸਮਰਪਣ ਅਤੇ ਜਜ਼ਬੇ ਦੀ ਭਾਵਨਾ ਹੀ ਕਾਫ਼ੀ ਹੈ। ਤੁਹਾਡਾ ਆਮ ਤੌਰ ’ਤੇ ਕੋਈ ਦੁਸ਼ਮਣ ਨਹੀਂ ਹੁੰਦਾ, ਸਗੋਂ ਉਲਟਾ ਚੋਰ ਬਦਮਾਸ਼ ਹੀ ਤੁਹਾਡਾ ਆਦਰ ਕਰਦੇ ਨਜ਼ਰ ਆਉਣਗੇ। ਪਰ ਸਿਆਸਤ ਵੱਖਰੀ ਹੀ ਦੁਨੀਆ ਹੈ। ਇਸ ’ਚ ਜੰਗ ਤੇ ਟਕਰਾਅ ਲਾਜ਼ਮੀ ਤੱਤ ਹਨ। ਇਸ ਕਰਕੇ ਇਸ ’ਚ ਦੁਸ਼ਮਣਾਂ ਦੀ ਪੂਰੀ ਫੌਜ ਹੁੰਦੀ ਹੈ, ਜੋ ਕਦੋਂ, ਕਿਵੇਂ, ਕਿਸ ਮਕਸਦ ਨਾਲ ਤੁਹਾਡੇ ’ਤੇ ਹਮਲਾ ਕਰਨਗੇ, ਇਸ ਦਾ ਅੰਦਾਜ਼ਾ ਚੰਗੇ-ਚੰਗੇ ਸਿਆਸੀ ਆਗੂ ਵੀ ਨਹੀਂ ਲਗਾ ਸਕਦੇ ਹਨ।

ਫਿਰ ਰਾਜਨੀਤੀ ’ਚ ਬਾਹਰੀ ਦੁਸ਼ਮਣਾਂ ਦੇ ਦਬਾਅ ਤੋਂ ਇਲਾਵਾ ਤੁਹਾਡੇ ਆਪਣੇ ਲੋਕਾਂ ’ਚ ਹੀ ਵਿਰੋਧੀ ਅਤੇ ਅੰਦਰਖਾਤੇ ਸਾਜ਼ਿਸ਼ਾਂ ਰਚਣ ਵਾਲੇ ਬਣਨੇ ਸ਼ੁਰੂ ਹੋ ਜਾਂਦੇ ਹਨ। ਅੱਗੇ ਵੱਧਣ ਦੀ ਤਾਂਘ ਰੱਖਣ ਵਾਲੇ ਸਿਆਸੀ ਆਗੂਆਂ ਨੂੰ ਇਨ੍ਹਾਂ ਸਾਰਿਆਂ ਲਈ ਤਿਆਰ ਰਹਿਣਾ ਪੈਂਦਾ ਹੈ। ਇਸ ਕਰਕੇ ਇਸ ਵਿਚ ਸਿਰਫ਼ ਸਦਭਾਵਨਾ, ਪੈਸਾ ਜਾਂ ਪ੍ਰਸਿੱਧੀ ਆਦਿ ਦੇ ਦਮ ’ਤੇ ਕਦਮ ਰੱਖਣਾ ਨਿਰਾ ਭੋਲਾਪਨ ਹੀ ਹੋ ਸਕਦਾ ਹੈ। ਆਖ਼ਰ ਪਿਛਲੀ ਵਾਰ ਰਾਮਲੀਲਾ ਮੈਦਾਨ ’ਚ ਬਾਬਾ ਰਾਮਦੇਵ ਦੀ ਹਾਸੋਹੀਣੀ ਸਥਿਤੀ ਵੇਖ ਕੇ ਉਨ੍ਹਾਂ ਦੇ ਪੱਕੇ ਸ਼ਰਧਾਲੂਆਂ ਨੂੰ ਵੀ ਕਿਉਂ ਮਾਯੂਸੀ ਹੋਈ ਸੀ? ਕਿਉਂਕਿ ਉਨ੍ਹਾਂ ਨੇ ਵੇਖਿਆ ਕਿ ਬਾਬੇ ਕੋਲ ਇਸ ਮਾਮੂਲੀ ਜਿੰਨੀ ਗੱਲ ਲਈ ਕੋਈ ਵੀ ਤਿਆਰੀ ਨਹੀਂ ਸੀ ਕਿ ਜਦੋਂ ਪੁਲਿਸ ਉਨ੍ਹਾਂ ਦੇ ਸਮਰਥਕਾਂ ਨੂੰ ਕੁੱਟੇਗੀ ਤਾਂ ਉਹ ਕੀ ਕਰਨਗੇ। ਖੁਦ ਉਥੋਂ ਭੱਜ ਜਾਣ ਨਾਲ ਤਾਂ ਇਹ ਹੋਇਆ ਕਿ ਉਨ੍ਹਾਂ ਕੋਲ ਵਿਰੋਧੀ ਧਿਰ ਦੀ ਪਹਿਲੀ ਅਤੇ ਸਭ ਤੋਂ ਮਾਮੂਲੀ ਜਿਹੀ ਚਾਲ ਦਾ ਵੀ ਜਵਾਬ ਨਹੀਂ ਸੀ। ਕੀ ਇਹ ਸਿਆਸਤ ਦੀ ਯੋਗਤਾ ਨੂੰ ਦਰਸਾਉਂਦਾ ਹੈ?

ਇਹੋ ਜਿਹਾ ਹੀ ਹਾਲ ਅੰਨਾ ਹਜ਼ਾਰੇ ਦਾ ਹੋਇਆ। ਪਿਛਲੀ ਵਾਰ ਮਰਨ ਵਰਤ ’ਤੇ ਲੋਕਾਂ ਦੀ ਹਮਾਇਤ ਦੇ ਦਮ ’ਤੇ ਉਨ੍ਹਾਂ ਨੇ ਸੱਤਾ ’ਤੇ ਕਾਬਜ਼ ਕਾਂਗਰਸ ਤੋਂ ਲੋਕਪਾਲ ਕਾਨੂੰਨ ਬਣਾਉਣ ਦਾ ਅਣਮਨੇ ਮਨ ਵਾਲਾ ਭਰੋਸਾ ਪਾ ਲਿਆ ਸੀ। ਪਰ ਜੇ ਕਾਂਗਰਸ ਇਹ ਕਾਨੂੰਨ ਨਾ ਬਣਾਏ, ਤਾਂ ਅੰਨਾ ਕੀ ਕਰਨਗੇ? ਇਸ ’ਤੇ ਉਨ੍ਹਾਂ ਦੀ ਕੋਈ ਤਿਆਰੀ ਨਹੀਂ ਸੀ। ਲੈ ਦੇ ਕੇ ਸਿਰਫ਼ ਉਹੀ ਮਰਨ ਵਰਤ ਦਾ ਸਹਾਰਾ ਅਤੇ ਹੁਣ ਸਿਆਸਤ ’ਚ ਪੈਰ ਧਰਨ ਦਾ ਐਲਾਨ। ਇਹ ਵੀ ਭੋਲੇਪਨ ਨੂੰ ਦਰਸਾਉਂਦਾ ਹੈ। ਜਦੋਂ ਤੁਸੀਂ ਆਪਣੇ ਚਾਰ ਨੇੜਲੇ ਬੰਦਿਆਂ ਨੂੰ ਕਾਬੂ ’ਚ ਨਹੀਂ ਰੱਖ ਸਕਦੇ ਤਾਂ ਦੇਸ਼ ਦੀ ਸਿਆਸਤ ਕਿਸ ਅਧਾਰ ’ਤੇ ਸਾਂਭੀ ਜਾ ਸਕੇਗੀ? ਇਸ ਤਰ੍ਹਾਂ ਲਗਦਾ ਹੈ, ਬਾਬਾ ਰਾਮਦੇਵ ਜਾਂ ਅੰਨਾ ਹਜ਼ਾਰੇ ਨੇ ਇਹੋ ਜਿਹੇ ਸਵਾਲਾਂ ’ਤੇ ਕਦੇ ਵਿਚਾਰ ਹੀ ਨਹੀਂ ਕੀਤਾ।

ਇਹ ਰਾਜਨੀਤੀ ਨੂੰ ਸਮਾਜ-ਸੇਵਾ ਵਰਗਾ ਨਫ਼ੇ ਤੋਂ ਬਿਨਾਂ ਦਾ ਕੰਮ ਸਮਝਣ ਦੀ ਪਹਾੜ ਵਰਗੀ ਗਲਤੀ ਕੀਤੀ ਹੈ। ਇਹ ਸਾਫ਼ ਤੌਰ ’ਤੇ ਦਿਖ ਰਿਹਾ ਹੈ ਕਿ ਭ੍ਰਿਸ਼ਟ ਆਗੂਆਂ ਦੀ ਮੰਡਲੀ ਲੋਕਪਾਲ ਕਾਨੂੰਨ ਨਹੀਂ ਬਣਨ ਦੇਵੇਗੀ। ਤਾਂ ਫੇਰ ਉਨ੍ਹਾਂ ਤੋਂ ਇਹ ਮੰਗ ਕਰਨਾ, ਫਿਰ ਮੰਗ ਦੇ ਪੂਰੇ ਨਾ ਹੋਣ ’ਤੇ ਉਸ ਨੂੰ ਬੁਰਾ ਭਲਾ ਕਹਿਣਾ, ਇਹ ਕਿਸ ਤਰ੍ਹਾਂ ਦੀ ਯੋਜਨਾ ਹੈ? ਬਾਬਾ ਅਤੇ ਅੰਨਾ ਦੀ ਸਿਆਸਤ ਵੀ ਇਸੇ ਰੋਣੇ-ਧੋਣੇ ਦਾ ਦੁਹਰਾਅ ਹੀ ਹੋਵੇਗਾ। ਚੋਣਾਂ ’ਚ ਹਾਰ ਜਾਂ ਜਿੱਤ ਜਾਣ ਨਾਲ ਵੀ ਇਸ ’ਚ ਜ਼ਿਆਦਾ ਫ਼ਰਕ ਪੈਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ ਹੈ।




Anuj Gupta
AMP, B.Com.
Associate Broker

Alberta Mortgage Centre

Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed

For FREE Consultation, please call
(780)479-2222

# 78, 4003-98 Street, Edmonton, AB www.albertamortgagecentre.com

CAAMP ACCHA · AXIOM Mortgage Partners · AMBA · BBB Accredited Business · think MORTGAGE think AMP



Krishna(KK)Gupta, AMP
"Experienced, Knowledgeable, Committed"
Serving the Community Since 1999

# MAPLE LEAF WRITERS' FOUNDATION EDMONTON

**INVITES ONE & ALL**
**TO A MULTILINGUAL POETIC SYMPOSIUM**
**ON**
**SUNDAY, OCTOBER 14, 2012**

**TIME: 2-00 PM**
**AT**
**MillWoods Cultural Society of Retired & Semi-Retired**
**1508-48 street, Edmonton, Alberta**

**Eminent Poets of Panjabi, Urdu and Hindi will participate**

**For more information contact:**

DR. P. R. Kalia: 780- 440-2766; Dalbir Sangione: 780- 462-8160;
Daljit Rakhra: (780) 989-2977; Darshan Khaira: 780-450-3834;
Parminder Dhaliwal: 780-994-1886; Pavittar Dhaliwal: 780- 909-3315;
Jasvir Deol: 780-906-4497; Raminder Sandhu: 780- 462- 3685;
Gurminder Moom: 780-450-2075; Joginder Randhawa: 780-914-6251;
Navtej Bains:780-200-2872; Baksh Sangha: 780-461-7528

# 'ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਐਡਮਿੰਟਨ'

**ਵੱਲੋਂ**
**ਮਿਤੀ 14 ਅਕਤੂਬਰ 2012, ਦਿਨ ਐਤਵਾਰ**
**ਸਮਾਂ 2 ਵਜੇ ਬਾਅਦ ਦੁਪਹਿਰ**
**ਮਿਲਵੂਡਜ਼ ਕਲਚਰਲ ਸੋਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ,**
**1508-48 ਸਟਰੀਟ, ਐਡਮਿੰਟਨ**
**ਵਿਖੇ**

# 'ਕਵੀ ਸੰਮੇਲਨ'

ਆਯੋਜਿਤ ਕੀਤਾ ਜਾ ਰਿਹਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਡਾ. ਪੀ.ਆਰ. ਕਾਲੀਆ: (780) 440-2766; ਦਲਬੀਰ ਸਾਂਗਿਆਣ: (780) 462-8160;
ਰਮਿੰਦਰ ਸੰਧੂ: (780) 462-3685; ਦਲਜੀਤ ਰੱਖੜਾ: (780) 989-2977;
ਪਰਮਿੰਦਰ ਧਾਲੀਵਾਲ: (780) 994-1886; ਪਵਿੱਤਰ ਧਾਲੀਵਾਲ: (780) 909-3315;
ਗੁਰਮਿੰਦਰ ਮੂਮ: (780) 667-5555; ਜੋਗਿੰਦਰ ਰੰਧਾਵਾ: (780)-914-6251;
ਦਰਸ਼ਨ ਖਹਿਰਾ: (780) 450-3834; ਬਖਸ਼ ਸੰਘਾ: (780)461-7528;
ਜਸਵੀਰ ਦਿਉਲ: (780) 906-4497; ਨਵਤੇਜ ਬੈਂਸ: (780) 200-2872

**ਮੁਸ਼ਾਇਰੇ ਵਿੱਚ ਦਿਲਚਸਪੀ ਰੱਖਣ ਵਾਲਿਆਂ ਨੂੰ ਇਸ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਹੈ।**

# ਸ਼ਹੀਦ ਭਗਤ ਸਿੰਘ ਦੇ ਵਿਰਸੇ ਨੂੰ ਬਚਾਉਣ ਦੀ ਲੋੜ





ਮੱਖਣ ਸਿੰਘ ਕੁਹਾੜ
+91-95013-65522
makhansinghkohar@gmail.com

ਜਨਮ ਦਿਨ 'ਤੇ ਵਿਸ਼ੇਸ਼

2007 ਦਾ ਵਰ੍ਹਾ ਸ਼ਹੀਦ ਭਗਤ ਸਿੰਘ ਦਾ ਜਨਮ ਸ਼ਤਾਬਦੀ ਵਰ੍ਹਾ ਸੀ। ਦੇਸ਼ ਵਿਦੇਸ਼ ਵਿਚ ਬਹੁਤ ਸਾਰੇ ਥਾਵਾਂ 'ਤੇ ਸ਼ਹੀਦ ਭਗਤ ਸਿੰਘ ਬਾਰੇ ਸਮਾਰੋਹ ਕਰਵਾਏ ਗਏ। ਇਸ ਸਬੰਧੀ ਪਾਕਿਸਤਾਨ ਸਰਕਾਰ ਵਲੋਂ ਵੀ ਪਹਿਲੀ ਤੋਂ ਤਿੰਨ ਸਤੰਬਰ 2007 ਤੱਕ ਸ਼ਹੀਦ ਭਗਤ ਸਿੰਘ ਬਾਰੇ ਸੈਮੀਨਾਰ ਕਰਵਾਇਆ ਗਿਆ। ਇਸ ਵਿਚ ਭਾਗ ਲੈਣ ਲਈ ਭਾਰਤ ਤੋਂ ਜੋ 75 ਮੈਂਬਰੀ ਡੈਲੀਗੇਸ਼ਨ ਗਿਆ ਉਸ ਵਿਚ ਮੈਂ ਵੀ ਸ਼ਾਮਲ ਸਾਂ। ਸ. ਦਿਆਲ ਸਿੰਘ ਮਜੀਠੀਆ ਰਿਸਰਚ ਐਂਡ ਕਲਚਰਲ ਫੋਰਮ ਵੱਲੋਂ ਇਸ ਦੀ ਮੇਜਬਾਨੀ ਕੀਤੀ ਗਈ। ਸੈਮੀਨਾਰ ਲਾਹੌਰ ਵਿਖੇ ਕਰਾਇਆ ਗਿਆ।

ਇਥੇ ਦੋ ਘਟਨਾਵਾਂ ਐਸੀਆਂ ਵਾਪਰੀਆਂ ਜਿਨ੍ਹਾ ਨੇ ਮੈਨੂੰ ਚਿੰਤਾਤੁਰ ਕਰ ਦਿੱਤਾ। ਪਹਿਲੀ ਇਹ ਸੀ ਕਿ ਸਟੇਜ ਤੇ ਜੋ ਬੈਨਰ ਲਗਾਇਆ ਗਿਆ ਉਸਤੇ ਸ਼ਹੀਦ ਭਗਤ ਸਿੰਘ ਨੂੰ- ''ਸਰਦਾਰ ਭਗਤ ਸਿੰਘ ਸੰਧੂ'' ਲਿਖਿਆ ਗਿਆ ਸੀ। ਇਸ ਤਰ੍ਹਾਂ ਪੇਸ਼ ਕੀਤਾ ਗਿਆ ਜਿਵੇਂ ਉਹ ''ਸੰਧੂ ਸਰਦਾਰ'' ਸੀ, ਸ਼ਹੀਦ ਨਹੀਂ। ਦੂਸਰਾ ਇਸਦੇ ਮੁੱਖ ਬੁਲਾਰੇ (ਜੋ ਪੰਜਾਬ ਤੋਂ ਹੀ ਗਿਆ ਸੀ) ਵੱਲੋਂ ਜੋ ਪੇਪਰ ਪੇਸ਼ ਕੀਤਾ ਗਿਆ ਤੇ ਜਿਸ ਨੂੰ ਬਹਿਸ ਦਾ ਆਧਾਰ ਬਣਾਇਆ ਗਿਆ ਉਸ ਵਿਚ ਇਹ ਸਾਬਤ ਕਰਨ ਦਾ ਯਤਨ ਸੀ ਕਿ ''ਜਿਵੇਂ ਕੁਝ ਲੋਕਾਂ ਵਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਪੱਕਾ ਆਰੀਆ ਸਮਾਜੀ ਸੀ ਤੇ ਆਰੀਆ ਸਮਾਜੀ ਹੋਣ ਕਰਕੇ ਹੀ ਉਸਨੇ ਆਰੀਆ ਸਮਾਜੀ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲਿਆ ਸੀ। ਇਹ ਗਲਤ ਹੈ। ਉਹ ਆਰੀਆ ਸਮਾਜੀ ਨਹੀਂ ਸਗੋਂ ਸਿੱਖ ਸਰਦਾਰ ਸੀ। ਸਿੱਖ ਪਰਿਵਾਰ ਵਿਚ ਜੰਮੇ ਪਲੇ ਹੋਣ ਕਰਕੇ ਉਸਦੀ ਸਿੱਖ ਧਰਮ ਵਿਚ ਗਹਿਰੀ ਆਸਥਾ ਸੀ। ਉਹ ਸਿੱਖੀ ਦੇ ਗੌਰਵ ਮਈ ਵਿਰਸੇ ਨੂੰ ਅਪਣਾ ਕੇ ਦਸ਼ਮੇਸ਼ ਪਿਤਾ ਦੇ ਰਾਹ 'ਤੇ ਚਲਕੇ ਦੇਸ਼ ਲਈ ਸ਼ਹੀਦੀ ਪਾ ਗਏ।'' ਮੁੱਖ ਵਕਤਾ ਨੇ ਇਹ ਵੀ ਦੱਸਿਆ ਕਿ ''ਫਾਂਸੀ ਲੱਗਣ ਤੋਂ ਕੁੱਝ ਦਿਨ ਪਹਿਲਾਂ ਜਦ ਸਿੱਖ ਵਿਦਵਾਨ ਸੰਤ ਰਣਧੀਰ ਸਿੰਘ ਉਸ ਨੂੰ ਮਿਲੇ ਤਾਂ ਉਹਨਾਂ ਨਾਸਤਿਕਤਾ ਤਿਆਗ ਕੇ ਸਿੱਖੀ 'ਚ ਸੰਪੂਰਨਤਾ ਹਾਸਲ ਕਰ ਲਈ ਸੀ।'' ਬੁਲਾਰੇ ਨੇ ਇਹ ਦਾਅਵਾ ਵੀ ਕੀਤਾ ਕਿ 'ਏਸੇ ਹੀ ਕਾਰਨ, ਫਾਂਸੀ ਲੱਗਣ ਵੇਲੇ ਭਗਤ ਸਿੰਘ ਦੇ ਕੇਸ ਲੱਗੇ ਸਨ। ਉਹ ਪੱਕਾ ਆਸਤਕ ਹੋ ਚੁੱਕਾ ਸੀ।' ਬਹਿਸ ਵਿਚ ਹਿੱਸਾ ਲੈਣ ਵਾਲੇ ਕੁੱਝ ਹੋਰ ਬੁਲਾਰਿਆਂ ਨੇ ਵੀ ਇਸਦੀ ਤਾਈਦ ਕੀਤੀ। ਕਿਸੇ ਨੇ ਵੀ ਉਸ ਨੂੰ ਇਕ ਸੈਕੂਲਰ ਇਨਕਲਾਬੀ ਯੋਧੇ ਵਜੋਂ ਪੇਸ਼ ਨਾ ਕੀਤਾ-ਨਾ ਮੁੱਖ ਵਕਤਾ ਨੇ ਤੇ ਨਾ ਹੀ ਭਾਰਤ ਚੋਂ ਤਿਆਰ ਕਰਕੇ ਲਿਆਂਦੇ ਗਏ ਉਸਦੇ ਹਮਾਇਤੀਆਂ ਨੇ।

ਅਸੀਂ, ਜੋ ਕੁੱਝ ਇਕ ਖੱਬੇ ਪੱਖੀ ਮੈਂਬਰ ਹਾਜ਼ਰ ਸਾਂ, ਕੀ ਕਿਹਾ ਤੇ ਕਿਵੇਂ ਸਾਨੂੰ ਸਮਾਂ ਦੇਣ ਤੋਂ ਵੀ ਗੁਰੇਜ ਕੀਤਾ ਗਿਆ, ਇਹ ਇਕ ਲੰਮੀ ਤੇ ਵੱਖਰੀ ਕਹਾਣੀ ਹੈ। ਪਰ ਅਸਲ ਚਿੰਤਾ ਇਸ ਗੱਲ ਦੀ ਨਹੀਂ ਕਿ ਪਾਕਿਸਤਾਨ 'ਚ ਇਵੇਂ ਕਿਉਂ ਕੀਤਾ ਗਿਆ; ਅਸਲ ਚਿੰਤਾ ਇਹ ਹੈ ਕਿ ਸ਼ਹੀਦ ਭਗਤ ਸਿੰਘ ਨੂੰ ਅਗਵਾ ਕੀਤਾ ਜਾ ਰਿਹਾ ਹੈ। ਉਸਨੇ ਸ਼ਹੀਦੀ ਕਿਉਂ ਪਾਈ? ਕਿਉਂ ਫਾਂਸੀ ਦਾ ਰੱਸਾ ਚੁੰਮਿਆ। ਉਸਦਾ ਅਸਲ ਮਕਸਦ ਕੀ ਸੀ? ਇਸ ਬਾਰੇ ਭੰਬਲ ਭੂਸਾ ਪੈਦਾ ਕੀਤਾ ਜਾ ਰਿਹਾ ਹੈ। ਕਿਉਂਕਿ ਉਸਦੀ ਸ਼ਹੀਦੀ ਵਿਲੱਖਣ ਤੇ ਬਹਾਦਰੀ ਭਰੀ ਸੀ, ਏਸ ਲਈ ਸੰਸਾਰ ਭਰ ਵਿਚ ਉਸ ਦੀ ਸ਼ਹੀਦੀ ਦੀਆਂ ਧੁੰਮਾਂ ਪੈ ਗਈਆਂ। ਹਰ ਕੋਈ ਉਸਨੂੰ ਆਪਣਾ ਕਹਿਣ 'ਚ ਮਾਣ ਮਹਿਸੂਸ ਕਰਨ ਲੱਗਾ। ਹਰ ਕੋਈ ਖੁਦ ਨੂੰ ਉਸਦਾ ਵਾਰਸ ਗਰਦਾਨ ਰਿਹਾ ਹੈ। ਅਨੇਕਾਂ ਐਸੇ ਲੋਕ ਜੋ ਉਸ ਦੀ ਸੋਚ ਨਾਲ ਸਹਿਮਤ ਨਹੀਂ ਹਨ ਅਤੇ ਸਗੋਂ ਵਿਰੋਧੀ ਹਨ, ਉਹ ਵੀ ਉਸ ਨੂੰ 'ਆਪਣਾ' ਕਹਿਣ 'ਚ ਸਭ ਤੋਂ ਅੱਗੇ ਹਨ। ਭਾਰਤ ਸਰਕਾਰ, ਚਾਹੇ ਉਹ ਕਿਸੇ ਵੀ ਪਾਰਟੀ ਦੀ ਹੋਵੇ, ਅਤੇ ਏਸੇ ਹੀ ਤਰ੍ਹਾਂ ਸਾਰੀਆਂ ਸੂਬਾਈ ਸਰਕਾਰਾਂ ਦੇ ਆਗੂ ਉਸਦੇ ਜਨਮ ਤੇ ਸ਼ਹੀਦੀ ਦਿਵਸ 'ਤੇ ਉਸਦੇ ਬੁੱਤਾਂ ਨੂੰ ਹਾਰ ਪਹਿਨਾਉਂਦੇ ਹਨ। ਉਸਦੇ ਬੁੱਤਾਂ ਨੂੰ ਪਾਲਿਸ਼ ਕਰਾਉਂਦੇ ਹਨ, ਉਸਦੇ ਨਾਂ 'ਤੇ ਖਟਕੜ ਕਲਾਂ, ਹੁਸੈਨੀਵਾਲਾ ਮੇਲੇ ਕਰਾਉਂਦੇ ਹਨ। ਕੌਮੀ ਸ਼ਹੀਦ ਦਾ ਦਰਜਾ ਦੇ ਕੇ ਉਸਦੇ ਬੁੱਤ ਤੇ ਫੋਟੋ ਅਸੈਂਬਲੀ ਤੇ ਪਾਰਲੀਮੈਂਟ 'ਚ ਲਗਾਉਂਦੇ ਹਨ। ਉਸਨੂੰ ਪੂਜਣ ਯੋਗ ਹਸਤੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਇਹਨਾਂ ਵਿਸ਼ੇਸ਼ ਦਿਨਾਂ 'ਤੇ ਸਰਕਾਰਾਂ ਉਸਦੇ ਗੁਣਗਾਨ ਕਰਦੀਆਂ ਆਖਦੀਆਂ ਹਨ ਕਿ ਉਸ ਦੀ ਸ਼ਹੀਦੀ ਨੇ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ, ਸ਼ਹੀਦ ਭਗਤ ਸਿੰਘ ਵਰਗੇ ਸਾਥੀਆਂ ਦੀ ਬਹਾਦਰੀ ਅਤੇ ਜਨਸਮੂਹਾਂ ਦੇ ਸਹਿਯੋਗ ਨਾਲ ਅੰਗਰੇਜ਼ਾਂ ਨੂੰ ਛੇਤੀ ਭਾਰਤ ਚੋਂ ਨੱਸਣਾ ਪਿਆ।

ਸੱਚ ਤਾਂ ਇਹ ਹੈ ਕਿ ਇਹ ਅਨਸਰ ਉਸਨੂੰ ਗਰੀਬਾਂ ਤੋਂ, ਉਸਦੇ ਅਸਲ ਵਾਰਸਾਂ ਤੋਂ, ਖੋਹਣ ਲਈ ਯਤਨਸ਼ੀਲ ਹਨ। ਉਸਨੂੰ ਅਗਵਾ ਕਰਕੇ ਸਰਕਾਰ ਆਪਣੇ ਘਰ ਲੈ ਜਾਣਾ ਚਾਹੁੰਦੀ ਹੈ ਜਿਥੇ ਉਸਨੂੰ ਲਿਸ਼ਕਾ, ਪੁਸ਼ਕਾ ਕੇ ਰੱਖਿਆ ਜਾਵੇ। ਆਮ ਲੋਕ ਉਸ ਦੇ ਇਨਕਲਾਬੀ ਹੋਣ ਦੀ ਗੱਲ ਭੁਲ ਜਾਣ। ਅਤੇ, ਉਹ ਕੇਵਲ ਇਹ ਹੀ ਸਮਝਣ ਕਿ ਸ਼ਹੀਦ ਭਗਤ ਸਿੰਘ ਇਕ ਸਿੱਖ ਜਾਂ ਆਰੀਆ ਸਮਾਜੀ ਵਜੋਂ ਹੀ ਆਜ਼ਾਦੀ ਲਈ ਲੜਿਆ। ਤਾਂ ਜੋ ਇਹ ਪੇਸ਼ ਕੀਤਾ ਜਾਵੇ ਕਿ ਉਹ ਆਜ਼ਾਦੀ ਲਈ ਲੜਿਆ ਤੇ ਆਜ਼ਾਦੀ ਹੁਣ ਮਿਲ ਚੁੱਕੀ ਹੈ। ਉਸਦਾ ਸੁਪਨਾ ਪੂਰਾ ਹੋ ਚੁੱਕਾ ਹੈ।

ਜੇ ਉਸਦੇ ਅਸਲ ਵਾਰਸ, ਇਨਕਲਾਬੀ ਲੋਕ, ਸਰਮਾਏਦਾਰੀ ਪ੍ਰਬੰਧ ਨੂੰ ਢਹਿ ਢੇਰੀ ਕਰਕੇ ਸਮਾਜਵਾਦੀ ਪ੍ਰਬੰਧ ਉਸਾਰਨ ਲਈ ਜਦੋਂ ਜਹਿਦ ਕਰਨ ਵਾਲੇ ਲੋਕ ਸੁਚੇਤ ਨਾ ਹੋਏ ਤਾਂ ਹਰ ਹਾਲਤ ਵਿਚ ਹਾਕਮਾਂ ਦੀ ਭਗਤ ਸਿੰਘ ਨੂੰ ਅਗਵਾ ਕਰਨ ਦੀ ਚਾਲ ਸਫਲ ਹੋ ਜਾਵੇਗੀ। ਜੇ ਇੰਜ ਹੋ ਗਿਆ ਤਾਂ ਦੇਸ਼ ਦੁਨੀਆਂ ਵਿਚ ਵੱਸਦੇ ਲੋਕ ਭਗਤ ਸਿੰਘ ਨੂੰ ਇਕ ਸੁਤੰਤਰਤਾ ਸੈਨਾਨੀ ਦੇ ਤੌਰ ਤੇ ਤਾਂ ਭਾਵੇਂ ਯਾਦ ਕਰਿਆ ਕਰਨਗੇ ਪਰ ਉਸਦੇ ਇਨਕਲਾਬ ਕਰਨ ਦੇ ਸੁਪਨੇ ਬਾਰੇ ਨਹੀਂ ਸੋਚਣਗੇ-ਨਹੀਂ ਯਤਨ ਕਰਨਗੇ ਇਨਕਲਾਬੀ ਲਹਿਰ ਵਿਕਸਤ ਕਰਨ ਲਈ, ਸਮਾਜਿਕ ਤਬਦੀਲੀ, ਬਰਾਬਰਤਾ, ਨਿਆਂ ਸੰਗਤ ਗਰੀਬਾਂ ਦਾ ਰਾਜ ਲਿਆਉਣ ਲਈ ਉਸ ਵਾਂਗ ਫਾਂਸੀ ਦੇ ਰੱਸੇ ਚੁੰਮਣ ਵਰਗੀਆਂ ਕੁਰਬਾਨੀਆਂ ਕਰਨ ਲਈ ਅੱਗੇ ਨਹੀਂ ਆਉਣਗੇ।

ਅੱਜ ਤਾਂ ਹਾਲਤ ਇਹ ਹੈ ਕਿ ਕੀ ਸਿੱਖ ਸੰਸਥਾਵਾਂ ਤੇ ਅਕਾਲੀ ਪਾਰਟੀ ਸਮੇਤ ਭਾਰਤ ਦੀਆਂ ਸਾਰੀਆਂ ਬੁਰਜੁਆ ਪਾਰਟੀਆਂ, ਏਥੋਂ ਤੱਕ ਕਿ ਇਨਕਲਾਬੀ ਤਬਦੀਲੀ ਦੀਆਂ ਕੱਟੜ ਦੁਸ਼ਮਣ ਤਾਕਤਾਂ, ਸਭ ਹੀ ਭਗਤ ਸਿੰਘ ਨੂੰ ਮੋਢੇ ਚੁੱਕੀ ਫਿਰ ਰਹੀਆਂ ਹਨ। ਹੋਰ ਤਾਂ ਹੋਰ ਕਈ ਆਤੰਕਵਾਦੀ ਸੰਗਠਨ ਵੀ ਉਸਨੂੰ ਆਪਣਾ ਆਦਰਸ਼ ਦੱਸਦੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਭਗਤ ਸਿੰਘ ਦੀ ਟੋਪੀ ਵਾਲੀ ਮੁੱਛਾਂ ਨੂੰ ਵੱਟ ਦੇ ਰਹੀ ਹੱਥ 'ਚ ਪਿਸਤੌਲ ਫੜੀ ਤਸਵੀਰ ਨੂੰ ਥਾਂ-ਥਾਂ ਸਜਾ ਕੇ ਖੁਸ਼ ਤਾਂ ਹੁੰਦੀ ਹੈ ਪਰ ਨਾਲ ਹੀ ਨਸ਼ਿਆਂ 'ਚ ਡੁੱਬਦੀ ਜਾ ਰਹੀ ਹੈ।

ਕੀ ਭਗਤ ਸਿੰਘ ਕਿਸੇ ਇਕ ਧਰਮ ਦਾ ਬੰਦਾ ਸੀ? ਕੀ ਉਹ ਆਸਤਕ ਹੋਣ ਨਾਤੇ ਲੋਕਾਂ ਨੂੰ ਰੱਬ ਭਰੋਸੇ ਛੱਡਣ 'ਚ ਵਿਸ਼ਵਾਸ ਕਰਦਾ ਸੀ? ਕੀ ਭਗਤ ਸਿੰਘ ਇਕ ਆਤੰਕਵਾਦੀ ਸੀ ਜਾਂ ਉਹ ਮਾਰਕਸ-ਲੈਨਿਨ ਦੀਆਂ ਲੀਹਾਂ ਤੇ ਚੱਲਣ ਵਾਲਾ ਇਨਕਲਾਬੀ ਯੋਧਾ ਸੀ? ਇਸ ਬਾਰੇ ਬਹੁਤ ਕੁੱਝ ਲਿਖਿਆ ਜਾ ਚੁੱਕਾ ਹੈ। 'ਮੈਂ ਨਾਸਤਕ ਕਿਉਂ ਹਾਂ' ਤੇ ਹੋਰ ਅਨੇਕਾਂ ਲਿਖਤਾਂ 'ਚੋਂ ਉਸਦੀ ਸੋਚ ਨੂੰ ਲੱਭਣਾ ਕਠਿਨ ਨਹੀਂ। ਅਸਲ ਵਿਚ, ਉਹ ਇਕ ਇਨਕਲਾਬੀ ਸੀ। ਦੇਸ਼ ਦੀ ਆਜ਼ਾਦੀ ਨੂੰ ਤਾਂ ਉਹ ਕੇਵਲ ਸਮਾਜਵਾਦ ਲਿਆਉਣ ਲਈ ਇਕ ਪੜਾਅ ਮਾਤਰ ਹੀ ਸਮਝਦਾ ਸੀ। ਉਹ ਸੱਚਾ ਸੁੱਚਾ ਇਨਕਲਾਬੀ ਸੀ ਤੇ ਆਪਣੀ ਸ਼ਹੀਦੀ ਨਾਲ ਉਹ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰੇ ਤੇ ਸੋਚ ਨੂੰ ਘਰ-ਘਰ ਪਹੁੰਚਾਉਣਾ ਚਾਹੁੰਦਾ ਸੀ। ਉਸਦੇ ਅਸਲ ਵਾਰਸ ਇਨਕਲਾਬੀ ਲੋਕ ਹਨ ਪਰ ਅਫਸੋਸ ਕਿ ਇਨ੍ਹਾਂ ਇਨਕਲਾਬੀਆਂ ਦੇ ਹੱਥ ਜਿਉਂ-ਜਿਉਂ ਕਮਜ਼ੋਰ ਪੈ ਰਹੇ ਹਨ ਤਿਉਂ-ਤਿਉਂ ਉਲਟ ਇਨਕਲਾਬੀ, ਸਰਮਾਏਦਾਰ, ਜਗੀਰਦਾਰ ਸੋਚ ਵਾਲੇ ਭਗਤ ਸਿੰਘ ਦੀ ਵਿਰਾਸਤ ਨੂੰ ਇਹਨਾਂ ਤੋਂ ਖੋਹਕੇ ਆਪਣੇ ਘਰ ਲਿਜਾਣ 'ਚ ਸਫਲ ਹੋ ਰਹੇ ਹਨ।

23 ਮਾਰਚ 1931 ਨੂੰ ਫਾਂਸੀ ਲੱਗਣ ਤੋਂ ਦੋ ਦਿਨ ਪਹਿਲਾਂ 20 ਮਾਰਚ ਨੂੰ ਪੰਜਾਬ ਦੇ ਗਵਰਨਰ ਨੂੰ ਲਿਖੇ ਪੱਤਰ ਵਿਚ ਉਸਨੇ ਆਪਣਾ ਇਨਕਲਾਬ ਦਾ ਮੰਤਵ ਐਨ ਸਪੱਸ਼ਟ ਕਰ ਦਿੱਤਾ ਸੀ :

''ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ ਤੇ ਸਮਾਜ ਦਾ ਵਰਤਮਾਨ ਢਾਂਚਾ ਖਤਮ ਕਰਕੇ ਉਸਦੀ ਥਾਂ ਨਵਾਂ ਸਮਾਜ, ਖੁਸ਼ਹਾਲੀ 'ਤੇ ਅਧਾਰਿਤ ਨਵਾਂ ਸਮਾਜਿਕ ਢਾਂਚਾ ਨਹੀਂ ਉੱਸਰ ਜਾਂਦਾ, ਜਦ ਤੱਕ ਹਰ ਕਿਸਮ ਦੀ ਲੁੱਟ-ਖਸੁੱਟ ਅਸੰਭਵ ਬਣਾ ਕੇ ਮਨੁਖਤਾ ਉਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੇ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ....।

''ਸਾਮਰਾਜੀ ਤੇ ਸਰਮਾਏਦਾਰੀ ਲੁੱਟ ਕੁੱਝ ਦਿਨਾਂ ਦੀ ਖੇਡ ਹੈ। ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਵੇਗਾ।.....

''ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਯੁੱਧ ਚਲ ਰਿਹਾ ਹੈ ਤੇ ਇਹ ਤਦ ਤੱਕ ਚਲਦਾ ਰਹੇਗਾ ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਹਨਾਂ ਦੀ ਆਮਦਨ ਦੇ ਵਸੀਲਿਆਂ ਨੂੰ ਲੁਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋਂ ਰਲਵੇਂ।''

ਫਾਂਸੀ ਦੇ ਤਖਤ 'ਤੇ ਚੜ੍ਹਦੇ ਹੋਏ ਭਗਤ ਸਿੰਘ ਨੇ ਇਕ ਅੰਗਰੇਜ਼ ਮੈਜਿਸਟਰੇਟ ਨੂੰ ਸੰਬੋਧਨ ਕਰਦੇ ਹੋਏ ਕਿਹਾ, ''ਮੈਜਿਸਟਰੇਟ ਸਾਹਿਬ! ਅਸਲ ਵਿਚ ਤੁਸੀਂ ਬੜੇ ਹੀ ਖੁਸ਼ਕਿਸਮਤ ਹੋ ਕਿ ਤੁਹਾਨੂੰ ਇਹ ਵੇਖਣ ਦਾ ਮੌਕਾ ਮਿਲ ਰਿਹਾ ਹੈ ਕਿ ਇਕ ਭਾਰਤੀ ਇਨਕਲਾਬੀ (ਜੋਰ ਸਾਡਾ) ਆਪਣੇ ਮਹਾਨ ਆਦਰਸ਼ ਖਾਤਰ ਕਿਸ ਤਰ੍ਹਾਂ ਹੱਸਦੇ-ਹੱਸਦੇ ਮੌਤ ਨੂੰ ਗਲੇ ਲਗਾਉਂਦਾ ਹੈ।''

ਫਾਂਸੀ ਵਾਲੇ ਦਿਨ ਉਸਦੇ ਇਕ ਸਾਥੀ, ਜੈ ਦੇਵ ਕਪੂਰ ਦੇ ਵਲੋਂ ਭਗਤ ਸਿੰਘ ਨੂੰ ਇਹ ਪੁੱਛਣ ਤੇ ਕਿ ''ਸਰਦਾਰ ਜੀ ਤੁਸੀਂ ਮਰਨ ਜਾ ਰਹੇ ਹੋ। ਮੈਂ ਇਹ ਜਾਨਣਾ ਚਾਹੁੰਦਾਂ ਹਾਂ ਕਿ ਤੁਹਾਨੂੰ ਇਸ ਦਾ ਅਫਸੋਸ ਤਾਂ ਨਹੀਂ ਹੈ?''

ਸਵਾਲ ਸੁਣਕੇ ਭਗਤ ਸਿੰਘ ਨੇ ਕਿਹਾ-''ਇਨਕਲਾਬ ਦੇ ਰਾਹ 'ਤੇ ਕਦਮ ਰੱਖਦਿਆਂ ਮੈਂ ਸੋਚਿਆ ਸੀ ਕਿ ਜੇ ਮੈਂ ਆਪਣਾ ਜੀਵਨ ਦੇ ਕੇ ਦੇਸ਼ ਦੇ ਕੋਨੇ-ਕੋਨੇ ਤੱਕ ਇਨਕਲਾਬ ਜਿੰਦਾਬਾਦ ਦੇ ਨਾਹਰੇ ਪਹੁੰਚਾ ਸਕਾਂ ਤਾਂ ਮੈਂ ਸਮਝਾਂਗਾ ਮੈਨੂੰ ਆਪਣੇ ਜੀਵਨ ਦਾ ਮੁੱਲ ਮਿਲ ਗਿਆ ਹੈ?''

ਉਹ ''ਆਤੰਕਵਾਦ'' ਦਾ ਹਮਾਇਤੀ ਨਹੀਂ ਸੀ। ਉਹ ਵਿਅਕਤੀਗਤ ਹਿੰਸਾ ਦੇ ਵਿਰੁੱਧ ਸੀ। ਅੱਜ ਜੋ ਆਤੰਕਵਾਦੀ ਜਾਂ ਖੱਬੇ ਮਾਅਰਕੇਬਾਜ਼ ਸੰਗਠਨ ਉਸਦਾ ਨਾਮ ਵਰਤ ਰਹੇ ਹਨ ਉਹ ਕਤਈ ਉਸਦੇ ਵਾਰਸ ਨਹੀਂ ਹਨ।

ਬੰਬ ਦਾ ਫਲਸਫਾ ਵਿਚ ਉਸਨੇ ਲਿਖਿਆ ਹੈ- ''ਅਜਿਹਾ ਲੱਗਦਾ ਹੈ ਕਿ ਮੈਂ ਆਤੰਕਵਾਦੀਆਂ ਦੀ ਤਰ੍ਹਾਂ ਕੰਮ ਕੀਤਾ ਹੈ, ਪਰ ਮੈਂ ਆਤੰਕਵਾਦੀ ਨਹੀਂ ਹਾਂ। ਮੈਂ ਇਕ ਇਨਕਲਾਬੀ ਹਾਂ, ਜਿਸਦੇ ਕੋਲ ਪ੍ਰੋਗਰਾਮ ਦੇ ਬਾਰੇ ਅਜਿਹੇ ਵਿਆਪਕ ਨਿਸ਼ਚਿਤ ਵਿਚਾਰ ਹਨ।''

ਭਗਤ ਸਿੰਘ ਇਨਕਲਾਬ ਦੀ ਅਸਲ ਭਾਵਨਾ ਤੋਂ ਅਨਜਾਣ ਨਹੀਂ ਸੀ। ਇਸ ਬਾਰੇ ਉਸਨੇ ਸਪੱਸ਼ਟ ਕੀਤਾ ਹੈ ਕਿ ''ਇਨਕਲਾਬ ਤੋਂ ਸਾਡਾ ਭਾਵ ਇਕ ਅਜਿਹੀ ਸਮਾਜਕ ਵਿਵਸਥਾ ਦੀ ਸਥਾਪਨਾ ਤੋਂ ਹੈ ਜਿਸ ਨੂੰ ਇਸ ਤਰ੍ਹਾਂ ਦੇ ਘਾਤਕ ਖਤਰਿਆਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਜਿਸ ਵਿਚ ਪਰੋਲੇਤਾਰੀ ਜਮਾਤ ਦੀ ਪ੍ਰਭੂਸੱਤਾ ਨੂੰ ਮਾਨਤਾ ਦਿੱਤੀ ਜਾਵੇ ਅਤੇ ਸਾਰੇ ਸੰਸਾਰ ਦੀ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨ ਤੋਂ ਅਤੇ ਯੁੱਧ ਤੋਂ ਪੈਦਾ ਹੋਣ ਵਾਲੀ ਬਰਬਾਦੀ ਤੇ ਮੁਸੀਬਤਾਂ ਤੋਂ ਬਚਾਅ ਸਕੇ।''

ਰਾਜ ਕਰ ਰਹੀ ਜਮਾਤ ਦੇ ਜੋ ਲੋਕ ਅੱਜ ਭਗਤ ਸਿੰਘ ਨੂੰ ਕੁੱਛੜ ਚੁੱਕਣ ਦਾ ਯਤਨ ਕਰ ਰਹੇ ਹਨ ਉਹ ਇਨਕਲਾਬ ਦੇ ਸਖਤ ਵਿਰੋਧੀ ਹਨ। ਉਹ ਉਸਦੇ ਨਾਲੋਂ 'ਇਨਕਲਾਬ' ਸ਼ਬਦ ਹਮੇਸ਼ਾਂ ਹਮੇਸ਼ਾਂ ਲਈ ਲਾਹ ਦੇਣਾ ਚਾਹੁੰਦੇ ਹਨ। ਅਤੇ ਜਿਸ ਦਿਨ ਭਗਤ ਸਿੰਘ ਦੇ ਨਾਮ ਨਾਲੋਂ ਉਸਦਾ ਜੀਵਨ ਮੰਤਵੀ ਸ਼ਬਦ ਇਨਕਲਾਬ ਲਹਿ ਗਿਆ ਉਸ ਦਿਨ ਭਗਤ ਸਿੰਘ ਦੀ ਮੌਤ ਹੋ ਜਾਵੇਗੀ। ਹੁਣ ਜੋ ਸਾਡੇ ਸੁਪਨਿਆਂ ਦਾ ਭਗਤ ਸਿੰਘ ਜਿਉਂਦਾ ਹੈ ਸਾਡੇ ਨਾਲ-ਨਾਲ ਹੈ; ਉਹ ਉਦੋਂ ਮਰ ਜਾਵੇਗਾ ਜਦ ਉਸਦੇ ਇਨਕਲਾਬੀ ਉਦੇਸ਼ ਤੋਂ ਹੀ ਲੋਕ ਅਨਜਾਣ ਹੋ ਜਾਣਗੇ।

ਅੱਜ ਇਸ ਗੱਲ ਨੂੰ ਸ਼ਿੱਦਤ ਨਾਲ ਮਹਿਸੂਸ ਕਰਨ ਦੀ ਲੋੜ ਹੈ ਕਿ ਉਸਦੇ ਅਸਲ ਵਾਰਸ ਭਾਰਤੀ ਸਮਾਜ ਅੰਦਰ ਹਕੀਕੀ ਇਨਕਲਾਬੀ ਤਬਦੀਲੀ ਦੀ ਚਾਹਤ ਰੱਖਣ ਵਾਲੇ ਤੇ ਇਸ ਮਕਸਦ ਦੀ ਪੂਰਤੀ ਲਈ ਰਾਤ-ਦਿਨ ਇਕ ਕਰਕੇ ਕਿਰਤੀ ਜਨਸਮੂਹਾਂ ਨੂੰ ਜਗਾਉਣ, ਇਕਜੁੱਟ ਕਰਨ ਤੇ ਘੋਲਾਂ 'ਚ ਪਾਉਣ ਲਈ ਨਿਰੰਤਰ ਜਦੋਜਹਿਦ ਕਰਨ ਵਾਲੇ ਲੋਕ ਹੀ ਹਨ। ਉਸਦੇ ਅਸਲ ਵਾਰਸਾਂ ਵਲੋਂ ਭਾਰਤੀ ਜਨ ਸਮੂਹਾਂ ਦੇ ਇਸ ਹੀਰੋ ਨੂੰ ਸਰਮਾਏਦਾਰੀ ਦੀ ਡਾਇਣ ਤੋਂ ਹਰ ਹਾਲਤ ਵਿਚ ਬਚਾਉਣਾ ਹੋਵੇਗਾ। ਜਿਹੜੀ ਡਾਇਣ ਭਗਤ ਸਿੰਘ ਨੂੰ ਕੁੱਛੜ ਚੁੱਕ ਕੇ ਖਿਡਾਉਣ ਦਾ ਵਿਖਾਵਾ ਕਰਦੀ ਹੈ ਉਹ ਜਲਦੀ ਹੀ ਉਸ ਨੂੰ ਅਗਵਾ ਕਰਕੇ 'ਆਪਣਾ' ਕਹਿਕੇ ਇਨਕਲਾਬੀ ਸੋਚ ਵਾਲੀ ਅਸਲ ਮਾਂ ਤੋਂ ਖੋਹ ਕੇ ਆਪਣੇ ਘਰ ਲਿਜਾਕੇ, ਉਸਨੂੰ ਨਿਗਲਣਾ ਚਾਹੁੰਦੀ ਹੈ।

ਲੁਟੇਰੀਆਂ ਹਾਕਮ ਜਮਾਤਾਂ ਦਾ ਅਜਿਹਾ ਯਤਨ ਪਹਿਲੀ ਵਾਰੀ ਨਹੀਂ ਰਿਹਾ ਕਿ ਉਹ ਇਨਕਲਾਬੀ ਅਤੇ ਲੋਕਾਂ 'ਚ ਹਰਮਨ ਪਿਆਰੇ ਕਿਸੇ ਲੀਡਰ ਦੀ ਮੌਤ ਪਿਛੋਂ ਉਸ ਦੀਆਂ ਵਾਰਸ ਬਣਨ ਦਾ ਡੰਭ ਤੇ ਸਾਜਸ਼ਾਂ ਕਰ ਰਹੀਆਂ ਹਨ। ਉਹ ਅਜਿਹਾ ਜਨਸਮੂਹਾਂ ਨੂੰ ਧੋਖਾ ਦੇਣ ਲਈ ਕਰਦੀਆਂ ਹਨ। ਇਸ ਸਬੰਧ ਵਿਚ ਮਹਾਨ ਲੈਨਿਨ ਦਾ ਨਿਮਨਲਿਖਤ ਕਥਨ ਨੋਟ ਕਰਨ ਯੋਗ ਹੈ :

''ਇਤਿਹਾਸ ਵਿਚ ਇੰਝ ਸਦਾ ਹੀ ਹੋਇਆ ਹੈ ਕਿ ਦੱਬੀਆਂ ਕੁਚਲੀਆਂ ਜਮਾਤਾਂ ਵਿਚ ਹਰਮਨ ਪਿਆਰੇ ਰਹੇ ਇਨਕਲਾਬੀ ਲੀਡਰਾਂ ਦੀ ਮੌਤ ਤੋਂ ਪਿਛੋਂ, ਉਹਨਾਂ ਦੇ ਦੁਸ਼ਮਣਾਂ ਵਲੋਂ ਅਜਿਹੇ ਲੀਡਰਾਂ ਦੇ ਨਾਂਅ 'ਤੇ ਆਪਣਾ ਅਧਿਕਾਰ ਜਮਾਉਣ ਦੇ ਯਤਨ ਕੀਤੇ ਜਾਂਦੇ ਹਨ ਤਾਂ ਜੋ ਦੱਬੀਆਂ ਕੁਚਲੀਆਂ ਜਮਾਤਾਂ ਨੂੰ ਧੋਖਾ ਦਿੱਤਾ ਜਾ ਸਕੇ।''

(ਵੀ.ਆਈ. ਲੈਨਿਨ, ਸੰਕਲਿਤ ਰਚਨਾਵਾਂ, ਜਿਲਦ 23, ਸਫਾ 118)

ਜਦੋਂ ਬੱਚੇ ਨੂੰ ਕੋਈ ਡਾਇਣ ਆ ਕੁੱਛੜ ਬਿਠਾਉਂਦੀ ਹੈ।

ਉਹ ਕਾਹਦੀ ਮਾਂ ਹੈ ਜਿਸ ਨੂੰ ਏਸ ਦੀ ਨਾ ਸਮਝ ਆਉਂਦੀ ਹੈ?

ਅੱਜ ਲੋੜਾਂ ਦੀ ਲੋੜ ਹੈ ਕਿ ਭਗਤ ਸਿੰਘ ਦੀ ਜਥੇਬੰਦਕ ਸੋਚ ਸਬੰਧੀ ਪ੍ਰਗਟਾਈ ਗਈ ਭਾਵਨਾ ਨੂੰ ਜਨਸਮੂਹਾਂ 'ਚ ਪ੍ਰਚਾਰਿਆ ਜਾਵੇ ਤੇ ਲਾਗੂ ਕੀਤਾ ਜਾਵੇ -''ਇਨਕਲਾਬੀਆਂ ਨੂੰ ਪਹਿਲਾਂ ਕਾਰਖਾਨਿਆਂ ਅਤੇ ਖੇਤਾਂ ਵਿਚ ਜਾ ਕੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਥੇਬੰਦ ਕਰਨਾ ਚਾਹੀਦਾ ਹੈ ਤਾਂ ਕਿ ਉਹਨਾਂ ਵਿਚ ਜਾਗ੍ਰਿਤੀ ਪੈਦਾ ਕੀਤੀ ਜਾ ਸਕੇ। ਇਸ ਮਹੱਤਵਪੂਰਨ ਕਾਰਜ ਨੂੰ ਕਰਨ ਲਈ ਪਹਿਲਾਂ ਸਾਨੂੰ ਇਨਕਲਾਬੀ ਨੌਜਵਾਨਾਂ ਨੂੰ ਤਿਆਰ ਕਰਨਾ ਹੋਵੇਗਾ। ਸਾਨੂੰ ਅਜਿਹੇ ਨੌਜਵਾਨ ਚਾਹੀਦੇ ਹਨ ਜਿਹੜੇ ਇਨਕਲਾਬ ਦੇ ਲਈ ਆਪਣੀ ਜ਼ਿੰਦਗੀ ਸਮਰਪਿਤ ਕਰ ਚੁੱਕੇ ਹੋਣ, ਆਤਮ ਵਿਸ਼ਵਾਸੀ ਹੋਣ ਅਤੇ ਸੰਕਟਾਂ ਨੂੰ ਦੇਖ ਕੇ ਡਰ ਨਾ ਜਾਣ।''

ਕੇਵਲ ਉਪਰੋਕਤ ਕਾਰਜ ਕਰਨ ਵਾਲੇ ਹੀ ਭਗਤ ਸਿੰਘ ਦੇ ਅਸਲ ਵਾਰਸ ਹਨ। ਸਰਮਾਏਦਾਰ-ਜਗੀਰਦਾਰ ਜਮਾਤਾਂ ਨਾਲ ਸਾਂਝ ਪਾ ਕੇ ਉਹਨਾਂ ਦੀਆਂ ਸਰਕਾਰਾਂ ਵਿਚ ਭਾਈਵਾਲ ਬਣਨ ਅਤੇ ਕੇਵਲ ਚੋਣਾਂ ਰਾਹੀਂ ਇਨਕਲਾਬ ਲਿਆ ਸਕਣ ਦਾ ਭਰਮ ਪਾਲਣ ਵਾਲੇ ਅਸਲ ਵਿਚ ਭਗਤ ਸਿੰਘ ਦੇ ਅਗਵਾਕਾਰਾਂ ਵਿਚ ਹੀ ਸ਼ਾਮਲ ਹਨ। ਬਹੁਤ ਸੁਚੇਤ ਰਹਿਣ ਦੀ ਲੋੜ ਹੈ। ਬਚਾ ਲਓ ਭਗਤ ਸਿੰਘ ਨੂੰ, ਰਾਖੀ ਕਰੋ ਭਗਤ ਸਿੰਘ ਦੀ, ਚੌਕੀਦਾਰ ਵਾਲਾ ਹੋਕਾ ਦੇਣ ਦੀ ਲੋੜ ਹੈ, ਜਾਗਦੇ ਰਹੋ! ਜਾਗਦੇ ਰਹੋ!!

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 33

# ਨੈਣਾਂ ਦੋਸਤੀ ਲਾ ਲਈ ਐ ਵੇ



ਡਾ. ਕਰਮਜੀਤ ਸਿੰਘ
+91-99927 32006
kjskurukshetra@yahoo.com

ਰਾਜੇ ਨੇ ਖੂਹਾ ਲੁਆਇਆ ਹੋ ਛੀਂਬਣ ਪਾਣੀ ਨੂੰ ਆਈ ਐ ਏ।
ਛੀਂਬਣ ਨੇ ਡੋਲ ਬਹਾਇਆ ਹੋ ਰਾਜੇ ਪਲੜਾ ਫੜ ਲਿਆ ਏ।

ਗੀਤ ਦੀਆਂ ਮੁੱਢਲੀਆਂ ਪੰਗਤੀਆਂ ਹੀ ਇਹ ਸਮਝਣ ਲਈ ਕਾਫ਼ੀ ਹਨ ਕਿ ਇਸ ਵਿਚ ਇਕ ਕਥਾ ਹੈ ਜਾਂ ਇਹ ਇਕ ਬਿਰਤਾਂਤ-ਗੀਤ ਹੈ। ਇਨ੍ਹਾਂ ਪੰਗਤੀਆਂ ਵਿਚ ਇਕ ਸਮਾਜ (ਜਾਗੀਰਦਾਰੀ-ਪੰਜਾਬੀ ਸਮਾਜ) ਦੇ ਦੋ ਵਰਗ ਆਹਮੋ-ਸਾਹਮਣੇ ਹਨ। ਰਾਜਾ ਉਪਰਲੇ ਵਰਗ ਦਾ ਪ੍ਰਤਿਨਿਧ ਹੈ ਜਦ ਕਿ ਛੀਂਬਣ ਸਮਾਜ ਵਿਚ ਸਭ ਤੋਂ ਹੇਠਲੇ ਵਰਗ (ਜਾਤ) ਦੀ ਪ੍ਰਤਿਨਿੱਧਤਾ ਕਰਦੀ ਹੈ। ਉਪਰਲੀ ਜਾਤ/ਜਮਾਤ ਦਾ ਮਰਦ, ਹੇਠਲੀ ਜਾਤ/ਜਮਾਤ ਦੀ ਔਰਤ ਨਾਲ ਵਿਆਹ ਵੀ ਕਰ ਸਕਦਾ ਹੈ, ਪਰ ਇਸ ਤੋਂ ਉਲਟ ਰਿਸ਼ਤਿਆਂ ਉੱਪਰ ਸਖ਼ਤ ਪਾਬੰਦੀਆਂ ਹਨ। ਹੇਠਲੀ ਜਾਤ/ਜਮਾਤ ਨੇ ਵੀ ਇਸ ਨਿਯਮ ਨੂੰ ਸਵੀਕਾਰ ਕੀਤਾ ਹੋਇਆ ਹੈ। ਪਰੰਤੂ ਇਸ ਦਾ ਅਰਥ ਇਹ ਨਹੀਂ ਕਿ ਨੀਵੀਆਂ ਰਹੀਆਂ ਜਾਤਾਂ/ਜਮਾਤਾਂ ਵਿਚ ਅਜਿਹਾ ਕਰਨ ਦੀ ਇੱਛਾ ਕਦੀ ਨਹੀਂ ਜਾਗਦੀ। ਕਈ ਗੀਤਾਂ ਵਿਚ ਮਨ ਦੀ ਇੱਛਾ ਦਾ ਪ੍ਰਗਟਾਅ ਵੀ ਬਦਲੇਖੋਰੀ ਵਿਚ ਰੂਪਮਾਨ ਹੁੰਦਾ ਹੈ। ਯਥਾਰਥਕ ਜੀਵਨ ਵਿਚ ਸ਼ਾਇਦ ਇਹ ਸੰਭਵ ਵੀ ਨਾ ਰਿਹਾ ਹੋਵੇ, ਪਰ ਗੀਤਾਂ ਵਿਚ ਇਸ ਦਾ ਲੈਆਤਮਕ ਪ੍ਰਗਟਾਅ ਤਾਂ ਗਿੱਧੇ ਦੇ ਪਿੜ ਤੱਕ ਜਾ ਪਹੁੰਚਦਾ ਹੈ।

ਹਾਲ ਵੇ, ਜੱਟ ਸੈਨਾ ਮੈਨਾ ਬੀਜਦਾ।
ਹਾਲ ਵੇ ਚੂੜ੍ਹੀ ਸਾਗ ਤੋੜਨ ਗਈ ਆ।
ਹਾਲ ਵੇ ਜੱਟ ਬਾਹੋਂ ਫੜ ਲਈ ਆ।
ਹਾਲ ਵੇ ਚੂੜ੍ਹੀ ਠਾਣੇ ਤੁਰ ਪਈ ਆ।
ਹਾਲ ਵੇ ਜੱਟ ਮਿੰਨਤਾਂ ਪਿਆ ਕਰਦਾ।
ਹਾਲ ਵੇ ਤੇਰਾ ਮੁੰਡਾ ਵੀ ਵਿਆਹੂੰਗਾ।
--------------------
ਹਾਲ ਵੇ ਚੂੜ੍ਹਾ ਛੱਜ ਪਿਆ ਗੰਢਦਾ।
ਹਾਲ ਵੇ ਜੱਟੀ ਛੱਜ ਗੰਢਾਉਣ ਗਈ ਆ।
ਹਾਲ ਵੇ ਚੂੜ੍ਹੇ ਵੀਣੀ ਫੜ ਲਈ ਆ।
ਹਾਲ ਵੇ ਜੱਟੀ ਮਿੰਨਤਾਂ ਕਰਦੀ ਪਈ ਆ।
ਹਾਲ ਵੇ ਜੱਟੀ ਠਾਣੇ ਤੁਰ ਪਈ ਆ।
ਹਾਲ ਵੇ ਚੂੜ੍ਹਾ ਮਿੰਨਤਾਂ ਪਿਆ ਕਰਦਾ।
ਹਾਲ ਵੇ ਤੇਰੀ ਕੁੜੀ ਵੀ ਵਿਆਹੂੰਗਾ।
ਹਾਲ ਵੇ ਜਿੰਨਾਂ ਲੱਗੇ ਓਨਾ ਲਾਊਂਗਾ।
ਹਾਲ ਵੇ ਹੁਣ ਇਕੋ ਜਿਹੀ ਹੋਈ ਆ।

ਰੁਮਾਂਟਿਕ ਦ੍ਰਿਸ਼ਟੀ ਤੋਂ ਗੀਤਾਂ ਨੂੰ ਵਾਚਿਆਂ ਇਸ ਤਰ੍ਹਾਂ ਦੀ ਜਾਤੀ ਜਮਾਤੀ ਵਿਰੋਧਤਾਈਆਂ ਵਿਖਾਈ ਨਹੀਂ ਦਿੰਦੀਆਂ, ਪਰ ਲੋਕ ਗੀਤ ਭਾਵੁਕ ਪੱਧਰ ਤੱਕ ਵੀ ਬੜੇ ਸੂਖ਼ਮ ਢੰਗ ਨਾਲ ਇਨ੍ਹਾਂ ਵਿਰੋਧਤਾਈਆਂ ਨੂੰ ਪੇਸ਼ ਕਰਦੇ ਹਨ। ਹਥਲਾ ਗੀਤ ਵੀ ਇਸੇ ਦਾ ਉਦਾਹਰਣ ਹੈ। ਰਾਜੇ ਮਹਾਰਾਜੇ ਖੂਹ ਲੁਆਉਂਦੇ ਸਨ ਪੁੰਨ ਖੱਟਣ ਲਈ। ਪਰ ਇਨ੍ਹਾਂ ਬਹਾਨੇ ਉਹ ਫਾਹੀਆਂ ਵੀ ਪਾਉਂਦੇ ਸਨ। ਲੋਕਾਂ ਦਾ ਸਰੀਰਕ ਜਿਨਸੀ ਸ਼ੋਸ਼ਣ ਵੀ ਕਰਦੇ ਸਨ, ਉਸ ਦੀ ਇਹ ਇਕ ਮਿਸਾਲ ਹੈ। ਬਿਰਤਾਂਤ ਅਨੁਸਾਰ ਛੀਂਬਣ ਨੇ ਜਿਉਂ ਹੀ ਡੋਲ ਬਹਾਇਆ (ਖੂਹ ਵਿਚ ਪਾਣੀ ਕੱਢਣ ਲਈ ਸੁੱਟਿਆ) ਰਾਜੇ ਨੇ ਉਸ ਦਾ ਪੱਲਾ ਫੜ ਲਿਆ। ਰਾਜਾ ਜਿਸ ਨੇ ਖੂਹ ਲੁਆਇਆ ਹੋਵੇ ਉਸ ਨੂੰ ਅਜਿਹਾ ਕਰਨੋਂ ਰੋਕਣਾ ਸੰਭਵ ਨਹੀਂ ਹੈ, ਫਿਰ ਵੀ ਛੀਂਬਣ ਵਾਹ ਲਾਉਂਦੀ ਹੈ ਉਸ ਨੂੰ ਹਟਕਣ ਦੀ।

ਛੋਡੀਂ-ਛੋਡੀਂ ਰਾਜਿਆ ਪੱਲੜਾ, ਹੋ ਸਾਡੀ ਜਾਤ ਕਮੀਨਣੀ ਏ।
ਕੀਕਰ ਛੋਡਾਂ ਪੱਲੜਾਂ, ਹੋ ਨੈਣਾਂ ਦੋਸਤੀ ਲਾ ਲਈ ਐ ਏ।

ਸਭ ਤੋਂ ਵੱਡਾ ਵਾਸਤਾ ਉਸ ਨੇ ਆਪਣੀ ਕਹੀ ਜਾਂਦੀ ਨੀਵੀਂ ਜਾਤ ਦਾ ਹੀ ਦਿੱਤਾ, ਜਿਸ ਨੂੰ ਰਾਜਾ ਸਵੀਕਾਰ ਨਹੀਂ ਕਰਦਾ, ਕਿਉਂਕਿ ਉਸ ਅਨੁਸਾਰ ਉਸ ਨੂੰ ਛੀਂਬਣ ਨਾਲ ਪਿਆਰ ਹੋ ਗਿਆ ਹੈ। ਜਿਸ ਦਾ ਛੀਂਬਣ ਕੋਈ ਜਵਾਬ ਨਹੀਂ ਦਿੰਦੀ। ਸ਼ਾਇਦ ਉਸ ਨੂੰ ਇਹ ਸਮਝ ਹੈ ਕਿ ਇਸ ਤੋਂ ਅਗਾਂਹ ਕੋਈ ਦਲੀਲ ਸੁਣੀ ਨਹੀਂ ਜਾਵੇਗੀ।

ਅੱਗੇ ਤਾਂ ਡੋਲਾ ਛੀਂਬਣ ਦਾ, ਹੋ ਮਗਰੇ ਘੋੜਾ ਰਾਜੇ ਦਾ ਏ।
ਉੱਠ ਨੀ ਰਾਣੀਏਂ ਸੁੱਤੀਏ, ਤੇਰੀ ਸੌਂਕਣ ਆਈ ਐ ਏ।

ਇਕੋ ਪੰਗਤੀ ਵਿਚ ਛੀਂਬਣ ਦਾ ਡੋਲਾ ਰਾਜੇ ਦੀ ਮਹਿਲੀਂ ਪਹੁੰਚ ਗਿਆ ਹੈ। ਇਕ ਟਕਰਾਉ ਦੀ ਸਥਿਤੀ ਬਣਦੀ ਹੈ। ਰਾਜੇ ਦੀ ਪਹਿਲੀ ਰਾਣੀ ਨੂੰ 'ਕੋਈ' ਸੂਚਨਾ ਦੇ ਰਿਹਾ ਹੈ ਕਿ 'ਤੇਰੀ ਸੌਂਕਣ ਆਈ ਆ ਏ।' ਕੁਦਰਤੀ ਰਾਣੀ ਰਾਜੇ ਦੇ ਸਿਰ ਆ ਹੋਈ।

ਰਾਣੀ ਤਾਂ ਪੁੱਛਦੀ ਰਾਜੇ ਨੂੰ, ਇਹ ਡੋਲਾ ਕਿਹਦਾ ਆਇਆ ਏ।
ਹੁਣ ਕੀ ਪੁੱਛਦੀ ਰਾਣੀਏਂ, ਸਿਰ ਸੌਂਕਾ ਆਇਆ ਏ।

ਰਾਜੇ ਦਾ ਜਵਾਬ 'ਕੁਰਖ਼ਤ' ਹੈ। ਉਹ ਭਉਂਦਾ ਨਹੀਂ, ਨਮਰ ਨਹੀਂ ਹੁੰਦਾ, ਮੁਆਫ਼ੀ ਮੰਗਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਉਹ ਉਸ ਨੂੰ ਉਸ ਦੇ ਸੌਂਕਣਪੁਣੇ ਦੀ ਸ਼ੁਰੂਆਤ ਦੀ ਸੂਚਨਾ ਸਿੱਧੀ ਦੇ ਦਿੰਦਾ ਹੈ। ਰਾਣੀ ਸੱਚਮੁੱਚ ਗੁੜ੍ਹੀ ਹੋਈ ਲੱਗਦੀ ਹੈ, ਅਜਿਹਾ ਵੱਟੇ ਵਰਗਾ ਜਵਾਬ ਸਿਰ 'ਤੇ ਵੱਜਣ ਦੇ ਬਾਵਜੂਦ, ਛੀਂਬਣ ਵੱਲ ਬੜਾ ਬਰਾਬਰੀ ਦਾ ਸਲੂਕ ਕਰਦੀ ਹੈ।

ਰਾਣੀ ਨੇ ਪਲੰਘ ਡੁਹਾ ਲਿਆ ਛੀਂਬਣ ਪੀੜ੍ਹਾ ਡਾਹ ਲਿਆ ਏ।
ਉੱਠ ਨੀ ਸੌਂਕਣ ਛੀਂਬਣੇ, ਬਰੋਬਰ ਹੋ ਗਈ ਐਂ ਏ।
ਅੱਗੇ ਤਾਂ ਰਹਿੰਦੀ ਸੀ ਕੁੱਲੀਆਂ, ਹੁਣ ਸ਼ੀਸ਼ ਮਹਿਲਾਂ ਨੂੰ ਆ ਗਈ ਐਂ ਏ।

ਛੀਂਬਣ ਦਾ ਹੀਣ-ਭਾਵ ਉਸ ਨੂੰ ਰਾਜੇ ਦੀ ਪਹਿਲੀ ਰਾਣੀ ਦਾ ਬਰਾਬਰ ਨਹੀਂ ਬੈਠਣ ਦਿੰਦਾ। ਉਹ ਪੀੜ੍ਹੇ 'ਤੇ ਬਹਿੰਦੀ ਹੈ, ਪਲੰਘ 'ਤੇ ਨਹੀਂ। ਪਰ ਰਾਣੀ ਮਨੋਂ ਭਾਵੇਂ ਕੁਝ ਹੋਵੇ, ਬਾਹਰੋਂ ਉਸ ਨੂੰ ਬਰਾਬਰ ਦਾ ਦਰਜਾ ਦਿੰਦੀ ਹੈ। ਉਸ ਨੂੰ ਕੁੱਲੀਆਂ ਦੀ ਯਾਦ ਭੁੱਲਾ ਦੇਣ ਦੀ ਸਲਾਹ ਦਿੰਦੀ ਹੈ। ਪਰ ਉਸ ਦੇ ਮਨ ਦੇ ਕਪਟ ਨੂੰ ਨਾ ਛੀਂਬਣ ਪੜ੍ਹ ਸਕਦੀ ਹੈ ਤੇ ਨਾ ਹੀ, ਸ੍ਰੋਤਾ/ਪਾਠਕ। ਇਹ ਗੀਤ ਦੀ ਸਭ ਤੋਂ ਵੱਡੀ ਬਿਰਤਾਂਤਕ ਸਫ਼ਲਤਾ ਹੈ ਕਿ ਉਸ ਨੇ ਰਾਣੀ ਦੇ ਮਾਨਸਿਕ ਆਸ਼ਿਆਂ ਨੂੰ ਹੁਣ ਤੱਕ ਬਿਲਕੁੱਲ ਜ਼ਾਹਿਰ ਨਹੀਂ ਹੋਣ ਦਿੱਤਾ। ਗੀਤ ਅਗਾਂਹ ਤੁਰਦਾ ਹੈ।

ਰਾਣੀ ਨੇ ਬਾਗ਼ ਲੁਆਇਆ ਹੋ, ਵਿਚ ਗੰਦਲ ਲਾ ਲਈ ਆ ਏ।
ਰਾਣੀ ਨੇ ਪਿੰਨੀਆਂ ਵੱਟੀਆਂ, ਵਿਚ ਗੰਦਲ ਪਾ ਲਈ ਆ ਏ।
ਆ ਨੀ ਸੌਂਕਣੇ ਛੀਂਬਣੇ ਨੀ ਤੇਰੇ ਪੇਕਿਆਂ ਦਿਉਂ ਆਈਆਂ ਏ।

ਇਨ੍ਹਾਂ ਪੰਗਤੀਆਂ ਵਿਚ ਰਾਣੀ ਦਾ ਕਪਟ ਜ਼ਾਹਿਰ ਹੋ ਗਿਆ ਹੈ ਤੇ ਇਕ ਦੁਖਾਂਤ ਦਾ ਆਰੰਭ ਵੀ ਇੱਥੋਂ ਹੀ ਬੱਝਦਾ ਹੈ। ਇਕ ਪਰੰਪਰਾਗਤ ਰੁੜ੍ਹੀ ਇਸ ਗੀਤ ਦਾ ਹਿੱਸਾ ਵੀ ਬਣੀ ਹੈ। ਜ਼ਹਿਰੀਲੀ ਗੰਦਲ ਨਾਲ ਆਪਣੇ ਵਿਰੋਧੀ/ਸੌਂਕਣ ਨੂੰ ਸਰੀਰਕ ਤੌਰ 'ਤੇ ਖ਼ਤਮ ਕਰਨਾ। ਇਹੋ ਜਿਹੀ ਜ਼ਹਿਰੀਲੀ ਗੰਦਲ ਹੈ ਕਿਹੜੀ? ਇਸ ਦਾ ਵੇਰਵਾ ਸਾਨੂੰ ਕਿਤਿਉਂ ਨਹੀਂ ਮਿਲੇਗਾ। 'ਪਿੰਨੀਆਂ' ਪੰਜਾਬੀ ਸਭਿਆਚਾਰ ਦੀ ਸਿਆਲਾਂ ਦੀ ਖ਼ੁਰਾਕ। ਰਾਜੇ ਤਾਂ 'ਪਿੰਨੀਆਂ ਨਹੀਂ ਖਾਂਦੇ', ਉਹ ਤਾਂ ਛੱਤੀ ਪ੍ਰਕਾਰ ਦੇ ਭੋਜਨ ਖਾਂਦੇ ਹਨ। ਪਰ ਛੀਂਬਣ ਤਾਂ ਹੇਠਲੇ ਵਰਗੇ 'ਚੋਂ ਹੈ ਜੋ ਜਿਸ ਦੀ ਮਨਭਾਉਂਦੀ ਖ਼ੁਰਾਕ ਉਸ ਦੇ ਪੇਕਿਆਂ ਦਿਉਂ ਆ ਸਕਦੀ ਹੈ। ਇਕ ਮਨਭਾਉਂਦੀ ਖ਼ੁਰਾਕ, ਦੂਜੀ ਪੇਕਿਆਂ ਦਿਉਂ ਆਈ। ਛੀਂਬਣ ਕਦੇ ਨਾਂਹ ਹੀ ਨਹੀਂ ਕਰ ਸਕਦੀ। ਰਾਣੀ ਨੇ ਤੀਰ ਸਹੀ ਨਿਸ਼ਾਨੇ 'ਤੇ ਮਾਰਿਆ ਹੈ। ਉਸ ਦਾ ਨਤੀਜਾ ਉਹੀ ਹੁੰਦਾ ਹੈ ਜੋ ਹੋਣਾ ਚਾਹੀਦਾ ਸੀ। ਛੀਂਬਣ ਦੀ ਮੌਤ/ਇਕ ਦੁਖਾਂਤ।

ਇਕ ਤਾਂ ਪਿੰਨੀ ਖਾ ਲਈ ਐ ਹੋ, ਛੀਂਬਣ ਢੂਣਮਢੂਣੀ ਐ ਏ।
ਦੂਜੀ ਪਿੰਨੀ ਖਾ ਲਈ ਐ, ਹੋ ਛੀਂਬਣ ਮਰ ਮੁਕ ਗਈ ਐ ਏ।

ਬਿਰਤਾਂਤ ਘਟਨਾ ਨੂੰ ਲਟਕਾਉਂਦਾ ਨਹੀਂ, ਲੋਕ ਗੀਤ ਵਿਚ ਇਹ ਗੁੰਜਾਇਸ਼ ਹੀ ਨਹੀਂ ਹੈ। ਛੀਂਬਣ ਜ਼ਹਿਰੀਲੀਆਂ ਪਿੰਨੀਆਂ ਖਾ ਕੇ ਢਿੱਲੀ-ਢਿੱਲੀ ਹੋਈ ਤੇ ਦੂਜੀ ਪਿੰਨੀ ਨਾਲ ਖ਼ਤਮ ਹੋ ਗਈ।

ਕੁਦਰਤੀ ਸੀ ਕਿ ਰਾਜਾ ਜਿਸ ਛੀਂਬਣ ਨੂੰ ਪਿਆਰ ਕਰਨ ਦਾ ਦਮ ਭਰਦਾ ਸੀ ਉਸ ਬਾਰੇ ਉਸ ਦੇ ਮਰਨ ਉਪਰ ਮਾਨਸਿਕ ਤੌਰ 'ਤੇ ਦੁਖੀ ਹੁੰਦਾ। ਕਿਉਂਕਿ ਗੀਤ ਇਸੇ ਧੁਰੀ ਦੁਆਲੇ ਉਸਾਰਿਆ ਗਿਆ ਹੈ। ਛੀਂਬਣ ਮਰੀ ਪਈ ਹੈ। ਰਾਜਾ ਰਾਣੀ ਨਾਲ ਸੰਵਾਦ ਰਚਾਉਂਦਾ ਹੈ।

ਰਾਜਾ ਤਾਂ ਪੁੱਛਦਾ ਰਾਣੀਏਂ, ਇਹ ਛੀਂਬਣ ਕਿਉਂ ਲਿਟਾਈ ਐ ਏ।
ਅਸੀਂ ਕੀ ਜਾਣੀਏਂ ਰਾਜਿਆ, ਇਹ ਜੱਗ ਹੁੰਦੜੀ ਆਈ ਐ ਏ।

ਰਾਣੀ ਨੇ ਬੜੀ ਚਤਰਾਈ ਨਾਲ ਮੌਤ ਨੂੰ ਹੋਣੀ ਵਿਚ ਬਦਲ ਦਿੱਤਾ 'ਧਰਮਾਂ ਦੇ ਹਤਿਆਰ', ਨੂੰ ਢਾਲ ਬਣਾ, ਛੀਂਬਣ ਦੀ ਮੌਤ ਤੋਂ ਬਰੀ ਹੋ ਗਈ। ਰਾਜੇ ਨੂੰ ਗੀਤ ਬੜਾ ਸਿੱਧ-ਪੱਧਰਾ ਸਮਝਦਾ ਹੈ। ਇਸੇ ਲਈ ਦੁਨੀਆ ਭਰ ਦੀ ਰਾਜਨੀਤੀ/ਕਪਟਨੀਤੀ ਕਰਨ ਵਾਲਾ ਰਾਜਾ ਚੁੱਪ ਚਾਪ ਇਹ ਦਲੀਲ ਮੰਨ ਜਾਂਦਾ ਹੈ। ਦੁਖਾਂਤ ਨੂੰ ਸਵੀਕਾਰ ਕਰ ਲੈਂਦਾ ਹੈ।

ਚੰਨਣ ਰੁੱਖ ਕਟਾਇਕੇ, ਹੋ ਰਾਜੇ ਚਿਖਿਆ ਚਿਣਾ ਲਈ ਐ ਏ।
ਛੀਂਬਣ ਨੂੰ ਲਾਂਬੂ ਲਾਇਆਂ, ਰਾਜੇ ਧਾਹਾਂ ਮਾਰੀਆਂ ਏ।

ਜੇ ਰਾਜੇ ਦੀ ਥਾਂ ਰਾਣੀ ਹੁੰਦੀ ਤਾਂ ਸ਼ਾਇਦ ਸਤੀ ਹੁੰਦੀ, ਪਰ ਛੀਂਬਣ ਚੰਨਣ ਦੀ ਲੱਕੜੀ ਵਿਚ ਦਫ਼ਨਾਈ ਤਾਂ ਗਈ ਪਰ ਰਾਜੇ ਨੇ ਧਾਹਾਂ ਮਾਰੀਆਂ, ਇਸ ਤੋਂ ਵੱਧ ਕੁਝ ਨਹੀਂ ਕੀਤਾ। ਸ਼ਾਇਦ ਲੋਕ ਮਨ ਨੂੰ ਇਸ ਤੋਂ ਅਗਾਂਹ ਰਾਜੇ ਵੱਲੋਂ ਕੁਝ ਕਰਨ ਦੀ ਆਸ ਹੀ ਨਹੀਂ।

ਜਦੋਂ ਨਾਨੀ ਲਾਭੀ ਤੇ ਮਾਮੀ ਨੇ ਹੋਰਨਾਂ ਨਾਲ ਰਲ ਕੇ ਮੈਨੂੰ ਇਹ ਗੀਤ ਸੁਣਾਇਆ ਸੀ ਤਾਂ ਇਸ ਦੀ 'ਰਹਾਅ' ਏਨੀ ਉੱਚੀ ਸੀ ਕਿ ਆਮ ਆਦਮੀ ਦਾ ਸਾਹ ਉਲਟ ਜਾਏ, ਪਰ ਅਜਿਹਾ ਉਨ੍ਹਾਂ ਨਾਲ ਨਹੀਂ ਸੀ ਹੋਇਆ। ਸਿਖ਼ਰ ਦੀ ਆਵਾਜ਼ ਵਿਚ ਇਹ ਗੀਤ ਗਾਉਣਾ ਉਨ੍ਹਾਂ ਦੇ ਹੀ ਹਿੱਸੇ ਆਇਆ ਹੈ। ਸਾਡੇ ਤੁਹਾਡੇ ਨਹੀਂ। ਨਾਨੀ ਲਾਭੀ ਹੁਣ ਇਸ ਜਹਾਨ ਵਿਚ ਨਹੀਂ ਪਰ ਉਸ ਦੀ ਕੂਕਦੀ ਟਾਟਰੀ ਆਵਾਜ਼ ਨੂੰ ਮੈਂ ਅੱਜ ਵੀ ਸੁਣ ਸਕਦਾ ਹਾਂ। ਅਖੀਰ ਇਹ ਕਹਿ ਕੇ ਉਸ ਤੋੜਾ ਝਾੜਿਆ ਸੀ "ਲੈ ਬੱਸ!"

# ਦਿਲ ਹੀ ਉਦਾਸ ਹੈ

ਸੁਰਿੰਦਰ ਅਤੈ ਸਿੰਘ

ਉਦਰੇਵਾਂ ਇਕ ਸਰਬ ਵਿਆਪਕ ਪ੍ਰਵਿਰਤੀ ਹੈ। ਕਿਸੇ ਵੀ ਖਿੱਤੇ ਦਾ, ਕਿਸੇ ਵੀ ਦੇਸ਼ ਕੌਮ ਦਾ, ਕਿਸੇ ਵੀ ਨਸਲ ਦਾ, ਕਿਸੇ ਵੀ ਧਰਮ ਦਾ ਮਨੁੱਖ ਹੋਵੇ, ਉਹ ਇਸ ਦੀ ਮਾਰ ਤੋਂ ਬਚ ਨਹੀਂ ਸਕਦਾ। ਇਥੋਂ ਤੱਕ ਕਿ ਪਸ਼ੂ ਪੰਛੀ ਜਾਨਵਰ ਅਤੇ ਬਨਸਪਤੀ ਵੀ ਇਸ ਜਜ਼ਬੇ ਦੇ ਪ੍ਰਭਾਵ ਤੋਂ ਨਹੀਂ ਬਚ ਸਕਦੇ। ਸਭ ਤੋਂ ਪਹਿਲਾਂ ਮਨੁੱਖ ਮਾਂ ਦੇ ਮੋਹ 'ਚ ਜਕੜਿਆ ਜਾਂਦਾ ਹੈ। ਬੱਗੀਆਂ ਦਾੜ੍ਹੀਆਂ 'ਚ ਵੀ ਅੱਥਰੂ ਜਜ਼ਬ ਹੁੰਦੇ ਵੇਖੇ ਜਾ ਸਕਦੇ ਨੇ ਜਦੋਂ ਮਾਂ ਚੇਤੇ ਆਉਂਦੀ ਹੈ। ਦੁੱਖ 'ਚ ਤਾਂ ਸੁੱਤੇ ਸਿਧ ਹੀ ਬੰਦੇ ਦੇ ਮੂੰਹੋਂ ਹਾਇ ਮਾਂ ਨਿਕਲ ਜਾਂਦਾ, ਬਿਨਾਂ ਵਿਚਾਰੇ। ਪਰ ਸੁੱਖ ਵੇਲੇ ਜਾਂ ਜੀਵਨ ਪਰ ਦੀ ਘਾਲਣਾ ਥਾਂਏਂ ਪੈਂਦੀ ਵੇਖ ਕੇ ਜਾਂ ਅੰਤਾਂ ਦੀ ਖੁਸ਼ੀ ਵੇਲੇ ਬਹੁਤੇ ਮਨੁੱਖ ਇਹ ਕਹਿ ਕੇ ਰੋ ਪੈਂਦੇ ਨੇ ਕਿ ਕਾਸ਼! ਅੱਜ ਮੇਰੀ ਮਾਂ ਹੁੰਦੀ। ਔਰਤਾਂ ਕਈ ਵਾਰ ਬਾਬਲ ਨੂੰ ਯਾਦ ਕਰਦਿਆਂ ਮਾਂ ਦਾ ਉਦਰੇਵਾਂ ਕਰਦੀਆਂ ਹਨ। ਦੁਨੀਆ 'ਚ ਸਭ ਤੋਂ ਵਧੇਰੇ ਸ਼ਿੱਦਤ ਨਾਲ ਇਹੋ ਉਦਰੇਵਾਂ ਮਹਿਸੂਸ ਕੀਤਾ ਜਾਂਦਾ ਹੈ। ਜਿਹੜੇ ਪ੍ਰਦੇਸਾਂ 'ਚ ਗਏ ਤੇ ਕਈ ਵਰ੍ਹਿਆਂ ਤੱਕ, ਦਹਾਕਿਆਂ ਤੱਕ ਵਾਪਸ ਹੀ ਨਾ ਆ ਸਕੇ; ਕੋਈ ਉਨ੍ਹਾਂ ਨੂੰ ਪੁੱਛ ਕੇ ਵੇਖੇ। ਸਮੇਂ ਦੀਆਂ ਹਕੂਮਤਾਂ ਦੁਆਰਾ ਜਲਾਵਤਨ ਕੀਤੇ ਗਏ ਜੀਆਂ ਨੂੰ ਕੋਈ ਪੁੱਛ ਕੇ ਵੇਖੇ। 'ਕਾਬਲੀਵਾਲਾ' ਫਿਲਮ ਵਿਚ ਵਤਨ ਦੀ ਸਿੱਕ ਆਪਣੀ ਜਨਮ ਭੋਇੰ ਦਾ ਮੋਹ ਤੇ ਉਥੇ ਵਸਦੀ ਨਿੱਕੀ ਬੱਚੀ ਨੂੰ ਮਿਲਣ ਦੀ ਤੜਪ ਨੂੰ ਬਾਖ਼ੂਬੀ ਜੀਵੰਤ ਕੀਤਾ ਹੈ, ਅਦਾਕਾਰ ਬਲਰਾਜ ਸਾਹਨੀ ਨੇ। ਵਤਨ ਨੂੰ ਮੁਖਾਤਿਬ ਗੀਤ ਦੇ ਬੋਲ ਹਨ:

ਮਾਂ ਦਾ ਦਿਲ ਬਨ ਕੇ ਕਭੀ,
ਸੀਨੇ ਸੇ ਲੱਗ ਜਾਤਾ ਹੈ ਤੂ।
ਔਰ ਕਭੀ ਨੰਨੀ ਸੀ ਬੇਟੀ ਬਣ,
ਕੇ ਯਾਦ ਆਤਾ ਹੈ ਤੂ।
ਜਿਤਨਾ ਯਾਦ ਆਤਾ ਹੈ ਮੁਝ ਕੋ
ਉਤਨਾ ਤੜਪਾਤਾ ਹੈ ਤੂ।

ਪ੍ਰਦੇਸ ਜਾ ਕੇ ਕਮਾਉਣ ਦਾ ਰਿਵਾਜ ਸਦੀਆਂ ਪੁਰਾਣਾ ਹੈ। ਜਦੋਂ ਸੜਕਾਂ ਨਹੀਂ ਸਨ, ਰੇਲਾਂ ਨਹੀਂ ਸਨ, ਹਵਾਈ ਜਹਾਜ਼ ਨਹੀਂ ਸਨ, ਘਰਾਂ, ਹੋਟਲਾਂ ਦੀਆਂ ਸੁੱਖ ਸਹੂਲਤਾਂ ਵਾਲੇ, ਸਮੁੰਦਰੀ ਜਹਾਜ਼ ਨਹੀਂ ਸਨ, ਉਦੋਂ ਵੀ ਮਨੁੱਖ ਇਕ ਦੇਸ਼ ਤੋਂ ਦੂਜੇ ਦੇਸ਼ ਕੋਹਾਂ ਮੀਲਾਂ ਦਾ ਸਫ਼ਰ ਤੈਅ ਕਰ ਕੇ ਵਪਾਰ ਕਰਨ, ਕੁਝ ਖੱਟਣ ਕਮਾਉਣ ਲਈ ਜਾਂਦੇ ਸਨ। ਜੁਆਨੀਆਂ ਗਾਲ ਲੈਂਦੇ। ਪੈਸਾ ਜਮ੍ਹਾਂ ਕਰਦੇ ਪਰ ਖ਼ਰਚਦੇ ਨਾ। ਇਕੋ ਖ਼ਾਹਿਸ਼ ਕਿ ਇਹ ਪੈਸਾ ਮੈਂ ਆਪਣੇ ਘਰ ਆਪਣੇ ਪਰਿਵਾਰ ਦੀ ਝੋਲੀ ਪਾਵਾਂਗਾ। ਉਨ੍ਹਾਂ ਨਾਲ ਰਲ ਕੇ ਵਰਤਾਂਗਾ। ਉਦੋਂ ਸਫ਼ਰ ਬੜੇ ਔਕੜਾਂ ਭਰੇ ਹੁੰਦੇ ਸਨ। ਕੋਈ ਘਰ ਪੁੱਜਦਾ, ਕੋਈ ਨਾ ਪੁੱਜਦਾ, ਪਰ ਪ੍ਰਦੇਸ ਜਾਣੋਂ ਕਮਾਊਆਂ ਨੂੰ ਕੋਈ ਰੋਕ ਨਹੀਂ ਸਕਿਆ। ਅੱਜ ਹਰ ਭਾਸ਼ਾ ਕੋਲ, ਹਰ ਦੇਸ਼ ਕੋਲ ਸਾਹਿਤ ਦਾ ਇਕ ਅਲੱਗ ਜ਼ਬਾਨ ਦਾ ਪਰਵਾਸੀ ਸਾਹਿਤ। ਸਾਡੇ ਕਈ ਪੰਜਾਬੀਆਂ ਨੇ ਕੈਨੇਡਾ ਅਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿਚ ਏਨੀ ਕਮਾਈ ਕੀਤੀ ਹੈ ਕਿ ਉਨ੍ਹਾਂ ਦੇ ਘਰਾਂ ਦੀਆਂ ਦੀਵਾਰਾਂ ਸੋਨੇ ਦੀਆਂ ਤੇ ਛੱਤਾਂ ਚਾਂਦੀ ਦੀਆਂ ਹੋ ਸਕਦੀਆਂ, ਪਰ ਉਹ ਏਨੇ ਗਰੀਬ ਨੇ ਕਿ 'ਕੱਲੇ ਬਹਿ ਕੇ ਰੋਣ ਲਈ ਕੋਈ ਨੁੱਕਰ ਨਹੀਂ ਲੱਭਦੀ, ਜਿਥੇ ਉਹ ਪਾਤਰ ਦੀ ਗ਼ਜ਼ਲ ਦਾ ਸ਼ੇਅਰ ਸੁਣ ਸਕਣ:

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਨਹੀ,
ਉਹ ਜਦੋਂ ਦੇਸ਼ ਪਰਤਣਗੇ ਆਪਣੀ ਕਦੀ,
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ,
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

ਸਭ ਤੋਂ ਸੋਹਣੇ ਗੀਤ ਔਰਤਾਂ ਨੇ ਸਿਰਜੇ ਨੇ। ਸਹੁਰੇ ਘਰ ਜਾ ਕੇ ਉਹ ਪੇਕਿਆਂ ਨੂੰ ਯਾਦ ਕਰਦੀਆਂ। ਔਰਤ ਕਿੰਨੀ ਵੀ ਸੌਖੀ ਹੋਵੇ ਸਹੁਰੇ ਘਰ। ਵੱਡ ਪਰਿਵਾਰੀ ਹੋਵੇ, ਹੁਕਮ ਹਾਸਲ ਚਲਦਾ ਹੋਵੇ ਪਰ ਕਿਸੇ ਵੀ ਉਮਰ 'ਚ, ਕਿਸੇ ਵੀ ਮੁਕਾਮ 'ਤੇ ਉਹ ਪਿੱਛੇ ਨੂੰ ਨਹੀਂ ਭੁਲਾ ਸਕਦੀ। ਕਦੇ ਕਾਵਾਂ ਹੱਥ ਸੁਨੇਹੇ ਭੇਜਦੀ ਹੈ। ਕਦੇ ਉਧਰੋਂ ਆਉਂਦੇ ਬੱਦਲਾਂ ਨਾਲ ਗੱਲਾਂ ਕਰਦੀ ਹੈ, ਕਦੇ ਕੂੰਜਾਂ ਨੂੰ ਆਪਣੇ ਪਿੰਡ ਦਾ ਹਾਲ ਪੁਛਦੀ ਹੈ:

ਬਾਬਲਾ ਚਿੱਟੀਆਂ ਚਿੱਟੀਆਂ ਕੂੰਜਾਂ,
ਤੇਰੇ ਦੇਸ਼ ਤੋਂ ਉਡਦੀਆਂ ਆਈਆਂ।
ਮੈਂ ਪਰਦੇਸਣ ਦੂਰ ਵਿਆਹੀ,
ਮੈਨੂੰ ਕੂੰਜ ਵਿਛੋੜਾ ਪਾਇਆ।

ਮੋਇਆਂ ਦਾ ਵਿਗੋਚਾ ਕਾਲਜੇ ਧੂਹ ਪਾਉਂਦਾ ਹੈ। ਜਿਨ੍ਹਾਂ ਨਾਰਾਂ ਦੇ ਕੰਤ ਕਿਸੇ ਲਾਮ 'ਤੇ ਗਏ ਮੁੜੇ ਨਹੀਂ। ਜਿਨ੍ਹਾਂ ਮਾਵਾਂ ਦੇ ਪੁੱਤ ਘਰੋਂ ਖੱਟਣ ਕਮਾਉਣ ਗਏ ਪ੍ਰਦੇਸਾਂ 'ਚ ਹੀ ਰੁਲ ਵੱਸ ਗਏ, ਜਿਨ੍ਹਾਂ ਭੈਣਾਂ ਦੇ ਵੀਰ ਭਰ-ਜਵਾਨੀ 'ਚ ਜਹਾਨੋਂ ਚਲੇ ਗਏ; ਉਹ ਸਾਰੀ ਉਮਰ ਅੱਕੀਂ ਪਲਾਹੀਂ ਹੱਥ ਮਾਰਦੀਆਂ ਰਹਿੰਦੀਆਂ ਹਨ। ਮਨ ਅੰਦਰ ਅਜਿਹੀ ਸੁੰਨ ਪਸਰ ਜਾਂਦੀ ਹੈ ਕਿ ਉਹ ਜੀਣ ਥੀਣ ਵੱਲੋਂ ਅਵੇਸਲੀਆਂ ਹੋ ਜਾਂਦੀਆਂ। ਕਦੀ ਤਾਂ ਹਯਾਤੀ ਵੱਲੋਂ ਬੇਮੁਖ ਹੋ ਜਾਂਦੀਆਂ ਹਨ। ਸਭ ਕੁਝ ਹੁੰਦਿਆਂ ਸੁੰਦਿਆਂ ਵੀ ਸਮਝ ਨਹੀਂ ਆਉਂਦੀ ਕਿ ਇਹ ਕਾਹਦਾ ਸੱਖਣਪਨ ਹੈ, ਕਿਹੜੇ ਜਨਮਾਂ ਦੀ ਹੋਈ ਬੀਤੀ ਹੈ ਕਿ ਕੁਝ ਵੀ ਪੋਂਹਦਾ ਨਹੀਂ, ਕੁਝ ਵੀ ਮੋਂਹਦਾ ਨਹੀਂ। ਕਿਤੇ ਮਨ ਨਹੀਂ ਟਿਕਦਾ। ਕਦੇ ਵਜੂਦ ਬਾਹਰਲੇ ਬੂਹੇ 'ਚ ਜਾ ਖਲੋਂਦਾ। ਕਦੇ ਪੌੜੀਆਂ 'ਚ ਬਹਿ ਕੇ ਡੱਕੇ ਤੋੜਦਾ। ਕੋਈ ਔਸੀਆਂ ਪਾਉਣ ਲੱਗ ਜਾਂਦੀ ਹੈ। ਕੋਈ ਛੱਤ ਦੀਆਂ ਕੜੀਆਂ ਗਿਣਦਾ ਹੈ। ਖੌਰਿਆ ਐਸੀ ਹੀ ਕਿਸੇ ਅਵਸਥਾ ਲਈ ਗੁਰੂ ਨਾਨਕ ਦੇਵ ਜੀ ਨੇ ਉਚਾਰਿਆ : 'ਮਨ ਪਰਦੇਸੀ ਜੇ ਥੀਐ ਸਭ ਦੇਸੁ ਪਰਾਇਆ।'' ਗੁਰਬਾਣੀ ਵਿਚ ਉਦਰੇਵੇਂ ਨੂੰ ਬਿਆਨਦੇ ਹੋਰ ਵੀ ਬਹੁਤ ਖ਼ੂਬਸੂਰਤ ਹਵਾਲੇ ਮਿਲਦੇ ਹਨ। ਮੀਰਾ ਦੇ ਭਗਤੀ ਕਾਵਿ ਦਾ ਜ਼ਿਕਰ ਕੁਥਾਂ ਨਹੀਂ ਹੋਵੇਗਾ।

ਇਹ ਤਾਂ ਜਿਉਂਦੇ ਜੀਆਂ ਦੀਆਂ ਗੱਲਾਂ ਨੇ। ਪਸ਼ੂ-ਪੰਛੀ ਵੀ ਓਦਰ ਜਾਂਦੇ ਹਨ। ਕੁੱਤਾ ਮਾਲਕ ਦੇ ਘਰੋਂ ਜਾਣ ਪਿਛੋਂ ਅੰਨ ਜਲ ਤਿਆਗ ਦਿੰਦਾ ਹੈ। ਕਈ ਵਾਰੀ ਇਹ ਹਠ ਜਾਨ ਲੇਵਾ ਵੀ ਸਿੱਧ ਹੁੰਦਾ ਹੈ। ਬਲਦ ਗਾਵਾਂ ਘਾਹ ਨੂੰ ਮੂੰਹ ਨਹੀਂ ਲਾਉਂਦੇ। ਬਿਗਾਨੇ ਕਿੱਲੇ 'ਤੇ ਜਾ ਕੇ ਮੱਝਾਂ ਖੁਰਲੀ ਵੱਲ ਝਾਕਦੀਆਂ ਹੀ ਨਹੀਂ। ਕਈ ਦਿਨ ਕੁੱਤੇ ਜਾਂ ਬਿੱਲੀ ਨੂੰ ਟਰੱਕ, ਕਾਰ ਵਿਚ ਕਿਤੇ ਦੂਰ ਦੁਰੇਡੇ ਛੱਡ ਆਉ, ਉਹ ਅਗਲੇ ਦਿਨ ਵਾਪਸ ਆ ਜਾਣਗੇ। ਬਸ਼ਰਤੇ ਉਨ੍ਹਾਂ ਦੀਆਂ ਅੱਖਾਂ ਨਾ ਬੰਨ੍ਹੀਆਂ ਹੋਣ। ਰਾਹ ਵਿਚ ਉਹ ਬਿਗਾਨਿਆਂ ਪਿੰਡਾਂ 'ਚੋਂ ਦੂਜੇ ਹਮਲਾਵਰ ਕੁੱਤਿਆਂ ਤੋਂ ਕਿਵੇਂ ਬਚਦੇ-ਬਚਾਉਂਦੇ ਆਉਂਦੇ ਨੇ, ਜ਼ਖ਼ਮੀ ਹੋਏ ਪਿੰਡਿਆਂ ਤੋਂ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ। ਕੂੰਜਾਂ ਬਾਰੇ ਕਈ ਮਿੱਥਾਂ ਪ੍ਰਚੱਲਤ ਹਨ। ਡਾਰ ਨਾਲੋਂ ਵਿਛੜੀ ਕੂੰਜ ਬੁਰੀ ਤਰ੍ਹਾਂ ਕੁਰਲਾਉਂਦੀ ਹੈ। ਕੁਰਲਾਉਂਦੀ ਕੂੰਜ ਦੀ ਆਵਾਜ਼ ਸੁਣ ਕਈ ਜਿਉੜੇ ਕਵਿਤਾ ਲਿਖਣ ਲੱਗ ਜਾਂਦੇ ਨੇ। ਨਿੱਕਾ ਬੱਚਾ ਨਾਨਕੇ ਗਿਆ ਓਦਰ ਜਾਵੇ ਤਾਂ ਵਰਚਾਉਣਾ ਔਖਾ ਹੋ ਜਾਂਦਾ ਹੈ। ਉਹ ਐਵੇਂ ਰਜਾਈਆਂ ਦੇ ਢੇਰ 'ਚ ਲੁੱਕ ਕੇ ਰੋਣ ਲੱਗ ਜਾਊ, ਫੇਰ ਸਾਰੇ ਕਹਿਣ ਲੱਗ ਜਾਂਦੇ, ਨਿਆਣਾ ਓਦਰ ਗਿਆ। ਅਖੀਰ 'ਚ ਉਨ੍ਹਾਂ ਲੋਕਾਂ ਲਈ ਇਕ ਸ਼ੇਅਰ ਜਿਨ੍ਹਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਕਾਹਤੋਂ ਉਦਾਸ ਹਨ:

ਕੁਝ ਕੋ ਪਾ ਕਰ ਭੀ ਕਿਸ ਸ਼ੈਅ ਕੀ
ਕਮੀ ਹੈ ਅਬ ਤਕ।

**Vehicle Unlock Specialist**
**Boost Your Car Call 24/7**

**Gurpreet Sohal**
**Tel: 780.935.2990**
gssohal72@yahoo.co.in

If your car is locked or need a boost
please call **780.935.2990**





ਗਗਨਦੀਪ ਸ਼ਰਮਾ
+91-99152-33734

ਪੰਜਾਬੀ ਗ਼ਜ਼ਲਕਾਰੀ ਵਿਚ ਗਗਨਦੀਪ ਸ਼ਰਮਾ ਬਿਲਕੁਲ ਨਵਾਂ ਨਾਂ ਹੈ, ਪਰ ਉਹਦੀ ਗ਼ਜ਼ਲ ਇਹ ਦੱਸਦੀ ਹੈ ਕਿ ਉਹਦੇ ਰਸਤੇ ਬਿਲਕੁਲ ਵੱਖਰੇ ਅਤੇ ਨਿਵੇਕਲੇ ਹਨ। ਪੰਜਾਬੀ ਸਾਹਿਤ ਦਾ ਮੱਕਾ ਕਹੇ ਜਾਣ ਵਾਲੇ ਪਿੰਡ ਰਾਮਪੁਰ ਦਾ ਜੰਮਪਲ ਗਗਨਦੀਪ ਕਿੱਤੇ ਵਜੋਂ ਕਾਲਜ ਲੈਕਚਰਾਰ ਹੈ ਤੇ ਸੁਭਾਅ ਵਜੋਂ ਸ਼ਾਇਰ। ਪੰਜਾਬੀ ਸ਼ਾਇਰੀ ਦੇ ਮੌਜੂਦਾ ਅਕਵਿਤਾ ਦੇ ਦੌਰ ਵਿਚ ਉਹ ਆਪਣੀ ਗ਼ਜ਼ਲ ਨਾਲ 'ਬਾਰੀਂਕੋਹੀਂ ਦੀਵਾ' ਬਾਲਣ ਦਾ ਤੱਹੀਆ ਕਰਕੇ ਇਸ ਖੇਤਰ ਵਿਚ ਸਰਗਰਮ ਹੋਇਆ ਲਗਦਾ ਹੈ। ਉਹਦੀ ਗ਼ਜ਼ਲ ਬੜੀ ਸਾਦੀ, ਸਰਲ ਅਤੇ ਸੁਚੱਜਾ ਸੁਨੇਹਾ ਦੇਣ ਵਾਲੀ ਹੈ। ਕਿਸੇ ਵੀ ਚੰਗੀ ਸਾਹਿਤਕ ਕਿਰਤ ਦਾ ਇਹ ਹੀ ਬੁਨਿਆਦੀ ਗੁਣ ਹੁੰਦਾ ਹੈ। ਅਦਾਰਾ 'ਨਵੀਂ ਦੁਨੀਆ' ਇਸ ਨਿਵੇਕਲੇ ਸ਼ਾਇਰ ਦੀਆਂ 7 ਗ਼ਜ਼ਲਾਂ ਛਾਪਣ ਦਾ ਮਾਣ ਹਾਸਲ ਕਰ ਰਿਹਾ ਹੈ।



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

ਅਜੇ ਨਾ ਸ਼ਾਂਤ ਕਰ ਮੈਨੂੰ ਅਜੇ ਮੈਂ ਭਟਕਣਾ ਚਾਹੁੰਨਾ।
ਜੜ੍ਹਾਂ ਨੂੰ ਖੋਜਣਾ ਚਾਹੁੰਨਾ, ਮੈਂ ਖ਼ੁਦ ਨੂੰ ਸਮਝਣਾ ਚਾਹੁੰਨਾ।

ਬੜੀ ਜਲਦੀ ਰਹੀ ਮਨ ਵਿਚ ਕਦੋਂ ਹੋਵੇਗੀ ਸਰ ਮੰਜ਼ਿਲ,
ਮੈਂ ਹੁਣ ਮੰਜ਼ਿਲ 'ਤੇ ਪੁੱਜ ਕੇ ਮੁੜ ਥਲਾਂ ਵਿਚ ਉਲਝਣਾ ਚਾਹੁੰਨਾ।

ਜੋ ਡਿਗਦਾ ਵੇਖਿਆ ਬੱਚੇ ਦੀ ਅੱਖ 'ਚੋਂ ਨੀਰ ਦਾ ਤੁਪਕਾ,
ਮੈਂ ਉਸ ਦੀ ਸਾਂਭ ਖ਼ਾਤਿਰ ਜ਼ਿੰਦਗੀ ਨੂੰ ਵਰਤਣਾ ਚਾਹੁੰਨਾ।

ਫ਼ਕੀਰਾ! ਦੇ ਜ਼ਰਾ ਵਿਸਤਾਰ ਹੁਣ ਤੂੰ ਹੋਂਦ ਨੂੰ ਮੇਰੀ,
ਮੈਂ ਅਪਣੀ ਉਮਰ ਦੀ ਸਾਰੀ ਕਮਾਈ ਖਰਚਣਾ ਚਾਹੁੰਨਾ।

ਬੜਾ ਮਸ਼ਹੂਰ ਹੈ ਸੁਣਿਐ ਸਿਤਮ ਉਸਦਾ ਮਗਰ ਫ਼ਿਰ ਵੀ,
ਮੈਂ ਉਸਦਾ ਹੋ ਕੇ ਅਪਣੇ ਹੌਸਲੇ ਨੂੰ ਪਰਖਣਾ ਚਾਹੁੰਨਾ।

ਤੇ ਫਿਰ ਅਰਜੁਨ ਨੇ ਛੱਡਿਆ ਤੀਰ ਅੱਖ ਮੱਛੀ ਦੀ ਵਿੰਨ੍ਹ ਦਿੱਤੀ,
ਕਹਾਣੀ ਤੁਰ ਰਹੀ ਹੈ ਪਰ ਮੈਂ ਉਥੇ ਅਟਕਣਾ ਚਾਹੁੰਨਾ।

------------

ਰਿਹਾ ਹੈ ਸਿਰ ਮੇਰੇ ਉੱਤੇ ਸਦਾ ਅਹਿਸਾਨ ਮਿੱਟੀ ਦਾ।
ਇਹੀ ਹੈ ਸਾਂਭਦੀ ਮੈਨੂੰ, ਮੈਂ ਹਾਂ ਇਨਸਾਨ ਮਿੱਟੀ ਦਾ।

ਮੈਂ ਉਡਿਆ, ਡਿੱਗਿਆ, ਫਿਰ ਉੱਠਿਆ, ਤੁਰਿਆ ਤੇ ਫਿਰ ਭਜਿਆ,
ਰਿਹਾ ਪੈਰਾਂ ਤਲੇ ਹਰਦਮ ਮਿਰੇ ਅਸਮਾਨ ਮਿੱਟੀ ਦਾ।

ਕੋਈ ਤਾਂ ਆਪਣਾ ਹੋਵੇਗਾ ਮੇਰਾ ਇਸ ਜਹਾਂ ਅੰਦਰ,
ਇਸੇ ਹੀ ਭਾਲ ਵਿਚ ਗਾਹਿਆ ਮੈਂ ਹਰ ਅਸਥਾਨ ਮਿੱਟੀ ਦਾ।

ਇਹ ਮਿੱਟੀ 'ਚੋਂ ਹੀ ਉੱਠੇ ਨੇ ਤੇ ਮਿੱਟੀ ਹੀ ਨੇ ਹੋ ਜਾਣੇ,
ਕੋਈ ਇਨਸਾਨ ਮਿੱਟੀ ਦਾ, ਕੋਈ ਭਗਵਾਨ ਮਿੱਟੀ ਦਾ।

ਉਸੇ ਨੇ ਥਾਹ ਹੈ ਪਾਈ ਆਪਣੇ ਅੰਦਰਲੀ ਮਿੱਟੀ ਦੀ,
ਜੋ ਆਪਣਾ ਛੱਡ ਕੇ ਦਰ ਹੋ ਗਿਆ ਮਹਿਮਾਨ ਮਿੱਟੀ ਦਾ।

ਤੂੰ ਜੇਕਰ ਏਸ 'ਤੇ ਹੀ ਤੁਰਨ ਤੋਂ ਡਰ ਘਰ ਰਿਹਾ ਬੈਠਾ,
ਕਿਵੇਂ ਪੂਰਾ ਕਰੇਂਗਾ ਫੇਰ ਤੂੰ ਅਰਮਾਨ ਮਿੱਟੀ ਦਾ।

ਇਹ ਮਿੱਟੀ ਰਾਮ ਦੀ, ਅੱਲਾ ਦੀ, ਨਾਨਕ ਦੀ ਤੇ ਈਸਾ ਦੀ,
ਹੁਣ ਇਸ ਨੂੰ ਵੰਡ ਕੇ ਕਿਉਂ ਕਰ ਰਹੇ ਅਪਮਾਨ ਮਿੱਟੀ ਦਾ।

ਕਿਸੇ ਮਰਨੇ ਦੇ ਡਰ ਤੋਂ ਰੋਜ਼ ਹੀ ਜੀਂਦੇ ਨੇ ਮਰ-ਮਰ ਕੇ,
ਜਿਹਨਾਂ ਨੂੰ ਭੁੱਲ ਜਾਂਦਾ ਦੋਸਤੋ ਸ਼ਮਸ਼ਾਨ ਮਿੱਟੀ ਦਾ।

------------

ਇਸ਼ਾਰਾ ਇੱਕ ਤੇਰਾ ਇਸ਼ਕ ਜਿਸਨੂੰ ਕਰ ਗਿਆ ਹੋਣੈ।
ਉਹ ਬੰਦਾ ਅੱਗ ਦਾ ਦਰਿਆ ਵੀ ਹਸ ਕੇ ਤਰ ਗਿਆ ਹੋਣੈ।

ਹਨੇਰਾ ਮਿਟ ਰਿਹੈ ਇਕ ਲੀਕ ਚਾਨਣ ਦੀ ਉਦੈ ਹੋਈ,
ਦਸਤਖ਼ਤ ਨ੍ਹੇਰਿਆਂ 'ਤੇ ਕੋਈ ਸੂਰਜ ਕਰ ਗਿਆ ਹੋਣੈ।

ਨਾ ਕੋਈ ਰਾਮ ਆਇਆ ਮੁੜ ਕੇ ਨਾ ਨਾਨਕ ਤੇ ਨਾ ਈਸਾ,
ਘੜਾ ਪਾਪਾਂ ਦਾ ਹੁਣ ਤੱਕ ਲੱਖ ਵਾਰੀ ਭਰ ਗਿਆ ਹੋਣੈ।

ਇਹ ਹਰ ਯੁਗ ਵਿਚ ਹੁੰਦੈ, ਇਕ ਵਾਰੀ ਦਾ ਨਹੀਂ ਕਿੱਸਾ,
ਯੁਧਿਸ਼ਟਰ ਫੇਰ ਤੀਵੀਂ ਨੂੰ ਜੂਏ ਵਿਚ ਹਰ ਗਿਆ ਹੋਣੈ।

ਹਰਿਕ ਸਾਹ ਨਾਲ ਸਿਰਨਾਵਾਂ ਸੀ ਪੁੱਛਦਾ ਆਪਣੇ ਘਰ ਦਾ,
ਜੋ ਬੇਘਰ ਸੀ ਉਹ ਖ਼ੌਰੇ ਅੰਤ ਕਿਹੜੇ ਘਰ ਗਿਆ ਹੋਣੈ।

ਬੰਦੇ ਦੇ ਖ਼ੂਨ ਦੀ ਜਿਸਨੇ ਕੁੜੱਤਣ ਪੀ ਲਈ ਹੋਣੀ,
ਉਹ ਪੰਛੀ ਮਰਦੇ-ਮਰਦੇ, ਮਰਦੇ-ਮਰਦੇ, ਮਰ ਗਿਆ ਹੋਣੈ।

ਉਹ ਦੁੱਖ ਜਿਸ ਤੋਂ ਕਿ ਸਾਰਾ ਜੱਗ ਡਰਦਾ ਹੈ ਤੇ ਕੰਬਦਾ ਹੈ,
ਉਹ ਦੂਰੋਂ ਦੇਖ ਕੇ ਹੀ ਮੇਰੀ ਹਾਲਤ ਡਰ ਗਿਆ ਹੋਣੈ।

ਉਹ ਤੇਰੇ ਜਾਣ ਪਿੱਛੋਂ ਔਸੀਆਂ ਜੋਗੀ ਹੀ ਰਹਿ ਗਈ ਸੀ,
ਤਿਰਾ ਖ਼ਤ ਲਾ ਕਲੇਜੇ ਮਾਂ ਦਾ ਸੀਨਾ ਠਰ ਗਿਆ ਹੋਣੈ।

------------

ਇਸ਼ਾਰਾ ਇੱਕ ਤੇਰਾ ਇਸ਼ਕ ਜਿਸਨੂੰ ਕਰ ਗਿਆ ਹੋਣੈ।
ਉਹ ਬੰਦਾ ਅੱਗ ਦਾ ਦਰਿਆ ਵੀ ਹਸ ਕੇ ਤਰ ਗਿਆ ਹੋਣੈ।

ਹਨੇਰਾ ਮਿਟ ਰਿਹੈ ਇਕ ਲੀਕ ਚਾਨਣ ਦੀ ਉਦੈ ਹੋਈ,
ਦਸਤਖ਼ਤ ਨ੍ਹੇਰਿਆਂ 'ਤੇ ਕੋਈ ਸੂਰਜ ਕਰ ਗਿਆ ਹੋਣੈ।

ਨਾ ਕੋਈ ਰਾਮ ਆਇਆ ਮੁੜ ਕੇ ਨਾ ਨਾਨਕ ਤੇ ਨਾ ਈਸਾ,
ਘੜਾ ਪਾਪਾਂ ਦਾ ਹੁਣ ਤੱਕ ਲੱਖ ਵਾਰੀ ਭਰ ਗਿਆ ਹੋਣੈ।

ਇਹ ਹਰ ਯੁਗ ਵਿਚ ਹੁੰਦੈ, ਇਕ ਵਾਰੀ ਦਾ ਨਹੀਂ ਕਿੱਸਾ,
ਯੁਧਿਸ਼ਟਰ ਫੇਰ ਤੀਵੀਂ ਨੂੰ ਜੂਏ ਵਿਚ ਹਰ ਗਿਆ ਹੋਣੈ।

ਹਰਿਕ ਸਾਹ ਨਾਲ ਸਿਰਨਾਵਾਂ ਸੀ ਪੁੱਛਦਾ ਆਪਣੇ ਘਰ ਦਾ,
ਜੋ ਬੇਘਰ ਸੀ ਉਹ ਖ਼ੌਰੇ ਅੰਤ ਕਿਹੜੇ ਘਰ ਗਿਆ ਹੋਣੈ।

ਬੰਦੇ ਦੇ ਖ਼ੂਨ ਦੀ ਜਿਸਨੇ ਕੁੜੱਤਣ ਪੀ ਲਈ ਹੋਣੀ,
ਉਹ ਪੰਛੀ ਮਰਦੇ-ਮਰਦੇ, ਮਰਦੇ-ਮਰਦੇ, ਮਰ ਗਿਆ ਹੋਣੈ।

ਉਹ ਦੁੱਖ ਜਿਸ ਤੋਂ ਕਿ ਸਾਰਾ ਜੱਗ ਡਰਦਾ ਹੈ ਤੇ ਕੰਬਦਾ ਹੈ,
ਉਹ ਦੂਰੋਂ ਦੇਖ ਕੇ ਹੀ ਮੇਰੀ ਹਾਲਤ ਡਰ ਗਿਆ ਹੋਣੈ।

ਉਹ ਤੇਰੇ ਜਾਣ ਪਿੱਛੋਂ ਔਸੀਆਂ ਜੋਗੀ ਹੀ ਰਹਿ ਗਈ ਸੀ,
ਤਿਰਾ ਖ਼ਤ ਲਾ ਕਲੇਜੇ ਮਾਂ ਦਾ ਸੀਨਾ ਠਰ ਗਿਆ ਹੋਣੈ।

ਇਹ ਦੁਨੀਆ ਹੈ ਤੇ ਇਥੇ ਆਉਣਾ ਜਾਣਾ ਚਲਦਾ ਰਹਿੰਦਾ ਹੈ,
ਜਿਵੇਂ ਸਰਦਾ ਹੈ ਸਭ ਦੇ ਬਿਨ, ਮਿਰੇ ਬਿਨ ਸਰ ਗਿਆ ਹੋਣੈ।

------------

ਬਰਸ ਜਾਂਦੀ ਹੈ ਫ਼ਿਰ ਇਕ ਵਾਰ ਜਾਂਦੀ ਵਾਰ ਦੀ ਬਾਰਿਸ਼।
ਕਿਸੇ ਨੂੰ ਜ਼ਿੰਦਗੀ ਦਿੰਦੀ ਕਿਸੇ ਨੂੰ ਮਾਰਦੀ ਬਾਰਿਸ਼।

ਜਦੋਂ ਮਨ ਭਰ ਕੇ ਵਗਦਾ ਹੈ ਤਾਂ ਮੈਂ ਖ਼ੁਦ ਪੀੜ ਬਣ ਜਾਨਾਂ,
ਜਦੋਂ ਮਸਤੀ 'ਚ ਵਗਦੈ ਮਨ ਤਾਂ ਸੀਨਾ ਠਾਰਦੀ ਬਾਰਿਸ਼।

ਮਿਰੇ ਅੰਦਰ ਸਰੋਤਾਂ ਨੇ ਕੀ ਸੁੱਕਣਾ ਹੈ ਉਦੋਂ ਤੀਕਰ,
ਜਦੋਂ ਤੱਕ ਮਨ 'ਚ ਹੁੰਦੀ ਪਿਆਰ ਤੇ ਤਕਰਾਰ ਦੀ ਬਾਰਿਸ਼।

ਅਜੇ ਦਿਲ ਰੱਖ ਤੂੰ, ਹੈ ਆਸ ਮਿਲਣੇ ਦੀ ਅਜੇ ਬਾਕੀ,
ਔਹ ਦਿਸਦੀ ਹੈ ਅਜੇ ਸਰਹੱਦ ਦੇ ਪਰਲੇ ਪਾਰ ਦੀ ਬਾਰਿਸ਼।

ਅਸਾਡੇ ਕੋਲ ਨਾ ਨਹਿਰਾਂ ਤੇ ਨਾ ਬਿਜਲੀ ਦਾ ਹੈ ਸਾਧਨ,
ਅਸੀਂ ਤਾਂ ਰੁਲ ਹੀ ਜਾਂਦੇ ਜੇ ਨਾ ਬੁੱਤਾ ਸਾਰਦੀ ਬਾਰਿਸ਼।

------------

ਬਲਾ ਦੀ ਇਸ਼ਕ ਸ਼ੈਅ ਹੈ ਇਹ ਹਸਾਉਂਦਾ ਵੀ, ਰਵਾਉਂਦਾ ਵੀ।
ਬੜਾ ਮਾਸੂਮ ਕਾਤਿਲ ਹੈ ਰੁਸਾਉਂਦਾ ਵੀ, ਮਨਾਉਂਦਾ ਵੀ।

ਕਦੇ ਨੀਵਾਂ, ਕਦੇ ਉੱਚਾ, ਕਦੇ ਉੱਚਾ, ਕਦੇ ਨੀਵਾਂ,
ਇਹ ਕੈਸਾ ਸ਼ਖ਼ਸ ਹੈ ਜੋ ਨਾਂ ਕਮਾਉਂਦਾ ਵੀ, ਗੰਵਾਉਂਦਾ ਵੀ।

ਮੈਂ ਅਪਣਾ ਰੱਬ ਆਪਣੇ ਅੰਦਰੋਂ ਲਭ ਕੇ ਹੀ ਜਿੱਤਾਂਗਾ,
ਇਹ ਤੇਰਾ ਰੱਬ ਕਾਹਦਾ ਰਬ, ਜਿਤਾਉਂਦਾ ਵੀ, ਜਤਾਉਂਦਾ ਵੀ।

ਖ਼ੁਦਾਈ ਵਖਰੀ ਹੈ ਸਾਡੀ, ਅਸੀਂ ਆਸ਼ਿਕ ਖ਼ਿਆਲਾਂ ਦੇ,
ਅਸਾਡਾ ਇਸ਼ਟ ਹੀ ਸਾਨੂੰ ਸਿਖਾਉਂਦਾ ਵੀ, ਭੁਲਾਉਂਦਾ ਵੀ।

ਗੁਰੂ ਦੀ ਦਾਤ ਵੀ ਸਾਂਭੇ ਤੇ ਉਸਦੀ ਬਾਤ ਵੀ ਸਮਝੇ,
ਕੋਈ ਟਾਵਾਂ ਹੀ ਬੰਦਾ ਸਿਰ ਨਿਵਾਉਂਦਾ ਵੀ, ਕਟਾਉਂਦਾ ਵੀ।

ਜੁ ਸੁੱਚਾ ਇਸ਼ਕ ਕਰਦੈ ਹੋਂਦ ਆਪਣੀ ਨੂੰ ਉਹ ਭੁਲ ਜਾਂਦੈ,
ਉਹ ਵੰਝਲੀ ਵੀ ਵਜਾਂਦੈ ਇਸ਼ਕ ਵਿਚ, ਮੱਝਾਂ ਚਰਾਉਂਦਾ ਵੀ।

------------

ਰਿਹਾ ਹੈ ਸਿਰ ਮੇਰੇ ਉੱਤੇ ਸਦਾ ਅਹਿਸਾਨ ਮਿੱਟੀ ਦਾ।
ਇਹੀ ਹੈ ਸਾਂਭਦੀ ਮੈਨੂੰ, ਮੈਂ ਹਾਂ ਇਨਸਾਨ ਮਿੱਟੀ ਦਾ।

ਮੈਂ ਉਡਿਆ, ਡਿੱਗਿਆ, ਫਿਰ ਉੱਠਿਆ, ਤੁਰਿਆ ਤੇ ਫਿਰ ਭਜਿਆ,
ਰਿਹਾ ਪੈਰਾਂ ਤਲੇ ਹਰਦਮ ਮਿਰੇ ਅਸਮਾਨ ਮਿੱਟੀ ਦਾ।

ਕੋਈ ਤਾਂ ਆਪਣਾ ਹੋਵੇਗਾ ਮੇਰਾ ਇਸ ਜਹਾਂ ਅੰਦਰ,
ਇਸੇ ਹੀ ਭਾਲ ਵਿਚ ਗਾਹਿਆ ਮੈਂ ਹਰ ਅਸਥਾਨ ਮਿੱਟੀ ਦਾ।

ਇਹ ਮਿੱਟੀ 'ਚੋਂ ਹੀ ਉੱਠੇ ਨੇ ਤੇ ਮਿੱਟੀ ਹੀ ਨੇ ਹੋ ਜਾਣੇ,
ਕੋਈ ਇਨਸਾਨ ਮਿੱਟੀ ਦਾ, ਕੋਈ ਭਗਵਾਨ ਮਿੱਟੀ ਦਾ।

ਉਸੇ ਨੇ ਥਾਹ ਹੈ ਪਾਈ ਆਪਣੇ ਅੰਦਰਲੀ ਮਿੱਟੀ ਦੀ,
ਜੋ ਆਪਣਾ ਛੱਡ ਕੇ ਦਰ ਹੋ ਗਿਆ ਮਹਿਮਾਨ ਮਿੱਟੀ ਦਾ।

ਤੂੰ ਜੇਕਰ ਏਸ 'ਤੇ ਹੀ ਤੁਰਨ ਤੋਂ ਡਰ ਘਰ ਰਿਹਾ ਬੈਠਾ,
ਕਿਵੇਂ ਪੂਰਾ ਕਰੇਂਗਾ ਫੇਰ ਤੂੰ ਅਰਮਾਨ ਮਿੱਟੀ ਦਾ।

ਇਹ ਮਿੱਟੀ ਰਾਮ ਦੀ, ਅੱਲਾ ਦੀ, ਨਾਨਕ ਦੀ ਤੇ ਈਸਾ ਦੀ,
ਹੁਣ ਇਸ ਨੂੰ ਵੰਡ ਕੇ ਕਿਉਂ ਕਰ ਰਹੇ ਅਪਮਾਨ ਮਿੱਟੀ ਦਾ।

ਕਿਸੇ ਮਰਨੇ ਦੇ ਡਰ ਤੋਂ ਰੋਜ਼ ਹੀ ਜੀਂਦੇ ਨੇ ਮਰ-ਮਰ ਕੇ,
ਜਿਹਨਾਂ ਨੂੰ ਭੁੱਲ ਜਾਂਦਾ ਦੋਸਤੋ ਸ਼ਮਸ਼ਾਨ ਮਿੱਟੀ ਦਾ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com
Phone:780 463 2886

WE CARE YOUR CAR BETTER

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)

Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

BeLL

STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੋਫਟ, ਫੇਸ਼ਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ **Life Insurance**
- ✦ **Mortgage Insurance**
- ✦ **Disability Insurance**
- ✦ **Critical Illness Insurance**
- ✦ **Longterm Care Insurance**
- ✦ **Travel Insurance**
- ✦ **Health Plans**



**Jasvir Deol**

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)* By Appointments Only
Dr. B.S. Jassar (M.D. , Ph.D, CCFP)* Cell: 780 918 0516
Dr. S. Bananda (M.D.)
Dr. Farhat Siddiqui (M.D.)
ਤੁਹਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport
Photos
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail.com


Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


Fancy DOORS & MOULDINGS LTD.
JELD-WEN Alexandria Masonite
SPRING SALE!
START THE SEASON WITH SAVINGS!
Interior Doors
Cheyenne Smooth, H/C, Pre-Hung 18" x 36" MDF Jamb, 3 Hinges ONLY $49.99
Bostonian 6-Panel, Pre-Hung 18" to 36" MDF Jamb, 3 Hinges ONLY $55.99
Exterior Doors
Fibreglass "Parliament" Pre-Hung (32" or 36" x 80") with 4.5" Jamb ONLY $299.99
6-Panel Steel Door with Brick Moulding Pre-Hung (32" or 36") with 4.5" Jamb ONLY $149.99
A 3-Panel Mission Shaker, Fir
B 3-Panel Equal Shaker, MDF
C 5-Panel Shaker, MDF
French Doors
Single or Double "Paris" Doors
Circle Ring
Square Ring with Band
Pantry Slab
ONLY $99.00
Exterior Wood Doors
Prefinished 32" x 32" x 96"
THESE THREE DOORS ONLY $4500.00 EACH
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer Expires May 31, 2012
SAVE ON DOOR KNOBS AND HANDLES!
Taymor
Tofino Knob ONLY $12.99
Superior Door Lock and Handle Set ONLY $49.99
2 Piece Deadbolt ONLY $24.99
Villa Passage Knob ONLY $13.99
MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™ ONLY $1.99 /linear foot
#8039 Casing ¾" x 3½" MDF Primed ONLY $0.59 /linear foot
#8237 Baseboard ⅝" x 5½" MDF Primed ONLY $0.69 /linear foot
#8081 Casing ⅝" x 3¼" MDF Primed ONLY $0.59 /linear foot
#8281 Baseboard ½" x 6" MDF Primed ONLY $0.69 /linear foot
ALEXANDRIA Moulding
MOULDING SPECIALS!
#5010 1⅜" x 4⁵⁄₁₆" MDF Primed ONLY $1.29 /linear foot
#412 ⅝" x 4¼" MDF Primed ONLY $0.55 /linear foot
#411 ¹¹⁄₁₆" x 3" MDF Primed ONLY $0.45 /linear foot
#3140 ⅜" x 3¼" MDF Primed ONLY $0.29 /linear foot
#356 2¼" x ⅜" MDF Primed ONLY $0.19 /linear foot
SAVE ON BATHROOM FIXTURES!
Infinity 4 Piece Bath Set: ONLY $29.99
Robe Hook
Towel Bar
Paper Holder
Towel Ring
Sunglow 4 Piece Bath Set ONLY $24.99

## ਫ਼ੋਟੋ ਗੈਲਰੀ



ਇੰਡੀਆ ਕੌਂਸਲ ਐਡਮਿੰਟਨ ਵੱਲੋਂ ਮਨਾਏ ਗਏ ਅਜਾਦੀ ਦਿਹਾੜੇ ਮੌਕੇ ਝੰਡਾ ਲਹਿਰਾਉਂਦੇ ਹੋਏ ਵਿਧਾਇਕ ਨਰੇਸ਼ ਭਾਰਦਵਾਜ। ਨਾਲ ਖੜੇ ਹਨ ਵਿਧਾਇਕ ਪੀਟਰ ਸੰਧੂ, ਐਨ ਡੀ ਪੀ ਵਿਧਾਇਕ ਰੈਚਲ ਨੌਟਲੀ, ਸੁਸਾਇਟੀ ਮੈਂਬਰ ਦਲਬੀਰ ਸਾਂਗਿਆਂਣ ਅਤੇ ਹੋਰ।



ਯੂਨੀਵਰਸਿਟੀ ਆਫ਼ ਅਲਬਰਟਾ ਵਿਖੇ ਇੰਡੀਅਨ ਸਟੂਡੈਂਟ ਯੂਨੀਅਨ ਵੱਲੋਂ ਮਨਾਏ ਗਏ ਅਜਾਦੀ ਦਿਹਾੜੇ ਮੌਕੇ ਇਕਤਰਤ ਵਿਦਿਆਰਥੀ।



ਮਿਲਵੁਡਜ਼ ਤੋਂ ਵਿਧਾਇਕ ਸੁਹੇਲ ਕਾਦਰੀ ਵੱਲੋਂ ਸਰਕਾਰ ਦੇ ਪ੍ਰੋਗਰਾਮ 'ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਤੇ ਹੱਲ' ਸਬੰਧੀ ਕਰਵਾਏ ਸਮਾਗਮ ਦੌਰਾਨ ਹਾਜ਼ਰ ਪਤਵੰਤੇ।


# Asian Western Grocery Store

## 8324 - 160 Ave. Edmonton, AB. T5Z 3P1

**NOW OPEN**

***All indian, Fijian, South African Grocery***

## ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰ੍ਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call

Balraj @

**780-756-2225**

**780-660-2061**


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
$9.99
From March 1 - May 1 2012
Holi & Vaisakhi Specials
KHOYA MITHAI $6.99/LB
JALEBI $1.99
LADDO $2.99
SAMOSAS 3 for $1
Catering $10/head
Book Any Banquet Party
$ 20.00
per person
NIRVANA
1009 - 5075 Falconridge Blvd, N.E.
403-590-9797
www.nirvanacalgary.com / nirvanaentertainmentinc.com

## ਦੋ ਮੁਲਾਕਾਤਾਂ

ਚਿੱਤਰਕਾਰ

ਅਰਪਨਾ ਕੌਰ
ਹੈਦਰ ਰਜ਼ਾ

ਦੋਵਾਂ ਮੁਲਾਕਾਤਾਂ ਦੇ ਉਲੱਥਾਕਾਰ
ਹਰਭਜਨ ਸਿੰਘ ਹੁੰਦਲ
+91-99150-42242

ਚਿੱਤਰਕਲਾ

# ਅਰਪਨਾ ਕੌਰ

## ਮੇਰਾ ਜੀਵਨ ਕਦੇ ਨਾ ਖ਼ਤਮ ਹੋਣ ਵਾਲੀ ਤਲਾਸ਼ ਹੈ



**ਮੁਲਾਕਾਤੀ- ਬੇਲੂ ਮਹੇਸ਼ਵਰੀ**

ਅਰਪਨਾ ਕੌਰ ਉਸਦੇ ਆਪਣੇ ਸ਼ਬਦਾਂ ਵਿਚ ''ਆਪਣੇ ਸੁਨਹਿਰੀ ਦੌਰ ਵਿਚੋਂ ਲੰਘ ਰਹੀ ਹੈ। ਉਹ ਸਮਕਾਲੀ ਕਲਾਕਾਰਾਂ ਵਿਚੋਂ ਚੋਟੀ ਦੀ ਇੱਕ ਕਲਾਕਾਰ ਮੰਨੀ ਜਾਂਦੀ ਹੈ। ਪਿਛਲੇ 28 ਸਾਲਾਂ ਵਿਚ ਉਸਦਾ ਬੜਾ ਵਿਕਾਸ ਹੋਇਆ ਹੈ। ਸੁਰਚਨਾ ਤੇ ਰੰਗ ਉਸਦੀ ਕਲਾ ਦੀ ਕੁੰਜੀ ਹਨ। ਉਸਨੇ ਪਹਾੜੀ ਲਘੂ ਚਿੱਤਰਾਂ ਦੀਆਂ ਬਣਤਰਾਂ ਨੂੰ ਗ੍ਰਹਿਣ ਕੀਤਾ ਹੈ। ਜਿਸ ਵਿਚ ਗੋਲ ਸ਼ਕਲਾਂ, ਟੇਢੇ ਦੁਮੇਲ ਤੇ ਪਿਛੋਕੜ ਦੀ ਅੰਬਰ, ਧਰਤੀ ਤੇ ਪਾਣੀ ਵਿਚ ਵੰਡ ਹੈ ਤੇ ਨਾਲ ਹੀ ਹਰ ਰਚਨਾ ਵਿਚ ਸਿਰਜਣਾ ਦੇ ਕਈ ਕੇਂਦਰ ਸਰਗਰਮ ਹੁੰਦੇ ਹਨ। ਅਸਲ ਵਿਚ ਉਹ ਭਾਰਤ ਦੀ ਕਲਾ ਦੀ ਉਸ ਪਰੰਪਰਾ ਨੂੰ ਅੱਗੇ ਲਿਜਾ ਰਹੀ ਹੈ, ਜਿਸ ਵਿਚ ਲੋਕ-ਕਲਾ ਤੇ ਸਮਕਾਲੀ ਕਲਾ-ਸਕੂਲਾਂ ਦਾ ਸੰਗਮ ਹੈ।

ਉਹ ਆਪਣੇ ਰੰਗਾਂ ਦੀ ਵਰਤੋਂ, ਤਹਿਦਾਰ ਰੰਗਾਂ ਨੂੰ ਤਿਆਰ ਕਰਨ ਦੀਆਂ ਤਕਨੀਕਾਂ ਅਨੁਸਾਰ ਵਰਤਦੀ ਹੈ। ਉਹ ਲਘੂ-ਚਿੱਤਰਾਂ ਦੀ ਚਿੱਤਰਕਾਰੀ ਨਾਲੋਂ ਟੁੱਟ ਕੇ ਛਾਂ-ਚਾਨਣ ਚਿਤਰਨ ਦੀ ਤਕਨੀਕ ਨੂੰ ਅਪਣਾ ਚੁੱਕੀ ਹੈ, ਢੰਗ ਜੋ ਰੰਗ ਉੱਤੇ ਅਧਾਰਤ ਹੈ, ਨਾ ਕਿ ਅੰਦਾਜ਼ ਉੱਤੇ, ਜਿਸ ਵਿਚੋਂ ਭਾਰਤੀ ਕੰਧ-ਚਿਤਰਨ ਦੀ ਪਹੁੰਚ ਦੀ ਮੌਲਿਕਤਾ ਦਾ ਪ੍ਰਭਾਵ ਪੈਂਦਾ ਹੈ।

ਅਰਪਨਾ ਦਾ ਕੰਮ ਬਸਤੀਵਾਦੀ ਢੰਗ-ਤਰੀਕਿਆਂ ਤੋਂ ਤੋੜ-ਵਿਛੋੜਾ ਕਰ ਚੁੱਕਾ ਹੈ। ਉਹ ਅਜੋਕੇ ਪ੍ਰਸੰਗ ਵਿਚ ਆਪਣੀਆਂ ਅਸਲੀ ਸਭਿਆਚਾਰਕ ਜੜ੍ਹਾਂ ਨੂੰ ਵਰਤਦੀ ਹੈ। ਮੁੜ-ਉਸਾਰੀ ਦੀ ਇਹ ਪ੍ਰਕਿਰਿਆ ਦੀ ਹਰਕਤ ਦੇ ਆਪਣੇ ਹੀ ਨੇਮ ਹਨ। ਸਭ ਤੋਂ ਸ਼ਕਤੀਸ਼ਾਲੀ ਢੰਗ ਜੋ ਅਰਪਨਾ ਵਰਤਦੀ ਹੈ, ਉਹ ਹੈ ਕੰਧ-ਚਿੱਤਰ ਦੀ ਤਕਨੀਕ।

ਉਹ ਇੱਕ ਮਨੁੱਖ ਵਜੋਂ ਸਾਦੀ ਹੈ, ਆਪਣੀ ਉਮਰ ਨਾਲੋਂ ਬਹੁਤ ਜਵਾਨ ਲੱਗਦੀ ਤੇ ਡੀਂਗਾਂ ਮਾਰਨ ਤੋਂ ਪ੍ਰਹੇਜ ਕਰਦੀ ਹੈ। ਉਸਨੇ ਮੈਨੂੰ ਮਿਲਣ ਦਾ ਦੋ ਵਾਰ ਮੌਕਾ ਦਿੱਤਾ। ਇੱਕ ਵਾਰ ਸੂਰਜ-ਕੁੰਡ ਵਿਚ ਕਲਾਕਾਰਾਂ ਦੇ 'ਸੰਗਮ' ਸਮੇਂ, ਜਿੱਥੇ ਉਹ ਸਾਰਾ ਦਿਨ ਐਮ. ਐਫ. ਹੁਸੈਨ ਨੂੰ ਉਡੀਕਦੀ ਰਹੀ, ਨਾ ਨਖ਼ਰਾ ਕੀਤਾ, ਨਾ ਬੁੜ-ਬੁੜ। ਦੂਸਰੀ ਵਾਰ ਖੇਲ ਇੰਸਟੀਚਿਊਸ਼ਨਲ ਏਰੀਆ ਵਿਚ, ਜਿੱਥੇ ਉਸਦੀ ਮਾਂ ਇੱਕ ਕਲਾ-ਕੇਂਦਰ ਚਲਾਉਂਦੀ ਹੈ। ਸਿਖ਼ਰਲੀ ਮੰਜ਼ਿਲ ਉੱਤੇ ਉਸਦਾ ਸਟੂਡੀਓ ਹੈ। ਸਟੂਡੀਓ ਵਿਚ ਘੱਟ ਤੋਂ ਘੱਟ ਫਰਨੀਚਰ ਹੈ, ਕੋਈ ਸਜਾਵਟੀ ਸਮਾਨ ਨਹੀਂ। ਬੱਸ ਉਸਦੇ ਕੈਨਵਸ, ਫਰੇਮ ਤੇ ਰੰਗ ਹਨ, ਜੋ ਚਾਰੇ ਪਾਸੇ ਖਿੱਲਰੇ ਪਏ ਹਨ।

ਅਰਪਨਾ ਸੋਚਵਾਨ ਵਿਅਕਤੀ ਹੈ, ਜੋ ਆਪਣੇ ਖ਼ਿਆਲਾਂ ਦੇ ਸਿੱਟਿਆਂ ਦਾ ਸਾਹਮਣਾ ਕਰਨ ਤੋਂ ਡਰਦੀ ਨਹੀਂ। ਸਫਲਤਾ ਨੇ ਉਸਦਾ ਸਿਰ ਨਹੀਂ ਫੇਰਿਆ, ਜੋ ਦਿਲੋਂ ਅਸਲੀ ਪੰਜਾਬੀ ਕੁੜੀ ਹੈ। ਉਹ ਆਖਦੀ ਹੈ, ''ਮੇਰੇ ਦਿਲ ਵਿਚ ਪੰਜਾਬ ਲਈ ਇੱਕ ਨਰਮ ਗੋਸ਼ਾ ਹੈ। ਇੱਕ ਠੰਢ ਪਾਉਣ ਵਾਲੀ ਕੋਮਲ ਆਵਾਜ਼ ਵਿਚ ਉਸਨੇ ਕਲਾ ਸੰਸਾਰ ਦੇ ਵਿਭਿੰਨ ਪੱਖਾਂ ਬਾਰੇ ਖੁੱਲ ਕੇ ਮੈਨੂੰ ਇੰਟਰਵਿਊ ਦਿੱਤਾ –

? : ਕੀ ਕਾਰਨ ਹੈ ਕਿ ਬਹੁਤੇ ਲੋਕ ਆਧੁਨਿਕ ਕਲਾ ਨੂੰ ਸਮਝਦੇ ਨਹੀਂ?

ਅਰਪਨਾ : ਸਮਕਾਲੀ ਦ੍ਰਿਸ਼ਟੀਗਤ ਕਲਾ ਵਿਯੂਅਲ ਆਰਟ ਵਿਅਕਤੀਵਾਦੀ ਹੈ, ਤੇ ਕਲੈਂਡਰ-ਕਲਾ ਦੇ ਉਲਟ ਹੈ। ਜਿਸਦੇ ਕਿ ਜਾਣੇ-ਪਛਾਣੇ ਬਿੰਬ ਹੁੰਦੇ ਹਨ। ਨਾਲ ਹੀ ਇਸਦੇ ਬਿਰਤਾਂਤ ਦੀ ਭਾਸ਼ਾ ਬੜੀ ਕੋਮਲ ਹੁੰਦੀ ਹੈ। ਇਹ ਪੱਤਰਕਾਰੀ ਤੇ ਫੋਟੋਗ੍ਰਾਫੀ ਦੇ ਉਲਟ ਹੁੰਦੀ ਹੈ। ਇਹ ਕਲਾ ਕਵਿਤਾ ਦੇ ਸਭ ਤੋਂ ਵੱਧ ਨੇੜੇ ਹੈ। ਇਹ ਕਲਾਕਾਰ ਦੇ ਤਜਰਬਿਆਂ, ਸੰਵੇਦਨਾਵਾਂ ਤੇ ਸੋਚਣੀ ਦੀ ਕੁੱਲ ਜਮਾਂ ਹੁੰਦੀ ਹੈ। ਇਸਦੀ ਸਿਰਜਣਾ-ਪ੍ਰਕਿਰਿਆ ਦੀ ਕਲਾਕਾਰ ਨੂੰ ਵੀ ਪੂਰੀ ਸਮਝ ਨਹੀਂ ਲੱਗਦੀ। ਉਹ ਇਸਦੇ ਆਰੰਭ ਤੇ ਮਨ ਵਿਚਲੇ ਬਿੰਬਾਂ ਨੂੰ ਜਾਣਦਾ ਹੈ, ਪਰ ਫਿਰ ਵੀ ਇਸਦਾ ਕੁਝ ਭਾਗ ਇੱਕ ਰਹੱਸ ਵਿਚ ਰਹਿ ਜਾਂਦਾ ਹੈ। ਪਰ ਚਿੱਤਰਮਈ ਕੰਮ ਸਮਝਣਾ ਔਖਾ ਨਹੀਂ ਹੈ।

? : ਅਸੀਂ ਆਧੁਨਿਕ ਕਲਾ ਨੂੰ ਲੋਕਾਂ ਵਿਚ ਹਰਮਨ-ਪਿਆਰਾ ਕਿਵੇਂ ਬਣਾ ਸਕਦੇ ਹਾਂ?

ਅਰਪਨਾ : ਮੈਂ 1975 ਵਿਚ ਆਪਣੀ ਪਹਿਲੀ ਨੁਮਾਇਸ਼ ਸ਼੍ਰੀਧਨ ਗੈਲਰੀ ਵਿਚ ਲਾਈ ਸੀ। ਮੈਂ ਪੈਂਡੂਲਮ ਦੇ ਝੂਲਣ ਨੂੰ ਤੱਕਿਆ ਹੈ। ਉਸ ਸਮੇਂ ਕਲਪਨਾ ਨਹੀਂ ਸੀ ਕੀਤੀ ਜਾ ਸਕਦੀ। ਉਸ ਵੇਲੇ ਦਿੱਲੀ ਵਿਚ ਦੋ ਆਰਟ ਗੈਲਰੀਆਂ ਤੇ ਦੋ ਸੰਗ੍ਰਹਿਆਲੇ ਸਨ। ਮੇਰੀ ਨੁਮਾਇਸ਼ ਵਿਚ ਰੋਜ਼ ਦਾ ਇੱਕ ਆਦਮੀ ਆਉਂਦਾ ਹੁੰਦਾ ਸੀ। ਮੇਰੇ ਮਿੱਤਰ ਮਖੌਲ ਕਰਦੇ ਤੇ ਕਹਿੰਦੇ ਸਨ, ''ਤੂੰ ਅਗਲਾ ਇੱਕ ਪੁਰਖਾ ਸ਼ੋਅ ਕਦੋਂ ਕਰ ਰਹੀ ਹੈ? ਕਲਾਕਾਰ ਜੁੜੇ ਹੋਏ ਹੱਥਾਂ ਨਾਲ ਆਪਣੀ ਕਿਰਤ ਵੇਚਣ ਜਾਂਦੇ ਹਨ। ਗੈਲਰੀਆਂ ਉਹਨਾਂ ਉੱਤੇ ਹੁਕਮ ਚਲਾਉਂਦੀਆਂ ਹਨ।

ਹੁਣ ਸਾਡੇ ਸੈਂਕੜੇ ਹੀ ਗੈਲਰੀਆਂ ਹਨ ਤੇ ਸੈਂਕੜੇ ਹੀ ਸੰਗ੍ਰਹਿਆਲੇ। ਬਹੁਤੇ ਕਲਾਕਾਰਾਂ ਲਈ ਦੋ ਦਹਾਕੇ ਪਹਿਲਾਂ ਦਾ ਉਹ ਸੰਘਰਸ਼ ਖ਼ਤਮ ਹੋ ਗਿਆ ਹੈ। ਸਾਡੇ ਹੁਣ ਕੁੜੀਆਂ ਤੇ ਵਾਤਾਵਰਣ ਦੇ ਵਿਸ਼ੇ ਉੱਤੇ ਕਈ ਸ਼ੋਅ ਹੋ ਰਹੇ ਹਨ। ਅਸੀਂ ਹੁਣ ਇਕੱਠੇ ਵੀ ਨੁਮਾਇਸ਼ ਲਾਉਂਦੇ ਹਾਂ ਅਤੇ ਕਲਾ ਤੇ ਕਲਾਕਾਰਾਂ ਬਾਰੇ ਲਿਖਿਆ ਜਾ ਰਿਹਾ ਹੈ, ਭਾਰਤੀ ਕਲਾਕਾਰ ਬਾਹਰਲੇ ਦੇਸ਼ਾਂ ਵਿਚ ਵਿਕ ਰਹੇ ਹਨ। ਜਿੱਥੇ ਅਸੀਂ ਇੱਕ ਹਜ਼ਾਰ ਕਮਾਉਂਦੇ ਹੁੰਦੇ ਸੀ, ਹੁਣ ਲੱਖ ਤੋਂ ਵੱਧ ਕਮਾਉਂਦੇ ਹਾਂ। ਕਲਾਕਾਰਾਂ ਕੋਲ ਘਰ ਤੇ ਕਾਰਾਂ ਹਨ। ਮੋਢੇ ਝੋਲਾ ਲਟਕਾਈ ਤੇ ਜੇਬਾਂ ਖਾਲੀ ਵਾਲੇ ਚਿੱਤਰਕਾਰ ਹੁਣ ਬੀਤੇ ਦੀ ਗੱਲ ਬਣ ਗਏ ਹਨ।

? : ਅਜੇ ਵੀ ਪ੍ਰਦਰਸ਼ੀ ਕਲਾ ਏਨੀ ਹਰਮਨ ਪਿਆਰੀ ਨਹੀਂ, ਜਿੰਨੀ ਕਿ ਐਕਟਿੰਗ ਆਦਿ ਦੀ ਕਲਾ ਹੈ। ਇਹ ਹੋਰ ਵਧੇਰੇ ਕਿਵੇਂ ਹਰਮਨ ਪਿਆਰੀ ਹੋ ਸਕਦੀ ਹੈ?

ਅਰਪਨਾ : ਹਾਂ, ਇਹ ਆਮ ਲੋਕਾਂ ਦੀ ਕਲਾ ਨਹੀਂ। ਇਹ ਸ਼੍ਰੇਸ਼ਟ ਵਰਗ ਲਈ ਹੈ। ਹੁਣ ਵੀ 25 ਜਾਂ 30 ਲੋਕੀਂ ਕਿਸੇ ਇਕੱਲੇ ਕਲਾਕਾਰ ਦੀ ਨੁਮਾਇਸ਼ ਨੂੰ ਵੇਖਣ ਲਈ ਆਉਂਦੇ ਹਨ। ਜੇ ਤੁਸੀਂ ਮਹੀਨੇ ਭਰ ਲਈ ਕੋਈ ਸ਼ੋਅ ਲਾਓ ਤਾਂ ਅੱਟੇ-ਸੱਟੇ ਮਹੀਨੇ ਵਿਚ ਹਜ਼ਾਰ ਕੁ ਦੇ ਕਰੀਬ ਕੁੱਲ ਬੰਦੇ ਆਏ ਹੋਣਗੇ।

ਕਲਾ ਨੂੰ ਪ੍ਰਚਾਰਨ ਦਾ ਸਵਾਲ ਮੈਨੂੰ ਪ੍ਰੇਸ਼ਾਨ ਕਰਦਾ ਹੁੰਦਾ ਸੀ, ਜਦੋਂ ਮੈਂ ਕੁਝ ਜਵਾਨ ਸੀ। ਹੁਣ ਮੇਰਾ ਅਨੁਮਾਨ ਹੈ ਕਿ ਮੇਰੀ ਸ਼ਕਤੀ ਖਿੰਡ-ਪੁੰਡ ਗਈ ਹੈ ਤੇ ਹੁਣ ਮੇਰੀ ਸਾਰੀ ਇਕਾਗਰਤਾ ਆਪਣੇ ਕੰਮ ਪ੍ਰਤੀ ਹੈ। ਮੈਂ ਮਹਿਸੂਸ ਕਰਦੀ ਹਾਂ ਕਿ ਕਲਾ ਦਾ ਪ੍ਰਚਾਰ ਕਰਨਾ, ਗੈਲਰੀਆਂ, ਅਜਾਇਬ ਘਰਾਂ ਤੇ ਮੀਡੀਏ ਦਾ ਕੰਮ ਹੈ। ਸਾਡਾ ਕੰਮ ਹੈ, ਪੇਂਟ ਕਰਨਾ ਤੇ ਚੰਗੀ ਕਿਰਤ ਦੀ ਸਿਰਜਣਾ ਕਰਨਾ।

? : ਤੁਸੀਂ ਹੁਣ ਦੇ ਸਮੇਂ ਨੂੰ ਆਪਣਾ ਸੁਨਹਿਰੀ ਕਾਲ ਕਿਉਂ ਆਖਦੇ ਹੋ? ਕੀ ਇਸਦਾ ਕਾਰਨ ਉਹ ਪੈਸਾ ਹੈ, ਜੋ ਤੁਹਾਡੀ ਕੈਨਵਸ ਕਮਾਉਂਦੀ ਹੈ?

ਅਰਪਨਾ : ਮੈਨੂੰ ਲੰਮਾ ਸਫ਼ਰ ਤਹਿ ਕਰਨਾ ਪਿਆ ਹੈ ਤੇ ਮੈਂ ਬੜੀ ਧੰਨਵਾਦੀ ਹਾਂ। ਐਨੀ ਜ਼ਿਆਦਾ ਕਿ ਮੇਰੇ ਨਾਲ ਜੋ ਕੁਝ ਵਾਪਰਿਆ ਹੈ, ਮੈਂ ਉਸਦੀ ਕਲਪਨਾ ਵੀ ਨਹੀਂ ਕੀਤੀ ਸੀ। ਮੇਰੀ ਸਤੰਬਰ ਵਿਚ ਜਰਮਨੀ ਵਿਚ ਪ੍ਰਦਰਸ਼ਨੀ ਹੋ ਰਹੀ ਹੈ, ਨਵੰਬਰ ਵਿਚ ਐਮਸਟਰਡੰਮ ਵਿਚ, ਜਨਵਰੀ ਵਿਚ ਭਾਰਤ ਵਿਚ। ਚੰਗੇ ਸੰਗ੍ਰਹਿ ਕਰਨ ਵਾਲੇ ਮੇਰੀ ਕਿਰਤ ਦੀ ਮੰਗ ਕਰਦੇ ਹਨ। ਬਾਹਰਲੇ ਅਜਾਇਬ ਘਰ (ਉਹਨਾਂ ਵਿਚੋਂ ਛੇ) ਮੇਰੇ ਕੰਮ ਨੂੰ ਪ੍ਰਦਰਸ਼ਿਤ ਕਰਦੇ ਹਨ। ਇਸ ਵਿਚ ਵਿਕਟੋਰੀਆ, ਅਲਬਰਟ ਅਜਾਇਬ ਘਰ, ਲੰਡਨ ਵੀ ਸ਼ਾਮਿਲ ਹੈ।

ਇਸ ਵਾਧੇ ਦੇ ਬਾਵਜੂਦ ਭਾਰਤੀ ਕਲਾ ਬਾਹਰ ਬਹੁਤੀ ਹਰਮਨ ਪਿਆਰੀ ਨਹੀਂ ਹੈ। ਜਾਪਾਨ ਵਲੋਂ ਪੰਜ ਏਸ਼ੀਆਈ ਕਲਾਕਾਰਾਂ ਨੂੰ ਹੀਰੋਸ਼ੀਮਾ, ਬੰਬਾਰੀ ਦੀ ਪੰਜਾਹਵੀਂ ਵਰ੍ਹੇ-ਗੰਢ ਦੇ ਮੌਕੇ ਉੱਤੇ ਕੰਮ ਕਰਨ ਲਈ ਬੁਲਾਇਆ ਗਿਆ ਸੀ ਤੇ ਮੈਨੂੰ ਛੇ ਲੱਖ ਅੱਸੀ ਹਜ਼ਾਰ ਰੁਪਏ ਮਿਹਨਤਾਨਾ ਦਿੱਤਾ ਗਿਆ ਸੀ। ਇਹ ਪੱਛਮੀ ਕਲਾਕਾਰਾਂ ਦੇ ਬਰਾਬਰ ਸੀ। ਹੋਰ ਬੰਦੇ ਨੂੰ ਕੀ ਚਾਹੀਦਾ ਹੁੰਦਾ ਹੈ?

? : ਇੱਕ ਕਲਾਕਾਰ ਹੋਣ ਦੇ ਨਾਤੇ, ਤੁਸੀਂ ਆਪਣੇ ਆਪਨੂੰ ਕਿੱਥੇ ਕੁ ਰੱਖਦੇ ਹੋ?

ਅਰਪਨਾ : ਕਲਾਕਾਰ ਆਪਣਾ ਆਲੋਚਕ ਆਪ ਹੁੰਦਾ ਹੈ। ਜੋ ਵੀ ਕਲਾ-ਕਿਰਤ ਬਣਦੀ ਹੈ, ਉਹ ਇਕੋ ਜਿਹੇ ਕੱਦ-ਕਾਠ ਦੀ ਨਹੀਂ ਹੁੰਦੀ। ਜਿਹੜੀ ਵੀ ਕਲਾ-ਕਿਰਤ ਕਿਸੇ ਪੱਧਰ ਦੀ ਹੁੰਦੀ ਹੈ, ਉਸ ਵਿਚ ਵੀ ਬੀ. ਅਤੇ ਸੀ. ਮਿਆਰ ਹੁੰਦਾ ਹੈ। ਜਦੋਂ ਮੈਂ ਜਵਾਨ ਸੀ, ਤੇ ਕੋਈ ਗੈਲਰੀ ਮੇਰੀ ਕਲਾ-ਕਿਰਤ ਮੰਗਦੀ ਸੀ ਤਾਂ ਮੈਂ ਬੀ. ਤੇ ਸੀ. ਪੱਧਰ ਦੀ ਕਿਰਤ ਭੇਜ ਦਿੰਦੀ ਸੀ ਤੇ ਏ ਕਿਸਮ ਦੀ ਕਿਰਤ ਇਕ-ਪੁਰਖਾ ਸ਼ੋਅ ਲਈ ਸੰਭਾਲ ਲੈਂਦੀ ਸੀ।

ਮੈਂ ਵੇਖਦੀ ਹਾਂ ਕਿ ਮੇਰੀਆਂ ਬੀ ਅਤੇ ਸੀ ਪੱਧਰ ਦੀਆਂ ਕਲਾ-ਕਿਰਤਾਂ ਪਬਲਿਕ ਕੋਲ ਜਾਂ ਨੀਲਾਮੀ ਲਈ ਚਲੇ ਗਈਆਂ ਹਨ। ਇੱਕ ਅਜਿਹੀ ਕਲਾ-ਕਿਰਤ ਕਿਸੇ ਬਰਤਾਨਵੀ ਦੇ ਹੱਥ ਲੱਗ ਗਈ, ਜਿਸਨੇ ਅੱਗੇ ਇਹ ਸੋਥੇਬੇ ਨੂੰ ਸੌਂਪ ਦਿੱਤੀ। ਉਥੋਂ ਇਹ ਵਿਕਟੋਰੀਆ ਅਲਬਰਟ ਮਿਊਜ਼ਿਮ ਤੀਕਰ ਪਹੁੰਚ ਗਈ। ਇਹ ਜੀਵਨ ਵਿਚ ਇੱਕ ਵਾਰ ਹੀ ਹੁੰਦਾ ਹੈ ਕਿ ਉਹ ਕਿਸੇ ਕਲਾਕਾਰ ਦੀ ਇੱਕ ਕਿਰਤ ਨੂੰ ਖਰੀਦਣ ਦੀ ਹਿੰਮਤ ਕਰ ਸਕੇ। ਇਸ ਲਈ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ। ਉਸਦੀ ਸਭ ਤੋਂ ਵਧੀਆ ਕਿਰਤ ਮੰਡੀ ਵਿਚ ਜਾਵੇ। ਤੁਹਾਨੂੰ ਆਪਣੀ ਕਮਜ਼ੋਰ ਕਲਾ-ਕਿਰਤ ਰੋਕ ਰੱਖਣੀ ਚਾਹੀਦੀ ਹੈ। ਜਦੋਂ ਕੋਈ ਕਲਾਕਾਰ ਆਪਣੀ ਕਲਾ-ਕਿਰਤੀ ਵੇਚ ਰਿਹਾ ਹੈ ਤਾਂ ਉਸਨੂੰ ਚਾਹੀਦਾ ਹੈ ਕਿ ਆਪਣੀ ਕਮਜ਼ੋਰ ਕਿਰਤ ਨੂੰ ਪਾਸੇ ਰੱਖ ਲਵੇ। ਛੇਤੀ ਨਾਲ ਲਾਭ ਉਠਾਉਣ ਲਈ ਕਿਸੇ ਨੂੰ ਕਾਹਲੀ ਕਰਨ ਦਾ ਲਾਲਚ ਨਹੀਂ ਕਰਨਾ ਚਾਹੀਦਾ। ਬਰਲਨ ਵਿਚ ਮੇਰੇ ਸ਼ੋਅ ਲਈ ਉਹਨਾਂ ਨੇ ਦਸ ਤਸਵੀਰਾਂ ਮੰਗੀਆਂ ਸਨ। ਮੈਂ ਉਹਨਾਂ ਨੂੰ ਸਿਰਫ਼ ਪੰਜ ਸਭ ਤੋਂ ਵਧੀਆ ਭੇਜ ਰਹੀ ਹਾਂ। ਰਚਨਾਤਮਿਕ ਮਨੁੱਖ ਹੋਣ ਦੇ ਨਾਤੇ ਮੈਂ ਚੰਗੇ ਤੋਂ ਚੰਗੇਰਾ ਕੰਮ ਕਰਨਾ ਚਾਹੁੰਦੀ ਹਾਂ ਅਤੇ ਮੈਂ ਅਜੇ ਵੀ ਕੋਸ਼ਿਸ਼ ਕਰ ਰਹੀ ਹਾਂ।

? : ਤੁਸੀਂ ਮੁਆਫਕ ਹਾਲਾਤ ਦਾ ਲਾਭ ਕਿਉਂ ਨਹੀਂ ਉਠਾਉਂਦੇ ਹੋਰ ਜ਼ਿਆਦਾ ਪੇਂਟ ਕਰਦੇ?

ਅਰਪਨਾ : ਜੇ ਤੁਸੀਂ ਸੁਭਾਅ ਵਜੋਂ ਸੁਸਤ ਹੋ ਅਤੇ ਤੁਸੀਂ ਆਪਣੀ ਰਫ਼ਤਾਰ ਨੂੰ ਤੇਜ਼ ਕਰਨਾ ਚਾਹੁੰਦੇ ਹੋ ਤਾਂ ਤੁਹਾਡੇ ਕੰਮ ਦੀ ਪੱਧਰ ਹੇਠਾਂ ਆਵੇਗੀ। ਹੁਸੈਨ ਸੁਭਾਅ ਵਜੋਂ ਤੇਜ਼ ਹੈ। ਦੋ ਸਾਲ ਪਹਿਲਾਂ ਸਿੰਘਾਪੁਰ ਦੇ ਅਜਾਇਬ ਘਰ ਦਾ ਨਿਰਦੇਸ਼ਕ ਭਾਰਤੀ ਚਿੱਤਰਾਂ ਦੀ ਤਲਾਸ਼ ਕਰਦਾ ਇੱਥੇ ਆਇਆ। ਉਸਨੇ ਕਿਹਾ, ''ਤੂੰ ਬੜੀ ਸ਼ਰਾਰਤੀ ਹੈਂ। ਤੂੰ ਜਾਣਦੀ ਹੈਂ ਕਿ ਤੇਰੀ ਮੰਗ ਹੈ, ਇਸ ਲਈ ਤੂੰ ਮਹਿੰਗਾ ਮੁੱਲ ਮੰਗ ਰਹੀ ਹੈਂ।'' ਮੈਂ ਵੱਧ ਮੁੱਲਾਂ ਨੂੰ ਪਸੰਦ ਨਹੀਂ ਕਰਦੀ, ਜੋ ਕਿ ਵਸੂਲ ਕੀਤੀਆਂ ਜਾ ਰਹੀਆਂ ਹਨ। ਮੈਨੂੰ ਉਹ ਗੈਰ-ਵਾਜਬ ਲੱਗਦੀਆਂ ਹਨ। ਹਰ ਸਾਲ ਕੀਮਤਾਂ ਉੱਤੇ ਜਾ ਰਹੀਆਂ ਹਨ ਤੇ ਕਈ ਵਿਅਕਤੀ ਸੱਤ ਲੱਖ ਤੋਂ ਦਸ ਲੱਖ ਤੀਕ ਵੇਚ ਰਹੇ ਹਨ। ਮੈਂ ਬੇਚੈਨ ਅਨੁਭਵ ਕਰਦੀ ਹਾਂ। ਮੈਂ ਆਪਣੀ ਕੀਮਤ ਹੌਲੀ-ਹੌਲੀ ਵਧਾਈ ਹੈ। ਘਰ ਦੇ ਜੀਅ ਮੈਨੂੰ ਵੀ ਫੂਕ ਛਕਾਉਂਦੇ ਹਨ। ਬਰਲਨ ਗੈਲਰੀ ਵਾਲੇ ਮੇਰੇ ਕੰਮ ਦਾ ਘੱਟ ਮੁੱਲ ਵੇਖਕੇ ਹੈਰਾਨ ਹੋ ਗਏ। ਸਿਰਫ਼ ਇੱਕ ਵੇਰ ਮੈਨੂੰ ਹੀਰੋਸ਼ੀਮਾ ਵਾਸਤੇ ਹੈਰਾਨੀਜਨਕ ਰਕਮ ਮਿਲੀ ਸੀ ਤੇ ਉਥੋਂ ਦਾ ਮੇਅਰ ਮੈਨੂੰ ਐਨੀ ਘੱਟ ਕੀਮਤ ਦਿੰਦਿਆਂ ਮੁਆਫ਼ੀ ਮੰਗ ਰਿਹਾ ਸੀ।

? : ਦੱਸੀਆਂ ਜਾ ਰਹੀਆਂ ਕੀਮਤਾਂ ਯਥਾਰਥਕ ਨਹੀਂ ਹਨ। ਉਹ ਉਤਸ਼ਾਹ ਵਧਾਉਣ ਲਈ ਦੱਸੀਆਂ ਜਾਂਦੀਆਂ ਕੀਮਤਾਂ ਹਨ ਤੇ ਗਲਤ ਤੌਰ 'ਤੇ ਵਧਾਈਆਂ ਗਈਆਂ ਹਨ। ਕੀ ਇਹ ਸੱਚ ਹੈ?

ਅਰਪਨਾ : ਇਹ ਸੱਚ ਹੈ ਕਿ ਵੱਡੇ ਕਲਾਕਾਰਾਂ ਦੇ ਚਿੱਤਰ ਪੈਸੇ ਲਾਉਣ ਖ਼ਾਤਿਰ ਖਰੀਦੇ ਜਾ ਰਹੇ ਹਨ। ਪਰ ਇਹ ਵੀ ਸੱਚ ਹੈ ਕਿ ਇੱਕ ਗਲਤ ਪ੍ਰਭਾਵ ਪੈਦਾ ਕੀਤਾ ਜਾਂਦਾ ਹੈ। ਚੰਗਾ ਹੋਵੇ ਜੇ ਉੱਚਿਤ ਮੁੱਲ ਮੰਗਿਆ ਜਾਵੇ ਕਿਉਂਕਿ ਲੋਕੀਂ ਗੱਲ ਸਮਝਣ ਲੱਗ ਪਏ ਹਨ। ਕੁਝ ਸੰਗ੍ਰਹਿ ਕਰਨ ਵਾਲੇ ਲੋਕ ਆਉਣਗੇ ਤੇ ਤੁਹਾਨੂੰ ਅਸਲੀ ਕੀਮਤ ਦੱਸ ਦੇਣਗੇ। ਬਿੱਲੀ ਥੈਲੇ ਵਿਚੋਂ ਬਾਹਰ ਆ ਹੀ ਜਾਣੀ ਹੈ।

? : ਆਧੁਨਿਕ-ਕਲਾ ਦੇ ਮੁਲਾਂਕਣ ਦਾ ਕੋਈ ਪੈਮਾਨਾ ਤਾਂ ਹੋਣਾ ਚਾਹੀਦਾ ਹੈ? ਕੀ ਤੁਸੀਂ ਦੱਸ ਸਕਦੇ ਹੋ ਕਿ ਇੱਕ ਸਾਧਾਰਨ ਆਦਮੀ ਕਿਵੇਂ ਇਸਨੂੰ ਸਮਝਣ ਦੀ ਕੋਸ਼ਿਸ਼ ਕਰੇ?

ਅਰਪਨਾ : ਕਿੰਨੇ ਲੋਕ ਹਨ ਜੋ ਪੇਂਟਿੰਗ ਦੇ ਸਾਹਮਣੇ ਖਲੋ ਕੇ ਇਸਨੂੰ ਸਮਝਣ ਲਈ ਵਕਤ ਲਾਉਂਦੇ ਹਨ। ਲੋਕੀ ਗੈਲਰੀਆਂ ਵਿਚੋਂ ਦੀ ਹਵਾ ਵਾਂਗ ਗੁਜ਼ਰ ਜਾਂਦੇ ਹਨ। ਵੇਖਣ ਤੇ ਤੱਕਣ ਵਿਚ ਫ਼ਰਕ ਹੈ। ਦਰਸ਼ਕ ਨੂੰ ਪੇਂਟਿੰਗ ਦਾ ਅਧਿਐਨ ਕਰਨਾ ਚਾਹੀਦਾ ਹੈ ਤੇ ਇਸਦੇ ਸਿਰਲੇਖ ਨੂੰ ਮਨ ਵਿਚ ਰੱਖਣਾ ਚਾਹੀਦਾ ਹੈ। ਇਹ ਆਪਣੇ ਭੇਤ ਦਾ ਕੁਝ ਹਿੱਸਾ ਪ੍ਰਗਟ ਕਰ ਦੇਵੇਗੀ। ਵਿਅਕਤੀਗਤ ਸ਼ੋਅ ਸਮੇਂ ਚਿੱਤਰ-ਸੂਚੀ ਨੂੰ ਪੜ੍ਹੋ, ਜੇ ਕਲਾਕਾਰ ਲਾਗੇ ਹੋਵੇ ਤਾਂ ਉਸਨੂੰ ਪੁੱਛੋ।

ਬਾਕੀ ਸਫਾ 29 'ਤੇ



ਸਫਾ 28 ਦੀ ਬਾਕੀ

ਲੰਮੇ ਸਮੇਂ ਲਈ ਸਮਝਣ ਵਾਸਤੇ, ਕਲਾ ਬਾਰੇ ਪੁਸਤਕਾਂ ਪੜ੍ਹੋ। ਅਸੀਂ ਆਪਣੀ ਆਧਾਰਿਕ ਸੁਰਚਨਾ (ਇਨਫਰਾਸਟਰਕਚਰ) ਵਿਚ ਪੂੰਜੀ ਨਹੀਂ ਲਾਈ। ਸੰਘਣੀ ਆਬਾਦੀ ਵਾਲੇ ਦੇਸ਼ ਵਿਚ ਸਿਰਫ਼ ਛੇ ਜਾਂ ਸੱਤ ਅਜਾਇਬ ਘਰ ਹਨ। ਪੰਜਾਬ ਕਿੰਨਾ ਅਮੀਰ ਰਾਜ ਹੈ। ਇੱਥੇ ਇੱਕ ਵੀ ਅਜਾਇਬ ਘਰ ਨਹੀਂ ਹੈ। ਕਲਾਕਾਰ ਘੱਟ ਕੀਮਤ ਉੱਤੇ ਅਜਾਇਬ ਘਰਾਂ ਨੂੰ ਆਪਣੀ ਕਿਰਤ ਵੇਚਣ ਲਈ ਤਿਆਰ ਹਨ। ਅਸੀਂ ਸਾਰੇ ਇਤਿਹਾਸ ਬਾਰੇ ਸੁਚੇਤ ਹਾਂ। ਇਹ ਕੰਮ ਸਾਥੋਂ ਬਾਅਦ ਵਧੇਰੇ ਸਮਾਂ ਰਹੇਗਾ। ਸਕੂਲ ਦੇ ਵਿਦਿਆਰਥੀਆਂ ਨੂੰ ਅਜਾਇਬ ਘਰਾਂ ਵਿਚ ਲਿਜਾਣਾ ਚਾਹੀਦਾ ਹੈ ਅਤੇ ਅਮੂਰਤ ਚੀਜ਼ਾਂ ਨੂੰ ਸਮਝਣ ਦੀ ਆਦਤ ਨੂੰ ਤਿੱਖਾ ਕਰਨਾ ਚਾਹੀਦਾ ਹੈ।

? : ਕੀ ਸਰਕਾਰ ਕਲਾਕਾਰਾਂ ਦਾ ਹੌਸਲਾ ਨਹੀਂ ਵਧਾਉਂਦੀ?

ਅਰਪਨਾ : ਹੌਸਲਾ ਵਧਾਉਣਾ? ਅਸਲ ਵਿਚ ਜੇ ਤੁਸੀਂ ਆਪਣੀ ਕੋਈ ਕਲਾ-ਕਿਰਤ ਬਾਹਰ ਨੁਮਾਇਸ਼ ਲਈ ਭੇਜਦੇ ਹੋ ਤਾਂ ਤੁਹਾਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਤੁਹਾਨੂੰ ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ ਆਗਿਆ ਲੈਣੀ ਪੈਂਦੀ ਹੈ। ਤੁਹਾਡੇ ਨਾਲ ਮਾਲ ਬਾਹਰ ਭੇਜਣ ਵਾਲੇ ਵਪਾਰੀਆਂ ਵਰਗਾ ਵਿਹਾਰ ਕੀਤਾ ਜਾਂਦਾ ਹੈ ਅਤੇ ਤੁਹਾਨੂੰ ਜੀ. ਆਈ. ਫਾਰਮ ਭਰਨਾ ਪੈਂਦਾ ਹੈ। ਤੁਹਾਨੂੰ ਇਹ ਲਿਖ ਕੇ ਦੇਣਾ ਪੈਂਦਾ ਹੈ ਕਿ ਕਮਾਇਆ ਸਾਰਾ ਪੈਸਾ ਭਾਰਤ ਵਿਚ ਵਿਦੇਸ਼ੀ ਤਬਾਦਲੇ ਵਿਚ ਵਾਪਸ ਆਵੇਗਾ। ਜਿਹੜੇ ਕੈਨਵਸ ਵਿਕਦੇ ਨਹੀਂ ਅਤੇ ਵਾਪਸ ਦੇਸ਼ ਆ ਜਾਂਦੇ ਹਨ, ਉਹਨਾਂ ਨੂੰ ਕਸਟਮ ਅਧਿਕਾਰੀ ਰੋਕ ਲੈਂਦੇ ਹਨ ਤੇ ਉਹਨਾਂ ਉੱਤੇ ਡਿਊਟੀ ਲਾਈ ਜਾਂਦੀ ਹੈ।

ਤੁਸੀਂ ਆਪਣੀ ਟਿਕਟ ਉੱਤੇ ਪੈਸੇ ਖਰਚੋ ਹਨ ਅਤੇ ਪੈਸੇ ਖੁਣੋਂ ਬਾਹਰ ਦਿਨ ਵਿਚ ਇੱਕ ਵਾਰ ਹੀ ਖਾਣਾ ਖਾਧਾ ਹੈ। ਇਸ ਦੇਸ਼ ਦੇ ਸਭਿਆਚਾਰ ਦੇ ਪ੍ਰਤੀਨਿਧ ਵਜੋਂ ਤੁਹਾਡੇ ਨਾਲ ਬੜਾ ਘਟੀਆ ਵਿਹਾਰ ਕੀਤਾ ਜਾਂਦਾ ਹੈ। ਨਿਊਯਾਰਕ ਵਿਚ ਲੋਕ ਮੇਰੀਆਂ ਕਲਾ-ਕਿਰਤਾਂ ਲੈਣਾ ਚਾਹੁੰਦੇ ਸਨ, ਪਰ ਇਹ ਇਸ ਕਾਰਨ ਵੇਚੀਆਂ ਨਾ ਜਾ ਸਕਦੀਆਂ, ਕਿਉਂਕਿ ਇਸ ਉੱਤੇ ਸਰਕਾਰ ਵਲੋਂ ਗੈਰ-ਵਪਾਰਕ ਬਿੱਲਾ ਚਿਪਕਾਇਆ ਹੋਇਆ ਸੀ।

ਸਾਨੂੰ ਬਥੇਰੀ ਪ੍ਰੇਸ਼ਾਨੀ ਹੁੰਦੀ ਹੈ। ਕਸਟਮ ਵਾਲੇ ਓਨਾ ਚਿਰ ਤੁਹਾਡੇ ਕਾਗਜ਼ ਮਨਜ਼ੂਰ ਨਹੀਂ ਕਰਦੇ, ਜਿੰਨਾ ਚਿਰ ਤੀਕ ਤੁਹਾਨੂੰ ਰਿਜ਼ਰਵ ਬੈਂਕ ਹਾਮੀ ਨਹੀਂ ਭਰਦਾ। ਰਿਜ਼ਰਵ ਬੈਂਕ ਜੀ. ਆਈ. ਫਾਰਮ ਉੱਤੇ ਦਸਤਖਤ ਨਹੀਂ ਕਰਦਾ, ਜਿੰਨਾ ਚਿਰ ਤੀਕ ਤੁਸੀਂ ਆਪਣੀ ਕਲਾ-ਕਿਰਤ ਦੇ ਮੁੱਲ ਦੀ ਗਾਰੰਟੀ ਨਹੀਂ ਦਿੰਦੇ। ਜੇ ਦਸ ਕਲਾ-ਕਿਰਤਾਂ ਜਾ ਰਹੀਆਂ ਹਨ, ਤੇ ਤੁਸੀਂ ਹਰ ਕਲਾ-ਕਿਰਤ ਦਾ ਮੁੱਲ 50 ਹਜ਼ਾਰ ਲਾਉਂਦੇ ਹੋ, ਤਾਂ ਤੁਹਾਨੂੰ ਪੰਜ ਲੱਖ ਦੀ ਗਾਰੰਟੀ ਦੇਣੀ ਪੈਂਦੀ ਹੈ। ਕਲਾਕਾਰ ਐਨਾ ਰੁਪਈਆ ਕਿੱਥੋਂ ਲਿਆਵੇ? ਵਪਾਰੀ ਤਾਂ ਗਾਰੰਟੀ ਦਾ ਪੈਸਾ ਦੇ ਸਕਦਾ ਹੈ, ਪਰ ਅਸੀਂ ਨਹੀਂ।

ਜਦੋਂ ਮੈਂ ਆਪਣੀਆਂ ਹੀਰੋਸ਼ੀਮਾ ਵਾਲੀਆਂ ਪੇਂਟਿੰਗ ਬਾਹਰ ਭੇਜਣੀਆਂ ਸਨ, ਉਹਨਾਂ ਮੇਰੀਆਂ ਕਿਰਤਾਂ ਇਸ ਗੱਲ ਦੇ ਬਾਵਜੂਦ ਰੋਕ ਲਈਆਂ ਕਿ ਇਹ ਭਾਰਤੀ ਚਿੱਤਰਕਾਰ ਲਈ ਮਾਣ ਦੀ ਗੱਲ ਸੀ ਕਿ ਉਹਨਾਂ ਨੇ ਮੈਨੂੰ ਇਹ ਕੰਮ ਕਰਨ ਲਈ ਦਿੱਤਾ ਸੀ। ਕਸਟਮ-ਅਧਿਕਾਰੀ ਆਖਦੇ ਸਨ, ''ਤੁਸੀਂ ਕਿਵੇਂ ਜਾਣਦੇ ਹੋ ਕਿ ਇਹ ਪ੍ਰਾਚੀਨ ਕਲਾ-ਕਿਰਤ ਨਹੀਂ ਹੈ।'' ਮੈਂ ਆਖਿਆ, ''ਮੈਂ ਜਿਊਂਦੀ ਹਾਂ। ਇਹ ਮੇਰਾ ਕੀਤਾ ਕੰਮ ਹੈ।'' ਮੈਨੂੰ ਡਰਾਉਣੇ ਸੁਪਨੇ ਆਉਂਦੇ ਸੀ, ਕਿਉਂਕਿ ਇਹ ਭੇਜਣ ਲਈ ਮਿਤੀ ਬੱਧ ਸੀ। ਫਿਰ ਮੈਂ ਅਖ਼ਬਾਰ ਵਿਚਲੀ ਇੱਕ ਫੋਟੋ ਲੱਭਣ ਦਾ ਪ੍ਰਬੰਧ ਕੀਤਾ ਜਿਸ ਵਿਚ ਮੈਂ ਤਸਵੀਰ ਦੇ ਸਾਹਮਣੇ ਖਲੋਤੀ ਸੀ ਤੇ ਇਸ ਤੋਂ ਸਾਬਤ ਹੁੰਦਾ ਸੀ ਕਿ ਇਹ ਮੇਰੀ ਕਲਾ-ਕਿਰਤ ਹੈ। ਅਸੀਂ ਦੋ ਪ੍ਰਧਾਨ-ਮੰਤਰੀਆਂ ਨੂੰ ਮਿਲ ਚੁੱਕੇ ਹਾਂ ਤੇ ਉਹਨਾਂ ਸਾਨੂੰ ਭਰੋਸਾ ਦਿੱਤਾ ਸੀ, ਪਰ ਕੁਝ ਵੀ ਨਹੀਂ ਹੋਇਆ।

? : ਤੁਸੀਂ ਪੇਂਟਿੰਗ ਨੂੰ ਕਿਵੇਂ ਪਸੰਦ ਕਰਦੇ ਹੋ ਤੇ ਆਪਣੇ ਵਿਸ਼ਾ-ਵਸਤੂ ਦਾ ਕਿਵੇਂ ਫੈਸਲਾ ਕਰਦੇ ਹੋ?

ਅਰਪਨਾ : ਮੈਂ ਠੇਕੇ ਉੱਤੇ ਕੰਮ ਨਹੀਂ ਕਰਦੀ। ਮੈਂ ਉਹੀ ਚੀਜ਼ ਪੇਂਟ ਕਰਦੀ ਹਾਂ, ਜੋ ਮੇਰੀ ਕਲਪਨਾ ਦੀ ਪਕੜ ਵਿਚ ਆਉਂਦੀ ਹੈ, ਜਾਂ ਮੈਂ ਇਸ ਬਾਰੇ ਤਕੜੀ ਤਰ੍ਹਾਂ ਅਨੁਭਵ ਕਰਦੀ ਹਾਂ। ਮਾਇਆ ਤਿਆਗੀ ਦਾ ਜਬਰ ਜਿਨਾਹ, 1984 ਦੇ ਸਿੱਖ-ਵਿਰੋਧੀ ਦੰਗੇ, ਰਾਜਸਥਾਨ ਦੇ ਮੰਦਰ ਵਿਚ ਔਰਤ ਨੂੰ ਤਸੀਹੇ ਤੇ ਉਸਦਾ ਕਤਲ, ਵਰਿੰਦਾਵਨ ਦੀਆਂ ਔਰਤਾਂ ਦੇ ਮੰਤਨ ਆਦਿ ਕੁਝ ਘਟਨਾਵਾਂ ਹਨ, ਜਿਨ੍ਹਾਂ ਬਾਰੇ ਤਿੱਖੀ ਤਰ੍ਹਾਂ ਅਨੁਭਵ ਕਰਦੀ ਹਾਂ।

ਮੇਰੀਆਂ ਤਸਵੀਰਾਂ ਵਿਚ ਮੇਰੇ ਖ਼ਿਆਲ, ਸੁਪਨੇ ਮੇਰੀਆਂ ਸੋਚ-ਉਡਾਰੀਆਂ ਘੁਲ-ਮਿਲ ਜਾਂਦੀਆਂ ਹਨ। ਮੈਂ ਭਾਰਤ ਦੀਆਂ ਦੁਪਾਸੀਆਂ ਗੱਲਾਂ ਨੂੰ ਪੇਂਟ ਕਰਨਾ ਪਸੰਦ ਕਰਦੀ ਹਾਂ। ਇੱਕ ਥਰਮਲ-ਪਲਾਂਟ ਸਟੇਸ਼ਨ ਦੀਆਂ ਕੰਧਾਂ ਉੱਤੇ ਗਾਂ ਦੇ ਗੋਹੇ ਦੀਆਂ ਪੱਥੀਆਂ ਪਾਥੀਆਂ ਸੁੱਕ ਰਹੀਆਂ ਹਨ। ਦੋਵੇਂ ਹੀ ਸ਼ਕਤੀ ਦੇ ਸੋਮੇ ਹਨ, ਅਸੀਂ ਕਈ ਸਮਿਆਂ ਵਿਚ ਰਹਿ ਰਹੇ ਹਾਂ। ਭਾਰਤ ਵਿਚਲੀਆਂ ਵੱਖ-ਵੱਖ ਕਈ ਪੀੜ੍ਹੀਆਂ ਵਿਚ, ਜਿਵੇਂ ਕਿ ਗੱਡੇ ਉੱਤੇ ਟਰੱਕ ਦੀ ਉਪਰਲੀ ਬਾਡੀ ਲੱਦੀ ਜਾ ਰਹੀ ਹੈ।

? : ਭਾਰਤ ਦੀ ਸਮਕਾਲੀ ਕਲਾ ਦਾ ਸਾਰ-ਤੱਤ ਕੀ ਹੈ?

ਅਰਪਨਾ : ਸਾਡੇ ਕਲਾਕਾਰਾਂ ਦੀ ਪਹਿਲੀ ਪੀੜ੍ਹੀ ਜਿਵੇਂ ਐਮ. ਐਫ. ਹੁਸੈਨ ਪੱਛਮ (ਪੈਰਿਸ) ਵੱਲ ਝਾਕਦੀ ਸੀ। ਹੁਣ ਅਸੀਂ ਆਪਣੇ ਅੰਦਰ ਵੱਲ ਝਾਕਦੇ ਹਾਂ। ਪਿਛਲੇ




ਵੀਹਾਂ ਸਾਲਾਂ ਵਿਚ, ਭਾਰਤੀ ਕਲਾ ਨੇ ਆਪਣੀ ਪਛਾਣ ਪ੍ਰਾਪਤ ਕਰ ਲਈ ਹੈ। ਬੜੇ ਘੱਟ ਦੇਸ਼ਾਂ ਨੇ ਇਸ ਤਰ੍ਹਾਂ ਕੀਤਾ ਹੈ। ਐਨੀ ਪ੍ਰਾਚੀਨ ਸਭਿਅਤਾ ਵਾਲਾ ਯੂਨਾਨ ਵੀ ਚਿੱਤਰਕਲਾ ਦੀਆਂ ਪੱਛਮੀ ਵਿਧੀਆਂ ਪਿੱਛੇ ਚੱਲਦਾ ਹੈ।

? : ਇੱਕ ਮਨੁੱਖ ਵਜੋਂ ਆਪਣੇ ਬਾਰੇ ਕੁਝ ਜਾਣਕਾਰੀ ਦਿਉ?

ਅਰਪਨਾ : ਮੈਂ ਦਿੱਲੀ ਦੀ ਜੰਮੀ-ਜਾਈ ਹਾਂ। ਮੈਂ ਲੇਡੀ ਸ੍ਰੀ ਰਾਮ ਕਾਲਜ ਵਿਚੋਂ ਅੰਗਰੇਜ਼ੀ ਪੜ੍ਹੀ ਹੈ। ਮੈਂ ਕਲਾਵਾਂ ਬਾਰੇ ਕੋਈ ਰਸਮੀ ਸਿੱਖਿਆ ਨਹੀਂ ਲਈ। ਸੱਤ ਸਾਲ ਦੀ ਉਮਰ ਵਿਚ ਮੈਂ ਗੁਰਮੁਖੀ ਸਿੱਖੀ ਤੇ ਢੇਰ ਸਾਰਾ ਪੰਜਾਬੀ ਸਾਹਿਤ ਪੜ੍ਹਿਆ। ਮੈਂ ਸੂਫ਼ੀ ਲੇਖਕਾਂ ਜਿਵੇਂ ਫਰੀਦ, ਬੁੱਲੇ ਸ਼ਾਹ ਆਦਿ ਦੀਆਂ ਲਿਖਤਾਂ ਪੜ੍ਹੀਆਂ। ਮੇਰੀ ਮਾਂ ਨੇ ਮੈਨੂੰ ਬਹੁਤ ਹੀ ਪ੍ਰਭਾਵਿਤ ਕੀਤਾ। ਉਹ ਪੰਜਾਬੀ ਦੀ ਪ੍ਰਸਿੱਧ ਲੇਖਿਕਾ ਅਜੀਤ ਕੌਰ ਹੈ। ਇੱਕ ਅੰਗਰੇਜ਼ੀ ਨਾਵਲ ਨੇ ਉਸਨੂੰ ਪ੍ਰਸਿੱਧ ਕਰ ਦਿੱਤਾ ਹੈ, ਜਦਕਿ ਇੱਕ ਇਲਾਕਾਈ ਭਾਸ਼ਾ ਵਿਚ ਲਿਖਣ ਤੇ ਨਹੀਂ ਸੀ ਕੀਤਾ। ਉਹ ਪਰਉਪਕਾਰੀ ਵਿਅਕਤੀ ਹੈ। ਮੇਰਾ ਪਤੀ ਆਰਟਸ ਕਾਲਜ ਚੰਡੀਗੜ੍ਹ ਵਿਚ ਹੈ। ਉਹ ਇੰਡੀਅਨ ਐਕਸਪ੍ਰੈਸ ਵਿਚ ਕਾਰਟੂਨਿਸਟ ਹੈ।

ਬੁਨਿਆਦੀ ਤੌਰ ਤੇ ਮੈਂ ਸੰਗਾਊ ਔਰਤ ਹਾਂ। ਮੈਂ 1979 ਵਿਚ ਕਲਾ ਦੀ ਪੜ੍ਹਾਈ ਕਰਨ ਲਈ ਇੰਗਲੈਂਡ ਗਈ ਸੀ, ਕਿਉਂਕਿ ਵਿਦੇਸ਼ੀ ਮੋਹਰ ਜ਼ਰੂਰੀ ਸਮਝੀ ਜਾਂਦੀ ਸੀ। ਪਰ ਮੈਂ ਵਾਪਸ ਪਰਤ ਆਈ, ਕਿਉਂਕਿ ਮੈਂ ਇਕੱਲੀ ਰਹਿ ਕੇ ਪੱਥਰ ਹੋ ਗਈ ਸੀ। 1980 ਵਿਚ ਮੈਂ ਬੰਬਈ ਸੀ, ਜਦੋਂ ਮੈਂ ਸਭ ਕੁਝ ਵੇਚ ਦਿੱਤਾ ਤੇ ਉਡਾਰੀ ਮਾਰ ਗਈ। ਮੈਂ ਸਾਰੀ ਦੁਨੀਆ ਵਿਚ ਆਪਣੀਆਂ ਨੁਮਾਇਸ਼ਾਂ ਲਾਈਆਂ ਹਨ ਅਤੇ 1986 ਵਿਚ ਟਰਾਈਨੀਲੀ ਪੁਰਸਕਾਰ ਜਿੱਤਿਆ ਹੈ। ਫੈਸਲਾ ਕਰਨ ਵਾਲੇ ਜੱਜ ਕੌਮਾਂਤਰੀ ਸਨ। ਮੈਂ ਕਿਤਾਬਾਂ ਇਕੱਠੀਆਂ ਕਰਨੀਆਂ, ਪੁਰਾਣਾ ਹਿੰਦੀ ਫਿਲਮੀ ਸੰਗੀਤ ਸੁਣਨਾ ਤੇ ਥੀਏਟਰ ਜਾਣ ਨੂੰ ਪਿਆਰ ਕਰਦੀ ਹਾਂ।

? : ਤੁਹਾਡੇ ਜੀਵਨ ਦਾ ਫਲਸਫਾ ਕੀ ਹੈ?

ਅਰਪਨਾ : ਮੇਰੀ ਜ਼ਿੰਦਗੀ ਇੱਕ ਤਲਾਸ਼ ਹੈ, ਕਦੇ ਨਾ ਮੁੱਕਣ ਵਾਲੀ ਜੁਸਤਜੂ। ਮੈਂ ਦੇਸ਼ ਵਿਚਲਾ ਆਰਥਿਕ ਵਖਰੇਵਾਂ ਵੇਖ ਦੁਖੀ ਹੁੰਦੀ ਹਾਂ। ਮੈਂ ਆਪਣੀ ਮਾਂ ਤੇ ਦਾਦੇ ਨੂੰ ਬਹੁਤ ਕੁਝ ਦਾਨ ਕਰਦੇ ਤੱਕਿਆ ਹੈ। ਮੈਂ ਵੰਡ ਕੇ ਖਾਣ ਵਿਚ ਵਿਸ਼ਵਾਸ ਕਰਦੀ ਹਾਂ। ਅਜੇ ਵੀ ਮੇਰੀ ਮਾਂ 200 ਕੁੜੀਆਂ ਨੂੰ ਵਜ਼ੀਫਾ ਦਿੰਦੀ ਹੈ।

-ਅੰਗਰੇਜ਼ੀ ਟ੍ਰਿਬਿਊਨ ਮਿਤੀ ਸਤੰਬਰ 20, 1998 ਵਿਚੋਂ

# ਨੌਜਵਾਨਾਂ ਨੂੰ ਆਪਣੇ ਕੰਮ 'ਚ ਗੁਣਵਤਾ ਲਿਆਉਣ ਲਈ ਹੋਰ ਮਿਹਨਤ ਕਰਨੀ ਚਾਹੀਦੀ ਹੈ : ਹੈਦਰ ਰਜ਼ਾ

ਇੱਕ ਕੀੜੀ ਆਕਾਸ਼ ਵੱਲ ਉੱਡਦੀ ਹੈ ਤੇ ਸੂਰਜ ਨੂੰ ਨਿਗਲ ਜਾਂਦੀ ਹੈ।

ਪੈਰਿਸ ਦੀ ਦੁਨੀਆਂ ਅਨੋਖੀ ਹੈ। ਚੱਪੇ-ਚੱਪੇ ਉੱਤੇ ਇੱਕ ਅਜਬ ਰੁਮਾਂਟਿਕਤਾ ਨਾਲ ਭਰਪੂਰ ਚੌੜੀਆਂ ਸੜਕਾ, ਜਿਹਨਾਂ ਦੇ ਦੋਵੇਂ ਪਾਸੇ ਬਿਰਖਾਂ ਦੀਆਂ ਕਤਾਰਾਂ। ਦੁਨੀਆਂ ਵਿਚ ਆਪਣੀ ਤਰ੍ਹਾਂ ਦੇ ਅਨੋਖੇ ਬਾਜ਼ਾਰ। ਹੇਠਾਂ ਚਮਕਦੀਆਂ ਦੁਕਾਨਾਂ, ਉੱਪਰ ਛੇ ਮੰਜ਼ਿਲੇ ਰਿਹਾਇਸ਼ੀ ਮਕਾਨ। ਪੱਕੀ ਰਿਹਾਇਸ਼, ਰੌਣਕ ਤੇ ਮਸਤੀ ਨਾਲ ਭਰਪੂਰ। ਪੈਦਲ ਚੱਲਦੇ ਲੋਕ, ਨਾਲ ਜੀਵੰਤ ਸੜਕਾਂ ਦੇ ਕਿਨਾਰੇ ਅੱਗੇ ਵਧਾਏ ਰੈਸਟੋਰੈਂਸ, ਕੈਫੇ, ਲਾਲ ਨੀਲੀ ਛੱਤਰੀਆਂ ਦੇ ਹੇਠ ਜੀਵਨ ਦਾ ਲੁਤਫ਼ ਲੈਂਦੇ, ਖਾਂਦੇ-ਪੀਂਦੇ ਲੋਕ।

ਮਾਂ ਮਾਦੇ ਵਿਚ ਅਟਕੀ ਹੋਈ ਹੈ, ਬੇਟੀ ਰੀਨਾ ਦੇ ਕੋਲ। ਰੀਨਾ ਆਰਕੀਟੈਕਟ ਹੈ। ਫਰਾਂਸੀਸੀਆਂ ਵਾਂਗੂੰ ਫਰੈਂਚ ਭਾਸ਼ਾ ਬੋਲਦੀ ਹੈ। ਪੈਰਿਸ ਦੀ ਗਲੀ-ਗਲੀ ਤੋਂ ਵਾਕਿਫ, ਬੇਸ਼ੱਕ ਨਕਸ਼ਿਆਂ ਰਾਹੀਂ ਹੀ ਸਹੀ। ਪਹਿਲਾਂ ਹੀ ਉਸਨੂੰ ਦੱਸ ਦਿੱਤਾ ਸੀ ਕਿ ਰਜ਼ਾ ਸਾਹਿਬ ਦਾ ਇੰਟਰਵਿਊ ਲੈਣਾ ਹੈ ਅਤੇ ਇਸ ਬਾਬਤ ਪਹਿਲਾਂ ਹੀ ਉਹਨਾਂ ਨੂੰ ਪੱਤਰ ਲਿਖ ਚੁੱਕੀ ਹਾਂ। ਚਿੱਤਰਕਲਾ ਅਤੇ ਮੂਰਤੀ ਕਲਾ ਦਾ ਦਾਮਨ-ਚੋਲੀ ਦਾ ਸਾਥ। ਫੋਨ ਉੱਤੇ ਗੱਲਬਾਤ ਨਾਲ ਹੀ ਰਜ਼ਾ ਸਾਹਿਬ ਦੇ ਨਾਲ ਰੀਨਾ ਦੀ ਆਪਸੀ ਨੇੜਤਾ ਬਣ ਚੁੱਕੀ ਸੀ। ਉਹਨਾਂ ਨੇ ਫਰਾਂਸ ਪਹੁੰਚਣ ਦੇ ਦੂਸਰੇ ਦਿਨ ਹੀ ਬੁਲਾ ਲਿਆ।

ਸ਼ਾਮ ਦੇ ਚਾਰ ਵਜੇ ਸਨ। ਮੀਟਰੋ ਤੋਂ ਉੱਤਰ ਪੌੜੀਆਂ ਚੜ੍ਹ ਅਸੀਂ ਰੀਯੂ-ਦਾ-ਸ਼ਾਹੌਤ (ਸੜਕ ਦਾ ਨਾਂ) ਉੱਤੇ ਆ ਗਏ ਹਾਂ। ਪੈਦਲ ਤੁਰਦੇ ਗਏ ਕਿ ਰੀਨਾ ਨੇ ਕਿਹਾ, ''ਲਓ ਆ ਗਿਆ ਰਜ਼ਾ ਦਾ ਘਰ 'ਸੀਤੇ-ਦਾ-ਕੂੰਆ' ਇਹ ਇੱਕ ਬਹੁਤ ਪੁਰਾਣੀ ਕਾਨਵੈਂਟ ਦੀ ਇਮਾਰਤ ਹੈ।

ਸੜਕ ਅਤੇ ਅੰਦਰ ਵਾਲੀ ਗਲੀ ਦੇ ਮੂੰਹ ਉੱਤੇ ਸਥਿਤ ਇੱਕ ਵਿਸ਼ਾਲ, ਪ੍ਰਾਚੀਨ ਇਮਾਰਤ ਦੇ ਵੱਡੇ ਸਾਰੇ ਪੁਰਾਣੇ ਫਾਟਕ ਉੱਤੇ ਕੋਡ ਦੇ ਅੰਕਾਂ ਨੂੰ ਦਬਾਇਆ ਰੀਨਾ ਨੇ। ਰਜ਼ਾ ਸਾਹਿਬ ਨੇ ਫੋਨ ਉੱਤੇ ਹੀ ਉਸਨੂੰ ਫਾਟਕ ਖੋਲ੍ਹਣ ਦਾ ਕੋਡ ਦੱਸ ਦਿੱਤਾ ਸੀ। ਪੈਰਿਸ ਵਿਚ ਆਮ ਕਰਕੇ ਸਭ ਵੱਡੀਆਂ ਇਮਾਰਤਾਂ ਨੂੰ ਕੋਡ ਰਾਹੀਂ ਖੋਲ੍ਹ ਕੇ ਅੰਦਰ ਜਾਣ ਦਾ ਪ੍ਰਬੰਧ ਹੈ। ਰਜ਼ਾ ਸਾਹਿਬ ਪਹਿਲੀ ਮੰਜ਼ਿਲ ਉੱਤੇ ਰਹਿੰਦੇ ਸਨ। ਪੌੜੀਆਂ ਬੇਹੱਦ ਚੌੜੀਆਂ ਘਸੀਆਂ ਹੋਈਆਂ ਤੇ ਪੁਰਾਣੀਆਂ ਕਲਕੱਤੇ ਦੀਆਂ ਜਰਜਰੀ ਇਮਾਰਤਾਂ ਦੀਆਂ ਪੌੜੀਆਂ ਵਰਗੀਆਂ। ਉਹੀ ਜਿਹਾ ਫਲੈਟ ਦਾ ਦਰਵਾਜ਼ਾ ਲੱਗਿਆ ਜਿਵੇਂ ਕਿਸੇ ਬਹੁਤ ਪੁਰਾਣੇ ਇਤਿਹਾਸਕ ਇਮਾਰਤ ਵਿਚ ਆ ਪਹੁੰਚੇ ਹਾਂ।



ਘੰਟੀ ਵਜਾਈ। ਦਰਵਾਜ਼ਾ ਇੱਕ ਨੌਜਵਾਨ ਨੇ ਖੋਲ੍ਹਿਆ। ਰਜ਼ਾ ਸਾਹਿਬ ਸਾਹਮਣੇ ਹੀ ਖਲੋਤੇ ਸੀ। ਗਰਮਜੋਸ਼ੀ ਨਾਲ ਮਿਲੇ। ਰੀਨਾ ਨਾਲ ਤਾਂ ਇੰਝ ਜਿਵੇਂ ਪਹਿਲਾਂ ਦੀ ਹੀ ਜਾਣ-ਪਛਾਣ ਹੋਵੇ। (ਫੋਨ ਦੇ ਰਾਹੀਂ ਤਾਂ ਸੀ ਹੀ) ਘਰ ਵਿਚ ਇੱਕ ਵਿਦੇਸ਼ੀ ਔਰਤ ਵੀ ਦਿਸੀ। ਪਿੱਛੋਂ ਉਹਨਾਂ ਨੇ ਜਾਣ-ਪਛਾਣ ਕਰਾਈ। ਉਹ ਆਸਟਰੇਲੀਅਨ ਯੁਵਤੀ ਉਹਨਾਂ ਦੇ ਚਿੱਤਰਾਂ ਦੇ ਕੇਂਦਰੀ ਵਿਸ਼ੇ ਉੱਤੇ ਖੋਜ ਕਰ ਰਹੀ ਸੀ।

**ਮੁਲਾਕਾਤੀ-ਊਸ਼ਾ ਮਹਾਜਨ**

ਡਿਕਟਾਫੋਨ ਕੱਢ ਕੇ ਮੈਂ ਅਜੇ ਮੇਜ਼ ਉੱਤੇ ਰੱਖਿਆ ਹੀ ਸੀ ਕਿ ਦੱਸਣ ਲੱਗੇ, 'ਮੇਰਾ ਜਨਮ ਮੱਧ-ਪ੍ਰਦੇਸ਼ ਦੇ ਇੱਕ ਛੋਟੇ ਜਿਹੇ ਪਿੰਡ ਵਿਚ ਹੋਇਆ। ਮੇਰੇ ਪਿਤਾ ਜੰਗਲਾਤ ਮਹਿਕਮੇ ਵਿਚ ਕੰਮ ਕਰਦੇ ਸਨ। ਮੇਰਾ ਬਚਪਨ ਮੰਡਲਾਂ ਦੇ ਜੰਗਲਾਂ ਵਿਚ ਬੀਤਿਆ। ਆਪਣੇ ਬਚਪਨ ਦਾ ਮੈਨੂੰ ਪੂਰੀ ਤਰ੍ਹਾਂ ਚੇਤਾ ਹੈ। ਫਿਰ ਅਸੀਂ ਦਮੋਹ ਵਿਚ ਰਹੇ। ਹਾਈ ਸਕੂਲ ਦੇ ਇਮਤਿਹਾਨ ਪਿੱਛੋਂ ਮੈਂ ਨਾਗਪੁਰ ਚਲਾ ਗਿਆ। ਉੱਥੇ 'ਨਾਗਪੁਰ ਸਕੂਲ ਆਫ਼ ਆਰਟਸ' ਵਿਚ ਦਾਖਲ ਹੋ ਗਿਆ। 1942 ਵਿਚ ਮੈਂ ਵੀਹ ਸਾਲ ਦਾ ਸੀ। ਬੰਬਈ ਦੇ ਜੇ. ਜੇ. ਸਕੂਲ ਆਫ਼ ਆਰਟਸ ਵਿਚ ਦਾਖਲੇ ਲਈ ਮੈਂ ਬੇਤਾਬ ਸੀ। ਬੰਬਈ ਗਿਆ ਪਰ ਕਈ ਕਾਰਨਾਂ ਕਰਕੇ ਮੇਰਾ ਉੱਥੇ ਦਾਖਲਾ ਨਾ ਹੋ ਸਕਿਆ। ਪਰ ਉੱਥੇ ਹੀ 'ਐਕਸਪ੍ਰੈਸ ਬਲਾਕ ਸਟੂਡੀਓ' ਵਿਚ ਮੈਨੂੰ 40 ਰੁਪਏ ਵਿਚ ਡਿਜ਼ਾਇਨਰ ਦੀ ਨੌਕਰੀ ਮਿਲ ਗਈ। ਮੈਂ 10 ਵਜੇ ਤੋਂ ਲੈ ਕੇ 6 ਵਜੇ ਸ਼ਾਮ ਤੱਕ ਲਗਾਤਾਰ ਕੰਮ ਕਰਦਾ, ਕਿਉਂਕਿ ਮੈਂ ਆਪਣੀ ਜੀਵਿਕਾ ਕਮਾਉਣੀ ਸੀ, ਪਿਤਾ ਜੀ ਰਿਟਾਇਰ ਹੋ ਗਏ ਸੀ ਤੇ ਘਰ ਵਿਚ ਮੇਰੇ ਪੰਜ ਭਰਾ ਤੇ ਇੱਕ ਭੈਣ ਸੀ। ਪਿਤਾ ਨੇ ਉਹਨਾਂ ਸਾਰਿਆਂ ਦੀ ਪਾਲਣਾ ਕਰਨੀ ਸੀ। ਨਾਗਪੁਰ ਵਿਚ ਮੇਰੀ ਪੜ੍ਹਾਈ ਦੇ ਸਮੇਂ ਮੇਰੀ ਮਦਦ ਕਰਨ ਲਈ ਉਹ ਰਿਟਾਇਰਮੈਂਟ ਤੋਂ ਪਿੱਛੋਂ ਦੋ ਸਾਲ ਨੌਕਰੀ ਕਰਦੇ ਰਹੇ ਸੀ।

ਅਤੇ ਮੈਨੂੰ ਜੇ. ਜੇ. ਸਕੂਲ ਆਫ਼ ਆਰਟ ਵਿਚ ਦਾਖਲਾ ਮਿਲ ਗਿਆ। ਉੱਥੇ ਕਲਾ ਦੀ ਪੜ੍ਹਾਈ ਦੇ ਦੌਰਾਨ ਸਾਨੂੰ ਇਹ ਜਾਣਨਾ ਹੁੰਦਾ ਸੀ ਕਿ 'ਯੂਰਪੀ ਯਥਾਰਥਵਾਦ' ਕੀ ਸੀ, ਪੁਨਰ ਜਾਗਰਣ ਕੀ ਸੀ? ਆਧੁਨਿਕ ਕਲਾ ਕੀ ਸੀ? ਇੱਕ ਚਿੱਤਰਕਾਰ ਦੇ ਰੂਪ ਵਿਚ ਮੈਂ ਖੋਜ ਕਰ ਰਿਹਾ ਸੀ। ਮੈਂ ਫਰਾਂਸੀਸੀ ਪ੍ਰਭਾਵਵਾਦੀ ਅਤੇ ਜਰਮਨ ਪ੍ਰਗਤੀਵਾਦੀ ਚਿੱਤਰਕਾਰਾਂ ਤੋਂ ਜ਼ਿਆਦਾ ਪ੍ਰਭਾਵਿਤ ਹੋ ਰਿਹਾ ਸੀ। ਇਹਨਾਂ ਦਿਨਾਂ ਵਿਚ ਮੈਂ ਕਈ ਸ਼ਹਿਰਾਂ ਵਿਚ ਰਹਿ ਕੇ ਚਿੱਤਰ ਬਣਾਏ। ਮੈਂ ਬੰਬਈ ਵਿਚ ਰਿਹਾ। ਨਾਸਿਕ, ਇੰਦੌਰ ਤੇ ਰਾਜਸਥਾਨ ਦੇ ਕਈ ਸ਼ਹਿਰਾਂ ਵਿਚ ਰਿਹਾ। 1948 ਵਿਚ ਮੈਂ ਕਸ਼ਮੀਰ ਚਲਾ ਗਿਆ। ਸ੍ਰੀਨਗਰ, ਭਾਰਤ ਅਜੇ ਆਜ਼ਾਦ ਹੋਇਆ ਹੀ ਸੀ ਤੇ ਅਸੀਂ ਨੌਜਵਾਨ ਲੋਕ ਸਮਝਦੇ ਸੀ ਕਿ 'ਅਸੀਂ ਪਹਾੜਾਂ ਨੂੰ ਵੀ ਹਿਲਾ ਸਕਦੇ ਹਾਂ।' ਉਸ ਪੀੜ੍ਹੀ ਦੇ ਚਿੱਤਰਕਾਰ ਅਸੀਂ ਸੋਚਦੇ ਸੀ ਕਿ ਭਾਰਤੀ ਸਮਕਾਲੀ ਕਲਾ ਨੂੰ ਅਸੀਂ ਸਹੀ ਅਰਥਾਂ ਵਿਚ ਭਾਰਤੀਪਨ ਦੇਣਾ ਹੈ, ਨਾ ਕਿ ਯੂਰਪ ਤੋਂ ਪ੍ਰਭਾਵਿਤ ਹੋ ਕੇ ਕੰਮ ਕਰਨਾ ਹੈ।

ਸਾਨੂੰ ਪੱਛਮ ਦਾ ਯਥਾਰਥਵਾਦ ਸੰਤੁਸ਼ਟ ਨਹੀਂ ਕਰ ਰਿਹਾ ਸੀ। ਸੂਜ਼ਾ, ਐਮ. ਐਫ. ਹੁਸੈਨ, ਗਾਏਤੋਂਡੇ, ਬਾਕਰੇ ਤੇ ਮੈਂ, ਅਸੀਂ ਸਭ ਆਪਣੀ-ਆਪਣੀ ਚੇਤਨਾ ਦੇ ਅਨੁਸਾਰ ਅੱਡ-ਅੱਡ ਤੇ ਨਾਲ ਮਿਲ ਕੇ, ਕੰਮ ਕਰ ਰਹੇ ਸੀ। ਅੰਤ ਅਸੀਂ ਆਪਣਾ ਇੱਕ ਗਰੁੱਪ ਬਣਾਇਆ। ''ਪ੍ਰਗਤੀਸ਼ੀਲ ਕਲਾਕਾਰ ਗਰੁੱਪ'' ਜਿਸਦਾ ਪ੍ਰਸਿੱਧ ਗਾਂਧੀਵਾਦੀ ਲੇਖਕ, ਮੁਲਖ ਰਾਜ ਆਨੰਦ ਨੇ ਬਕਾਇਦਾ ਐਲਾਨ ਕੀਤਾ। ਉਸ ਮੌਕੇ

ਬਾਕੀ ਸਫਾ 30 'ਤੇ



ਅਸੀਂ ਸਾਰਿਆਂ ਨੇ ਤਸਵੀਰਾਂ ਦੀ ਇੱਕ ਪ੍ਰਦਰਸ਼ਨੀ ਵੀ ਲਾਈ ਸੀ। ਇਹ ਇੱਕ ਬਹੁਤ ਵੱਡੀ ਘਟਨਾ ਸੀ, ਕਿਉਂਕਿ ਅਸੀਂ ਬਰਤਾਨਵੀ-ਪ੍ਰੇਰਿਤ ਯਥਾਰਥਵਾਦੀ ਚਿੱਤਰਕਲਾ ਅਤੇ ਰਵਾਇਤੀ ਸ਼ੈਲੀ ਤੋਂ ਵੱਖ ਹੋ ਕੇ ਕੰਮ ਕਰ ਰਹੇ ਸੀ। ਭਾਰਤੀ ਕਲਾ ਦਾ ਨਵ-ਜਾਗਰਣ ਤਾਂ ਬੰਗਾਲ ਤੋਂ ਸ਼ੁਰੂ ਹੋਇਆ ਸੀ। ਨੰਦ ਲਾਲ ਬੋਸ, ਅਮਿਤ ਕੁਮਾਰ ਹਲਦਰ, ਰਵੀਇੰਦਰ ਨਾਥ ਟੈਗੋਰ, ਅਵਨਿੰਦਰ ਨਾਥ ਟੈਗੋਰ, ਯਾਮਿਨੀ ਰਾਏ ਆਦਿ ਰਾਹੀਂ ਅਸੀਂ ਲੋਕ ਕਲਾ ਜਗਤ ਵਿਚ ਬਹੁਤ ਸਰਗਰਮ ਹੋ ਕੇ ਹਿੱਸਾ ਲੈ ਰਹੇ ਸੀ ਤੇ ਭਾਰਤੀ-ਕਲਾ ਨੂੰ ਇੱਕ ਨਵਾਂ ਰਾਹ ਦੇ ਰਹੇ ਸੀ। ਮੈਂ ਬੜੇ ਫਖ਼ਰ ਨਾਲ ਕਹਿ ਸਕਦਾ ਹਾਂ ਕਿ ਸਮਕਾਲੀ ਕਲਾ ਉੱਤੇ ਕੋਈ ਐਸੀ ਕਿਤਾਬ ਨਹੀਂ ਹੋਵੇਗੀ, ਜਿਸ ਵਿਚ 1947-48 ਵਿਚ ਬਣੇ 'ਪ੍ਰੋਗਰੈਸਿਵ ਆਰਟਿਸਟ ਗਰੁੱਪ' ਦਾ ਜ਼ਿਕਰ ਨਾ ਹੋਵੇ।

ਸਾਡੇ ਸਾਰਿਆਂ ਵਿਚ ਆਪਣੇ-ਆਪਣੇ ਖੇਤਰ ਵਿਚ ਅੱਗੇ ਵਧਣ ਦਾ ਤੇ ਕੁਝ ਕਰਨ ਦਾ ਜਜ਼ਬਾ ਸੀ। ਸਾਮੰਤ ਅਮਰੀਕਾ ਚਲੇ ਗਿਆ, ਸੂਜਾ ਨੇ ਲੰਡਨ ਵੱਲ ਮੂੰਹ ਕਰ ਲਿਆ ਤੇ ਮੈਂ ਤਾਂ ਪੈਰਿਸ ਜਾਣ ਦਾ ਪੱਕਾ ਇਰਾਦਾ ਕੀਤਾ ਹੋਇਆ ਸੀ। ਮੇਰੀ ਨਜ਼ਰ ਵਿਚ ਪੱਛਮੀ ਕਲਾ-ਜਗਤ ਵਿਚ ਜੇ ਕਿਤੇ ਕਲਾ ਦਾ ਪ੍ਰਗਟਾਵਾ ਸਭ ਤੋਂ ਵੱਧ ਖਿੱਚ ਪਾਊ ਸੀ ਤਾਂ ਉਹ ਫਰਾਂਸੀਸੀ ਕਲਾ ਹੀ ਸੀ। ਪੈਰਿਸ ਉਹਨੀਂ ਦਿਨੀਂ ਇੱਕ ਮਹੱਤਵਪੂਰਨ 'ਕਲਾ-ਰਾਜਧਾਨੀ' ਸੀ। ਜਿੱਥੇ ਮੈਂ ਆਪਣੇ ਆਪ ਨੂੰ ਹੋਰ ਵਧੇਰੇ ਉੱਚਾ ਬਣਾ ਸਕਦਾ ਸੀ। ਉੱਥੇ ਜਾਣ ਦਾ ਫੈਸਲਾ ਕਰਨ ਦੇ ਨਾਲ-ਨਾਲ ਮੈਂ ਜਾਨ ਮਾਰ ਕੇ ਫਰਾਂਸੀਸੀ ਭਾਸ਼ਾ ਸਿੱਖਣੀ ਸ਼ੁਰੂ ਕਰ ਦਿੱਤੀ। ਕਿਉਂਕਿ ਫਰਾਂਸੀਸੀ ਸਰਕਾਰ ਦੇ ਪ੍ਰਤੀਨਿਧਾਂ ਨੇ ਮੈਨੂੰ ਕਿਹਾ ਸੀ ਕਿ ਜੇ ਆਪ ਨੂੰ ਫਰਾਂਸੀਸੀ ਭਾਸ਼ਾ ਦਾ ਕੰਮ ਚਲਾਊ ਗਿਆਨ ਹੋ ਜਾਵੇ ਤਾਂ ਅਸੀਂ ਆਪ ਨੂੰ ਵਿਦਿਆਰਥੀ ਵਜ਼ੀਫਾ ਦੇ ਕੇ, ਉੱਥੇ ਪੜ੍ਹਨ ਲਈ ਭੇਜ ਸਕਦੇ ਹਾਂ। ਉਹਨਾਂ ਦਿਨਾਂ ਵਿਚ ਦਿੱਲੀ ਵਿਚ 'ਕਲਾਰਡ ਸ਼ੂਨੇ' ਕਲਚਰਲ ਅਟੈਚੀ ਸੀ ਤੇ ਹਾਬਰ ਬੰਬਈ ਵਿਚ ਫਰਾਂਸੀਸੀ ਕੌਂਸਲਰ ਸਨ। ਦੋਵਾਂ ਨੂੰ ਮੇਰੀ ਪੇਂਟਿੰਗ ਪਸੰਦ ਸੀ ਤੇ ਉਹਨਾਂ ਕੋਲ ਮੇਰੀ ਪੇਂਟਿੰਗ ਵੀ ਸੀ। ਮੈਂ ਦੋ ਸਾਲਾਂ ਤੀਕ ਫਰਾਂਸੀਸੀ ਭਾਸ਼ਾ ਸਿੱਖੀ। ਮੇਰੀ ਵਿਧੀ ਅਨੁਸਾਰ ਪ੍ਰੀਖਿਆ ਲਈ ਗਈ 50-60 ਉਮੀਦਵਾਰਾਂ ਵਿਚੋਂ ਇੱਕ ਮੈਂ ਹੀ ਸੀ ਜੋ ਫਰੈਂਚ ਬੋਲ ਵੀ ਸਕਦਾ ਸੀ। ਨਤੀਜੇ ਵਜੋਂ ਮੈਨੂੰ ਇੱਕ ਦੀ ਥਾਂ ਦੋ ਸਾਲ ਤੀਕ ਪੈਰਿਸ ਵਿਚ ਰਹਿ ਕੇ 'ਏਕੋਲ ਨਾ ਸੀਓ ਨਾਲ-ਦੇ-ਬੋਜ਼ਾਈ (ਕਲਾ-ਕਾਲਜ) ਵਿਚ ਪੜ੍ਹਨ ਲਈ ਵਜੀਫਾ ਮਿਲ ਗਿਆ।

ਮੈਂ ਸਮੁੰਦਰੀ ਜਹਾਜ਼ ਵਿਚ ਸਵਾਰ ਹੋ ਕੇ ਪੈਰਿਸ ਲਈ ਕੂਚ ਕੀਤਾ, ਕਿਉਂਕਿ ਹਵਾਈ ਟਿਕਟ ਲੈਣ ਲਈ ਮੇਰੇ ਕੋਲ ਪੈਸੇ ਨਹੀਂ ਸੀ। ਜਹਾਜ਼ ਮਾਰਸੋਈ ਵਿਚ ਰੁਕਿਆ ਤੇ ਉਥੋਂ ਮੈਂ ਪੈਰਿਸ ਆ ਗਿਆ ਤੇ ਆਪਣਾ ਦਾਖਲਾ 'ਏਕੋਲ ਨਾ ਸਿਓ ਨਾਲ-ਦੇ- ਬੀਜਾਈ' ਵਿਚ ਲੈ ਲਿਆ। ਇਹ ਅਨੁਭਵ ਬਿਆਨ ਨਹੀਂ ਕੀਤਾ ਜਾ ਸਕਦਾ। ਮੋਪਾਰਨਾਸ ਵਿਚ ਮੇਰਾ ਪਹਿਲਾ ਦਿਨ। ਬੁਲਵਾਈ ਮੋਪਾਰਨਾਸ ਤੇ ਬੁਲਵਾਈ ਰਾਸ ਪਾਈਮਾਲ ਦੇ ਸੰਗਮ ਉੱਤੇ ਸਥਾਪਿਤ ਰੋਡਾਂ ਦੀ ਬਣਾਈ ਬਾਲਜ਼ਾਕ ਦੀ ਪ੍ਰਤਿਮਾ ਦੇ ਸਾਹਮਣੇ ਖਲੋਤਾ ਹੈ। ਬਹੁਤ ਚੰਗਾ ਲੱਗ ਰਿਹਾ ਸੀ। ਗਲੀ ਵਿਚ ਇੱਕ ਪੋਸਟਰ ਲੱਗਿਆ ਹੋਇਆ ਸੀ, 'ਕੋਲਾਜ-ਦ-ਮਾਤੀਸ' ਪ੍ਰਦਰਸ਼ਨੀ ਦੇ ਬਾਰੇ ਵਿਚ। ਪੈਰਿਸ ਵਿਚ ਉਹ ਪਹਿਲੀ ਪ੍ਰਦਰਸ਼ਨੀ ਸੀ ਜੋ ਮੈਂ ਅਕਬਰ ਪਦਮਸ ਤੇ ਪ੍ਰੀਤੋਸ਼ ਸੇਨ ਨਾਲ ਵੇਖੀ। ਅਗਲੇ ਦਿਨ ਅਸੀਂ ਇੱਕ ਹੋਰ ਪ੍ਰਦਰਸ਼ਨੀ ਵੇਖਣ ਗਏ। ਜਿੱਥੇ ਅਸੀਂ ਵਾਨ ਗਾਗ, ਸੇਜ਼ਾਨ ਅਤੇ ਕਈ ਫਰੈਂਚ ਕਲਾਕਾਰਾਂ ਦੀਆਂ ਕਲਾ-ਕਿਰਤਾਂ ਵੇਖੀਆਂ।

ਮੈਨੂੰ ਪਹਿਲੀ ਨਜ਼ਰ ਤੋਂ ਹੀ ਪੈਰਿਸ ਨਾਲ ਪਿਆਰ ਹੋ ਗਿਆ। ਇੰਝ ਹੀ ਹੁੰਦਾ ਹੈ ਜਾਂ ਤੇ ਤੁਸੀਂ ਪਹਿਲਾਂ ਹੀ ਨਜ਼ਰ ਨਾਲ ਕਿਸੇ ਥਾਂ, ਕਿਸੇ ਵਿਅਕਤੀ ਨੂੰ ਚਾਹੁੰਦੇ ਹੋ ਜਾਂ ਨਹੀਂ ਚਾਹੁੰਦੇ। ਜੇ ਚਾਹੁੰਦੇ ਹੋ ਤਾਂ ਤਹਿ ਦਿਲ ਤੋਂ ਚਾਹੁੰਦੇ ਹੋ। ਮੈਂ ਇਥੇ ਬਹੁਤ ਖੁਸ਼ ਸੀ। ਮੈਂ ਦੋ ਸਾਲਾਂ ਤੀਕ ਏਕੋਲ-ਦੇ- ਬੋਜਾਈ ਵਿਚ ਪੜ੍ਹਾਈ ਕੀਤੀ ਤੇ ਉਸ ਤੋਂ ਪਿੱਛੋਂ 'ਏਕੋਲ-ਦਾ-ਪਾਰਿਸ' ਵਿਚ। ਇਹ ਮੇਰਾ ਜੀਵਨ ਦਾ ਸੁੱਖ ਸੀ। ਕਲਾ ਵੀ ਮੇਰੀ ਸੰਪੂਰਨ ਸਿੱਖਿਆ ਤੇ ਮੇਰੇ ਜੀਵਨ ਦਾ ਇਤਿਹਾਸ।

1959 ਵਿਚ ਮੈਂ ਇੱਕ ਫਰਾਂਸੀਸੀ ਚਿੱਤਰਕਾਰ ਜ਼ਿਆਨੀਨ ਮੋਜਈਲਾ ਨਾਲ ਸ਼ਾਦੀ ਕਰ ਲਈ। ਸਾਡਾ 42 ਸਾਲ ਦਾ ਵਿਆਹਕ ਜੀਵਨ ਬੇਹੱਦ ਖੁਸ਼ਗਵਾਰ ਰਿਹਾ, ਪਰ ਅਫ਼ਸੋਸ ਬੜੀ ਸੇਵਾ ਸੰਭਾਲ ਤੇ ਦੇਖਭਾਲ ਦੇ ਬਾਵਜੂਦ, ਇੱਕ ਲੰਬੀ ਬੀਮਾਰੀ ਤੋਂ ਪਿੱਛੋਂ ਉਹ 2002 ਵਿਚ ਚੱਲ ਵਸੀ। ਹੁਣ ਮੈਂ ਇਕੱਲਾ ਹਾਂ ਜਾਂ ਮੇਰਾ ਕੰਮ।

ਪਿਛਲਾ ਸਾਲ ਬਹੁਤ ਚੰਗਾ ਰਿਹਾ। ਕਈ ਥਾਈਂ ਮੇਰੀਆਂ ਕਲਾ-ਕ੍ਰਿਤਾਂ ਦੀਆਂ ਨੁਮਾਇਸ਼ਾਂ ਲੱਗੀਆਂ। ਅਗਲੇ ਸਾਲ ਮੇਰੀਆਂ ਪ੍ਰਦਰਸ਼ਨੀਆਂ ਲੰਡਨ, ਨਿਊਯਾਰਕ ਤੇ ਦਿੱਲੀ ਵਿਚ ਲੱਗਣ ਵਾਲੀਆਂ ਹਨ। ਜਿਵੇਂ ਕਿ ਤੂੰ ਜਾਣਦੀ ਹੈ ਚਿੱਤਰਕਾਰੀ ਦੇ ਪੈਸੇ ਪਿੱਛੇ ਪਾਗਲ ਭੀੜ ਲੱਗੀ ਹੈ, ਪਰ ਮੈਂ ਪੈਸੇ ਦੇ ਪਿੱਛੇ ਨਹੀਂ ਭੱਜਦਾ। ਆਰਥਿਕ ਤਰੱਕੀ ਤੋਂ ਮੈਂ ਨਿਰਲੇਪ ਨਹੀਂ ਹਾਂ, ਪਰ ਮੈਂ ਸਮਝਦਾ ਹਾਂ ਕਿ ਮਹੱਤਤਾ ਕਲਾ ਦੇ ਹਿੱਤਾਂ ਨੂੰ ਮਿਲਣੀ ਚਾਹੀਦੀ। ਇਹ ਉਸੇ ਤਰ੍ਹਾਂ ਹੈ, ਜਿਵੇਂ ਕਿ ਆਪ ਕਿਸੇ ਇਸਤਰੀ ਜਾਂ ਪੁਰਸ਼ ਨੂੰ ਮਿਲਦੇ ਹੋ ਤਾਂ ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਉਸਨੂੰ ਪਸੰਦ ਕਰਦੇ ਹੋ ਜਾਂ ਨਹੀਂ। ਜੇ ਕਰਦੇ ਹੋ ਤਾਂ ਉਸਦੇ ਰੁਪਏ, ਪੈਸੇ, ਧੰਨ-ਦੌਲਤ ਤੇ ਸੁੱਖ-ਆਰਾਮ ਕਾਰਨ ਨਹੀਂ ਸਗੋਂ ਉਸਦੇ ਪੂਰੇ-ਸੂਰੇ ਵਿਅਕਤਿਤਵ ਕਾਰਨ। ਉਸੇ ਤਰ੍ਹਾਂ ਮੈਂ ਆਪਣੇ ਮਿੱਤਰ ਤੇ ਕਲਾ-ਪ੍ਰੇਮੀਆਂ ਨੂੰ ਆਖਦਾ ਹਾਂ ਕਿ ਆਪ ਆਪਣੇ ਦਿਲ ਨੂੰ ਟਟੋਲੇ ਕਿ ਫਲਾਣੀ ਪੇਂਟਿੰਗ ਤੁਹਾਨੂੰ ਚੰਗੀ ਲੱਗੀ ਹੈ ਜਾਂ ਨਹੀਂ। ਸਿਰਫ਼ ਉਸਦੀ ਕੀਮਤ ਵੇਖ ਕੇ ਹੀ ਉਸਨੂੰ ਨਾ ਖਰੀਦੋ। ਤੁਸਾਂ ਉਸ ਪੇਂਟਿੰਗ ਨਾਲ ਜੀਵਨ ਭਰ ਰਹਿਣਾ ਹੈ, ਇਹ ਨਹੀਂ ਕਿ ਪੈਸਾ ਲਗਾਉਣ ਲਈ ਖਰੀਦ ਲਵੋ ਤੇ ਪਿੱਛੋਂ ਵੇਚ ਕੇ ਪੈਸਾ ਕਮਾਓ।

? : ਪਰ ਜਿਵੇਂ ਕਿ ਆਪ ਨੇ ਖ਼ੁਦ ਹੀ ਆਖਿਆ ਹੈ, ਕਿ 'ਕਲਾ-ਜਗਤ' ਵਿਚ ਪੈਸੇ ਦਾ ਉਛਾਲ ਆਇਆ ਹੋਇਆ ਹੈ। ਬਹੁਤ ਸਾਰੇ ਚਿੱਤਰਕਾਰ ਤਾਂ ਪੈਸੇ ਲਈ ਹੀ ਧੜਾ-ਧੜ ਪੇਂਟ ਕਰ ਰਹੇ ਹਨ?

- : ਹਾਂ, ਇਹ ਬੜੇ ਦੁੱਖ ਦੀ ਗੱਲ ਹੈ। ਮੈਨੂੰ ਇਸ ਬਾਰੇ ਅਫਸੋਸ ਹੈ। ਪਰ ਮੈਂ ਆਪਨੂੰ ਦੱਸਦਾ ਹਾਂ ਕਿ ਮੈਂ ਇਸ ਸਭ ਕੁਝ ਤੋਂ ਨਿਰਲੇਪ ਹਾਂ। ਮੈਂ ਗੈਲਰੀ ਵਾਲੇ ਤੇ ਪ੍ਰਬੰਧਕਾਂ ਨੂੰ ਦੱਸਦਾ ਹਾਂ ਕਿ ਮੈਨੂੰ ਪੈਸੇ ਦੀ ਇੱਛਾ ਨਹੀਂ ਹੈ। ਪੇਂਟਿੰਗ ਦੇ ਮੁੱਲ ਬਾਰੇ ਤਰਕ ਸੰਗਤ ਰਹਿਣਾ ਚਾਹੀਦਾ ਹੈ। ਪੈਸੇ ਦੇ ਪਿੱਛੇ ਭੱਜਣ ਦਾ ਇਹ ਪਾਗਲਪੁਣਾ ਸੱਚਮੁੱਚ ਬਹੁਤ ਬੁਰਾ ਹੈ। ਜੋ ਕਲਾਕਾਰ ਇਹ ਕਹਿ ਰਹੇ ਹਨ ਕਿ ਦਰਮਿਆਨੇ ਦਰਜ਼ੇ ਦੀ ਮਾਨਸਿਕਤਾ ਦੇ ਮਾਲਕ ਪੇਂਟਰ ਹਨ ਤੇ ਉਹਨਾਂ ਨੇ ਕਲਾ ਦੀ ਅਸਲੀ ਕੀਮਤ ਦੀ ਰਾਹ ਗਵਾ ਲਈ ਹੈ। ਮੈਨੂੰ ਪੈਰਿਸ ਵਿਚ 1956 ਵਿਚ ਪ੍ਰਸਿੱਧ ਪੁਰਸਕਾਰ 'ਫਰੀ-ਦਾ-ਲਾ ਨਿਰਟੀਕ' ਮਿਲ ਚੁੱਕਿਆ ਹੈ। ਉਸਦੇ ਨਾਲ ਹੀ ਮੈਂ ਰਾਤੋ-ਰਾਤ ਪ੍ਰਸਿੱਧ ਹੋ ਗਿਆ ਹਾਂ। 'ਲਾ ਮਾਂਦ ਫਿਗਾਰੋ' ਇਨਫਰਮੇਸ਼ਨ ਸਭ ਅਖ਼ਬਾਰਾਂ ਨੇ ਮੇਰੇ ਬਾਰੇ ਲਿਖਿਆ ਪੈਰਿਸ ਵਿਚ ਹੀ ਨਹੀਂ ਲੰਡਨ, ਅਮਰੀਕਾ, ਜਰਮਨੀ, ਹਾਲੈਂਡ - ਸਭਨਾਂ ਦੀ ਪ੍ਰੈਸ ਨੇ ਉਹਨੀਂ ਦਿਨੀਂ ਮੇਰੇ ਬਾਰੇ ਛਾਪਿਆ। ਪੈਰਿਸ ਵਿਚ ਰਹਿ ਕੇ, ਛੇ ਸਾਲਾਂ ਤੱਕ ਮੈਂ ਬੜੀ ਮਿਹਨਤ ਕੀਤੀ। ਤਦ ਜਾ ਕੇ ਮੈਨੂੰ ਇਹ ਪੁਰਸਕਾਰ ਮਿਲਿਆ। ਸੋ, ਮਤਲਬ ਕੰਮ ਕਰਨ ਤੋਂ ਹੈ, ਪੈਸੇ ਕਮਾਉਣ ਤੋਂ ਨਹੀਂ। ਤੁਹਾਨੂੰ ਪਤਾ ਹੈ, ਵਿੰਨਸੈਂਟ ਵਾਨ ਗਾਗ ਨੇ ਆਪਣੇ ਜੀਵਨ ਵਿਚ ਸਿਰਫ਼ ਆਪਣੀ ਇੱਕ ਹੀ ਪੇਂਟਿੰਗ ਵੇਚੀ ਸੀ। ਉਸਦਾ ਭਰਾ ਅਤੇ ਕੁਝ ਹੋਰ ਫਰੈਂਚ ਚਿੱਤਰਕਾਰ ਉਸਦੀ ਮਦਦ ਕਰਦੇ ਸੀ। ਮੈਨੂੰ ਇਹਨਾਂ ਨੌਜਵਾਨ ਚਿੱਤਰਕਾਰਾਂ ਨੂੰ ਵੇਖ ਕੇ ਬੜਾ ਦੁੱਖ ਲੱਗਦਾ ਹੈ ਕਿ ਉਹ ਇੱਕ ਤੋਂ ਬਾਅਦ ਇੱਕ ਪੇਂਟਿੰਗ ਬਣਾਉਂਦੇ ਹਨ, ਕਿਉਂਕਿ ਉਹ ਆਸਾਨੀ ਨਾਲ ਉਸਨੂੰ ਵੇਚ ਲੈਂਦੇ ਹਨ, ਜਦਕਿ ਉਹਨਾਂ ਨੂੰ ਆਪਣੇ ਕੰਮ ਵਿਚ ਗੁਣਵਤਾ ਲਿਆਉਣ ਲਈ ਹੋਰ ਮਿਹਨਤ ਕਰਨੀ ਚਾਹੀਦੀ ਹੈ।

ਫਰੀਹ-ਦਾ-ਲਾ ਕਿਰਟੀਕ ਪੁਰਸਕਾਰ ਪਾਉਣ ਵਾਲਾ ਮੈਂ ਪਹਿਲਾਂ ਵਿਦੇਸ਼ੀ ਸੀ। ਉਸਤੋਂ ਪਹਿਲਾਂ ਕਿਸੇ ਵੀ ਵਿਦੇਸ਼ੀ ਨੂੰ ਫਰਾਂਸ ਦਾ ਇਹ ਵਕਾਰੀ ਪੁਰਸਕਾਰ ਨਹੀਂ ਮਿਲਿਆ ਸੀ। ਚੌਦਾਂ ਕਲਾ ਮਾਹਰਾਂ ਨੇ ਮੇਰੀਆਂ ਕਲਾ-ਕਿਰਤਾਂ ਨੂੰ ਜਾਂਚਿਆ - ਪਰਖਿਆ ਸੀ ਤਾਂ ਜਾ ਕੇ ਇਹ ਤੈਅ ਕੀਤਾ ਕਿ ਇਹ ਮੈਨੂੰ ਮਿਲੇ। ਤੇ ਕਲਾ ਦੀ ਦੁਨੀਆਂ ਵਿਚ ਨਾਂ ਕਮਾਉਣ ਲਈ ਬੜੀ ਮਿਹਨਤ ਦੀ ਜ਼ਰੂਰਤ ਹੈ।

ਮੈਂ ਪਿਛਲੇ ਵੀਹ ਸਾਲਾਂ ਤੋਂ ਚੁੱਪ-ਚਾਪ ਕੰਮ ਕਰ ਰਿਹਾ ਹਾਂ ਤੇ ਆਪਣੀਆਂ ਕਲਾ ਕਿਰਤਾਂ ਨੂੰ ਢੁਕਵੇਂ ਮੁੱਲ ਉੱਤੇ ਵੇਚ ਰਿਹਾ ਹਾਂ। ਮੈਂ ਅੱਜਕੱਲ ਇਕਾਂਤ ਵਿਚ ਕੰਮ ਕਰਦਾ ਹਾਂ ਤੇ ਬਹੁਤ ਜ਼ਿਆਦਾ ਲੋਕਾਂ ਨੂੰ ਨਹੀਂ ਮਿਲਦਾ।

? : ਤੁਸੀਂ ਐਮ. ਐਫ. ਹੁਸੈਨ ਦੁਆਰਾ ਆਪਣੇ ਚਿੱਤਰਾਂ ਬਾਰੇ ਪੈਦਾ ਕੀਤੇ ਵਿਵਾਦਾਂ ਬਾਰੇ ਕੀ ਆਖੋਗੇ? ਕੀ ਤੁਸੀਂ ਵੀ ਆਪਣੇ ਜੀਵਨ ਵਿਚ ਕਦੇ ਆਪਣੇ ਚਿੱਤਰਾਂ ਦੁਆਰਾ ਕੋਈ ਵਾਦ-ਵਿਵਾਦ ਪੈਦਾ ਕੀਤਾ?

- : ਮੈਂ ਅਲੰਕਾਰਕ ਚਿੱਤਰ ਨਹੀਂ ਬਣਾਉਂਦਾ। ਉਂਝ ਵੀ ਮੈਂ ਸਰਬਜਨਕ ਪ੍ਰਕਾਰ ਦੇ ਵਾਦ-ਵਿਵਾਦਾਂ ਵਿਚ ਪੈਣਾ ਪਸੰਦ ਨਹੀਂ ਕਰਦਾ। ਮੈਂ ਇਸ ਤੋਂ ਦੂਰ ਹੀ ਰਹਿਣਾ ਚਾਹੁੰਦਾ ਹਾਂ। ਮੈਨੂੰ ਹੁਸੈਨ ਨੂੰ ਲੈ ਕੇ ਚੱਲੇ ਵਿਵਾਦਾਂ ਨੂੰ ਸੁਣਕੇ ਦੁੱਖ ਲੱਗਦਾ ਹੈ। ਉਹ ਇੱਕ ਵੱਡਾ ਪੇਂਟਰ ਹੈ। ਉਸ ਉੱਤੇ ਇਸ ਤਰ੍ਹਾਂ ਦੀਆਂ ਤੋਹਮਤਾਂ ਨਹੀਂ ਲੱਗਣੀਆਂ ਚਾਹੀਦੀਆਂ। ਪਰ ਬਾਤ ਇਹ ਹੈ ਕਿ ਹਰ ਕਲਾਕਾਰ ਆਪਣੀ-ਆਪਣੀ ਤਰ੍ਹਾਂ ਨਾਲ ਕੰਮ ਕਰਦਾ ਹੈ। ਹੁਸੈਨ ਆਪਣੇ ਨਾਲ, ਸੂਜਾ ਆਪਣੀ ਤਰ੍ਹਾਂ ਨਾਲ ਤੇ ਗਾਏ ਤੋਂਡੇ ਆਪਣੇ ਮੁਤਾਬਿਕ। ਮੈਂ ਆਪਣਾ ਜੀਵਨ ਆਪਣੀ ਤਰ੍ਹਾਂ ਨਾਲ ਜੀ ਰਿਹਾ ਹਾਂ ਅਤੇ ਕਿਉਂਕਿ ਮੇਰਾ ਕੰਮ ਘੱਟ ਸਰੀਰਕ ਹਾਵ-ਭਾਵ ਹੈ। ਐਬਸਟਰੈਕਟ (ਅਮੂਰਤ) ਹੈ ਤੇ ਭਾਰਤੀ ਸੰਸਕ੍ਰਿਤੀ ਉੱਤੇ ਅਧਾਰਿਤ ਹੈ, ਇਸ ਲਈ ਸਾਡੇ ਵਿਚ ਵਿਵਾਦਾਂ ਦੀ ਘੱਟ ਸੰਭਾਵਨਾ ਹੈ। ਮੈਂ ਕਿਸੇ ਨੂੰ ਵੀ ਤਕਲੀਫ ਨਹੀਂ ਪਹੁੰਚਾਉਂਦਾ।

? : ਆਪ ਪੈਰਿਸ ਵਿਚ ਰਹਿੰਦੇ ਹੋਏ ਵੀ ਭਾਰਤ ਨਾਲ ਐਨੀ ਨੇੜਤਾ ਤੇ ਇਕਮਿਕਤਾ ਨਾਲ ਕਿਵੇਂ ਜੁੜੇ ਰਹਿ ਸਕੇ ਹੋ?

- : ਵੈੱਲ! ਮੈਂ ਇੱਕ ਭਾਰਤੀ ਨਾਗਰਿਕ ਹਾਂ। ਭਾਰਤ ਵਿਚ ਜੰਮਿਆ, ਹਿੰਦੀ ਮੇਰੀ ਭਾਸ਼ਾ ਹੈ। ਮੈਂ ਇੱਥੇ ਰਹਿ ਕੇ ਵੀ ਆਪਣੇ ਦੇਸ਼ ਨਾਲ ਜੀਵੰਤ ਰਿਸ਼ਤਾ ਬਣਾਈ ਰੱਖਿਆ ਹੈ। ਇਥੇ ਆ ਕੇ ਤਾਂ ਮੈਂ ਹੋਰ ਵੀ ਭਾਰਤੀ ਬਣ ਗਿਆ ਹਾਂ। ਹਰ ਸਾਲ ਭਾਰਤ ਜਾਂਦਾ ਹਾਂ। ਮੇਰਾ ਪਾਸਪੋਰਟ ਭਾਰਤੀ ਹੈ। ਮੈਂ ਆਪਣੀ ਭਾਰਤੀ ਨਾਗਰਿਕਤਾ ਕਾਇਮ ਰੱਖੀ ਹੈ। ਮੈਨੂੰ ਸੰਸਕ੍ਰਿਤ ਦੇ ਸ਼ਲੋਕ ਕੰਠ ਹਨ। ਮੈਂ ਲੋਕਾਂ ਨਾਲ ਹਿੰਦੀ ਵਿਚ ਗੱਲ ਕਰਦਾ ਹਾਂ। ਮੈਂ ਹੁਣ ਵੀ ਆਪਣੇ ਪ੍ਰਾਇਮਰੀ ਸਕੂਲ ਦੇ ਪੜਾਕੂਆਂ ਨੂੰ ਯਾਦ ਕਰਦਾ ਹਾਂ। ਨੰਦ ਲਾਲ ਆਰੀਆ, ਬੇਨੀ ਪ੍ਰਸ਼ਾਦ ਜੀ, ਭੋਲੇ ਸ਼ੰਕਰ ਜੀ। ਭਾਰਤ ਮੇਰੇ ਲਹੂ ਵਿਚ ਹੈ, ਮੇਰੇ ਪੂਰੇ ਸਿਸਟਮ ਵਿਚ ਹੈ। ਮੈਂ ਉਸਨੂੰ ਭੁੱਲ ਨਹੀਂ ਸਕਦਾ। ਇਹ ਇੱਕਦਮ ਸੁਭਾਵਿਕ ਹੈ। ਲੰਘੇ ਫਰਵਰੀ ਮਹੀਨੇ ਵਿਚ ਮੈਂ ਮੰਡਲਾ ਤੇ ਦਮੋਹ ਗਿਆ। ਉਹਨਾਂ ਥਾਵਾਂ ਨੂੰ ਦੇਖਿਆ, ਜਿੱਥੇ ਮੇਰਾ ਬਚਪਨ ਬੀਤਿਆ ਸੀ।

ਮੈਂ ਆਪਣੇ ਉਸ ਸਕੂਲ ਵਿਚ ਗਿਆ, ਜਿੱਥੇ ਬਚਪਨ ਵਿਚ ਮੈਂ ਆਪਣੀ ਪੜ੍ਹਾਈ ਕੀਤੀ ਸੀ। ਮੈਂ ਐਨਾ ਭਾਵੁਕ ਹੋ ਗਿਆ ਕਿ ਉੱਥੇ ਹੀ ਸੜਕ ਉੱਤੇ ਬੈਠ, ਫਾਟਕ ਦੇ ਸਾਹਮਣੇ ਝੁਕ ਗਿਆ। ਮੈਂ ਉੱਥੇ ਨਮਸਕਾਰ ਕੀਤੀ। ਉਸ ਧਰਤੀ ਨੂੰ ਚੁੰਮਿਆ। ਮੈਂ ਇਹ ਸਭ ਕੁਝ ਆਪਣੇ ਲਈ ਕੀਤਾ। ਇਹ ਕਰਜ਼ ਉਤਾਰਨ ਦਾ ਯਤਨ ਸੀ, ਇਹੀ ਹਿੰਦੂ ਵਿਧੀ ਹੈ। ਔਰਤਾਂ ਮੇਰੇ ਲਈ ਦੇਵੀਆਂ ਦੇ ਬਰਾਬਰ ਹਨ। ਮੈਂ ਉਹਨਾਂ ਦਾ ਨਿਰਾਦਰ ਨਹੀਂ ਕਰਦਾ। ਮੈਂ ਔਰਤਾਂ ਵਿਚ ਸਤੀ ਦਾ ਰੂਪ ਵੇਖਣ ਦੇ ਸਖ਼ਤ ਖਿਲਾਫ਼ ਹਾਂ। ਮੈਂ ਨਹੀਂ ਚਾਹੁੰਦਾ ਕਿ ਉਹਨਾਂ ਨੂੰ ਸਿਰਫ਼ ਬੱਚਿਆਂ ਦੀ ਦੇਖਭਾਲ ਤੇ ਪਤੀ ਦੀ ਸੇਵਾ ਕਰਨ ਵਾਲੀ ਹੀ ਸਮਝਿਆ ਜਾਵੇ। ਮੈਂ ਸਮਝਦਾ ਹਾਂ ਕਿ ਇਸਤਰੀ ਬਿਨਾਂ ਪੁਰਸ਼ ਕੁਝ ਵੀ ਨਹੀਂ ਕਰ ਸਕਦਾ।

ਸੰਤ ਗਿਆਨੇਸ਼ਵਰ ਦੀ ਭੈਣ ਮੁਕਤੀ ਬਾਈ ਲਿਖਦੀ ਹੈ, ''ਮੂੰਗੀ ਉੜਾਲੀ ਆਕਾਸ਼ੀ, ਤੂਨੇ ਘੇਰਾਲੀ ਸੂਰੇਯਾਸ਼ੀ'' ਅਰਥਾਤ ਇੱਕ ਚਿੜੀ ਆਕਾਸ਼ ਵਿਚ ਉੱਡਦੀ ਹੈ ਤੇ ਸੂਰਜ ਨੂੰ ਨਿਗਲ ਜਾਂਦੀ ਹੈ। ਸਾਡੇ ਦੇਸ਼ ਦੀ ਕਿਆ ਮਾਣਯੋਗ ਸੱਭਿਅਤਾ ਹੈ। ਇਸ ਤਰ੍ਹਾਂ ਦੀ ਕਲਪਨਾ ਕਰਨਾ ਹੀ ਵਿਅਕਤੀ ਨੂੰ ਅਮਰ ਬਣਾਉਣ ਦਾ ਯਤਨ ਹੈ। ਤੇ ਮੇਰੇ ਪਿਆਰੇ ਮਿੱਤਰੋ, ਸੰਨ 75-80 ਤੋਂ ਮੇਰਾ ਯਤਨ ਰਿਹਾ ਹੈ ਕਿ ਮੈਂ ਆਪਣੀਆਂ ਕਲਾ-ਕਿਰਤਾਂ ਵਿਚ ਭਾਰਤੀ ਪ੍ਰਤੀਕਾਂ, ਭਾਰਤੀ ਦਰਸ਼ਨ, ਭਾਰਤੀ ਚਿੰਤਨ ਨੂੰ ਉਤਾਰਾਂ ਤੇ ਮੈਂ ਇਹੀ ਕਰਦਾ ਰਿਹਾ ਹਾਂ। ਇਸੇ ਲਈ ਉਸ ਵਿਚ ਬਿੰਦੂ ਹੈ, ਕੁੰਡਲਿਨੀ ਹੈ, ਪ੍ਰਕਿਰਤੀ ਹੈ।

? : ਤੁਸੀਂ ਫਰਾਂਸ ਵਿਚ ਕੰਮ ਕਰ ਰਹੇ ਸਮਕਾਲੀ ਭਾਰਤੀ ਮੂਲ ਦੇ ਚਿੱਤਰਕਾਰਾਂ ਬਾਰੇ ਕੀ ਸੋਚਦੇ ਹੋ?

- : ਹਾਂ, ਪੈਰਿਸ ਵਿਚ ਸੱਚਮੁੱਚ ਹੀ ਬਹੁਤ ਚੰਗੇ ਭਾਰਤੀ ਮੂਲ ਦੇ ਪੇਂਟਰ ਕੰਮ ਕਰ ਰਹੇ ਹਨ। ਵਿਸ਼ਵਰਧਨ ਬਹੁਤ ਵਧੀਆ ਹਨ। ਫਸਟ ਕਲਾਸ। ਰਾਜਿੰਦਰ ਧਵਨ ਹਨ, ਜੋ ਬਹੁਤ ਸਿੱਕੇ ਬੰਦ ਅਤੇ ਮਹੱਤਵਪੂਰਨ ਕਲਾਕਾਰ ਹਨ। ਇੱਥੇ ਸੁਜਾਤਾ ਬਜਾਜ ਹਨ ਜੋ 10 ਸਾਲ ਪਹਿਲਾਂ ਫਰਾਂਸ ਆਈ ਸੀ। ਸਤੀਸ਼ ਪਾਚਾਲ ਹਨ, ਜੋ ਬਹੁਤ ਦਿਲਚਸਪ ਕੰਮ ਕਰ ਰਹੇ ਹਨ। ਮੈਂ ਕੇਵਲ ਉਹਨਾਂ ਵਿਚ ਹੀ ਰੁਚੀ ਰੱਖਦਾ ਹਾਂ। ਜਿਹਨਾਂ ਦੀ ਕਲਾ-ਜਗਤ ਨੂੰ ਕੋਈ ਨਿੱਜੀ ਦੇਣ ਹੈ, ਤੇ ਜਿਹਨਾਂ ਦੀ ਆਪਣੀ ਹੀ ਸ਼ੈਲੀ ਹੈ, ਸੁਭਾਅ ਹੈ। ਇਹ ਨਾ ਭੁੱਲੋ ਕਿ ਭਾਰਤ ਵਿਚ ਵੀ ਇਸੇ ਤਰ੍ਹਾਂ ਕੁਝ ਪੇਂਟਰ ਚੰਗਾ ਕੰਮ ਕਰ ਰਹੇ ਹਨ। ਅਸੀਂ ਹੁਸੈਨ ਦੀਆਂ ਪੇਂਟਿੰਗਜ਼ ਦੇ ਮਹੱਤਵ ਨੂੰ ਵੀ ਨਕਾਰ ਨਹੀਂ ਸਕਦੇ, ਬਾਵਜੂਦ ਉਸਦੀਆਂ ਕਮਜੋਰੀਆਂ ਦੇ। ਕਦੇ-ਕਦੇ ਉਹ ਇੱਕ ਦੇ ਬਾਅਦ ਇੱਕ ਪੇਂਟਿੰਗ ਬਣਾਈ ਚਲੇ ਜਾਂਦੇ ਹਨ। ਪਰ ਉਹਨਾਂ ਨੇ ਕਈ ਬੜੇ ਮਹੱਤਵਪੂਰਨ ਕੰਮ ਕੀਤੇ ਹਨ। ਉਸਨੂੰ ਸਮਕਾਲੀ ਭਾਰਤੀ ਚਿਤਰਕਲਾ ਦੇ ਇਤਿਹਾਸ ਵਿਚੋਂ ਕੱਢਿਆ ਨਹੀਂ ਜਾ ਸਕਦਾ, ਭਾਵੇਂ ਕਿ ਉਸਦੇ ਵਿਰੁੱਧ ਕਿਸੇ ਤਰ੍ਹਾਂ ਦੀ ਆਲੋਚਨਾ ਕਿਉਂ ਨਾ ਹੁੰਦੀ ਹੋਵੇ।

ਹੁਣ ਬਾਤ ਇਹ ਹੈ ਕਿ ਮੇਰੀ ਮੂਲ ਧਾਰਨਾ ਇਹ ਹੈ ਕਿ ਭਾਰਤੀ ਚਿੱਤਰਕਾਰੀ ਨੂੰ ਆਪਣੀ ਆਤਮਾ ਦੀ ਆਵਾਜ਼ ਦੇ ਅਨੁਸਾਰ ਮੌਲਿਕ ਪ੍ਰਕਾਰ ਦੀਆਂ ਖੋਜਾਂ ਉੱਤੇ ਕੇਂਦਰਤ ਕਰਨਾ ਚਾਹੀਦਾ ਅਤੇ ਆਪਣੇ ਅੰਤਰ ਗਿਆਨ ਅਤੇ ਅੰਦਰਲੀ ਜੋਤੀ ਦੇ ਅਨੁਕੂਲ ਆਪਣੇ ਕੰਮ ਦਾ ਵਿਕਾਸ ਕਰਨਾ ਚਾਹੀਦਾ। ਹੁਣ ਵੇਖੋ ਕਿ ਮੈਂ ਆਪ ਨੂੰ ਇਹ ਸ਼ਬਦ ਕਹਿ ਰਿਹਾ ਹਾਂ ਤੇ ਮੈਂ ਚਾਹੁੰਦਾ ਹਾਂ ਕਿ ਦੇਸ਼ ਦੇ ਲੋਕੀ, ਜੋ ਦੇਸ਼ ਵਿਚ ਰਹਿੰਦੇ ਹਨ, ਉਹਨਾਂ ਨੂੰ ਇਸ ਗੱਲ ਦਾ ਪਤਾ ਹੋਵੇ।

ਦੇਸ਼ ਵਿਚ ਵੀ ਲੋਕਾਂ ਨੂੰ ਆਪਣੇ ਦੇਸ਼ ਦੀਆਂ ਯਾਦਾਂ ਦੇ ਬਾਰੇ ਪਤਾ ਨਹੀਂ ਹੈ। ਇਹ ਜਾਣਕੇ ਮੈਨੂੰ ਬਹੁਤ ਦੁੱਖ ਹੁੰਦਾ ਹੈ। ਮੈਂ ਪੂਨੇ ਜਾਂਦਾ, ਲੋਕਾਂ ਨੂੰ ਪੁੱਛਦਾ ਹਾਂ ਕਿ ਮੁਕਤਾ ਬਾਈ ਕੌਣ ਸੀ?ਜਾਣਦੇ ਹੋ, ਉਹਨਾਂ ਨੂੰ ਪਤਾ ਨਹੀਂ ਹੁੰਦਾ। ਉਹ ਨਹੀਂ ਜਾਣਦੇ ਕਿ ਉਹ ਸੰਤ ਗਿਆਨੇਸ਼ਵਰ ਦੀ ਭੈਣ ਸੀ। ਵਿਦਵਾਨ ਭੈਣ। ਉਹ ਸੰਤ ਗਿਆਨੇਸ਼ਵਰ ਨੂੰ ਨਹੀਂ ਜਾਣਦੇ, ਸੰਤ ਤੁੱਕਾਰਾਮ ਨੂੰ ਨਹੀਂ ਜਾਣਦੇ ਤਾਂ ਮੈਨੂੰ ਦੁੱਖ ਲੱਗਦਾ ਹੈ। ਮੈਂ ਇੱਥੇ ਪੈਰਿਸ ਵਿਚ ਬੈਠਾ ਸੁਣਦਾ ਹਾਂ। ''ਮੂੰਗੀ ਲੜਾਈ ਤੈਨੇ ਬੰਗਲੀ ਮੂਰਛਾਈ।'' ਮੇਰੇ ਕੋਲ ਇਸਦਾ ਰਿਕਾਰਡ ਹੈ। ਮੂੰਗੀ ਉੜਾਲੀ ਅਰਥਾਤ ਇੱਕ ਕੀੜੀ ਆਕਾਸ਼ ਵੱਲ ਉੱਡਦੀ ਹੈ ਤੇ ਸੂਰਜ ਨੂੰ ਨਿਗਲ ਜਾਂਦੀ ਹੈ..... ਅਰਥਾਤ ਮੇਰੇ ਵਰਗਾ ਸਾਧਾਰਨ ਇੱਕ ਆਦਮੀ ਪੈਰਿਸ ਆਉਂਦਾ ਹੈ ਤੇ ਪੈਰਿਸ ਨੂੰ ਜਿੱਤ ਲੈਂਦਾ ਹੈ।

? : 'ਬਿੰਦੂ' ਤੁਹਾਡਾ ਕੇਂਦਰੀ ਥੀਮ (ਵਿਸ਼ਾ) ਹੈ। ਜ਼ਿਆਦਾਤਰ ਪੇਂਟਿੰਗਜ਼ ਵਿਚ?

- : ਬਿੰਦੂ ਵਿਚ ਬੇਅੰਤ ਸੰਭਾਵਨਾਵਾਂ ਹਨ। ਇਹ ਇੱਕ ਸੰਘਣਾ ਰੂਪ ਹੈ। ਭਾਰਤੀ ਇੱਛਾ ਵਿਚ ਇਹ ਅਤਿ ਛੋਟਾ ਆਕਾਰ ਹੈ। ਬੀਜ ਜਿਹਾ। ਜਿਵੇਂ ਬੀਜ ਵਿਚ ਹੀ ਸਾਰੀ ਗੁਪਤ ਸ਼ਕਤੀ ਲੁਕੀ ਹੁੰਦੀ ਹੈ। ਉਸੇ ਤਰ੍ਹਾਂ ਆਪਨੇ ਇਸਨੂੰ ਧਰਤੀ ਦੇ ਅੰਦਰ ਪਾਉਣਾ ਹੈ, ਬੱਸ ਪਾਣੀ ਨਾਲ ਸਿੰਝਣਾ ਹੈ ਤੇ ਇਹ ਇੱਕ ਵਿਸ਼ਾਲਤਰ ਬਿਰਖ ਵਿਚ ਬਦਲ ਜਾਂਦਾ ਹੈ ਇਸੇ ਤਰ੍ਹਾਂ ਸਾਡੇ ਅੰਦਰ ਜੋ ਵੀ ਹੈ, ਬੱਚੇ ਦੇ ਅੰਦਰ ਜੋ ਵੀ ਹੈ, ਉਹ ਬਿੰਦੂ ਦੀ ਤਰ੍ਹਾਂ ਹੀ ਵਿਕਸਿਤ ਹੋ ਸਕਦਾ ਹੈ। ਆਪ ਸਮਝ ਲਓ, ਬਿੰਦੂ ਹੀ ਸਿਰਜਕ ਹੈ।

'ਪਹਿਲ' ਅੰਕ ਨਵੰਬਰ 85 ਵਿਚੋਂ ਪੰਜਾਬੀ ਅਨੁਵਾਦ

## ਗੁਜਰਾਤ ਦੀ ਵਿਸ਼ੇਸ਼ ਅਦਾਲਤ ਦਾ ਸੰਦੇਸ਼

# ਰਾਜਨੀਤਕ ਸਾਜ਼ਿਸ਼ਾਂ ਬਿਨਾਂ ਨਹੀਂ ਹੁੰਦੇ ਦੰਗੇ

ਜਿਸ ਪ੍ਰਕਾਰ ਲੰਡਨ ਓਲੰਪਿਕ ਵਿਚੋਂ ਤਮਗੇ ਜਿੱਤ ਕੇ ਲਿਆਉਣ ਲਈ ਭਾਰਤ ਦੀ ਸਰਕਾਰ ਨੇ ਅਤੇ ਵਿਸ਼ੇਸ਼ ਕਰਕੇ ਸੂਬਿਆਂ ਦੀਆਂ ਸਰਕਾਰਾਂ ਨੇ ਉਨ੍ਹਾਂ ਖਿਡਾਰੀਆਂ ਨੂੰ ਸਿਰ 'ਤੇ ਚੁੱਕ ਲਿਆ ਹੈ, ਉਚੇ ਅਹੁਦਿਆਂ ਨਾਲ ਨਿਵਾਜੇ ਹਨ ਅਤੇ ਉਨ੍ਹਾਂ ਦੇ ਘਰ ਭਰ ਦਿੱਤੇ ਹਨ, ਲਗਭਗ ਇਸੇ ਹੀ ਤਰ੍ਹਾਂ ਡਾਕਟਰ ਮਾਇਆ (ਮਾਇਆਬਿਨ) ਕੋਡਨਾਨੀ ਵੱਲੋਂ ਅਹਿਮਦਾਬਾਦ ਦੇ ਖੇਤਰ ਨਰੋਦਾ ਪਾਤੀਆ ਵਿਚ ਘੱਲੂਘਾਰੇ ਦੀ 'ਸਫਲ' ਅਗਵਾਈ ਕਰਨ ਦੇ ਇਨਾਮ ਵਜੋਂ ਨਰਿੰਦਰ ਮੋਦੀ ਨੇ ਉਸ ਨੂੰ ਵਜ਼ਾਰਤ ਨਾਲ ਨਿਵਾਜਿਆ ਸੀ। ਇਸ ਘੱਲੂਘਾਰੇ ਵਿਚ ਇਕੋ ਭਾਈਚਾਰੇ ਦੇ 97 ਵਿਅਕਤੀਆਂ ਦਾ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ ਜਿਊਂਦੇ ਸਾੜ ਦਿੱਤੇ ਗਏ ਪਹਿਲਾਂ ਔਰਤਾਂ ਦੇ ਸਮੂਹਿਕ ਬਲਾਤਕਾਰ ਕੀਤੇ ਗਏ ਫੇਰ ਉਨ੍ਹਾਂ ਨੂੰ ਸਾੜ ਕੇ ਮਾਰਿਆ ਗਿਆ। ਮਰਨ ਵਾਲਿਆਂ ਵਿਚ 35 ਔਰਤਾਂ, 36 ਬੱਚੇ ਅਤੇ 26 ਬਾਲਗ ਮਰਦ ਸਨ। ਇਕ ਉਦਾਹਰਣ ਵਜੋਂ ਇੰਡੀਅਨ ਐਕਸਪ੍ਰੈਸ ਨੇ ਫਿਰੋਜ਼ ਨਾਮ ਇਕ ਆਟੋਰਿਕਸ਼ਾ ਡਰਾਈਵਰ ਦੇ ਭਾਵ ਨੋਟ ਕੀਤੇ ਹਨ, "ਮੇਰੀ ਪਤਨੀ ਮਾਂ ਬਨਣ ਵਾਲੀ ਸੀ ਅਤੇ ਉਸਨੂੰ ਨੌਵਾਂ ਮਹੀਨਾ ਸੀ, ਉਸ ਨਾਲ ਬਲਾਤਕਾਰ ਕੀਤਾ ਗਿਆ ਅਤੇ ਫੇਰ ਉਸ ਦਾ ਪੇਟ ਚਾਕ ਕਰਕੇ ਬੱਚਾ ਬਾਹਰ ਸੁੱਟਿਆ ਗਿਆ ਤੇ ਪਤਨੀ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ। ਮੇਰੀ ਪਤਨੀ (ਕੌਸਰ ਬਾਨੋ) ਦੀ ਅੱਧ ਜਲੀ ਲਾਸ਼ ਉਸਦੇ ਘਰ ਦੇ ਬਾਹਰ ਸੁੱਟ ਦਿੱਤੀ ਗਈ ਸੀ। ਇਹ ਮੇਰੀ ਬੜੀ ਵੱਡੀ ਹਾਰ ਸੀ ਕਿ ਮੈਂ ਉਹਨੂੰ ਬਚਾ ਨਹੀਂ ਸਕਿਆ...ਜਿਨ੍ਹਾਂ ਨੇ ਉਸ ਦਾ ਬਲਾਤਕਾਰ ਕੀਤਾ ਉਹ ਇਨਸਾਨ ਨਹੀਂ ਸਨ, ਜਲਾਦਾਂ ਨੂੰ ਵੀ ਥੋੜ੍ਹੀ ਸ਼ਰਮ ਆ ਗਈ ਹੁੰਦੀ..." ਆਦਿ। ਨਰਿੰਦਰ ਮੋਦੀ ਨੇ ਮਾਇਆ ਕੋਡਨਾਨੀ ਨੂੰ ਨਾ ਕੇਵਲ ਮੰਤਰੀ ਮੰਡਲ ਵਿਚ ਲਿਆ ਸਗੋਂ ਉਸਨੂੰ ਮਹਿਕਮਾ ਵੀ ਔਰਤਾਂ ਅਤੇ ਬੱਚਿਆਂ ਦੀ ਰਾਖੀ ਤੇ ਭਲਾਈ ਵਾਲਾ ਦਿੱਤਾ। ਡਾਕਟਰ ਕੋਡਨਾਨੀ ਕਿੱਤੇ ਦੀ 'ਮਾਇਨੋਕਾਲੋਜਿਸਟ' (ਬੱਚੇ ਜਨਣ ਵਾਲੀ) ਹੈ ਅਤੇ ਨਰੋਦਾ ਇਲਾਕੇ ਵਿਚੋਂ ਤਿੰਨ ਵਾਰ ਭਾਰਤੀ ਜਨਤਾ ਪਾਰਟੀ ਦੀ ਟਿਕਟ 'ਤੇ ਜਿੱਤੀ ਹੈ ਪਰ ਉਹ ਬਜਰੰਗ ਦਲ ਦੀ ਸਾਬਕਾ ਕੋਆਰਡੀਨੇਟਰ ਵੀ ਹੈ।

ਹੁਣ ਗੁਜਰਾਤ ਦੀ ਇਕ ਵਿਸ਼ੇਸ਼ ਅਦਾਲਤ ਨੇ ਕੋਡਨਾਨੀ ਅਤੇ ਉਸ ਦੇ ਨਾਲ 31 ਹੋਰਾਂ ਨੂੰ ਕਤਲਾਂ, ਅੱਗਜ਼ਨੀ, ਲੂਟਪਾਟ, ਬਲਾਤਕਾਰਾਂ ਅਤੇ ਸਾਜ਼ਸ਼ ਰਚਣ ਆਦਿ ਜੁਰਮਾਂ ਦੇ ਦੋਸ਼ੀ ਠਹਿਰਾ ਦਿੱਤਾ ਹੈ ਪਰ ਜਾਂਚ ਏਜੰਸੀ ਵੱਲੋਂ ਦੋਸ਼ੀ ਠਹਿਰਾਏ ਗਏ ਕੁਲ ਵਿਅਕਤੀਆਂ ਵਿਚੋਂ 29 ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਵੀ ਕੀਤਾ ਹੈ। ਅਦਾਲਤ ਵੱਲੋਂ ਸੁਣਾਈ ਗਈ ਸਜ਼ਾ ਅਨੁਸਾਰ ਭਾਜਪਾ ਦੀ ਸਾਬਕਾ ਵਿਧਾਇਕ ਮਾਇਆਬਿਨ ਕੋਡਨਾਨੀ ਨੂੰ 28 ਸਾਲ, ਬਜਰੰਗ ਦਲ ਦੇ ਨੇਤਾ ਬਾਬੂ ਬਜਰੰਗੀ ਨੂੰ ਉਮਰ ਕੈਦ, ਜਿਸ ਵਿਚ ਉਸ ਨੂੰ ਆਪਣੀ ਪੂਰੀ ਉਮਰ ਜੇਲ੍ਹ ਵਿਚ ਰਹਿਣਾ ਪਵੇਗਾ। ਬਾਕੀ ਦੇ 30 ਦੋਸ਼ੀਆਂ ਨੂੰ ਵੱਖ-ਵੱਖ ਧਾਰਾਵਾਂ ਅਧੀਨ 31-31 ਸਾਲ ਦੀ ਸਜ਼ਾ ਸੁਣਾਈ ਹੈ।

ਅਦਾਲਤ ਦੇ ਇਸ ਫੈਸਲੇ ਦੀਆਂ ਦੋ ਗੱਲਾਂ ਅਸਲੋਂ ਹੀ ਨਵੀਆਂ ਅਤੇ ਵੱਖਰੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਤੋਂ ਪਹਿਲਾਂ ਵੀ ਦੰਗਿਆਂ ਬਾਰੇ ਅਦਾਲਤਾਂ ਦੇ ਫੈਸਲੇ ਆਏ ਹਨ ਪਰ ਇਹ ਪਹਿਲਾ ਹੈ ਜਿਸ ਵਿਚ ਖਰੂਦੀਆਂ ਅਤੇ ਕਾਤਲਾਂ ਦੀ ਅਗਵਾਈ ਕਰਨ ਵਾਲੇ ਕਿਸੇ ਵਿਧਾਇਕ ਨੂੰ ਅਦਾਲਤ ਨੇ ਦੋਸ਼ੀ ਸਾਬਤ ਕਰਕੇ ਜੇਲ੍ਹ ਵਿਚ ਪਾ ਦਿੱਤਾ ਹੋਵੇ। ਇਸ ਫੈਸਲੇ ਦਾ ਦੂਜਾ ਅਤੇ ਸਭ ਤੋਂ ਵੱਡਾ ਮਹੱਤਵ ਇਹ ਹੈ ਕਿ ਹੁਣ ਤੱਕ ਦੇ ਫੈਸਲਿਆਂ ਵਿਚ ਇਹ ਤਾਂ ਸਾਬਤ ਕੀਤਾ ਗਿਆ ਹੈ ਕਿ ਕਤਲ ਕੀਤੇ ਗਏ ਹਨ ਪ੍ਰੰਤੂ ਸਾਜ਼ਸ਼ ਪਹਿਲੀ ਵਾਰ ਸਾਬਤ ਕੀਤੀ ਗਈ ਹੈ। ਇਸ ਦੇ ਬਹੁਤ ਹੀ ਉਘੜਵੇਂ ਅਤੇ ਦੂਰ ਰਸ ਨਤੀਜੇ ਨਿਕਲਣ ਦੀ ਉਮੀਦ ਹੈ। ਨਰਿੰਦਰ ਮੋਦੀ ਅਤੇ ਉਸ ਦੀ ਪਾਰਟੀ ਹੁਣ ਤੱਕ ਇਸਨੂੰ ਗੋਦਰਾ-ਰੇਲ ਗੱਡੀ ਦੇ ਕਤਲਾਂ ਦਾ ਆਪਮੁਹਾਰਾ ਪ੍ਰਤੀਕਰਮ ਦੱਸਦੇ ਆਏ ਹਨ। ਅਦਾਲਤ ਦਾ ਇਹ ਫਤਵਾ ਬਹੁਤ ਸਾਰੀਆਂ ਹੋਰ ਗੱਲਾਂ ਦੇ ਨਾਲ-ਨਾਲ ਵਿਸ਼ਲੇਸ਼ਣਕਾਰਾਂ ਦੇ ਦੋ ਮਹੱਤਵਪੂਰਨ ਵਿਚਾਰਾਂ ਉਤੇ ਮੋਹਰ ਲਗਾਉਂਦਾ ਹੈ। ਪਹਿਲਾ ਵਿਚਾਰ ਇਹ ਪ੍ਰਗਟ ਕੀਤਾ ਜਾਂਦਾ ਰਿਹਾ ਹੈ ਕਿ ਇਸ ਘੱਲੂਘਾਰੇ ਨੂੰ ਭੜਕਾਉਣ ਅਤੇ ਬਲਦੀ 'ਤੇ ਤੇਲ ਪਾਉਣ ਵਿਚ ਗੁਜਰਾਤ ਦੀ ਭਾਜਪਾ ਸਰਕਾਰ ਨੇ ਕੇਂਦਰੀ ਭੂਮਿਕਾ ਨਿਭਾਈ ਸੀ। ਇਹ ਗੱਲ ਮੰਨਣਯੋਗ ਨਹੀਂ ਹੈ ਕਿ ਬਜਰੰਗ ਦਲ ਵਰਗੀ ਜਥੇਬੰਦੀ ਜਿਸ ਦੀ ਹੋਂਦ ਦਾ ਲੰਬਾ ਇਤਿਹਾਸ ਹੈ, ਉਹ ਸਾਜ਼ਸ਼ ਰਚੇ ਅਤੇ ਸਰਕਾਰ ਦੀਆਂ ਸੂਹੀਆ ਏਜੰਸੀਆਂ ਨੂੰ ਖਬਰ ਨਾ ਹੋਵੇ ਅਤੇ ਸੁਰੱਖਿਆ ਪ੍ਰਬੰਧ ਸਾਰੇ ਦਾ ਸਾਰਾ ਸੁੱਤਾ ਹੀ ਰਹੇ। ਅਦਾਲਤ ਨੇ ਬਜਰੰਗ ਦਲ ਦੇ ਨੇਤਾ ਬਾਬੂ ਭਾਈ ਪਟੇਲ ਉਰਫ ਬਾਬੂ ਬਜਰੰਗੀ ਨੂੰ ਵੀ ਮੈਡਮ ਕੋਡਨਾਨੀ ਦੇ



ਹੁਣ ਗੁਜਰਾਤ ਦੀ ਇਕ ਵਿਸ਼ੇਸ਼ ਅਦਾਲਤ ਨੇ ਕੋਡਨਾਨੀ ਅਤੇ ਉਸ ਦੇ ਨਾਲ 31 ਹੋਰਾਂ ਨੂੰ ਕਤਲਾਂ, ਅੱਗਜ਼ਨੀ, ਲੂਟਪਾਟ, ਬਲਾਤਕਾਰਾਂ ਅਤੇ ਸਾਜ਼ਸ਼ ਰਚਣ ਆਦਿ ਜੁਰਮਾਂ ਦੇ ਦੋਸ਼ੀ ਠਹਿਰਾ ਦਿੱਤਾ ਹੈ ਪਰ ਜਾਂਚ ਏਜੰਸੀ ਵੱਲੋਂ ਦੋਸ਼ੀ ਠਹਿਰਾਏ ਗਏ ਕੁਲ ਵਿਅਕਤੀਆਂ ਵਿਚੋਂ 29 ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਵੀ ਕੀਤਾ ਹੈ। ਅਦਾਲਤ ਵੱਲੋਂ ਸੁਣਾਈ ਗਈ ਸਜ਼ਾ ਅਨੁਸਾਰ ਭਾਜਪਾ ਦੀ ਸਾਬਕਾ ਵਿਧਾਇਕ ਮਾਇਆਬਿਨ ਕੋਡਨਾਨੀ ਨੂੰ 28 ਸਾਲ, ਬਜਰੰਗ ਦਲ ਦੇ ਨੇਤਾ ਬਾਬੂ ਬਜਰੰਗੀ ਨੂੰ ਉਮਰ ਕੈਦ, ਜਿਸ ਵਿਚ ਉਸ ਨੂੰ ਆਪਣੀ ਪੂਰੀ ਉਮਰ ਜੇਲ੍ਹ ਵਿਚ ਰਹਿਣਾ ਪਵੇਗਾ। ਬਾਕੀ ਦੇ 30 ਦੋਸ਼ੀਆਂ ਨੂੰ ਵੱਖ-ਵੱਖ ਧਾਰਾਵਾਂ ਅਧੀਨ 31-31 ਸਾਲ ਦੀ ਸਜ਼ਾ ਸੁਣਾਈ ਹੈ।

ਬਰਾਬਰ ਦਾ ਹੀ ਦੋਸ਼ੀ ਠਹਿਰਾਇਆ ਹੈ। ਦੂਜਾ ਵਿਚਾਰ ਇਹ ਪ੍ਰਗਟ ਕੀਤਾ ਜਾਂਦਾ ਰਿਹਾ ਹੈ ਕਿ ਫਿਰਕੂ ਦੰਗੇ ਰਾਜਨੀਤਕ ਤੌਰ 'ਤੇ ਸਾਜ਼ਸ਼ ਰਚਕੇ ਹੀ ਭੜਕਾਏ ਜਾਂਦੇ ਹਨ। ਅਦਾਲਤ ਦੇ ਫਤਵੇ ਨੇ ਇਸ ਉਪਰ ਵੀ ਮੋਹਰ ਲਗਾ ਦਿੱਤੀ ਹੈ। ਜਿਸ ਦਾ ਪ੍ਰਤੱਖ ਨਤੀਜਾ ਇਹ ਹੈ ਕਿ ਜਦੋਂ ਵੀ ਅਤੇ ਜਿੱਥੇ ਵੀ ਦੰਗੇ ਭੜਕਾਏ ਜਾਂਦੇ ਹਨ ਜਾਂ ਭੜਕਾਏ ਜਾਇਆ ਕਰਨਗੇ ਉਸ ਦੀ ਪੜਤਾਲ ਸਮੇਂ ਸਭ ਤੋਂ ਪਹਿਲਾਂ ਇਹ ਪੜਤਾਲਿਆ ਜਾਣਾ ਚਾਹੀਦਾ ਕਿ ਇਹ ਕਿਸ ਪਾਰਟੀ ਦੀ ਜਾਂ ਰਾਜਨੀਤਕ ਦਲ ਦੀ ਰਚੀ ਹੋਈ ਸਾਜ਼ਸ਼ ਹੈ ਅਤੇ ਉਸ ਉਪਰੰਤ ਉਸ ਵਿਚ ਸਰੀਰਕ ਤੌਰ 'ਤੇ ਭਾਗ ਲੈਣ ਵਾਲਿਆਂ ਨੂੰ ਨਾਮਜ਼ਦ ਕਰਨ ਲਈ ਛਾਣਬੀਣ ਕੀਤੀ ਜਾਇਆ ਕਰੇ। ਇਸ ਕਰਕੇ ਵਿਸ਼ੇਸ਼ ਅਦਾਲਤ ਨੇ ਭਾਰਤੀ ਨਿਆਂ ਪ੍ਰਣਾਲੀ ਦੀ ਵੱਡੀ ਸੇਵਾ ਕਰ ਦਿੱਤੀ ਹੈ।

ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਜੇਕਰ ਇਸ ਡਰੌਣੇ ਘੱਲੂਘਾਰੇ ਦੀ ਪੜਤਾਲ ਗੁਜਰਾਤ ਸਰਕਾਰ ਦੀ ਪੁਲੀਸ ਅਤੇ ਪ੍ਰਸ਼ਾਸਨ ਦੇ ਹੱਥ ਹੀ ਹੁੰਦੀ ਤਾਂ ਮੈਡਮ ਕੋਡਨਾਨੀ ਦੇ ਮੰਤਰੀ ਬਣਨ (2007) ਤੋਂ ਪਹਿਲਾਂ ਹੀ ਖੁਰਦ ਬੁਰਦ ਹੋ ਜਾਣੀ ਸੀ। ਸ਼ਾਇਦ ਇਸੇ ਹੀ ਖਦਸ਼ੇ ਨੂੰ ਧਿਆਨ ਵਿਚ ਰਖਦਿਆਂ ਮਾਨਯੋਗ ਸੁਪਰੀਮ ਕੋਰਟ ਨੇ ਆਪਣੇ ਵੱਲੋਂ ਵਿਸ਼ੇਸ਼ ਜਾਂਚ ਦਲ ਦਾ (ਿਠ) ਗਠਨ ਕੀਤਾ ਸੀ ਅਤੇ ਗਵਾਹੀਆਂ ਦੇਣ ਵਾਲਿਆਂ ਨੂੰ ਪੂਰਨ ਸੁਰੱਖਿਆ ਦਾ ਯਕੀਨ ਦੁਆਇਆ। ਜੇਕਰ ਸੁਰੱਖਿਆ ਨਾ ਦਿਵਾਈ ਜਾਂਦੀ ਤਾਂ ਸ਼ਾਇਦ ਫੇਰ ਵੀ ਪੂਰਾ ਇਨਸਾਫ ਕਰਨਾ ਸੰਭਵ ਨਾ ਹੁੰਦਾ। ਹਿੰਦੋਸਤਾਨ ਟਾਈਮਜ਼ ਦੀ ਰਿਪੋਰਟ ਅਨੁਸਾਰ ਸ਼ਕੀਲਾ ਬਾਨੋ ਨਾਮ ਦੀ ਇਕ ਗਵਾਹ ਨੇ ਕਿਹਾ ਕਿ "ਬੜੀ ਦੇਰ ਬਾਅਦ ਸਾਡੇ ਨਾਲ ਇਨਸਾਫ ਹੋਇਆ ਹੈ। ਅਦਾਲਤ ਦੀ ਸੁਣਵਾਈ ਤਸੀਹਿਆਂ ਭਰੀ ਸੀ। ਜਦੋਂ ਅਸੀਂ ਅਦਾਲਤ ਵਿਚ ਜਾਂਦੇ ਸਾਂ ਤਾਂ ਸਾਨੂੰ ਧਮਕੀਆਂ ਮਿਲਦੀਆਂ ਸਨ।" ਸ਼ਕੀਲਾ ਬਾਨੋ ਦੀ ਭਤੀਜੀ ਸਾੜ ਕੇ ਮਾਰ ਦਿੱਤੀ ਗਈ ਸੀ। ਇਹ ਜਾਂਚ ਟੀਮ 26 ਮਾਰਚ 2008 ਵਿਚ ਕਿਸੇ ਜ਼ਾਕੀਆ ਜਾਫਰੀ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਬੇਨਤੀ ਕਰਨ 'ਤੇ ਨਿਯੁਕਤ ਕੀਤੀ ਗਈ ਸੀ। ਇਸ ਟੀਮ ਨੇ ਨੌਂ ਕੇਸਾਂ ਦੀ ਪੜਤਾਲ ਕਰਨੀ ਸੀ। ਇਸ ਤੋਂ ਇਲਾਵਾ ਸੁਪਰੀਮ ਕੋਰਟ ਨੇ ਰਾਜੂ ਰਾਮਾਚੰਦਰਨ ਨੂੰ ਐਮੀਕਸ ਕੂਰੀਏ (ਅਦਾਲਤ ਦਾ ਮਿੱਤਰ) ਨਿਯੁਕਤ ਕਰਕੇ ਭੇਜਿਆ ਜਿਸ ਨੇ ਆਪਣੀ ਅਜ਼ਾਰ ਰਿਪੋਰਟ ਵੀ ਦੇਣੀ ਸੀ। ਦੋਹਾਂ ਰਿਪੋਰਟਾਂ ਵਿਚ ਵੱਖਰੇਵਿਆਂ ਨੂੰ ਵੀ ਲੱਭਿਆ ਗਿਆ ਸੀ। ਇਨ੍ਹਾਂ ਦੋਹਾਂ ਰਿਪੋਰਟਾਂ ਨੇ ਇਸ ਦੁਖਦਾਈ ਘਟਨਾ 'ਤੇ ਇਨਸਾਫ ਕਰਨ ਵਿਚ ਸਹਾਇਤਾ ਕੀਤੀ।

ਮੈਡਮ ਕੋਡਨਾਨੀ, ਜਿਸ ਬਾਰੇ ਕਿਹਾ ਗਿਆ ਹੈ ਕਿ ਉਹ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਨਜ਼ਦੀਕ ਤਾਂ ਹੈ ਹੀ ਸੀ ਪਰ ਉਸਨੂੰ ਮੰਤਰੀ ਪਦ ਉਤੇ ਬਿਰਾਜ਼ਮਾਨ ਐਲ.ਕੇ. ਅਡਵਾਨੀ ਦੀ ਸਿਫਾਰਸ਼ 'ਤੇ ਕੀਤਾ ਗਿਆ ਸੀ, ਦੀ ਹਮਾਕਤ ਦਾ ਅੰਦਾਜ਼ਾ ਵਿਚੋਂ ਲਾਇਆ ਜਾ ਸਕਦਾ ਹੈ ਕਿ ਕੋਡਨਾਨੀ ਵਿਸ਼ੇਸ਼ ਜਾਂਚ ਦਲ ਦੇ ਵਾਰ-ਵਾਰ ਸਮਾਨ ਭੇਜਣ 'ਤੇ ਵੀ ਜਾਂਚ ਵਿਚ ਸ਼ਾਮਲ ਨਹੀਂ ਹੋਈ ਜਿਸ ਕਰਕੇ ਉਸਨੂੰ ਭਗੌੜੀ ਕਰਾਰ ਦੇ ਦਿੱਤਾ ਗਿਆ ਸੀ। ਜਿਸ ਦੇ ਨਤੀਜੇ ਵਜੋਂ 2009 ਵਿਚ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸਨੂੰ ਮੰਤਰੀ ਮੰਡਲ ਤੋਂ ਅਸਤੀਫਾ ਵੀ ਦੇਣਾ ਪਿਆ ਸੀ।

ਜਿਸ ਦਿਨ ਗੁਜਰਾਤ ਦੇ ਵਿਸ਼ੇਸ਼ ਅਦਾਲਤ ਨੇ (ਬੀਤੇ ਮੰਗਲਵਾਰ) ਇਹ ਇਤਿਹਾਸਕ ਫਤਵਾ ਸੁਣਾਇਆ, ਉਸੇ ਹੀ ਦਿਨ ਨਰਿੰਦਰ ਮੋਦੀ ਨੇ 'ਦੀ ਵਾਲ ਸਟਰੀਟ ਜਰਨਲ' ਨੂੰ ਕਿਹਾ ਕਿ 2002 ਦੇ ਗੁਜਰਾਤ ਦੰਗਿਆਂ ਬਾਰੇ ਮੈਂ ਮੁਆਫੀ ਕਿਉਂ ਮੰਗਾਂ। ਤੇ ਨਾਲ ਹੀ ਕਿਹਾ ਕਿ ਜੇਕਰ ਦੋਸ਼ ਏਨੇ ਹੀ ਗੰਭੀਰ ਹਨ ਤਾਂ ਫੇਰ ਦੋਸ਼ੀ ਨੂੰ ਬਖਸ਼ਿਆ ਕਿਉਂ ਜਾਵੇ। ਗੁਜਰਾਤ ਸਰਕਾਰ ਹੁਣ ਨਰੋਦਾ ਪਾਡੀਆ ਦੇ ਘੱਲੂਘਾਰੇ ਤੋਂ ਦੂਰੀ ਬਣਾਉਣਾ ਚਾਹੁੰਦੀ ਹੈ। ਨਰਿੰਦਰ ਮੋਦੀ ਦੇ ਅਸਤੀਫੇ ਦੀ ਮੰਗ ਉਠ ਪਈ ਹੈ ਜਿਸ ਕਰਕੇ ਸਰਕਾਰ ਇਸ ਘਟਨਾਕ੍ਰਮ ਨਾਲੋਂ ਆਪਣਾ ਰਿਸ਼ਤਾ ਤੋੜਨ ਦੇ ਯਤਨਾਂ ਵਿਚ ਹੈ। ਗੁਜਰਾਤ ਸਰਕਾਰ ਦੇ ਬੁਲਾਰੇ ਅਤੇ ਸਿਹਤ ਮੰਤਰੀ ਜੈਯਾਨਰਾਇਣ ਵਿਆਸ ਨੇ ਸਰਕਾਰ ਦਾ ਪੱਖ ਪੇਸ਼ ਕਰਦਿਆਂ ਕਿਹਾ ਕਿ ਮੈਡਮ ਕੋਡਨਾਨੀ ਨੇ ਜਦੋਂ 2002 ਵਿਚ ਅਪਰਾਧ ਕੀਤਾ ਸੀ ਤਾਂ ਉਸ ਸਮੇਂ ਉਹ ਸਰਕਾਰ ਵਿਚ ਮੰਤਰੀ ਨਹੀਂ ਸੀ। ਮੁੱਖ ਮੰਤਰੀ ਮੋਦੀ ਅਸਤੀਫਾ ਕਿਉਂ ਦੇਣ? ਵਿਧਾਇਕ ਰਾਜ ਸਰਕਾਰ ਦਾ ਕਾਰਕੁੰਨ ਨਹੀਂ ਹੁੰਦਾ। ਇਹ ਕੋਈ 'ਫਾਇਨਲ ਜਜਮੈਂਟ' ਨਹੀਂ ਹੈ। ਅਸੀਂ ਅਜੇ ਇਸ ਦਾ ਅਧਿਐਨ ਕਰਨਾ ਹੈ। ਵਗੈਰਾ-ਵਗੈਰਾ। ਪ੍ਰੰਤੂ ਇਸ ਗੱਲ ਦਾ ਕੋਈ ਉਤਰ ਨਹੀਂ ਕਿ ਜਦੋਂ ਸਾਰਾ ਜਹਾਨ ਜਾਣਦਾ ਸੀ ਅਤੇ ਖੁੱਲ੍ਹੇਆਮ ਚਰਚਾ ਹੋ ਰਹੀ ਸੀ ਕਿ ਇਸ ਭਿਆਨਕ ਖੂਨਖਰਾਬੇ ਤੇ ਫਿਰਕੂ ਦੰਗਿਆਂ ਦੀ ਅਗਵਾਈ ਕੋਡਨਾਨੀ ਨੇ ਕੀਤੀ ਹੈ ਤਾਂ ਉਸਨੂੰ ਨਰੋਦਾਪਾਤੀਆ ਦੀ ਘਟਨਾ, ਜਿਸ ਦੀ ਕਿ ਪੜਤਾਲ ਚਲ ਰਹੀ ਸੀ, ਤੋਂ 5 ਸਾਲਾਂ ਬਾਅਦ ਵੀ ਅਜਿਹੀ ਸੰਗੀਨ ਅਪਰਾਧਣ ਨੂੰ ਮੰਤਰੀ ਮੰਡਲ ਵਿਚ ਕਿਉਂ ਲਿਆ ਗਿਆ। ਅਸਲ ਵਿਚ ਇਹ ਕੋਡਨਾਨੀ ਨੂੰ ਉਸ ਦੀ ਬਹਾਦਰੀ ਦਾ ਪੁਰਸਕਾਰ ਦਿੱਤਾ ਗਿਆ ਸੀ।



ਸਤਨਾਮ ਚਾਨਾ
vichar_manch@yahoo.com
+91-94172-70411

ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਗੁਜਰਾਤ ਸਰਕਾਰ ਤੋਂ ਇਹ ਸਭ ਅਣਜਾਣੇ ਵਿਚ ਹੋਇਆ? ਕੀ ਦੰਗੇ ਆਪਮੁਹਾਰੇ ਸਨ ਜਿਸਦਾ ਉਸ ਨੂੰ ਅੰਦਾਜ਼ਾ ਨਹੀਂ ਲੱਗ ਸਕਿਆ ਜਾਂ ਇਹ ਭਾਰਤੀ ਜਨਤਾ ਪਾਰਟੀ ਦੀ ਮੁਸਲਿਮ ਵਿਰੋਧੀ ਫਿਰਕੂ ਨੀਤੀ ਦਾ ਸਿੱਟਾ ਸੀ? ਕੀ ਉਸਨੇ ਨਰੋਦਾ ਪਾਤੀਆ ਦੇ ਦੋਸ਼ੀਆਂ ਨੂੰ ਬਚਾਉਣ ਦਾ ਯਤਨ ਨਹੀਂ ਕੀਤਾ? ਇਨ੍ਹਾਂ ਸਵਾਲਾਂ ਦੇ ਉਤਰ ਵੀ ਨਿਆਂ ਵਾਸਤੇ ਚਲੀ ਪ੍ਰਕਿਰਿਆ ਅਤੇ ਅਦਾਲਤ ਦੇ ਫਤਵੇ ਵਿਚ ਦੇਖੇ ਜਾ ਸਕਦੇ ਹਨ। ਜਦੋਂ ਮਾਨਯੋਗ ਸੁਪਰੀਮ ਕੋਰਟ ਨੇ ਵਿਸ਼ੇਸ਼ ਜਾਂਚ ਦਲ ਅਤੇ ਐਮੀਕਸ ਕੂਰੀਏ ਨਿਯੁਕਤ ਕੀਤੇ ਸਨ ਤਾਂ ਇਹ ਰਾਜ ਸਰਕਾਰ ਦੀਆਂ ਏਜੰਸੀਆਂ ਅਤੇ ਉਸ ਦੀ ਨੀਅਤ ਉਪਰ ਸ਼ੱਕ ਦਾ ਹੀ ਐਲਾਨ ਸੀ। ਗੁਜਰਾਤ ਦੀ ਪੁਲੀਸ ਵੱਲੋਂ ਅਪਣਾਈ ਜਾ ਰਹੀ ਕਿਰਿਆ ਪੱਖਪਾਤ ਕਰਨ ਵਾਲੀ ਸੀ। ਇਸ ਤੋਂ ਬਿਨਾਂ, ਇਸ ਤੋਂ ਵੀ ਵਧੇਰੇ ਸੰਜੀਦਾ ਤੱਥ ਇਹ ਹੈ ਕਿ ਇਸ ਮੁਕੱਦਮੇ ਦੀ ਸੁਣਵਾਈ ਜੱਜ ਜਿਓਤਸਨਾ ਯਾਗਨਿਕ ਕਰ ਰਹੀ ਸੀ ਜਿਸ ਨੂੰ 8 ਮਈ 2009 ਨੂੰ ਵਿਸ਼ੇਸ਼ ਜੱਜ ਵਜੋਂ ਨਿਯੁਕਤ ਕੀਤਾ ਗਿਆ ਸੀ। ਪ੍ਰੰਤੂ ਉਸ ਦੇ ਨਿਆਂਪੂਰਵਕ ਰਵੱਈਏ ਤੋਂ ਡਰਦਿਆਂ ਅੰਦਰਖਾਤੇ ਦਬਾਅ ਪਾ ਕੇ 30 ਦਸੰਬਰ 2010 ਨੂੰ ਉਨ੍ਹਾਂ ਦੀ ਬਦਲੀ ਕਰਵਾ ਦਿੱਤੀ ਗਈ। ਜਿਸ ਉਪਰ ਸਖਤ ਰੋਸ ਪ੍ਰਗਟ ਕਰਦਿਆਂ ਜਾਂਚ ਏਜੰਸੀ, ਵਿਸ਼ੇਸ਼ ਜਾਂਚ ਦਲ, ਨੇ ਇਸ ਟਰਾਂਸਫਰ ਵਿਰੁੱਧ ਮਾਨਯੋਗ ਸੁਪਰੀਮ ਕੋਰਟ ਵਿਚ ਸ਼ਿਕਾਇਤ ਦਰਜ ਕਰ ਦਿੱਤੀ। ਨਤੀਜੇ ਵਜੋਂ ਸੁਪਰੀਮ ਕੋਰਟ ਨੇ ਜਿਓਤਸਨਾ ਯਾਗਨਿਕ ਨੂੰ ਫੇਰ ਮੋੜਕੇ ਵਿਸ਼ੇਸ਼ ਜੱਜ ਵਜੋਂ ਬਦਲ ਕੇ 20 ਜਨਵਰੀ 2011 ਨੂੰ ਉਸੇ ਹੀ ਕੁਰਸੀ 'ਤੇ ਬਿਠਾ ਦਿੱਤਾ। ਇਸ ਤੋਂ ਬਾਅਦ ਤਕਰੀਬਨ ਡੇਢ ਸਾਲ ਮੁਕੱਦਮਾ ਸੁਣਕੇ ਜੱਜ ਯਾਗਨਿਕ ਨੇ ਇਤਿਹਾਸਕ ਫੈਸਲਾ ਸੁਣਾਇਆ। ਇਹ ਇਕ ਅਜਿਹਾ ਫੈਸਲਾ ਹੈ ਜਿਸ ਨੇ ਭਾਰਤੀ ਨਿਆਂਪ੍ਰਣਾਲੀ ਦਾ ਹੀ ਮਾਣ ਨਹੀਂ ਵਧਾਇਆ ਸਗੋਂ ਕੌਮਵਾਸੀਆਂ ਅੰਦਰ ਵਿਚ ਵਿਸ਼ਵਾਸ ਜਗਾ ਦਿੱਤਾ ਹੈ ਕਿ ਭਾਰਤੀ ਨਿਆਂ ਪ੍ਰਣਾਲੀ ਤੋਂ ਇਨਸਾਫ ਦੀ ਉਮੀਦ ਲਾਈ ਜਾ ਸਕਦੀ ਹੈ। ਇਸ ਨੇ ਲੋਕਾਂ ਦੇ ਮਨਾਂ ਉਪਰੋਂ ਨਿਰਾਸ਼ਾ ਦਾ ਮਾਹੌਲ ਘਟਾਉਣ ਵਿਚ ਸਹਾਇਤਾ ਕੀਤੀ ਹੈ। ਹੁਣ ਇਸ ਦੇ ਦੂਰ ਰਸ ਨਤੀਜੇ ਨਿਕਲਣਗੇ।

ਪਰ ਜੋ ਫੌਰੀ ਨਹੀਂ ਨਿਕਲਣਗੇ ਉਹ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦਾ ਸਿਆਸੀ ਭਵਿੱਖ ਹੈ। ਉਨ੍ਹਾਂ ਨੇ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਦੇਖਿਆ ਸੀ ਅਤੇ ਇਹ ਸੁਪਨਾ ਉਨ੍ਹਾਂ ਨੂੰ ਇਨ੍ਹਾਂ ਹੀ ਤਾਕਤਾਂ ਨੇ ਦਿਖਾਇਆ ਹੋਇਆ ਸੀ ਜਿਨ੍ਹਾਂ ਨੇ ਆਪਣੀ ਤਾਕਤ ਗੁਜਰਾਤ ਦੇ ਦੰਗਿਆਂ ਦੌਰਾਨ ਖੂਨ ਵਹਾਉਣ ਵਿਚ ਦਿਖਾਈ ਸੀ। ਇਸੇ ਕਾਰਨ ਹੀ ਬਿਹਾਰ ਦੇ ਮੁੱਖ ਮੰਤਰੀ, ਜਿਹੜੇ ਕਿ ਭਾਜਪਾ ਦੇ ਭਾਈਵਾਲ ਵੀ ਹਨ, ਨਰਿੰਦਰ ਮੋਦੀ ਨੂੰ ਫਿਰਕਾਪ੍ਰਸਤ ਵਕਾਰ ਵਾਲਾ ਨੇਤਾ ਗਰਦਾਨਗੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਅਯੋਗ ਕਰਾਰ ਦਿੰਦੇ ਆ ਰਹੇ ਸਨ। ਉਨ੍ਹਾਂ ਦਾ ਦਾਅਵਾ ਸੀ ਕਿ ਭਾਰਤ ਦੇ ਲੋਕ ਇਹੋ ਜਿਹੇ ਫਿਰਕਾਪ੍ਰਸਤ ਵਕਾਰ ਵਾਲੇ ਨੇਤਾ ਨੂੰ ਸਵੀਕਾਰ ਨਹੀਂ ਕਰਨਗੇ। ਅਦਾਲਤ ਨੇ ਭਾਵੇਂ ਕਿ ਫੈਸਲੇ ਮੋਦੀ ਖਿਲਾਫ ਨਹੀਂ ਦਿੱਤਾ ਪਰ ਜਿਵੇਂ ਮੋਦੀ ਗੁਜਰਾਤ ਦੇ ਦੰਗਿਆਂ ਉਪਰ ਪਰਦਾਪੋਸ਼ੀ ਕਰਦੇ ਅਤੇ ਅਪਰਾਧੀਆਂ ਨੂੰ ਨਿਵਾਜਦੇ ਤੇ ਬਚਾਉਂਦੇ ਆ ਰਹੇ ਸਨ ਉਸਨੇ ਕੋਈ ਸ਼ੱਕ ਨਹੀਂ ਸੀ ਰਹਿਣ ਦਿੱਤੀ ਕਿ ਧਰਮਨਿਰਪੱਖਤਾ ਨਰਿੰਦਰ ਮੋਦੀ ਦੇ ਨੇੜੇ ਤੇੜੇ ਵੀ ਨਹੀਂ ਹੈ।

ਇਸ ਫਤਵੇ ਦਾ ਪ੍ਰਭਾਵ ਸਿਰਫ ਨਰਿੰਦਰ ਮੋਦੀ 'ਤੇ ਹੀ ਨਹੀਂ ਸਗੋਂ ਭਾਰਤੀ ਜਨਤਾ ਪਾਰਟੀ ਉਪਰ ਵੀ ਸਿੱਧੇ ਤੌਰ 'ਤੇ ਪੈਣ ਵਾਲਾ ਹੈ। ਮੋਦੀ ਦੇ ਚਰਿੱਤਰ ਪਤਨ ਦਾ, ਜਾਤੀ ਤੌਰ 'ਤੇ ਅਡਵਾਨੀ ਨੂੰ ਤਾਂ ਭਾਵੇਂ ਫਾਇਦਾ ਪਹੁੰਚ ਜਾਵੇ ਪ੍ਰੰਤੂ ਸਮੁੱਚੇ ਤੌਰ 'ਤੇ ਪਾਰਟੀ ਨੂੰ ਨੁਕਸਾਨ ਹੋਣ ਵਾਲਾ ਹੈ। ਭਾਜਪਾ ਇਸ ਨਾਲ ਨੈਤਿਕ ਤੌਰ 'ਤੇ ਹੀ ਕਮਜ਼ੋਰ ਹੋ ਗਈ ਹੈ।

# ਭਾਰਤੀ ਸੁਤੰਤਰਤਾ ਤੇ ਗੱਲਬਾਤ ਕਰਨ ਦੀਆਂ ਚੁਣੌਤੀਆਂ

ਜਦੋਂ ਮੈਨੂੰ ਇਸ ਮਹੱਤਵਪੂਰਨ ਦਿਨ 'ਤੇ ਕੁਝ ਬੋਲਣ ਲਈ ਕਿਹਾ ਗਿਆ ਤਾਂ ਮੇਰੇ ਲਈ ਬੜੀ ਮੁਸ਼ਕਲ ਬਣ ਗਈ। ਇਸ ਦਾ ਇਕ ਕਾਰਨ ਮੇਰਾ ਬਰਤਾਨਵੀ ਹੋਣਾ ਸੀ। ਬਸਤੀਵਾਦੀ ਅਤੇ ਉੱਤਰ ਬਸਤੀਵਾਦੀ ਭਾਰਤ ਦੀ ਇਤਿਹਾਸਕਾਰ ਹੋਣ ਵਜੋਂ ਮੈਨੂੰ ਇਸ ਗੱਲ ਦੀ ਠੇਸ ਲੱਗਦੀ ਹੈ ਕਿ ਕੋਈ ਬਰਤਾਨਵੀ ਵਿਅਕਤੀ ਨੌਜਵਾਨ ਭਾਰਤੀਆਂ ਨਾਲ ਉਨ੍ਹਾਂ ਦੇ ਅਤੀਤ ਦੀ ਗੱਲ ਕਰੇ (ਨਿਰਸੰਦੇਹ, ਮੈਂ ਉਨ੍ਹਾਂ ਲੋਕਾਂ ਵਿਚੋਂ ਹਾਂ ਜਿਹੜੇ 'ਰੰਗ ਦੇ ਬਸੰਤੀ' ਫਿਲਮ ਨੂੰ ਨਾਪਸੰਦ ਕਰਦੇ ਸਨ, ਕਿਉਂਕਿ ਮੈਂ ਇਸ ਦੇ ਪਾਤਰ ਸੂ ਨੂੰ ਨਫ਼ਰਤ ਕਰਦੀ ਸੀ, ਸਭ ਜਾਣਦੇ ਹਨ ਕਿ ਬਰਿਟ ਭਾਰਤੀਆਂ ਨੂੰ ਉਨ੍ਹਾਂ ਦਾ ਅਤੀਤ ਪੜ੍ਹਾਉਣ ਲਈ ਭਾਰਤ ਜਾਂਦਾ ਹੈ-ਉਸ ਨੇ ਮੈਨੂੰ ਮੇਰੇ ਬਾਰੇ ਬਹੁਤ ਕੁਝ ਯਾਦ ਕਰਵਾਇਆ।)

ਮੇਰੇ ਲਈ ਮੁਸ਼ਕਲ ਦਾ ਇਕ ਕਾਰਨ ਇਸ ਮੌਕੇ ਇਹ ਸੋਚਣ ਲੱਗ ਪੈਣਾ ਵੀ ਸੀ ਕਿ ਮੈਂ ਬਾਲੀਵੁੱਡ ਦੀ ਕਿਸੇ ਫਿਲਮ 'ਚ ਅਮਿਤਾਭ, ਓਮ ਪੁਰੀ ਜਾਂ ਕੁਲਭੂਸ਼ਨ ਖਰਬੰਦਾ ਦੀਆਂ ਭਾਰੀ ਆਵਾਜ਼ਾਂ ਵਿਚ ਘਿਰੀ ਹੋਈ ਹਾਂ, ਜਾਂ ਫੇਰ ਅਨੁਪਮ ਖੇਰ ਨਾਲ 'ਪਗੜੀ' ਵਿਚ ਖਾਦੀ ਪਹਿਨ ਕੇ ਰਾਸ਼ਟਰ ਬਾਰੇ ਜਜ਼ਬਾਤੀ ਭਾਸ਼ਣ ਦੇ ਰਹੀ ਹਾਂ, ਜਾਂ ਸ਼ਾਹਰੁਖ਼ ਖਾਨ ਨੂੰ ਇਹ ਐਲਾਨ ਕਰਦਿਆਂ ਸੁਣ ਰਹੀ ਹੋਵਾਂ, 'ਮੇਰਾ ਦਿਲ ਹੈ ਹਿੰਦੋਸਤਾਨੀ' ਜਾਂ ਨਫ਼ਰਤ ਦਾ ਭਰਿਆ ਆਮਿਰ ਖਾਨ ਟਕਸਾਲੀ ਹਿੰਦੀ ਵਿਚ ਬਰਿਟ ਉੱਪਰ ਦਹਾੜਦਾ ਹੋਇਆ ਦੇਖ ਰਹੀ ਹੋਵਾਂ, ਜਿਹੜਾ ਉਸ ਨੂੰ ਕੁੱਟ ਕੇ ਤੇ ਜ਼ਲੀਲ ਕਰਕੇ ਨਿਹਾਲ ਹੋ ਰਿਹਾ ਹੋਵੇ। ਮੈਨੂੰ ਹਿੰਦੀ ਬੋਲਚਾਲ ਵਿਚ ਬਹੁਤੀ ਮੁਹਾਰਤ ਹਾਸਲ ਨਹੀਂ। ਮੈਂ ਕਲਪਨਾ ਕਰਦੀ ਹਾਂ ਕਿ ਮੈਨੂੰ ਸ਼ਾਇਦ ਅਜਿਹੀ ਖਲਨਾਇਕਾ ਦੀ ਭੂਮਿਕਾ ਅਪਨਾਉਣੀ ਪਵੇ ਜਿਹੜੀ ਭਾਰਤ ਨੂੰ ਮੁੜ ਕਬਜ਼ੇ ਵਿਚ ਕਰਨ (ਜਾਂ ਮੁੜ ਖਰੀਦਣ) ਦੇ ਯਤਨ 'ਚ ਹੋਵੇ 'ਓ ਡਾਰਲਿੰਗ ਇਹ ਹੈ ਇੰਡੀਆ' ਫਿਲਮ ਵਾਂਗ ਅਤੇ ਇਕ ਵਿਦੇਸ਼ੀ ਬਿੰਬੋ ਬਣਨ ਦੀ ਚਾਹਵਾਨ ਹੋਵੇ (ਭਾਵੇਂ ਮੈਂ ਪੂਰਬੀ ਪਿਛੋਕੜ ਵਾਲੀਆਂ ਨਰਤਕੀਆਂ ਨਾਲ ਮੁਕਾਬਲਾ ਨਹੀਂ ਕਰ ਸਕਦੀ, ਜਿਹੜੀਆਂ ਮੁੰਬਈ ਵਿਚ ਇਨ੍ਹੀਂ ਦਿਨੀਂ ਫਿਲਮੀ ਦਿਸ਼ਾ ਉੱਪਰ ਛਾਈਆਂ ਹੋਈਆਂ ਹਨ, ਇਹੀ ਇਕੋ ਉਮੀਦ ਬਚੀ ਹੋਈ ਹੈ ਕਿ ਸ਼ਾਇਦ ਗੋਵਿੰਦੇ ਦੀ ਅਗਲੀ ਫਲਾਪ ਫਿਲਮ ਦੀ ਪ੍ਰੇਮ ਪਾਤਰ ਬਣ ਸਕਾਂ।

ਭਾਰਤੀ ਸੁਤੰਤਰਤਾ ਦੀ 65ਵੀਂ ਵਰ੍ਹੇਗੰਢ 'ਤੇ ਥੋੜ੍ਹਾ ਗੰਭੀਰ ਹੋਣ ਲਈ ਇਹ ਵਿਚਾਰ ਵੀ ਮੁਸ਼ਕਲ ਪੈਦਾ ਕਰਦਾ ਹੈ ਕਿ ਗੱਲਬਾਤ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਇਸ ਵਿਚ 'ਪ੍ਰਗਤੀ ਉੱਪਰ ਟਿੱਪਣੀ ਕੀਤੀ ਜਾਵੇ, ਇਹ ਆਈ.ਆਈ.ਟੀ. ਬਾਰੇ ਹੋਵੇ, ਭਾਰਤੀ ਵਪਾਰ ਦੇ ਵਿਸ਼ਵ ਵਿਆਪੀ ਪਾਸਾਰ ਬਾਰੇ ਹੋਵੇ ਅਤੇ ਇਸ ਬਾਰੇ ਹੋਵੇ ਕਿ ਕਿਵੇਂ ਪੱਛਮ ਰੁਪਏ ਦਾ ਪਿੱਛਾ ਕਰ ਰਿਹਾ ਹੈ, ਇਸ ਬਾਰੇ ਵੀ ਕਿ ਕਿਵੇਂ ਭਾਰਤ ਬਹੁ ਸੰਸਕ੍ਰਿਤਕ ਸਮਾਜ ਦਾ ਨਮੂਨਾ ਹੈ (ਅਨੇਕਤਾ ਵਿਚ ਏਕਤਾ) ਅਤੇ ਅਜਿਹੇ ਹੀ ਕੁਝ ਹੋਰ ਬਾਰੇ ਅਤੇ ਜਾਂ ਫਿਰ ਤੁਸੀਂ ਸਾਰੇ ਭਾਰਤੀ ਵਿਦਿਆਰਥੀ ਹੋ ਅਤੇ ਸਮੁੰਦਰੋਂ ਪਾਰ ਪੜ੍ਹ ਰਹੇ ਹੋ, (ਸ਼ਾਹਰੁਖ਼ ਖਾਨ ਦੀ ਫਿਲਮ 'ਸਵਦੇਸ਼' ਵਾਂਗ) ਭਾਰਤ ਦੇ ਭਵਿੱਖ ਬਾਰੇ ਪੁੱਛਣ ਦੇ ਫ਼ਰਜ਼ ਨੂੰ ਲੈ ਕੇ ਇਕਸਮਾਨ ਹੋ। ਭਾਰਤੀ ਸੁਤੰਤਰਤਾ ਨੂੰ ਬਣਦਾ ਮਾਣ ਸਨਮਾਨ ਦੇਣ ਦੀ ਮੁਸ਼ਕਲ ਬਾਰੇ ਜੇਕਰ ਅਣਸੁਖ਼ਾਵੇਂ ਨਹੀਂ ਤਾਂ ਕੁਝ ਅਣਚਾਹੇ ਕਾਰਨ ਹੀ ਹਨ। ਪਹਿਲਾ, ਜਿਹੜਾ ਸਦਾ ਭਾਰਤ ਦੇ ਬਸਤੀਵਾਦੀ ਅਤੀਤ ਨੂੰ ਉਭਾਰਦਾ ਹੈ (ਕਿਉਂਕਿ ਇਹ ਮੌਕਾ ਬਸਤੀਵਾਦ ਉੱਪਰ ਜਿੱਤ ਹਾਸਲ ਕਰਨ ਦਾ ਜਸ਼ਨ ਹੈ), ਜਦਕਿ ਲੋੜ ਭਾਰਤ ਨੂੰ ਇਸ ਦੇ ਸਹੀ ਅਰਥਾਂ ਵਿਚ ਪਰਿਭਾਸ਼ਤ ਕਰਨ ਦੀ ਹੈ। ਨਿਰਸੰਦੇਹ ਇਹ ਸਮੱਸਿਆ ਸਾਰੇ ਉੱਤਰ ਭਾਰਤ ਬਸਤੀਵਾਦੀ ਦੇਸ਼ਾਂ ਦੀ ਹੈ-ਅਤੇ ਕਨੇਡਾ ਲਈ ਇਹ ਨਵੀਂ ਉੱਭਰੀ ਹੈ। ਮੈਂ ਇਕਬਾਲ ਕਰਦੀ ਹਾਂ ਕਿ ਕਨੇਡਾ ਵਿਚ ਝੰਡਾ ਲਗਾਉਣ ਦੇ ਅਸਥਾਨਾਂ 'ਤੇ ਬ੍ਰਿਟਿਸ਼ ਝੰਡਾ ਝੁਲਣ ਦਾ ਦ੍ਰਿਸ਼ ਮੇਰੇ ਮਨ ਵਿਚ ਕੋਈ ਖਲਬਲੀ ਪੈਦਾ ਨਹੀਂ ਕਰਦਾ।

**ਡੀਐਨਾ ਹੀਥ, ਯੂਨੀਵਰਸਿਟੀ ਆਫ਼ ਅਲਬਰਟਾ ਦੇ ਇਤਿਹਾਸ ਵਿਭਾਗ 'ਚ 'ਭਾਰਤੀ ਇਤਿਹਾਸ' ਦੇ ਪ੍ਰੋਫੈਸਰ ਦੇ ਤੌਰ 'ਤੇ ਕੰਮ ਕਰ ਰਹੇ ਹਨ। ਅਮਰੀਕਾ, ਬਰਤਾਨੀਆ, ਆਇਰਲੈਂਡ,ਭਾਰਤ ਆਦਿ ਦੇਸ਼ਾਂ 'ਚ ਕੰਮ ਕਰ ਚੁੱਕੀ ਪ੍ਰੋ. ਹੀਥ ਨੇ ਜਿੱਥੇ ਸਮੇਂ ਸਮੇਂ ਤੇ ਵੱਖ-ਵੱਖ ਵਿਸ਼ਿਆਂ 'ਤੇ ਕਿਤਾਬਾਂ ਅਤੇ ਪੇਪਰ ਲਿਖੇ ਅੱਜ-ਕੱਲ ਉਹ 'ਬਸਤੀਵਾਦੀ ਭਾਰਤ 'ਚ ਤਸ਼ੱਦਦ' ਵਿਸ਼ੇ ਤੇ ਕਿਤਾਬ ਲਿਖਣ ਵਿੱਚ ਰੁੱਝੇ ਹਨ।ਭਾਰਤੀ ਸਿਨੇਮਾ 'ਚ ਡੂੰਘੀ ਰੁੱਚੀ ਰੱਖਣ ਵਾਲੀ ਪ੍ਰੋ. ਹੀਥ ਨੇ ਯੂਨੀਵਰਸਿਟੀ ਆਫ਼ ਅਲਬਰਟਾ 'ਚ 'ਭਾਰਤੀ ਸਿਨੇਮਾ' ਤੇ ਇਕ ਨਵਾਂ ਕੋਰਸ ਸ਼ੁਰੂ ਕੀਤਾ ਹੈ।**

**ਲੰਘੀ 15 ਅਗਸਤ ਨੂੰ ਯੂਨੀਵਰਸਿਟੀ ਆਫ਼ ਅਲਬਰਟਾ 'ਚ ਭਾਰਤੀ ਵਿਦਿਆਰਥੀਆਂ ਦੀ ਜਥੇਬੰਦੀ ਵਲੋਂ ਪ੍ਰੋ. ਹੀਥ ਨੂੰ ਆਪਣੇ ਸਮਾਗਮ 'ਚ ਮੁੱਖ ਬੁਲਾਰੇ ਦੇ ਤੌਰ ਤੇ ਸ਼ਾਮਿਲ ਕੀਤਾ ਗਿਆ। 'ਨਵੀਂ ਦੁਨੀਆ' ਉਨ੍ਹਾਂ ਦੇ ਇਸ ਮੌਕੇ ਦਿਤੇ ਭਾਸ਼ਣ ਦਾ ਪੰਜਾਬੀ ਉਲੱਥਾ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੀ ਹੈ।**

ਦੂਸਰਾ ਕਾਰਨ ਇਹ ਹੈ ਕਿ ਜਦੋਂ ਮੈਂ ਆਜ਼ਾਦੀ ਦੇ ਸੰਘਰਸ਼ ਨੂੰ ਬਣਦਾ ਮਾਣ-ਸਨਮਾਨ ਦੇਣ ਲਈ ਸਹਿਮਤ ਹੁੰਦੀ ਹਾਂ ਤਾਂ ਇਹ ਸਹਿਮਤੀ ਉਨ੍ਹਾਂ ਸਰਕਾਰੀ ਜਸ਼ਨਾਂ ਲਈ ਹੁੰਦੀ ਹੈ, ਜਿਹੜੇ ਭਾਰਤ ਦੇ ਅਤੀਤ ਅਤੇ ਆਜ਼ਾਦੀ ਦੇ ਰਾਸ਼ਟਰੀ ਬਿਰਤਾਂਤ ਹਨ, ਜਿਹੜੇ ਉਸ ਸਭ ਕੁਝ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ ਜੋ 1993 'ਚ ਭਾਰਤ ਦੀ ਕੰਗਾਲੀ 'ਤੇ ਹੋਈਆਂ ਟਿੱਪਣੀਆਂ ਵਿਚ ਸਾਹਮਣੇ ਆਇਆ, ਜਿਸ 'ਚ 'ਭਾਸ਼ਾਈ ਦੰਗੇ, ਜਾਤੀ ਫਸਾਦ, ਸੰਪ੍ਰਦਾਇਕ ਖੂਨ ਖਰਾਬਾ, ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦਾ ਕਤਲ, ਪਾਕਿਸਤਾਨ ਤੇ ਚੀਨ ਨਾਲ ਯੁੱਧ, ਪੰਜਾਬ ਦੀ ਵੱਖਵਾਦੀ ਲਹਿਰ, ਕਸ਼ਮੀਰ ਦੀ ਗੜਬੜ, ਅਸਾਮ ਦੀ ਹਿੰਸਾ, ਦੱਖਣ ਵਿਚਲੀਆਂ ਹਿੰਦੀ ਵਿਰੋਧੀ ਲਹਿਰਾਂ, ਭੁੱਖਮਰੀ, ਗਰੀਬੀ, ਭ੍ਰਿਸ਼ਟਾਚਾਰ, ਪ੍ਰਦੂਸ਼ਣ, ਵਾਤਾਵਰਣਿਕ ਵਿਗਾੜ, ਵੱਡੀ ਪੱਧਰ 'ਤੇ ਧਨ ਦੀ ਕਾਣੀ ਵੰਡ, ਫਿਰਕਾਪ੍ਰਸਤੀ, ਵਹੁਟੀਆਂ ਨੂੰ ਸਾੜਨਾ, ਸਿਆਸਤ ਦਾ ਅਪਰਾਧੀਕਰਨ, ਔਰਤਾਂ ਨਾਲ ਭੇਦਭਾਵ, ਮਨੁੱਖੀ ਅਧਿਕਾਰਾਂ ਦਾ ਘਾਣ ਸ਼ਾਮਲ ਹਨ। 'ਸਰਕਾਰੀ ਬਿਰਤਾਂਤ' ਇਸ ਤੱਥ ਨੂੰ ਵੀ ਨਜ਼ਰਅੰਦਾਜ਼ ਕਰ ਦਿੰਦੇ ਹਨ, ਮਿਸਾਲ ਵਜੋਂ ਕਿ ਬਹੁਤ ਸਾਰੇ ਭਾਰਤੀਆਂ ਨੂੰ ਅਜੇ ਵੀ ਨਾਗਰਿਕਾਂ ਵਾਲੇ ਹੱਕ ਹਕੀਕਤ ਵਿਚ ਹਾਸਲ ਨਹੀਂ ਹੋਏ ਹਨ ਅਤੇ ਉਨ੍ਹਾਂ ਦੇ ਹੱਕ ਰਾਸ਼ਟਰ ਦਾ ਹਿੱਸਾ ਹੀ ਨਹੀਂ ਸਮਝੇ ਜਾਂਦੇ (ਖੇਦ ਦੀ ਗੱਲ ਹੈ ਕਿ ਭਾਰਤੀ ਮੀਡੀਆ ਵਿਚੋਂ ਪਿੰਡ ਗਾਇਬ ਹੀ ਹੋ ਗਿਆ ਹੈ - ਪ੍ਰੈਸ ਦਾ ਧਿਆਨ ਇਸ ਵੱਲ ਉਦੋਂ ਹੀ ਜਾਂਦਾ ਹੈ ਜਦੋਂ ਇਥੇ ਕੋਈ ਅਲੋਕਾਰ ਘਟਨਾ ਵਾਪਰਦੀ ਹੈ - ਫਿਲਮ 'ਪੀਪਲੀ ਲਾਈਵ' ਨੇ ਪਿੰਡ ਪ੍ਰਤੀ ਇਸ ਰਵੱਈਏ ਨੂੰ ਬੜੇ ਸ਼ਾਨਦਾਰ ਤਰੀਕੇ ਨਾਲ ਪਕੜਿਆ ਹੈ)।

ਪ੍ਰੰਤੂ ਜਦੋਂ ਮੈਂ ਭਾਰਤ ਦੇ ਅਤੀਤ (ਜਾਂ ਇਸ ਦੇ ਵਰਤਮਾਨ) ਨੂੰ ਵਾਧੂ ਵਡਿਆਉਣ ਦਾ ਵਿਰੋਧ ਕਰਦੀ ਹਾਂ ਤਾਂ ਇਹ ਵੀ ਸੋਚਦੀ ਹਾਂ ਕਿ ਭਾਰਤ ਦੇ ਇਤਿਹਾਸ ਬਾਰੇ ਕੁਝ ਅਤਭੁਤ ਗੱਲਾਂ ਵੀ ਹਨ, ਇਸ ਲਈ ਭਾਰਤ ਦੀ ਆਜ਼ਾਦੀ ਦੀ ਕੇਵਲ ਭਾਰਤੀਆਂ ਨੂੰ ਹੀ ਨਹੀਂ ਸਗੋਂ ਬਾਕੀ ਵਿਸ਼ਵ ਨੂੰ ਵੀ ਇਸ ਦੀ ਪ੍ਰਸੰਸਾ ਕਰਨੀ ਤੇ ਜਸ਼ਨ ਮਨਾਉਣਾ ਚਾਹੀਦਾ ਹੈ। ਇਸ ਤੋਂ ਸਿੱਖਣਾ ਚਾਹੀਦਾ ਹੈ। ਇਨ੍ਹਾਂ ਗੱਲਾਂ ਵਿਚ ਦੇਸ਼ ਵੰਡ ਉਪਰੰਤ ਭਾਰਤ ਦੀ ਚਮਤਕਾਰੀ ਏਕਤਾ ਸ਼ਾਮਲ ਹੈ, ਕੇਵਲ ਭਿੰਨਤਾਵਾਂ ਭਰੇ ਇਸ ਦੇਸ਼ ਵਿਚ ਨਹਿਰੂ ਕਾਲ ਅਧੀਨ ਹੀ ਵੱਖ-ਵੱਖ ਵਰਗਾਂ ਦੇ ਹਿੱਤਾਂ ਨੂੰ ਪ੍ਰਤੀਨਿਧਤਾ ਨਹੀਂ ਸਗੋਂ ਇਹ ਵੱਡੀਆਂ ਵੰਗਾਰਾਂ ਦੇ ਬਾਵਜੂਦ ਹੁਣ ਤਕ ਜਾਰੀ ਹੈ। ਦੂਸਰੀ ਚੀਜ਼ ਭਾਰਤੀ ਜਮੂਹਰੀਅਤ ਦੀ ਅਤਭੁਤ ਸੰਪੂਰਨਤਾ ਹੈ। ਭਾਰਤ ਕੇਵਲ ਵਿਸ਼ਵ ਦੀ ਸਭ ਤੋਂ ਵੱਡੀ ਜਮਹੂਰੀਅਤ ਹੀ ਨਹੀਂ, ਪ੍ਰੰਤੂ ਚੋਣਾਂ (ਸਾਪੇਖਿਕ ਰੂਪ ਵਿਚ) ਦੇ ਸੁਤੰਤਰ ਤੇ ਨਿਰਪੱਖ ਸੋਚ ਵਜੋਂ ਵੀ ਤੇ ਭਾਰੀ ਮੱਤਦਾਨ ਪੱਖੋਂ ਵੀ। ਅੱਗੇ ਚਲ ਕੇ ਜਮਹੂਰੀਅਤ ਨਿਮਨ ਜਾਤਾਂ ਅਤੇ ਜਮਾਤਾਂ ਨੂੰ ਲੰਮੇ ਕਦਮ ਪੁੱਟਣ ਵੱਲ ਲੈ ਜਾਂਦੀ ਹੈ। ਵਿਸ਼ਵ ਵਿਚ ਵੱਡੀ ਧਾਰਮਕ ਵਿਭਿੰਨਤਾ ਅਤੇ ਧਰਮ ਨਿਰਪੇਖਤਾ ਦੇ ਵਿਚਾਰ ਨੂੰ ਵੱਡੀਆਂ ਚੁਣੌਤੀਆਂ ਦਰਪੇਸ਼ ਹੋਣ ਦੇ ਬਾਵਜੂਦ ਭਾਰਤ ਵਿਚ ਧਰਮ ਨਿਰਪੱਖ ਢਾਂਚਾ ਦਹਾਕਿਆਂ ਤੋਂ ਚਲ ਰਿਹਾ ਹੈ। ਇਹ ਅਜੇ ਤੀਕ ਇਕ ਧਰਮ ਨਿਰਪੱਖ ਰਾਜ ਬਣਿਆ ਹੋਇਆ ਹੈ (ਇਸ ਦਾ ਸੰਵਿਧਾਨ, ਦੂਜੇ ਸ਼ਬਦਾਂ ਵਿਚ, ਧਰਮ ਦੇ ਆਧਾਰ 'ਤੇ ਕਿਸੇ ਨਾਲ ਕੋਈ ਭੇਦਭਾਵ ਨਹੀਂ ਕਰਦਾ) ਜਸ਼ਨ ਦੇ ਅਗਲੇ ਮੁੱਦੇ, ਪਿਛਲੇ 65 ਸਾਲਾਂ ਦੌਰਾਨ ਭਾਰਤੀ ਅਰਥਚਾਰੇ ਦੀ ਅਸਾਧਾਰਣ ਸਫ਼ਲਤਾਵਾਂ ਹਨ (ਭਾਵੇਂ ਇਹ ਸਫ਼ਲਤਾਵਾਂ ਸਭ ਵਰਗਾਂ ਲਈ ਨਹੀਂ ਹਨ) ਬਸਤੀਵਾਦੀ ਪਿਛੋਕੜ 'ਚੋਂ ਨਵੀਂ ਆਰਥਿਕਤਾ ਖੜੀ ਕਰਨ ਦੀ ਵੱਡੀ ਚੁਣੌਤੀ ਉੱਪਰ ਭਾਰਤ ਨੇ ਜਿੱਤ ਹਾਸਲ ਕੀਤੀ ਅਤੇ ਇਕ ਸਵੈਨਿਰਭਰ ਆਰਥਿਕਤਾ ਦਾ ਵਿਕਾਸ ਕੀਤਾ। 1950 ਤੋਂ ਹੁਣ ਤਕ ਭਾਰਤ ਦੀ ਰਾਸ਼ਟਰੀ ਆਮਦਨ ਸੱਤ ਗੁਣਾਂ ਵੱਧ ਗਈ ਹੈ, ਤੇ ਪ੍ਰਤੀ ਜੀਅ ਆਮਦਨ ਢਾਈ ਗੁਣਾਂ। ਇਹ ਸਭ ਕੁਝ ਆਬਾਦੀ ਦੇ ਵੱਡੇ ਵਾਧੇ ਦੇ ਬਾਵਜੂਦ ਵਾਪਰਿਆ ਹੈ। ਆਰਥਕ ਵਾਧੇ ਦੀ ਭਾਰੀ ਦਰ ਦੇ ਬਾਵਜੂਦ ਅਤੇ ਸਮਾਜਕ ਸਭਿਆਚਾਰਕ ਤਬਦੀਲੀ ਦੇ ਚਲਦਿਆਂ, ਭਾਰਤ ਅਗਲੇਰੀਆਂ ਤਬਦੀਲੀਆਂ ਨੂੰ ਸਵੀਕਾਰਨਾ ਵੀ ਜਾਰੀ ਰੱਖ ਰਿਹਾ ਹੈ, ਕੀ ਇਹ ਪਿੰਡ ਤੋਂ ਸ਼ਹਿਰ ਵਿਚ ਰੂਪਾਂਤਰ ਹੈ ਜਿਸ ਦਾ ਅਨੁਭਵ ਲੱਖਾਂ ਭਾਰਤ ਵਾਸੀਆਂ ਨੇ ਕੀਤਾ ਹੈ (ਤੇ 40ਵਿਆਂ-50ਵਿਆਂ ਵਿਚ ਖੂਬ ਪਕੜਿਆ ਹੈ) ਜਾਂ ਫੇਰ ਇਹ ਪਿੰਡਾਂ ਤੇ ਸ਼ਹਿਰਾਂ ਦੋਵਾਂ ਵਿਚ ਹੀ ਵਿਸ਼ਵੀਕਰਣ ਤੋਂ ਉਤੇਜਿਤ ਉਭਾਰ ਹੈ? ਇਕ ਵਿਦੇਸ਼ੀ ਵਜੋਂ ਜਿਹੜੀ ਕਾਫ਼ੀ ਸਮਾਂ ਭਾਰਤ ਵਿਚ ਗੁਜ਼ਾਰਦੀ ਹੈ ਅਤੇ ਜਿਹੜੀ ਇਸ ਨੂੰ ਆਪਣਾ ਅਸਲੀ ਘਰ ਖਿਆਲ ਕਰਦੀ ਹੈ। ਮੈਂ ਭਾਰਤ ਬਾਰੇ ਇਕ ਹੋਰ ਚੀਜ਼ ਦਾ ਜਸ਼ਨ ਮਨਾਉਣਾ ਚਾਹਾਂਗੀ, ਉਹ ਇਹ ਹੈ ਕਿ ਕਿਵੇਂ ਭਾਰੀ ਤਬਦੀਲੀਆਂ ਦੇ ਬਾਵਜੂਦ ਇਹ ਬਹੁਤ ਨਿੱਘਾ ਤੇ ਘਰ ਆਇਆਂ ਨੂੰ ਗਲੇ ਲਗਾਉਣ ਵਾਲਾ ਹੈ। ਮੇਰੀ ਵਰਗੀ ਦੁਨੀਆ ਗਾਹੁਣ ਵਾਲੀ ਲਈ ਇਹ ਇਕੱਲਾ ਅਸਥਾਨ ਹੈ ਜਿਸ ਨੂੰ ਘਰ ਕਿਹਾ ਜਾ ਸਕਦਾ ਹੈ ਤੇ ਬਿਨਾਂ ਉਜ਼ਰ ਤੋਂ ਸਵੀਕਾਰਿਆ ਜਾ ਸਕਦਾ ਹੈ। ਵਡੇਰੇ ਭੂਮੰਡਲੀ ਢਾਂਚੇ ਦੇ ਅੰਤਰਗਤ ਭਾਰਤ ਬਾਰੇ ਵਿਚਾਰ ਕਰਦਿਆਂ ਮੈਂ ਆਪਣੀ ਗੱਲ ਕਹਿ ਕੇ ਸਮਾਪਤ ਕਰਨਾ ਚਾਹਾਂਗੀ ਕਿ ਭਾਰਤ ਪੱਛਮ ਦਾ ਤੇ ਵਿਸ਼ੇਸ਼ ਕਰਕੇ ਯੂਰਪ ਦਾ ਅਤੀਤ ਹੈ ਤੇ ਭਵਿੱਖ ਵੀ। ਯੂਰਪ ਦੇ ਅਤੀਤ ਤਹਿਤ ਇਸ ਨੇ ਬੜੇ ਜੋਸ਼ ਅਤੇ ਸ਼ਿੱਦਤ ਨਾਲ ਪ੍ਰਗਤੀ ਕੀਤੀ, ਆਧੁਨਿਕੀਕਰਨ, ਸਨਅਤੀਕਰਨ ਅਤੇ ਸਮਾਜ ਦੇ ਸ਼ਹਿਰੀਕਰਨ ਨੂੰ ਉਭਾਰਿਆ। ਪਰ ਉਸ ਦੇ (ਯੂਰਪ ਦੇ) ਭਵਿੱਖ ਤਹਿਤ ਇਸ ਨੇ 50 ਸਾਲਾਂ ਤੋਂ ਬਹੁਭਾਸ਼ੀ, ਬਹੁਧਾਰਮਕ, ਬਹੁਜਾਤੀ, ਸਿਆਸੀ ਤੇ ਆਰਥਕ ਭਾਈਚਾਰਾ ਪੈਦਾ ਕਰਨ ਦੀ ਪੇਸ਼ਬੰਦੀ ਕੀਤੀ ਅਤੇ ਮੈਂ ਆਧੁਨਿਕੀਕਰਨ ਦੇ ਹੋਰ ਵੀ ਨਵੇਂ ਤੇ ਬਦਲਵੇਂ ਢੰਗ-ਤਰੀਕੇ ਅਪਨਾਉਣ ਲਈ ਵੀ ਕਹਾਂਗੀ।

ਆਉ ਉਮੀਦ ਕਰੀਏ ਕਿ ਮੌਜੂਦਾ ਔਖੇ ਸਮਿਆਂ ਵਿਚ ਭਾਰਤ ਇਸ ਤੋਂ ਸਿੱਖਿਆ ਲਵੇਗਾ।



ਡੀਐਨਾ ਹੀਥ
ਯੂਨੀਵਰਸਿਟੀ ਆਫ਼ ਅਲਬਰਟਾ
dheath@ualberta.ca

Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਕਵਿਤਾ ਮੇਰੇ ਨਾਲ-ਨਾਲ

**ਕਾਵਿ ਸੰਗ੍ਰਹਿ**
**ਸ਼ਾਇਰ : ਡਾ. ਰਵਿੰਦਰ, ਪੰਨੇ 508, ਕੀਮਤ 500 ਰੁਪਏ**
**ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।**




‘ਕਵਿਤਾ ਮੇਰੇ ਨਾਲ ਨਾਲ’ ਧੀਮੇ ਸੁਰ ਦੇ ਚਿੰਤਨਸ਼ੀਲ ਕਵੀ ਡਾ. ਰਵਿੰਦਰ ਦੀਆਂ ਹੁਣ ਤੱਕ ਪ੍ਰਕਾਸ਼ਤ ਕਾਵਿ-ਪੁਸਤਕਾਂ ਦਾ ਸੰਗ੍ਰਹਿ ਹੈ। ਇਸ ਵਿਚ ਉਸ ਦੀਆਂ ‘ਆਪਣੀ ਉਡੀਕ ਵਿਚ’, ‘ਨਦੀ ਪੌਣ ਖੁਸ਼ਬੋ’, ‘ਬੰਸਰੀ ਉਦਾਸ ਹੈ’, ‘ਇਕ ਜੰਗਲ ਮੇਰੇ ਅੰਦਰ’, ‘ਆਲ੍ਹਣੇ ਘਰ ਪਿੰਜਰੇ’, ‘ਮੇਰੇ ਲਈ ਨਾ ਰੁਕੋ’ ਸਮੇਂ-ਸਮੇਂ ਚਰਚਿਤ ਰਹੀਆਂ ਕਾਵਿ-ਪੁਸਤਕਾਂ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਪੁਸਤਕ ਦੇ ਆਖ਼ਰੀ ਹਿੱਸੇ ਵਿਚ ਉਸ ਦੁਆਰਾ ਲਿਖੇ ਉੱਘੀਆਂ ਸ਼ਖਸੀਅਤਾਂ ਦੇ ਕੁਝ ਕਾਵਿ-ਚਿੱਤਰ ਅਤੇ ਸ਼ਰਨ ਮੱਕੜ ਦੁਆਰਾ ਲਿਖਿਆ ਡਾ. ਰਵਿੰਦਰ ਦਾ ਕਾਵਿ-ਚਿੱਤਰ ਵੀ ਦਿੱਤਾ ਗਿਆ ਹੈ। ਇਉਂ ਪੁਸਤਕ ‘ਕਵਿਤਾ ਮੇਰੇ ਨਾਲ ਨਾਲ’ ਕਵਿਤਾ ਦੀ ਇਕ ਭਰੀ-ਪੂਰੀ ਪੁਸਤਕ ਵਜੋਂ ਸਾਹਮਣੇ ਆਈ ਹੈ।

ਡਾ. ਰਵਿੰਦਰ ਆਪਣੀ ਕਾਵਿ-ਯਾਤਰਾ ਦੇ ਆਰੰਭ ਵਿਚ ਹੀ ਬਦਲ ਰਹੇ ਸਮਾਜ ਦੀਆਂ ਵਿਕ੍ਰਿਤੀਆਂ ਦੇ ਫਲਸਰੂਪ ਤਿੜਕ ਰਹੀ ਮਾਨਵੀ ਹੋਂਦ ਨੂੰ ਸ਼ਿੱਦਤ ਨਾਲ ਮਹਿਸੂਸ ਕਰਨ ਲੱਗ ਪਿਆ ਸੀ। ਉਸ ਨੇ ਆਪਣੀ ਕਾਵਿ-ਯਾਤਰਾ ਇਕ ਤਰ੍ਹਾਂ ਨਾਲ ਇਸੇ ਅਹਿਸਾਸ ਦੀ ਤਰਜਮਾਨੀ ਤੋਂ ਹੀ ਸ਼ੁਰੂ ਕੀਤੀ ਹੈ। ਨਵੀਂ ਪੰਜਾਬੀ ਕਵਿਤਾ ਵਿਚ ਸਮਾਜਿਕ-ਸੰਸਕ੍ਰਿਤਕ ਸੰਕਟਾਂ ਦਾ ਪ੍ਰਗਟਾਵਾ ਵਧੇਰੇ ਕਰਕੇ ਸਮਕਾਲੀ ਮਨੁੱਖ ਦੇ ਤਿੜਕੇ ਹੋਏ ਆਪੇ ਦੇ ਰੂਪ ਵਿਚ ਹੀ ਹੋਇਆ ਹੈ ਜਿਸ ਕਾਰਨ ਕਦੇ ਉਹ ਆਪਣੇ ਆਪ ਨੂੰ ਸਰਾਪਿਆ ਹੋਇਆ, ਕਦੇ ਵਿਗੋਚਿਆ-ਵਿਛੁੰਨਿਆ ਹੋਇਆ ਅਤੇ ਕਦੇ-ਕਦੇ ਤਾਂ ਅਣਹੋਇਆ ਹੀ ਅਨੁਭਵ ਕਰਨ ਲਗਦਾ ਹੈ। ਸ਼ਾਇਦ ਇਸੇ ਲਈ ਉਹ ਆਪਣੇ ਆਪ ਨੂੰ ਹਮੇਸ਼ਾਂ ਆਪਣੇ ਪ੍ਰਮਾਣਿਕ ਆਪੇ ਦੀ ਉਡੀਕ ਵਿਚ ਪਾਉਂਦਾ ਹੈ, ਅਜਿਹਾ ਆਪਾ ਜਿਹੜਾ ਉਸ ਦੇ ਆਪਣੇ ਤਸਵੁਰ ਨਾਲ ਮੇਲ ਖਾਂਦਾ ਹੋਵੇ, ਪਰ ਅਜਿਹਾ ਸੰਭਵ ਨਹੀਂ ਹੁੰਦਾ, ਪ੍ਰਤੀਕੂਲ ਪ੍ਰਸਥਿਤੀਆਂ ਇਨ੍ਹਾਂ ਸਤਰਾਂ ਵਿਚ ਪੇਸ਼ ਉਸ ਦੀ ਕੁੱਲ ਸਥਿਤੀ ਨੂੰ ਪੈਦਾ ਕਰਦੀਆਂ ਹਨ ;

ਸ਼ਾਇਦ ਇਸੇ ਲਈ
ਉਹ ਖਿੜਕੀ ਥਾਵੀਂ ਡਿੱਗ ਕੇ ਚੂਰ ਚੂਰ ਹੋ ਗਿਆ
ਉਹੀ ਜੋ ਕਦੀ ਪਲਕੜੇ ਜਿਹੇ ਆ ਕੇ
ਮੇਰੇ ਸੁਪਨਿਆਂ ਦੇ ਬੂਹੇ ਦਸਤਕ ਦਿਆ ਕਰਦਾ ਸੀ। (ਚੁੱਪ ਦਾ ਮਰਸੀਆ 25)

ਪਰ ਮੈਂ ਸ਼ਾਇਦ ਕਦੀ ਨਾ ਪਰਤਾਂ
ਮੇਰੀ ਕੋਈ ਉਡੀਕ ਨਾ ਰੱਖੀਂ। (ਪਹਿਲੀ ਸਾਜਿਸ਼ 44)

ਮੈਂ ਹੁਣ ਇਕ ਰਾਖ਼ਦਾਨੀ ਵਾਂਗ ਬੈਠਾ ਹਾਂ
ਅਣਚਾਹੇ ਅਣਜਾਣੇ ਚਿਹਰੇ
ਆਪਣੀ ਆਪਣੀ ਰਾਤ ਬਿਤਾ ਕੇ
ਆਪਣੀ ਆਪਣੀ ਰਾਖ਼ ਝਾੜ ਕੇ ਤੁਰ ਜਾਂਦੇ ਨੇ (ਮਨਫ਼ੀ ਰਾਤ : 46)

‘ਨਦੀ ਪੌਣ ਖੁਸ਼ਬੋ’ ਕਾਵਿ-ਪੁਸਤਕ ਦੀਆਂ ਕਵਿਤਾਵਾਂ ਵਿਚ ਵੀ ਡਾ. ਰਵਿੰਦਰ ਪ੍ਰਾਪਤ ਯਥਾਰਥ ਪ੍ਰਤੀ ਤੀਬਰ ਵੇਦਨਾ ਦੀ ਭਾਵਨਾ ਦਾ ਪ੍ਰਗਟਾਵਾ ਕਰਦਾ ਹੈ। ਇਹ ਯਥਾਰਥ ਮਨੁੱਖ ਨੂੰ ਭੰਨਦਾ-ਤੋੜਦਾ ਅਤੇ ਵਿਸ਼ਾਦਗ੍ਰਸਤ ਤਾਂ ਕਰਦਾ ਹੀ ਹੈ, ਨਾਲ ਹੀ ਉਸ ਦੇ ਅਮਾਨਵੀਕਰਨ ਦੇ ਧਰਾਤਲ ਨੂੰ ਵੀ ਮਜ਼ਬੂਤ ਕਰਦਾ ਹੈ। ਆਮ ਆਦਮੀ, ਜਿਸ ਲਈ ਸਮਾਜ ਵਿਚ ਦਿਲਾਸਾ-ਮਾਤਰ ਤਾਂ ਬਹੁਤ ਕੁਝ ਹੈ, ਪਰ ਅਸਲ ਵਿਚ ਕੁਝ ਵੀ ਨਹੀਂ। ਜਿਨ੍ਹਾਂ ਸਮਿਆਂ ਵਿਚ ਇਹ ਆਦਮੀ ਜਿਉਂ ਰਿਹਾ ਹੈ, ਉਨ੍ਹਾਂ ਉਪਰ ਕੇਂਦਰਤ ਡਾ. ਰਵਿੰਦਰ ਦੀ ਇਕ ਖੂਬਸੂਰਤ ਕਵਿਤਾ ਹੈ ‘ਇਹੋ ਜਿਹੇ ਸਮਿਆਂ ਵਿਚ’ : ਇਹੋ ਜਿਹੇ ਸਮਿਆਂ ਵਿਚ/ਆਮ ਆਦਮੀ/ਬਹੁਤ ਕੁਝ ਕਰ ਸਕਦਾ ਹੈ/ਚਾਹੇ ਤਾਂ/ਆਪਣੇ ਲਹੂ ਦੀ ਨਦੀ ’ਚ ਤਰ ਲਵੇ/ਆਪਣੇ ਜਹਿਆਂ ਦੀ ਮੌਤ ਪਿੱਛੋਂ/ਆਪਣੇ ਬਚ ਜਾਣ ਦਾ ਜਸ਼ਨ ਮਨਾਏ/ਭਾਸ਼ਣਾਂ ਦੀ ਚਰਾਗਾਹ ’ਚ ਘਾਹ ਚਰ ਲਵੇ/ਤਰੱਕੀ ਖੁਸ਼ਹਾਲੀ ਦੇ/ਰੰਗੀਨ ਸੁਪਨੇ ਲੈਂਦਾ ਰਹੇ/ਆਮ ਆਦਮੀ ਜੋ ਚਾਹੇ ਸੋ ਕਰ ਲਵੇ (87)

ਅੰਦਰਲੇ ਮਨੁੱਖ ਦੇ ਮਰਨ ਜਾਂ ਮਨੁੱਖ ਅੰਦਰੋਂ ਉਸ ਦਾ ਸਵੈਮਾਣ ਕਿਰਨ ਦਾ ਜ਼ਿਕਰ ਡਾ. ਰਵਿੰਦਰ ਦੀ ਕਵਿਤਾ ਵਿਚ ਬਹੁਤ ਆਉਂਦਾ ਹੈ ਤੇ ਇਸ ਵਰਤਾਰੇ ਦੇ ਅਨੇਕਾਂ ਪੱਖ ਉਸ ਦੀਆਂ ਅਗਲੇਰੀਆਂ ਕਾਵਿ-ਪੁਸਤਕਾਂ ਵਿਚ ਵੀ ਉਜਾਗਰ ਹੋਣੇ ਜਾਰੀ ਰਹਿੰਦੇ ਹਨ। ਦਰਅਸਲ, ਕਵਿਤਾ ਹੀ ਨਹੀਂ ਮਨੁੱਖੀ ਅਸਤਿਤਵ ਦੇ ਗ਼ਹਿਰੇ ਸੰਕਟ ਵੀ ਹਮੇਸ਼ਾਂ ਉਸ ਦੇ ਨਾਲ-ਨਾਲ ਰਹਿੰਦੇ ਹਨ ਤੇ ਉਹ ਕਟਾਖ਼ਸ਼ੀ ਵਿਧੀ ਨਾਲ ਇਨ੍ਹਾਂ ਸੰਕਟਾਂ ਨੂੰ ਪਰਤ-ਦਰ-ਪਰਤ ਸੰਬੋਧਿਤ ਹੁੰਦਾ ਹੈ। ਪਰਤ-ਦਰ-ਪਰਤ ਉੱਧੜ ਕੇ ਮਨੁੱਖ ਦਾ ਜੋ ਬਿੰਬ ਸਾਹਮਣੇ ਆਉਂਦਾ ਹੈ, ਉਹ ਇਕ ਵਾਧੂ ਜਿਹੀ ਵਸਤ ਵਰਗਾ ਹੈ। ਇਕ ਬੇਤੁਕੀ, ਬੇਜ਼ਮੀਰ ਤੇ ਬੇਜਾਨ ਵਸਤ ਵਰਗਾ ;

ਜਦ ਜੀ ਕਰਦਾ ਆਵੋ
ਆਪਣੇ ਗਿਲੇ ਉਲ੍ਹਾਮੇ ਸਾਡੇ ਕੀਨੇ
ਭੇਤ ਤਲਖ਼ੀਆਂ ਖ਼ਹਿਸ਼ਾਂ ਸੁਪਨੇ
ਜੋ ਜੀ ਚਾਹਵੇ
ਇਸ ਵਾਧੂ ਜਿਹੇ ਸ਼ਖਸ ਨਾਲ ਸਾਂਝੇ ਕਰ ਲਵੋ (ਮੈਨੂੰ ਵਰਤੋ : 95)

ਇਸ ਵਾਧੂ ਜਿਹੇ ਸ਼ਖਸ ਦੇ ਅੰਦਰਲੇ ਵਿਅਕਤੀਤਵ ਅਤੇ ਬਾਹਰੀ ਦਿੱਖ ਦੇ ਕਾਟਵੇਂ ਵਿਰੋਧ ਨੂੰ ਡਾ. ਰਵਿੰਦਰ ਆਪਣੀ ਕਵਿਤਾ ਵਿਚ ਖੂਬ ਪਕੜਨ ਦਾ ਯਤਨ ਕਰਦਾ ਹੈ।

‘ਬੰਸਰੀ ਉਦਾਸ ਹੈ’ ਕਾਵਿ-ਪੁਸਤਕ ਦੀਆਂ ਕਵਿਤਾਵਾਂ ਦੀ ਸੁਰ ਵੀ ਮੁੱਖ ਰੂਪ ਵਿਚ ਕਟਾਖ਼ਸ਼ੀ ਹੈ। ਕਟਾਖਸ਼ ਰਾਹੀਂ ਕਿਸੇ ਵਰਤਾਰੇ ਪ੍ਰਤੀ ਅਸਵੀਕ੍ਰਿਤੀ ਦਰਸਾਉਣਾ ਡਾ. ਰਵਿੰਦਰ ਦੀ ਪ੍ਰਮੁੱਖ ਕਾਵਿ-ਜੁਗਤ ਹੈ; ਤੁਸੀਂ ਵਿਦਵਾਨ ਹੋ/ ਸਭ ਫਾਰਮੂਲੇ ਜਾਣਦੇ ਹੋ/ ਜੇ ਤੁਹਾਨੂੰ ਪਤਾ ਹੋਵੇ ਤਾਂ ਦੱਸਣਾ/ਕਵਿਤਾ ਵਿਚ/ ਕਵਿਤਾ ਤੋਂ ਸਿਵਾ/ ਹੋਰ ਕੀ ਹੋਣਾ ਚਾਹੀਦਾ ਹੈ (ਕੁਝ ਕਵਿਤਾ ਜਿਹਾ : 170) ਕਵੀ ਕਵਿਤਾ ਦੇ ਸੁਹਜ ਪ੍ਰਤੀ ਸੁਚੇਤ ਹੈ;

ਮੇਰਾ ਵੀ ਚਿੱਤ ਕਰਦੈ/ ਗੋਭਲੇ ਖ਼ਰਗੋਸ਼ਾਂ ਜਿਹੇ/ ਮੇਰੇ ਸ਼ਬਦ/ ਸ਼ੈਤਾਨ ਦੀਆਂ ਟੂਟੀਆਂ ਬਣ ਕੇ/ ਟਪੂਸੀਆਂ ਮਾਰਦੇ/ ਹੱਸਦੇ ਹਸਾਉਂਦੇ/ ਤੁਹਾਡਾ ਜੀਅ ਪਰਚਾਉਣ (ਕਿਹੜਾ ਗੀਤ ਗਾਵਾਂ : 172) ਪਰ ਕਵੀ ਨੂੰ ਕਵਿਤਾ ਦਾ ਇਹ ਪ੍ਰਕਾਰਜ ਨਹੀਂ ਭਾਉਂਦਾ, ਪਤਾ ਨਹੀਂ ਫਿਰ ਵੀ ਕਿਉਂ/ਮੈਂ ਸਿਰਫ਼/ਤੁਹਾਨੂੰ ਖੁਸ਼ ਕਰਨ ਲਈ/ ਮਹਿਫ਼ਲ ’ਚ ਛਾ ਜਾਣ ਲਈ/ ਮਾਸੂਮ ਧੀ ਧਿਆਣੀ ਕਵਿਤਾ ਕੋਲੋਂ/ ਪੇਸ਼ਾ ਨਹੀਂ ਕਰਵਾ ਸਕਦਾ (ਕਿਹੜਾ ਗੀਤ ਗਾਵਾਂ : 173) ਦਰਅਸਲ, ਡਾ. ਰਵਿੰਦਰ ਕਵਿਤਾ ਨੂੰ ਯਥਾਰਥ ਦੇ ਨਿਕਟ ਰੱਖਣ ਦੀ ਪ੍ਰਵਿਰਤੀ ਰੱਖਦਾ ਹੈ ਤੇ ਇਸ ਪ੍ਰਵਿਰਤੀ ਕਾਰਨ ਉਸ ਦਾ ਸਿਰਜਿਆ ਕਾਵਿ-ਸੁਹਜ ਰਵਾਇਤੀ ਕਾਵਿ ਰੂਪਾਂ ਦੇ ਫਿੱਟ ਨਹੀਂ ਬੈਠਦਾ। ਇਸੇ ਕਾਰਨ ਹੀ ਪੰਜ ਸੌ ਦੇ ਕਰੀਬ ਪੰਨਿਆਂ ਵਾਲੀ ਇਸ ਪੁਸਤਕ (ਕਵਿਤਾ ਮੇਰੇ ਨਾਲ ਨਾਲ) ‘ਇਕ ਜੰਗਲ ਮੇਰੇ ਅੰਦਰ’, ‘ਆਲ੍ਹਣੇ ਘਰ ਪਿੰਜਰੇ’ ਅਤੇ ‘ਮੇਰੇ ਲਈ ਨਾ ਰੁਕੋ’ ਕਾਵਿ-ਪੁਸਤਕਾਂ ਵਿਚ ਵੀ ਡਾ. ਰਵਿੰਦਰ ਆਪਣੀ ਮੌਲਿਕ ਸੁਰ, ਸ਼ੈਲੀ ਅਤੇ ਪਛਾਣ ਕਾਇਮ ਰੱਖਦਾ ਹੈ। ਇਨ੍ਹਾਂ ਸਮਿਆਂ ਦਾ ਪ੍ਰਤੀਨਿੱਧ ਵਿਸ਼ਵ-ਵਿਆਪੀ ਯਥਾਰਥ ਉਸ ਦੀਆਂ ਕਵਿਤਾਵਾਂ ਵਿਚ ਗੂੰਜਦਾ ਸੁਣਾਈ ਦਿੰਦਾ ਹੈ। ਵਿਸ਼ਵ ਪੱਧਰ ’ਤੇ ਮਨੁੱਖੀ ਸਮਾਜ ਵਿਚ ਤੇਜ਼ੀ ਨਾਲ ਪਰਿਵਰਤਨ ਆ ਰਹੇ ਹਨ। ਡਾ. ਰਵਿੰਦਰ ਇਨ੍ਹਾਂ ਪਰਿਵਰਤਨਾਂ ਨੂੰ ਇਨ੍ਹਾਂ ਸਮੁੱਚੇ ਕੱਚ-ਸੱਚ ਸਮੇਤ ਪਕੜਨ ਦਾ ਯਤਨ ਕਰਦਾ ਹੈ ਤੇ ਅਜਿਹਾ ਕਰਦਿਆਂ ਉਹ ਭੋਰਾ ਭਰ ਵੀ ਉਲ੍ਹਾਰ ਨਹੀਂ ਹੁੰਦਾ। ਸਮਾਜਿਕ ਕਦਰਾਂ-ਕੀਮਤਾਂ ਉਸ ਦੀ ਕਵਿਤਾ ਅੰਦਰ ਨਵੇਂ ਸਿਰਿਉਂ ਪਰਿਭਾਸ਼ਤ ਹੁੰਦੀਆਂ ਹਨ। ਮਨੁੱਖ ਦੀ ਸੋਚ ਦੇ ਸੰਦਰਭ ਬਦਲ ਰਹੇ ਹਨ। ਰਿਸ਼ਤਿਆਂ ਦੀ ਰਵਾਇਤੀ ਆਭਾ ਖ਼ਤਮ ਹੋ ਰਹੀ ਹੈ। ਮਨੁੱਖ ਦੇ ਮਨੁੱਖ ਹੱਥੋਂ ਸ਼ੋਸ਼ਣ ਦੀ ਮਸ਼ੀਨਰੀ ਬੜੀ ਕਾਰਗਰ ਹੋ ਗਈ ਹੈ, ਸਮਝ ਲਓ ਕਿ ਕੰਪਿਊਟਰਾਈਜ਼ਡ ਹੀ ਹੋ ਗਈ ਹੈ। ਹੁਣ ਬੰਦੇ ਨੂੰ ਮੱਲੋਮੱਲੀ ਲੁੱਟਿਆ ਨਹੀਂ ਜਾ ਰਿਹਾ, ਸਗੋਂ ਉਹ ਖੁਦ ਆਪਣੇ ਆਪ ਨੂੰ ਲੁੱਟ ਲਈ ਪੇਸ਼ ਕਰ ਰਿਹਾ ਹੈ; ਇਸ ਮੰਡੀ ਵਿਚ ਅਸੀਂ ਵੇਚਦੇ ਹਾਂ ਬੱਚੇ/ ਪਰ ਉਮਰ ਦੇ/ ਪੜ੍ਹੇ ਲਿਖੇ ਅਨਪੜ੍ਹ/ ਤੁਹਾਡੀ ਲੋੜ ਅਨੁਸਾਰ ... (ਬੱਚੇ ਵੇਚਣ ਵਾਲੇ : 404)

ਅੱਧੀ ਦਰਜਨ ਕਾਵਿ-ਪੁਸਤਕਾਂ ਦੇ ਨਾਲ ਡਾ. ਰਵਿੰਦਰ ਨੇ ਕਵਿਤਾ ਦਾ ਚੋਖਾ ਪੰਧ ਤੈਅ ਕਰ ਲਿਆ ਹੈ। ਐਨਾ ਪੈਂਡਾ ਕਵਿਤਾ ਦੇ ਨਾਲ-ਨਾਲ ਤੈਅ ਕਰਨ ਸਦਕਾ ਉਸ ਦੀ ਕਾਵਿ ਸ਼ੈਲੀ ਵਿਚ ਨਿਖਾਰ ਵੀ ਆਇਆ ਹੈ ਤੇ ਪੰਜਾਬੀ ਕਵਿਤਾ ਦੇ ਖੇਤਰ ਵਿਚ ਨਵੀਂ ਨਿਵੇਕਲੀ ਪਛਾਣ ਵੀ ਬਣੀ ਹੈ।

**ਨਵੀਨ ਕੁਮਾਰ**

ਡਾ. ਰਵਿੰਦਰ ਆਪਣੀ ਕਾਵਿ-ਯਾਤਰਾ ਦੇ ਆਰੰਭ ਵਿਚ ਹੀ ਬਦਲ ਰਹੇ ਸਮਾਜ ਦੀਆਂ ਵਿਕ੍ਰਿਤੀਆਂ ਦੇ ਫਲਸਰੂਪ ਤਿੜਕ ਰਹੀ ਮਾਨਵੀ ਹੋਂਦ ਨੂੰ ਸ਼ਿੱਦਤ ਨਾਲ ਮਹਿਸੂਸ ਕਰਨ ਲੱਗ ਪਿਆ ਸੀ। ਉਸ ਨੇ ਆਪਣੀ ਕਾਵਿ-ਯਾਤਰਾ ਇਕ ਤਰ੍ਹਾਂ ਨਾਲ ਇਸੇ ਅਹਿਸਾਸ ਦੀ ਤਰਜਮਾਨੀ ਤੋਂ ਹੀ ਸ਼ੁਰੂ ਕੀਤੀ ਹੈ। ਨਵੀਂ ਪੰਜਾਬੀ ਕਵਿਤਾ ਵਿਚ ਸਮਾਜਿਕ-ਸੰਸਕ੍ਰਿਤਕ ਸੰਕਟਾਂ ਦਾ ਪ੍ਰਗਟਾਵਾ ਵਧੇਰੇ ਕਰਕੇ ਸਮਕਾਲੀ ਮਨੁੱਖ ਦੇ ਤਿੜਕੇ ਹੋਏ ਆਪੇ ਦੇ ਰੂਪ ਵਿਚ ਹੀ ਹੋਇਆ ਹੈ ਜਿਸ ਕਾਰਨ ਕਦੇ ਉਹ ਆਪਣੇ ਆਪ ਨੂੰ ਸਰਾਪਿਆ ਹੋਇਆ, ਕਦੇ ਵਿਗੋਚਿਆ-ਵਿਛੁੰਨਿਆ ਹੋਇਆ ਅਤੇ ਕਦੇ-ਕਦੇ ਤਾਂ ਅਣਹੋਇਆ ਹੀ ਅਨੁਭਵ ਕਰਨ ਲਗਦਾ ਹੈ।

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ
ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

# ਐਚ.ਆਈ.ਵੀ. ਅਤੇ ਏਡਜ਼ ਦਾ ਹਊਆ

ਡਾ. ਦਲਜੀਤ ਸਿੰਘ

ਪਿਛਲੀ ਸਦੀ ਦੇ ਸ਼ੁਰੂ ਅੱਸੀਆਂ ਤੋਂ ਇਕ ਭਿਆਨਕ ਮਹਾ-ਮਾਰੀ ਦੇ ਸੰਕੇਤ ਪ੍ਰੈਸ ਅਤੇ ਟੀ.ਵੀ. ਉੱਤੇ ਆਉਣੇ ਸ਼ੁਰੂ ਹੋ ਗਏ। ਪਹਿਲਾਂ ਆਇਆ ਕਿ ਇਹ ਰੋਗ ਕੇਵਲ ਸਮਲਿੰਗੀ ਰੁਚੀਆਂ ਵਾਲੇ ਨਰ-ਸ਼੍ਰੇਣੀ ਵਿਚ ਹੀ ਵੇਖਣ ਵਿਚ ਆਇਆ ਹੈ, ਸਾਧਾਰਨ ਨਰ-ਮਾਦਾ ਰਿਸ਼ਤੇ ਵਾਲਿਆਂ ਵਿਚ ਨਹੀਂ। ਫਿਰ ਕਿਹਾ ਗਿਆ ਕਿ ਇਸ ਦਾ ਅਮਰੀਕਨ ਕਾਲੇ ਲੋਕਾਂ ਵਿਚ ਖਿਲਾਰ ਦਾ ਮੁੱਖ ਕਾਰਨ ਹੈ- ਇੱਕੋ ਹੀ ਸੂਈ ਨਾਲ ਕਈ ਲੋਕਾਂ ਦਾ ਨਸ਼ੇ ਦੇ ਟੀਕੇ ਲਗਾਉਣਾ। ਫਿਰ ਦੱਸਿਆ ਗਿਆ ਕਿ ਨਰ ਜਾਂ ਮਾਦਾ ਦੋਹਾਂ ਵੱਲੋਂ ਇਹ ਰੋਗ ਖਿੱਲਰ ਸਕਦਾ ਹੈ। ਅਖੀਰ ਉੱਤੇ ਆਇਆ ਕਿ ਵੇਸਵਾਵਾਂ ਇਸ ਰੋਗ ਨੂੰ ਖਿਲਾਰਨ ਦਾ ਬਹੁਤ ਵੱਡਾ ਕਾਰਨ ਹਨ।

ਏਡਜ਼ (ੳਿਧੰ) ਦਾ ਪੂਰਾ ਮਤਲਬ ਹੈ ਓਚਤੁਰਿਇਦ ਿਮਮੁਨਣ ਧੲਾਚਿਇਨਚੇ ੈਨਦਰੋਮੲ ਭਾਵ ਕਿ ਸ਼ਰੀਰ ਦੀ ਰੱਖਿਆ-ਪ੍ਰਣਾਲੀ ਹਾਰ ਜਾਣੀ, ਇੰਨੀ ਮਰਨਾਊ ਹੋ ਜਾਣੀ ਕਿ ਰੋਗੀ ਸਰੀਰ ਬੈਕਟੀਰੀਆ, ਵਾਇਰਸ ਜਾਂ ਫੰਗਸ/ਉੱਲੀ ਦੇ ਨਾਲ ਗ੍ਰਸਤ ਹੋ ਕੇ ਰੋਜ਼-ਬ-ਰੋਜ਼ ਨਿੱਘਰਦਾ ਜਾਵੇ ਅਤੇ ਅੰਤ ਵਿਚ ਉਸ ਨੂੰ ਬੇਵਕਤ ਮੌਤ ਆ ਜਾਵੇ।

ਸਾਇੰਸਦਾਨਾਂ ਵਲੋਂ ਏਡਜ਼ ਦੇ ਕਾਰਨ ਲੱਭਣ ਵੱਲ ਯਤਨ ਸ਼ੁਰੂ ਹੋ ਗਏ। ਜੇ ਕੋਈ ਬੈਕਟੀਰੀਆ ਜਾਂ ਫੰਗਸ ਇਸ ਦਾ ਕਾਰਨ ਹੁੰਦਾ ਤਾਂ ਦਿਨਾਂ ਵਿਚ ਹੀ ਲੱਭ ਜਾਣਾ ਸੀ; ਕੋਈ ਅਜਿਹਾ ਹਮਲਾਵਰ ਨਹੀਂ ਲੱਭਿਆ, ਜਿਸ ਦੀ ਵਾਕਫ਼ੀ ਪਹਿਲਾਂ ਨਹੀਂ ਸੀ, ਇਸ ਲਈ ਏਡਜ਼ ਦੀ ਵਾਇਰਸ ਲੱਭਣ ਵੱਲ ਯਤਨ ਸ਼ੁਰੂ ਹੋ ਗਏ।

ਪਾਸਚਰ ਇੰਸਟੀਚਿਊਟ, ਪੈਰਿਸ ਅੰਦਰ ਕੰਮ ਕਰਦਿਆਂ ਫ੍ਰਾਂਸਵਾ-ਬਰੇ-ਸਨੂਜ਼ੀ ਅਤੇ ਲੂਕ ਮੋਨਾਟਾਨੀਅਰ ਨੇ 1983 ਈ. ਵਿਚ ਇਕ ਨਵੀਂ ਵਾਇਰਸ ਏਡਜ਼ ਦੇ ਰੋਗੀਆਂ ਅੰਦਰ ਲੱਭੀ, ਜਿਸ ਦਾ ਨਾਂ ੍ਹਿੜ ਰੱਖਿਆ ਗਿਆ। ਇਸ ਵਾਇਰਸ ਇਕ ਨਮੂਨਾ ਅਮਰੀਕਾ ਅੰਦਰ ਵਾਸ਼ਿੰਗਟਨ ਸਥਿਤ ਰਾਬਰਟ ਗੈਲੋ ਨੂੰ ਪ੍ਰੋੜ੍ਹਤਾ ਲਈ ਭੇਜਿਆ ਗਿਆ। ਗੈਲੋ ਨੇ ਕੁਝ ਹੀ ਚਿਰਾਂ ਪਿਛੋਂ ਉਸ ਨਮੂਨੇ ਨੂੰ ਆਪਣਾ ਕਹਿ ਕੇ ਐਲਾਨ ਕਰ ਦਿੱਤਾ ਕਿ ਏਡਜ਼ ਦਾ ਕਾਰਨ ੍ਹਿੜ ਵਾਇਰਸ, ਉਸ ਦੀ ਲੱਭੀ ਹੈ ਅਤੇ ਉਸ ਨੂੰ ਲੋਕਾਂ ਅੰਦਰ ਲੱਭਣ ਲਈ ਇਕ ਟੈਸਟ ਵੀ ਪੈਦਾ ਕਰ ਲਿਆ ਗਿਆ ਹੈ। ਇਸ ਉੱਤੇ ਫ਼ਰਾਂਸ ਅਤੇ ਅਮਰੀਕਾ ਅੰਦਰ ਇਕ ਕਾਨੂੰਨੀ ਜੰਗ ਸ਼ੁਰੂ ਹੋ ਗਈ, ਜਿਸ ਵਿਚ ਅਮਰੀਕਾ ਦੇ ਪ੍ਰਧਾਨ ਅਤੇ ਫ਼ਰਾਂਸ ਦੇ ਪ੍ਰਧਾਨ ਮੰਤਰੀ ਨੇ ਆਪਣੀਆਂ ਧਿਰਾਂ ਨੂੰ ਥਾਪੜਾ ਦੇਣਾ ਸ਼ੁਰੂ ਕਰ ਦਿੱਤਾ। ਅੰਤ 1987 ਈ. ਵਿਚ ਇਹ ਫੈਸਲਾ ਹੋਇਆ ਕਿ ਦੋਹਾਂ ਧਿਰਾਂ ਨੂੰ ਬਰਾਬਰ ਦਾ ਮੰਨ ਲਿਆ ਜਾਵੇ। ਫ਼ਸਾਦ ਦੀ ਜੜ੍ਹ ਸੀ ੍ਹਿੜ ਟੈਸਟਾਂ ਵਿਚੋਂ ਹੋਣ ਵਾਲੀ ਕਮਾਈ, ਜਿਸ ਨੇ ਅਰਬਾਂ ਡਾਲਰਾਂ ਤੱਕ ਪਹੁੰਚਾਉਣਾ ਸੀ।

ਸਾਲ 2008 ਵਿਚ ਫ਼ਰਾਂਸੀਸੀ ਖੋਜੀਆਂ ਨੂੰ ਐਚ.ਆਈ.ਵੀ. ਵਾਇਰਸ ਲੱਭਣ ਲਈ ਨੋਬਲ ਪੁਰਸਕਾਰ ਮਿਲਿਆ। ਅਮਰੀਕਨ ਖੋਜੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ। 20-22 ਸਾਲਾਂ ਤੋਂ ਏਡਜ਼ ਨੂੰ ਲੈ ਕੇ ਬੇਅੰਤ ਪ੍ਰਚਾਰ ਕੀਤਾ ਗਿਆ ਹੈ ਕਿ ਇਸ ਰੋਗੀ ਦੀ ਪਰਲੋਅ ਨਾਲ ਦੁਨੀਆ ਦੀ ਅੱਧੀਓਂ ਵੱਧ ਆਬਾਦੀ ਨੇ ਉੱਡ-ਪੁੱਡ ਜਾਣਾ ਹੈ, ਆਦਿ। ਇਸ ਬਚਣ ਲਈ ਕਿਹਾ ਗਿਆ ਕਿ ਐਚ.ਆਈ.ਵੀ. ਟੈਸਟ ਕਰਵਾਉਣਾ ਜ਼ਰੂਰੀ ਹੈ ਅਤੇ ਜਿਸ ਕਿਸੇ ਦੇ ਅੰਦਰ ਵੀ ਐਚ.ਆਈ.ਵੀ. ਐਂਟੀਬਾਡੀ ਲੱਭੇ, ਇਲਾਜ ਐਂਟੀਰੀਟਰੋਵਾਇਰਲ ਦਵਾਈਆਂ ਨਾਲ ਕੀਤਾ ਜਾਵੇ। ਐਚ.ਆਈ.ਵੀ. ਇਕ ਰੀਟਰੋਵਾਇਰਸ ਹੈ। ਹਰ ਖ਼ੂਨ ਦੀ ਬੋਤਲ ਇਸ ਵਾਇਰਸ ਲਈ ਟੈਸਟ ਕੀਤੀ ਜਾਵੇ। ਹਰ ਟੈਸਟ ਦੇ ਪਿੱਛੇ ਗੈਲੋ ਨੂੰ ਕਮਿਸ਼ਨ ਜਾਂਦਾ ਹੈ। ਇਲਾਜ ਕਰਨ ਲਈ ਵਰਤੀ ਜਾਂਦੀ ਦਵਾਈ 'ਵੈੱਲਕਮ' ਕੰਪਨੀ ਰਾਕਫੈਲਰ ਦੀ ਮਲਕੀਅਤ ਹੈ। ਰਾਕਫ਼ੈਕਰ ਪਰਿਵਾਰ ਦੁਨੀਆ ਅੰਦਰ ਇਕ ਨਵਾਂ ਨਿਜ਼ਾਮ ਲਿਆਉਣ ਵਿਚ ਕਈਆਂ ਸ਼ਕਤੀਆਂ ਦੇ ਨਾਲ ਸਾਂਝੀਵਾਲ ਹੈ। ਏਡਜ਼ ਦੇ ਹਊਏ ਦਾ ਦੂਜਾ ਪਾਸਾ ਕੀ ਹੈ? ਉਹ ਹੈ ਇਹ: ਐਚ.ਆਈ.ਵੀ. ਨਾਲ ਏਡਜ਼ ਨਹੀਂ ਹੁੰਦਾ। ਐਚ.ਆਈ.ਵੀ. ਨਾਲ ਕੋਈ ਰੋਗ ਵੀ ਨਹੀਂ ਹੁੰਦਾ। 'ਕੈਦੀ' ਸਾਇੰਸ ਅਦਾਰਿਆਂ ਵਲੋਂ ਐਚ.ਆਈ.ਵੀ. ਹੀ ਏਡਜ਼ ਦਾ ਇਕ ਮਾਤਰ ਕਾਰਨ ਦੱਸ ਕੇ ਜਨਤਾ ਨੂੰ ਭੁਚਲਾਇਆ ਗਿਆ ਹੈ। ਐਚ.ਆਈ.ਵੀ. ਏਨੀ ਕਮਜ਼ੋਰ ਵਾਇਰਸ ਹੈ ਕਿ ਸਰੀਰ ਦੀ ਰੋਗ-ਰੋਕੂ ਸ਼ਕਤੀ ਨੂੰ ਉਖਾੜ ਨਹੀਂ ਸਕਦੀ। ਏਡਜ਼ ਦਾ ਰੋਗ ਸੈਕਸ ਰਾਹੀਂ ਨਹੀਂ ਹੁੰਦਾ।

ਵਾਇਰਸ ਦੀ ਕਿਸਮ ਕੀ ਹੁੰਦੀ ਹੈ। ਜੇ ਇਕ ਹਵਾਈ ਜਹਾਜ਼ ਦੀ ਉਦਾਹਰਣ ਲਈਏ ਤਾਂ ਇਕ ਵਾਇਰਸ ਉਹ ਹੈ ਜਿਸ ਨੂੰ ਕਹਿ ਸਕਦੇ ਹਾਂ ਕਿ 'ਪਾਇਲਟ' ਜਾਂ ਜਹਾਜ਼ ਚਾਲਕ ਹੈ ਜੋ ਟਾਕਰਾ ਕਰਦੇ ਸੈੱਲ ਦੀ ਬਿਮਾਰੀ ਵਾਲੇ ਪਾਸੇ ਮੁਹਾਰ ਮੋੜ ਦੇਂਦਾ ਹੈ, ਭਾਵ ਬਿਮਾਰ ਕਰਦਾ ਹੈ। ਅਜਿਹਾ ਕਰਨ ਵਿਚ ਵਾਇਰਸ ਨੂੰ ਜ਼ਿਆਦਾ ਦੇਰ ਨਹੀਂ ਲੱਗਦੀ। ਦੂਜਾ ਵਾਇਰਸ ਹੈ ਇਕ ਸਵਾਰੀ ਦੇ ਵਾਂਗ, ਜੋ ਸੈੱਲ ਦੇ ਉੱਤੇ ਸਵਾਰ ਰਹਿੰਦਾ ਹੈ, ਉਸ ਦੇ ਉੱਤੇ ਜਿਉਂਦਾ ਰਹਿੰਦਾ ਹੈ ਪਰ ਵਾਰ ਕਰਕੇ ਬਿਮਾਰ ਨਹੀਂ ਕਰਦੇ। ਐਚ.ਆਈ.ਵੀ. ਇਕ ਸਵਾਰੀ ਵਾਇਰਸ ਹੈ, ਬਿਮਾਰੀ ਵਾਇਰਸ ਨਹੀਂ ਹੈ।

ਐਚ.ਆਈ.ਵੀ. ਵਾਇਰਸ ਨੂੰ ਐਨਾ ਭਿਅੰਕਰ ਕਿਵੇਂ ਬਣਾ ਦਿੱਤਾ ਗਿਆ? ਇੰਜ ਉਦੋਂ ਹੋਇਆ ਜਦੋਂ ਅਮਰੀਕਨ ਡਾਕਟਰ ਗੈਲੋ ਨੇ ਇਹ ਐਲਾਨ ਕੀਤਾ ਕਿ ਐਚ.ਆਈ.ਵੀ. ਹੀ ਏਡਜ਼ ਦਾ ਕਾਰਨ ਹੈ। ਹੁਣ ਗੈਲੋ ਉੱਤੇ ਇਲਜ਼ਾਮ ਲੱਗ ਚੁੱਕੇ ਹਨ ਕਿ ਉਸ ਨੇ ਆਪਣੇ ਕਿੱਤੇ ਵਿਚ ਜਾਣਦੇ-ਬੁਝਦੇ ਗਲਤ ਕੀਤਾ ਹੈ। ਉਸ ਦੇ ਨਾਲ ਕੰਮ ਕਰਦੇ ਦੋ ਅਫ਼ਸਰਾਂ ਨੂੰ ਜੁਰਮੀ ਸਜ਼ਾਵਾਂ ਵੀ ਹੋ ਚੁੱਕੀਆਂ ਹਨ।

ਹਰ ਸਾਲ ਕਰੋੜਾਂ ਲੋਕਾਂ ਦਾ ਐਚ.ਆਈ.ਵੀ. ਐਂਟੀਬਾਡੀ ਟੈਸਟ ਹੁੰਦਾ ਹੈ। ਇਹ 'ਟੈਸਟ' ਗੈਲੋ ਦਾ ਪੇਟੈਂਟ ਹੈ ਅਤੇ ਹਰ ਟੈਸਟ ਪਿੱਛੇ ਉਸ ਨੂੰ ਕਮਿਸ਼ਨ ਮਿਲਦਾ ਹੈ। ਲੂਕ ਮੋਨਟਾਨੀਅਰ ਜਿਸ ਨੇ ਸ਼ੁਰੂ 'ਚ ਗੈਲੋ ਦੀ 'ਐਚ.ਆਈ.ਵੀ. ਏਡਜ਼ ਦਾ ਕਾਰਨ' ਦੇ ਵਿਚ ਹਾਂ ਮਿਲਾਈ ਸੀ, 1989 ਈ. ਦੇ ਵਿਚ ਮੰਨਿਆ "ਐਚ.ਆਈ.ਵੀ. ਵਿਚ ਸੱਮਰਥਾ ਨਹੀਂ ਕਿ ਉਹ ਰੋਗ ਰੋਕੂ ਇਮਿਊਨ ਪ੍ਰਣਾਲੀ ਨੂੰ ਇੰਜ ਤਬਾਹ ਕਰ ਦੇਵੇ, ਜੈਸਾ ਕਿ ਏਡਜ਼ ਦੇ ਰੋਗੀਆਂ ਵਿਚ ਵੇਖਿਆ ਜਾਂਦਾ ਹੈ' ਯਾਦ ਰਹੇ ਮੋਨਟਾਨੀਅਰ ਨੂੰ ਐਚ.ਆਈ.ਵੀ. ਵਾਇਰਸ ਲੱਭਣ ਉੱਤੇ ਨੋਬਲ ਇਨਾਮ ਮਿਲਿਆ ਹੋਇਆ ਹੈ। ਪੰਜ ਸੌ ਤੋਂ ਵੱਧ ਸਾਇੰਸਦਾਨ ਮੋਨਟਾਨੀਅਰ ਦੇ ਇਸ ਬਿਆਨ ਦੀ ਪ੍ਰੋੜ੍ਹਤਾ ਕਰਦੇ ਹਨ।

ਡਾ. ਰਾਬਰਟ ਵਿਲਨਰ ਨੇ ਕਿਤਾਬ ਲਿਖੀ ਹੈ ਜਿਸ ਦਾ ਨਾਂ ਹੈ ਠਹੲ ਧੲਅਦਲੇ ਧੲਚੲਪਟਨਿ। ਉਸ ਨੇ ਡਟ ਕੇ ਕਿਹਾ ਹੈ ਕਿ 'ਐਚ.ਆਈ.ਵੀ. ਨਾਲ ਕਦਾਚਿਤ ਏਡਜ਼ ਨਹੀਂ ਹੋ ਸਕਦੀ।' ਸਬੂਤ ਦੇ ਹੱਕ ਵਿਚ, ਸਪੇਨ ਅੰਦਰ ਇਕ ਟੈਲੀਵਿਜ਼ਨ ਗੱਲਬਾਤ ਸਮੇਂ ਉਸ ਨੇ ਸਭ ਦੇ ਸਾਹਮਣੇ ਆਪਣੇ-ਆਪ ਨੂੰ ਐਚ.ਆਈ.ਵੀ. ਵਾਇਰਸ ਦਾ ਟੀਕਾ ਲਗਾਇਆ। ਏਨਾ ਸਵੈ- ਵਿਸ਼ਵਾਸ ਸੀ ਉਸ ਦਾ।

ਸੋ ਚੰਗੀ ਖ਼ਬਰ ਇਹ ਹੈ ਕਿ ਐਚ.ਆਈ.ਵੀ. ਏਡਜ਼ ਦਾ ਰੋਗ ਨਹੀਂ ਕਰਦੀ। ਮਾੜੀ ਖ਼ਬਰ ਇਹ ਹੈ ਕਿ ਉਡਾਰੀ ਲਵਾਉਣ ਵਾਲੇ ਨਸ਼ੇ ਅਤੇ ਓਦਠ ਦਵਾਈ ਨਾਲ ਏਡਜ਼ ਦੇ ਇਲਾਜ ਹੀ ਏਡਜ਼ ਕਰਦੇ ਹਨ। ਏਡਜ਼ ਦਾ ਅਰਥ ਹੁੰਦਾ ਹੈ ਸਰੀਰ ਦੀ ਰੋਗਾਂ ਨਾਲ ਟਾਕਰਾ ਕਰਨ ਦੀ ਸ਼ਕਤੀ ਦਾ ਵਿਨਾਸ਼। ਕਹਿੰਦਾ ਕਹਾਉਂਦਾ ਓਦਠ ਨਾਲ ਇਲਾਜ ਰੋਗ-ਟਾਕਰਾ ਸ਼ਕਤੀ ਸਗੋਂ ਖੋਹ ਲੈਂਦਾ ਹੈ, ਭਾਵ ਏਡਜ਼ ਕਰਦਾ ਹੈ। ਓਦਠ ਦਾ ਇਲਾਜ ਜ਼ਿੰਦਗੀ ਬਖ਼ਸ਼ਦਾ ਨਹੀਂ, ਬਲਕਿ ਖੋਂਹਦਾ ਹੈ। ਕਹਾਣੀ ਇੰਜ ਬਣਦੀ ਹੈ:

ਜ਼ੋਰਦਾਰ ਪ੍ਰਚਾਰ ਦੇ ਨਾਲ ਮੈਡੀਕਲ ਦੁਨੀਆ ਅਤੇ ਲੋਕਾਂ ਨੂੰ ਮਨਾਇਆ ਜਾ ਚੁਕੈ ਕਿ ਐਚ.ਆਈ.ਵੀ. (ਜੋ ਇਕ 'ਯਾਤਰੂ' ਵਾਇਰਸ ਹੈ ਅਤੇ ਕੁਝ ਵੀ ਨਹੀਂ ਕਰਦੀ) ਏਡਜ਼ ਦਾ ਕਾਰਨ ਹੈ। ਰੋਗ ਦੀ ਪਛਾਣ ਅਤੇ 'ਇਲਾਜ' ਦੀ ਮਿੱਥ ਏਸੇ ਦੇ ਉਦਾਲੇ-ਪੁਦਾਲੇ ਚਲਦੀ ਹੈ। ਡਾਕਟਰ ਕਹਿੰਦਾ ਹੈ: 'ਭਈ ਤੇਰਾ ਐਚ.ਆਈ.ਵੀ. ਟੈਸਟ ਪਾਜ਼ਿਟਿਵ ਨਿਕਲਿਆ ਹੈ।' ਏਥੇ ਸਾਫ਼ ਤੌਰ 'ਤੇ ਸਮਝ ਲੈਣਾ ਚਾਹੀਦਾ ਹੈ ਕਿ ਟੈਸਟ ਦਰਅਸਲ ਇਹ ਤੈਅ ਕਰਦਾ ਹੈ ਕਿ ਸਰੀਰ ਅੰਦਰ ਐਚ.ਆਈ.ਵੀ. ਦਾ ਟਾਕਰਾ ਕਰਨ ਵਾਲੀ ਐਂਟੀਬਾਡੀ ਹੈ। ਕੋਈ ਵੀ ਟੈਸਟ ਐਚ.ਆਈ.ਵੀ. ਵਾਇਰਸ ਦੀ ਹੋਂਦ ਦਾ ਟੈਸਟ ਨਹੀਂ ਕਰਦਾ।

ਏਡਜ਼ ਦਾ ਹਊਆ ਪ੍ਰਚਾਰ ਐਨਾ ਜ਼ੋਰਦਾਰ ਹੈ ਕਿ ਐਚ.ਆਈ.ਵੀ. ਪਾਜ਼ਿਟਿਵ ਸੁਣਦਿਆਂ ਹੀ ਇਨਸਾਨ ਦੇ ਹੋਸ਼-ਹਵਾਸ ਉੱਡ ਜਾਂਦੇ ਹਨ ਅਤੇ ਝੱਟ ਹੀ ਮੰਨ ਲਿਆ ਜਾਂਦਾ ਹੈ ਕਿ ਮੌਤ ਦਾ ਫੰਦਾ ਗਲ ਪੈ ਗਿਐ। ਕੁੱਲ ਟੱਬਰ ਸੋਗ ਵਿਚ ਡੁੱਬ ਜਾਂਦਾ ਹੈ। ਰਿਸ਼ਤੇ ਤਬਾਹ ਹੋ ਜਾਂਦੇ ਹਨ। ਕਈ ਆਤਮਘਾਤ ਕਰ ਲੈਂਦੇ ਹਨ। ਮੌਤ ਦੇ ਸਹਿਮ ਕਾਰਨ ਉਨ੍ਹਾਂ ਨੂੰ ਜੋ ਵੀ ਇਲਾਜ ਪੇਸ਼ ਕੀਤਾ ਜਾਵੇ, ਉਹਨੂੰ ਮੰਨਦਿਆਂ ਦੇਰ ਨਹੀਂ ਲੱਗਦੀ। ਇਲਾਜ ਵੀ ਉਹ ਜਿਸ ਬਾਰੇ ਪ੍ਰਚਾਰ ਕਹਿੰਦਾ ਹੈ: ਓਦਠ ਹੀ ਇਕ ਮਾਤਰ ਇਲਾਜ ਹੈ, ਜੋ ਸਰਾਸਰ ਝੂਠ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਇਹ ਖੇਡ ਰਾਕਫ਼ੈਲਰਾਂ ਦੀ ਹੈ। ਉਨ੍ਹਾਂ ਦੀ ਆਪਣੀ 'ਵੈੱਲਕਮ' ਕੰਪਨੀ ਓਦਠ ਬਣਾਉਂਦੀ ਹੈ। ਓਦਠ ਉਨ੍ਹਾਂ ਦਾ ਪੇਟੈਂਟ ਹੈ, ਹੋਰ ਕੋਈ ਬਣਾ ਨਹੀਂ ਸਕਦਾ। ਜੇ ਸੱਚਮੁੱਚ ਏਡਜ਼ ਖ਼ਤਮ ਕਰਨ ਵਿਚ ਇਹ ਦਵਾਈ ਸਹਾਇਕ ਹੁੰਦੀ, ਤਾਂ ਕੁਲ ਦੁਨੀਆ ਦੇ ਅੰਦਰ ਐਸਪ੍ਰੀਨ ਵਾਂਗ ਬਣਾ ਕੇ ਨਿਹਾਇਤ ਸਸਤੀ ਵੇਚੀ ਜਾ ਸਕਦੀ ਸੀ। ਪਰ ਰਾਕਫ਼ੈਲਰਾਂ ਦਾ ਕੰਮ ਦਾਨ ਕਰਨਾ ਨਹੀਂ ਹੈ, ਲੁੱਟਣਾ ਹੈ ਅਤੇ ਜੇ ਇਲਾਜ ਹੀ ਮੌਤ ਦਾ ਕਾਰਨ ਬਣੇ ਤਾਂ ਉਨ੍ਹਾਂ ਦੀ ਬਲਾ ਨੂੰ। ਏਡਜ਼ਲ ਦਾ ਹਊਆ ਐਨ ਉਸੇ ਤਰ੍ਹਾਂ ਹੈ ਜਿਵੇਂ ਅਮਰੀਕਾ ਦਾ ਇਰਾਕ ਵਿਚ ਕਥਿਤ ਲੋਕਾਈ ਘਾਤਕ ਹਥਿਆਰ ਮੁਕਾਉਣ ਅਤੇ 'ਲੋਕਰਾਜ' ਸਥਾਪਤ ਕਰਨ ਲਈ ਹਮਲਾ। ਇਰਾਕ ਉੱਤੇ ਹਮਲਾ, ਉਥੋਂ ਦੇ ਚੌਦਾਂ ਲੱਖ ਲੋਕਾਂ ਦਾ ਕਤਲ ਅਤੇ ਬੇਅੰਤ ਹੋਰਾਂ ਦਾ ਉਜਾੜਾ ਤਾਂ ਨਜ਼ਰ ਆ ਹੀ ਜਾਂਦਾ ਹੈ। ਇਸ ਦੇ ਟਾਕਰੇ ਵਿਚ ਏਡਜ਼ ਦੇ ਹਊਏ ਰਾਹੀਂ ਕੁਲ ਦੁਨੀਆ ਦੇ ਉੱਤੇ ਧਾਵਾ ਬੋਲਿਆ ਜਾ ਚੁੱਕਾ ਹੈ, ਜੋ ਵਿਖਾਈ ਨਹੀਂ ਦੇਣਾ। ਜ਼ੋਰਦਾਰ ਲੁੱਟ ਜਾਰੀ ਹੈ - ਪਹਿਲਾਂ ਟੈਸਟ ਦੇ ਨਾਲ ਅਤੇ ਪਿੱਛੋਂ ਮੌਤ ਵਰਗੇ ਇਲਾਜ ਦੇ ਨਾਲ।

ਹੁਣ ਓਦਠ ਬਾਰੇ ਕੁਝ ਜਾਣ ਲਈਏ। ਇਹ ਦਵਾਈ ਕੈਂਸਰ ਦੇ ਇਲਾਜ ਲਈ ਬਣਾਈ ਗਈ ਸੀ, ਪਰ ਪਤਾ ਲੱਗਿਆ ਕਿ ਅਤਿਅੰਤ ਜ਼ਹਿਰੀਲੀ ਸੀ। ਇਹ ਸੈੱਲਾਂ ਦਾ ਕਤਲ ਕਰਦੀ ਹੈ, ਸੈੱਲ ਭਾਵੇਂ ਕੋਈ ਵੀ ਹੋਣ - ਸਿਹਤਮੰਦ ਜਾਂ ਕੈਂਸਰ ਵਾਲੇ। ਸਵਾਲ ਉੱਠਦਾ ਸੀ ਕਿ ਉਸ ਨਾਲ ਸਰੀਰ ਦੇ ਬੇਅੰਤ ਸਿਹਤਮੰਦ ਸੈੱਲਾਂ ਦੀ ਤਬਾਹੀ (ਅਤੇ ਮੌਤ) ਪਹਿਲਾਂ ਹੋਵੇਗੀ ਜਾਂ ਕੈਂਸਰ ਦੇ ਸੈੱਲਾਂ ਦੀ? ਜੁਆਬ ਸਾਫ਼ ਸੀ। ਏਸੇ ਲਈ ਇਸ ਦੀ ਵਰਤੋਂ ਕੈਂਸਰ ਰੋਗੀਆਂ ਲਈ ਨਹੀਂ ਹੋਈ। ਹੁਣ ਉਸੇ ਹੀ ਦਵਾਈ ਨਾਲ ਐਚ.ਆਈ.ਵੀ. ਦਾ 'ਇਲਾਜ' ਹੋ ਰਿਹੈ। ਇਹ ਦਵਾਈ ਸਰੀਰ ਦੀ ਇਮਿਊਨ ਟਾਕਰਾ ਸ਼ਕਤੀ ਮਾਰ ਮੁਕਾਉਂਦੀ ਹੈ, ਭਾਵ ਏਡਜ਼ ਦਾ ਰੋਗ ਪੈਦਾ ਕਰਦੀ ਹੈ, ਐਚ.ਆਈ.ਵੀ. ਦਾ ਇਲਾਜ ਨਹੀਂ ਕਰਦੀ।

ਏਡਜ਼ ਕੀ ਹੈ? ਇਹ ਹੈ ਰੋਗਾਂ ਦਾ ਟਾਕਰਾ ਕਰਨ ਵਾਲੀ ਇਮਿਊਨ ਸ਼ਕਤੀ ਦੀ ਤੋੜ ਫੋੜ। ਇਹ ਹਾਲਤ ਬੇਅੰਤ ਕਾਰਨਾਂ ਤੋਂ ਪੈਦਾ ਹੁੰਦੀ ਹੈ, ਜਿਨ੍ਹਾਂ ਦੇ ਅੰਦਰ 'ਸੈਕਸ' ਉੱਕਾ ਹੀ ਕਾਰਨ ਨਹੀਂ। 'ਸੈਕਸ' ਨੂੰ ਕਾਰਨ ਦੱਸ ਕੇ ਕੌਂਡੋਮ/ਨਿਰੋਧ ਦੀ ਸਨਅਤ ਨੇ ਬੇਅੰਤ ਕਮਾਈ ਕੀਤੀ ਹੈ ਅਤੇ ਕਰ ਰਹੇ ਹਨ। ਸੈਕਸ ਵੀ ਅਤਿਅੰਤ ਇਬਰਤਨਾਕ ਰੱਬ ਦਾ ਕਹਿਰ ਬਣਾ ਦਿੱਤਾ ਗਿਐ।

ਏਡਜ਼ ਨਾਲ ਮੌਤਾਂ ਕਿਉਂ ਹੋ ਰਹੀਆਂ ਨੇ? ਹੋਇਆ ਇਹ ਹੈ ਕਿ ਜਿਹੜਾ ਵੀ ਸਰੀਰ ਦੀ ਕਿਸੇ ਵੀ ਇਮਿਊਨ ਟਾਕਰਾ-ਸ਼ਕਤੀ ਦੀ ਕਮਜ਼ੋਰੀ ਨਾਲ ਮਰਦਾ ਹੈ, ਉਹ ਇਕ ਲੰਮੇ ਚੌੜੇ ਅਰਥਾਂ ਵਾਲੇ ਲਫ਼ਜ਼ 'ਏਡਜ਼' ਦੇ ਘੇਰੇ ਵਿਚ ਆ ਜਾਂਦਾ ਹੈ। ਰੋਗ ਛਾਣ ਅੰਦਰ ਵੀ ਇਸ ਦੀ ਰੱਜ ਕੇ ਕੁ-ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਐਚ.ਆਈ.ਵੀ. ਵਾਇਰਸ ਨਾਲ ਕੋਈ ਰੋਗ ਉਤਪੰਨ ਨਹੀਂ ਹੁੰਦਾ। ਪਰ ਜੇ ਕੋਈ ਐਚ.ਆਈ.ਵੀ. ਪਾਜ਼ਿਟਿਵ ਹੋਵੇ ਅਤੇ ਟੀ.ਬੀ., ਨਮੋਨੀਆ ਜਾਂ ਹੋਰ ਪੰਜਾਹ ਵੱਖਰੀਆਂ ਬਿਮਾਰੀਆਂ ਵਿਚੋਂ ਕਿਸੇ ਇਕ ਨਾਲ ਮਰ ਜਾਵੇ ਤਾਂ ਮੌਤ ਦੇ ਕਾਰਨ ਦੀ ਰੋਗ-ਪਛਾਣ 'ਏਡਜ਼' ਕਰਕੇ ਮੰਨੀ ਜਾਂਦੀ ਹੈ। ਐਚ.ਆਈ.ਵੀ. ਟੈਸਟ ਨੈਗੇਟਿਵ ਹੋਵੇ, ਤਾਂ ਮੌਤ ਦਾ ਕਾਰਨ ਉਹੀ ਬਿਮਾਰੀਆਂ ਦੱਸੀਆਂ ਜਾਂਦੀਆਂ ਹਨ, ਏਡਜ਼ ਨਹੀਂ। ਬਿਮਾਰੀਆਂ ਦੇ ਅੰਕੜੇ ਇੰਜ ਤ੍ਰੋੜੇ-ਮ੍ਰੋੜੇ ਜਾਂਦੇ ਹਨ ਕਿ ਜਾਪੇ ਐਚ.ਆਈ.ਵੀ. ਪਾਜ਼ਿਟਿਵ ਹੀ ਏਡਜ਼ ਦੇ ਕਾਰਨ ਮਰਦੇ ਹਨ। ਇਹ ਸਰਾਸਰ ਝੂਠ ਹੈ।

ਏਡਜ਼ ਹੈ ਇਮਿਊਨ ਟਾਕਰਾ ਸ਼ਕਤੀ ਦੀ ਕਮਜ਼ੋਰੀ। ਬੇਅੰਤ ਲੋਕ ਅਜਿਹੀ ਏਡਜ਼ ਤੋਂ ਮਰਦੇ ਹਨ, ਜੋ ਐਚ.ਆਈ.ਵੀ. ਪਾਜ਼ਿਟਿਵ ਨਹੀਂ। ਏਡਜ਼ ਬਲਾ ਦੀ ਪਰਲੋ ਦੀਆਂ ਭਵਿੱਖਬਾਣੀਆਂ ਸੱਚ ਸਾਬਤ ਨਹੀਂ ਹੋਈਆਂ। ਦੁਨੀਆ ਅੰਦਰ ਬੇਅੰਤ ਲੋਕ ਹਨ, ਜਿਨ੍ਹਾਂ ਅੰਦਰ ਐਚ.ਆਈ.ਵੀ. ਐਂਟੀਬਾਡੀ ਹੈ ਪਰ ਉਨ੍ਹਾਂ ਕਦੇ ਟੈਸਟ ਨਹੀਂ ਕਰਵਾਇਆ ਅਤੇ ਪੂਰਨ ਸਿਹਤ ਨਾਲ ਜ਼ਿੰਦਗੀ ਮਾਣ ਰਹੇ ਹਨ। ਉਨ੍ਹਾਂ ਨੂੰ ਏਡਜ਼ ਹੋਈ ਹੈ ਅਤੇ ਨਾ ਹੀ ਹੋਵੇਗੀ। ਕਾਰਨ? ਐਚ.ਆਈ.ਵੀ. ਦਾ ਏਡਜ਼ ਨਾਲ ਕੋਈ ਸਬੰਧ ਨਹੀਂ ਹੈ।

ਕੋਈ ਵੀ ਤੱਤ ਜਿਸ ਦੇ ਨਾਲ ਇਮਿਊਨ ਸ਼ਕਤੀ ਨੂੰ ਸੱਟ ਲੱਗੇ, ਏਡਜ਼ ਦਾ ਕਾਰਨ ਬਣ ਸਕਦੀ ਹੈ। ਸਭ ਤੋਂ ਵੱਡਾ ਕਾਰਨ ਹਨ ਨਸ਼ੀਲੀਆਂ ਦਵਾਈਆਂ। ਜਿਨ੍ਹਾਂ ਨੂੰ ਸਹੀ ਸੋਚ ਵਾਲੇ ਡਾਕਟਰ, ਏਡਜ਼ ਦਾ ਕਾਰਨ ਮੰਨਦੇ ਹਨ। ਜੋ ਵੇਸਵਾਵਾਂ, ਨਸ਼ਿਆਂ ਦੀ ਵਰਤੋਂ ਕਰਦੀਆਂ ਹਨ, ਉਹ ਏਡਜ਼ ਦਾ ਸ਼ਿਕਾਰ ਹੁੰਦੀਆਂ ਹਨ। ਏਡਜ਼ ਦਾ ਪ੍ਰਸਾਰ ਨਸ਼ਿਆਂ ਦੇ ਵਪਾਰ ਨਾਲ ਜੁੜਿਆ ਹੋਇਆ ਹੈ। ਦੁਨੀਆ ਦੇ ਕੁਲ ਉੱਤਰ ਪੂਰਬੀ ਇਲਾਕਿਆਂ ਅੰਦਰ 'ਏਡਜ਼' ਦਾ ਪ੍ਰਕੋਪ ਕਿਹਾ ਜਾਂਦੈ। ਕਾਰਨ ਨਸ਼ੇ ਦੇ ਟੀਕੇ ਦੱਸੇ ਜਾਂਦੇ ਹਨ। ਜ਼ੋਰ ਨਸ਼ੇ ਦੀ ਸਾਂਝੀ ਵਰਤੀ ਜਾਂਦੀ ਸੂਈ ਉੱਤੇ ਦਿੱਤਾ ਜਾਂਦਾ ਹੈ, ਪਈ ਸੂਈ ਹੀ ਏਡਜ਼ ਖਿਲਾਰਦੀ ਹੈ। ਨਸ਼ੇ ਹੀ ਏਡਜ਼ ਦਾ ਕਾਰਨ ਹਨ। ਏਧਰ ਧਿਆਨ ਦੇਣ ਦੀ ਲੋੜ ਹੈ। ਗਰੀਬਾਂ ਦੀ ਇਮਿਊਨ ਸ਼ਕਤੀ ਨੂੰ ਖੋਰਾ ਲੱਗਦਾ ਹੈ, ਮਾੜੀ ਖ਼ੁਰਾਕ ਭੈੜਾ ਪਾਣੀ ਅਤੇ ਰੋਜ਼-ਬ-ਰੋਜ਼ ਛੋਟੀਆਂ ਬਿਮਾਰੀਆਂ ਅੰਦਰ ਫਸੇ ਰਹਿਣ ਕਾਰਨ। ਅਜਿਹੀ ਏਡਜ਼ ਤੋਂ ਬੇਅੰਤ ਲੋਕ ਅਫ਼ਰੀਕਾ, ਭਾਰਤ ਸਮੇਤ ਕਈ ਏਸ਼ੀਆਈ ਦੇਸ਼ਾਂ ਅਤੇ ਲਾਤੀਨੀ ਅਮਰੀਕਾ ਵਿਚ ਪੜਿਤ ਹੋ ਕੇ ਮਰ ਰਹੇ ਹਨ। ਪਰ ਉਨ੍ਹਾਂ ਦੇ ਕੋਲ ਕੋਈ ਦੌਲਤ ਨਹੀਂ ਜਿਨ੍ਹਾਂ ਨੂੰ ਡਾਕਟਰੀ ਪੇਸ਼ਾ ਜਾਂ ਦਵਾਈ ਕੰਪਨੀਆਂ ਲੁੱਟ ਲੈਣ। ਅਜਿਹੇ ਲੋਕਾਂ ਦੀਆਂ ਮੌਤਾਂ ਦੀ ਕਦੇ ਉੱਘ-ਸੁੱਘ ਨਹੀਂ ਨਿਕਲਦੀ।

ਬੇਅੰਤ ਲੋਕਾਂ ਜਿਨ੍ਹਾਂ ਦਾ ਐਚ.ਆਈ.ਵੀ. ਟੈਸਟ ਪਾਜ਼ਿਟਿਵ ਆਇਆ ਹੈ, ਐਵੇਂ ਹੀ ਸਹਿਮ ਦੇ ਨਾਲ ਮਰੇ ਪਏ ਹਨ ਕਿ ਏਡਜ਼ ਦੇ ਰੋਗ ਨੇ ਕਿਸੇ ਵੀ ਦਿਨ ਘੇਰ ਲੈਣਾ ਹੈ। ਓਦਠ ਦਾ ਇਲਾਜ ਮਾਰੂ ਹੈ। ਇਸ ਦੇ ਨਾਲ ਇਕ ਵੀ ਰੋਗੀ ਠੀਕ ਨਹੀਂ ਹੋਇਆ। ਇਸ ਮਹਿੰਗੀ ਦਵਾਈ ਦੇ ਨਾਲ ਲੋਕਾਂ ਦੇ ਘਰ ਖਾਲੀ ਅਤੇ ਕੰਪਨੀਆਂ ਅਤੇ ਰੋਕਫ਼ੈਲਰ ਦੇ ਕੋਠੇ ਮਾਲੋ-ਮਾਲ ਹੋ ਗਏ ਹਨ।

ਐਚ.ਆਈ.ਵੀ. ਦੇ ਖੋਜ ਪਿੱਛੇ ਨੋਬਲ ਪੁਰਸਕਾਰਿਤ ਡਾ. ਲੂਕ ਮੋਨਟਾਨੀਅਰ ਦਾ ਕੀ ਕਹਿਣਾ ਹੈ : 'ਸਾਡੇ ਸਰੀਰ ਅੰਦਰ ਜਿੰਨੀ ਵਾਰ ਚਾਹੋ ਐਚ.ਆਈ.ਵੀ. ਪਾ ਦਿਉ, ਜੇ ਸਾਡੀ ਇਮਿਊਨ ਪ੍ਰਣਾਲੀ ਸਹੀ ਹੈ, ਤਾਂ ਇਨਫੈਕਸ਼ਨ ਹੋ ਹੀ ਨਹੀਂ ਸਕਦੀ। ਸਾਡਾ ਇਮਿਊਨ ਸਿਸਟਮ ਕੁਝ ਸਾਤਿਆਂ ਵਿਚ ਐਚ.ਆਈ.ਵੀ. ਵਿਰੋਧੀ ਐਂਟੀਬਾਡੀ ਤਿਆਰ ਕਰ ਦੇਂਦਾ ਹੈ।'

ਐਚ.ਆਈ.ਵੀ. ਪਾਜ਼ਿਟਿਵ ਹੋਣਾ, ਕਿਸੇ ਵੀ ਬਿਮਾਰੀ ਦਾ ਸੂਚਕ ਨਹੀਂ, ਸਮੇਤ ਏਡਜ਼ ਦੇ। ਐਚ.ਆਈ.ਵੀ. ਪਾਜ਼ਿਟਿਵ ਦੇ ਨਾਂ ਉੱਤੇ ਸਮਾਜ ਦੇ ਅੰਦਰ ਨਾ-ਰੋਗੀ ਚੰਗੇ ਭਲੇ ਲੋਕਾਂ ਉੱਤੇ ਵਿਤਕਰਾ ਕੀਤਾ ਜਾਂਦਾ ਹੈ। ਸਾਡੀ ਸਰਕਾਰ ਅੰਦਰ, ਸਿਹਤ ਵਿਭਾਗ ਦੇ ਕਾਰਿੰਦਿਆਂ, ਅਫ਼ਸਰਾਂ ਅਤੇ ਵਜ਼ੀਰਾਂ ਨੂੰ ਜਗਾਉਣ ਦੀ ਲੋੜ ਹੈ। ਐਚ.ਆਈ.ਵੀ. ਪਾਜ਼ਿਟਿਵ ਹੋਣਾ ਕਿਸੇ ਰੋਗ ਦਾ ਸੂਚਕ ਨਹੀਂ ਹੈ। ਕੀ ਏਸ ਟੈਸਟ ਉੱਤੇ ਪਾਬੰਦੀ ਨਹੀਂ ਲਗਣੀ ਚਾਹੀਦੀ? ਐਚ.ਆਈ.ਵੀ. ਪਾਜ਼ਿਟਿਵ ਦਾ ਲੇਬਲ ਅਤੇ ਖ਼ੌਫ਼ ਹਰ ਵਿਅਕਤੀ ਦੇ ਉੱਤੋਂ ਉਤਾਰ ਨਹੀਂ ਦੇਣਾ ਚਾਹੀਦਾ?



# ਕਿਸਦੇ ਲਈ ਓਲੰਪਿਕ

ਕ੍ਰਿਸ਼ਨ ਸਿੰਘ



ਓਲੰਪਿਕ ਨੂੰ ਧਰਤੀ 'ਤੇ ਖੇਡਾਂ ਦੇ ਸਭ ਤੋਂ ਵੱਡੇ ਚਮਤਕਾਰ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਲੰਡਨ ਓਲੰਪਿਕ-2012 ਵੀ ਇਸ 'ਚਮਤਕਾਰ' ਤੋਂ ਸੱਖਣਾ ਨਹੀਂ ਸੀ। ਬੇਤਹਾਸ਼ਾ ਖਰਚ ਕਰਕੇ ਲੰਡਨ ਓਲੰਪਿਕ ਇਹੋ ਜਿਹੇ ਵੇਲੇ ਹੋਇਆ ਜਦੋਂ ਪੂਰੀ ਦੁਨੀਆ ਆਰਥਕ ਮੰਦਹਾਲੀ ਦੀ ਘੁੰਮਣ ਘੇਰੀ ਵਿਚ ਡੋਲ ਰਹੀ ਹੈ। ਮੁਲਕਾਂ ਦੀ ਜੀ.ਡੀ.ਪੀ. (ਕੁੱਲ ਘਰੇਲੂ ਉਤਪਾਦ) ਲਗਾਤਾਰ ਢਹਿੰਦੇ ਵਲ ਨੂੰ ਜਾ ਰਹੀ ਹੈ। ਬੇਰੁਜ਼ਗਾਰੀ ਦੀ ਦਰ ਲਗਾਤਾਰ ਵੱਧਦੀ ਜਾ ਰਹੀ ਹੈ ਅਤੇ ਲੋਕਾਂ ਵਿਚਾਲੇ ਅਸਮਾਨਤਾ ਦੇ ਪਾੜੇ ਪਹਿਲਾਂ ਨਾਲੋਂ ਹੋਰ ਚੌੜੇ ਹੁੰਦੇ ਜਾ ਰਹੇ ਹਨ। ਵਧੇਰੇ ਕਰਕੇ ਯੂਰਪ 'ਚ ਇਸ ਆਰਥਕ ਸੰਕਟ ਨੂੰ ਲੈ ਕੇ ਸਭ ਤੋਂ ਜ਼ਿਆਦਾ ਬੇਚੈਨੀ ਅਤੇ ਘਬਰਾਹਟ ਮਚੀ ਹੋਈ ਹੈ।

ਓਲੰਪਿਕ ਖੇਡਾਂ (ਗਰਮੀਆਂ ਅਤੇ ਸਰਦ ਰੁੱਤ ਦੋਨੋਂ ਹੀ) ਦੇ ਪਿਛਲੇ ਪੰਜਾਹ ਸਾਲਾਂ ਦੇ ਇਤਿਹਾਸ 'ਚ ਲੰਡਨ ਓਲੰਪਿਕ-2012 ਸਭ ਤੋਂ ਮਹਿੰਗਾ ਸੀ। ਇਸ ਤੋਂ ਪਹਿਲਾਂ ਬੀਜਿੰਗ 'ਚ ਜਿਹੜੀਆਂ ਓਲੰਪਿਕ ਖੇਡਾਂ ਹੋਈਆਂ ਸਨ, ਉਨ੍ਹਾਂ ਦੀ ਲਾਗਤ ਬਾਰੇ ਚੀਨੀ ਪ੍ਰਸ਼ਾਸਨ ਨੇ ਕੋਈ ਖੁਲਾਸਾ ਨਹੀਂ ਕੀਤਾ ਸੀ। ਇਹ ਸੱਚ ਹੈ ਕਿ ਸ਼ੁਰੂ 'ਚ ਓਲੰਪਿਕ ਖੇਡਾਂ ਸਬੰਧੀ ਜਿਹੜਾ ਬਜਟ ਅਤੇ ਲਾਗਤ ਤੈਅ ਕੀਤੀ ਜਾਂਦੀ ਹੈ, ਉਹ ਅਖ਼ੀਰ ਤਕ ਪਹੁੰਚਦਿਆਂ-ਪਹੁੰਚਦਿਆਂ ਸੌ ਗੁਣਾਂ ਵੱਧ ਜਾਂਦੀ ਹੈ। ਓਲੰਪਿਕ ਖੇਡਾਂ ਪਿਛਲੇ ਕਈ ਦਹਾਕਿਆਂ ਤੋਂ ਇਸ ਸਮੱਸਿਆ ਨਾਲ ਲਗਾਤਾਰ ਜੂਝ ਰਹੀਆਂ ਹਨ। ਲੰਡਨ ਓਲੰਪਿਕ ਖੇਡਾਂ ਦੀ ਲਾਗਤ-ਖਰਚ ਨੂੰ ਪਹਿਲਾਂ ਤਕਰੀਬਨ 2.4 ਅਰਬ ਪੌਂਡ ਮੰਨਿਆ ਗਿਆ ਸੀ, ਪਰ 2007 ਤਕ ਇਸ ਦੀ ਲਾਗਤ ਵੱਧ ਕੇ 9.3 ਅਰਬ ਪੌਂਡ ਹੋ ਗਈ। ਨੈਸ਼ਨਲ ਆਡਿਟ ਆਫਿਸ ਮੁਤਾਬਕ ਤਾਂ ਇਹ ਜਨਤਕ ਖੇਤਰ ਦੀ ਫੰਡਿੰਗ ਤਕਰੀਬਨ ਤਿੰਨ ਗੁਣਾਂ ਵੱਧ ਗਈ ਹੈ। ਜਦੋਂ ਕਿ ਨਿੱਜੀ ਖੇਤਰ ਦਾ ਯੋਗਦਾਨ ਲੜਖੜਾਕੇ 2 ਫ਼ੀਸਦੀ ਤੋਂ ਹੇਠਾਂ ਡਿੱਗ ਗਿਆ। ਫੇਰ ਹਾਊਸ ਆਫ਼ ਕਾਮਨਜ਼ ਦੀ ਪਬਲਿਕ ਅਕਾਊਂਟਸ ਕਮੇਟੀ ਨੇ ਇਹ ਖੁਲਾਸਾ ਕੀਤਾ ਕਿ ਖਰਚਾ ਵੱਧ ਕੇ ਤਕਰੀਬਨ 11 ਅਰਬ ਪੌਂਡ ਵੱਲ ਵੱਧ ਰਿਹਾ ਹੈ। ਗੇਮਜ਼ ਮਾਨਿਟਰ ਦੇ ਓਲੰਪਿਕ ਆਲੋਚਕ ਜੂਲੀਅਨ ਸ਼ਾਇਨੇ ਨੇ ਇਸ ਖਰਚੇ ਦਾ ਅੰਦਾਜ਼ਾ ਤਕਰੀਬਨ 13 ਅਰਬ ਪੌਂਡ ਲਗਾਇਆ ਸੀ। ਸਕਾਈ ਸਪੋਰਟਸ ਦੀ ਪੜਤਾਲ 'ਚ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਆਵਾਜਾਈ ਸੇਵਾ ਨੂੰ ਹੋਰ ਬੇਹਤਰ ਬਣਾਉਣ ਲਈ ਖਰਚ ਕੀਤੀ ਗਈ ਰਕਮ ਨੂੰ ਜੋੜ ਕੇ ਇਹ 24 ਅਰਬ ਪੌਂਡ ਤਕ ਪਹੁੰਚ ਸਕਦੀ ਹੈ। ਬਾਅਦ ਵਿਚ ਤਾਂ ਓਲੰਪਿਕ ਵਿਲੇਜ ਦੇ ਨਿਰਮਾਣ ਦੇ ਖਰਚੇ ਦੇ ਭਾਰ ਨੂੰ ਜਨਤਾ 'ਤੇ ਮੜ੍ਹ ਦਿੱਤਾ ਗਿਆ, ਕਿਉਂਕਿ ਆਰਥਕ ਮੰਦਵਾੜੇ ਕਾਰਨ ਨਿੱਜੀ ਪੂੰਜੀ ਨੇ ਇਸ ਨੂੰ ਤਿਆਗ ਦਿੱਤਾ ਸੀ, ਜਿਸ ਕਰਕੇ ਓਲੰਪਿਕ ਦੇ ਮੁਖੀ ਨੇ ਇਹ ਮੰਨਿਆ ਕਿ ਓਲੰਪਿਕ ਵਿਲੇਜ ਪੂਰੀ ਤਰ੍ਹਾਂ 'ਕੌਮੀਕ੍ਰਿਤ' ਹੋਏਗਾ। ਮਤਲਬ ਕਿ ਇਸ ਦਾ ਖਰਚ ਟੈਕਸ ਦੇਣ ਵਾਲੇ ਚੁੱਕਣਗੇ। ਜੇਕਰ ਅਸੀਂ ਓਲੰਪਿਕ ਦੇ ਬਾਜ਼ਾਰੀਕਰਨ 'ਤੇ ਗੌਰ ਕਰੀਏ ਤਾਂ ਪਤਾ ਲੱਗੇਗਾ ਕਿ 1976 'ਚ ਮੌਂਟਰੀਅਲ ਓਲੰਪਿਕ ਖੇਡਾਂ ਬਹੁਤ ਅਹਿਮ ਸਨ। ਉਦੋਂ ਮੌਂਟਰੀਅਲ ਦੇ ਮੇਅਰ ਨੇ ਜਨਤਾ ਦੇ ਪੈਸੇ ਨੂੰ ਐਨੇ ਵੱਡੇ ਪੈਮਾਨੇ 'ਤੇ ਖਰਚ ਕਰਨ ਨੂੰ ਜਾਇਜ਼ ਠਹਿਰਾਇਆ ਸੀ ਅਤੇ ਆਲੋਚਕਾਂ ਨੂੰ ਇਹ ਭਰੋਸਾ ਦੇ ਕੇ ਚੁੱਪ ਕਰਾਇਆ ਸੀ ਕਿ- ਮੌਂਟਰੀਅਲ ਓਲੰਪਿਕ ਤੋਂ ਬਾਅਦ ਘਾਟਾ ਇਹੋ ਜਿਹਾ ਨਹੀਂ ਹੋ ਸਕਦਾ ਜਿਵੇਂ ਇਕ ਆਦਮੀ ਨੂੰ ਬੱਚਾ ਨਹੀਂ ਹੋ ਸਕਦਾ। ਪਰ ਅਸਲ 'ਚ ਉਹ ਖੇਡਾਂ ਬੁਰੀ ਤਰ੍ਹਾਂ ਨਾਕਾਮਯਾਬ ਸਾਬਤ ਹੋਈਆਂ ਸਨ ਅਤੇ ਐਨੇ ਵੱਡੇ ਘਾਟੇ ਨੂੰ 30 ਸਾਲਾਂ ਬਾਅਦ ਵੀ ਪੂਰਾ ਨਹੀਂ ਕੀਤਾ ਜਾ ਸਕਿਆ। ਇਹੀ ਹਾਲ ਏਥਨਜ਼ ਖੇਡਾਂ ਦਾ ਹੋਇਆ ਸੀ, ਜਿਥੇ ਨਿਰਧਾਰਤ ਖਰਚਿਆਂ ਤੋਂ ਹੱਦੋਂ ਵੱਧ ਖਰਚੇ ਕੀਤੇ ਗਏ ਸਨ, ਜਿਸ ਕਰਕੇ ਗ੍ਰੀਸ ਦਾ ਵਿੱਤੀ ਸੰਕਟ ਹੋਰ ਵੱਧ ਗਿਆ ਸੀ।

ਅਸਲ 'ਚ ਓਲੰਪਿਕ ਖੇਡਾਂ 'ਚ ਜਿਸ ਤਰ੍ਹਾਂ ਦੀ ਕੌਮੀ ਅਤੇ ਖੇਡ ਭਾਵਨਾ ਨੂੰ ਦਰਸਾਇਆ ਜਾਂਦਾ ਹੈ, ਉਹ ਅਸਲ 'ਚ ਖੋਖਲਾਪਨ ਹੈ। ਇਹ ਇਕ ਇਹੋ ਜਿਹਾ ਮੰਚ ਹੈ ਜੋ ਵੱਡੇ ਕਾਰਪੋਰੇਟ ਘਰਾਨਿਆਂ ਅਤੇ ਬਹੁਕੌਮੀ ਕੰਪਨੀਆਂ ਲਈ ਵੱਡਾ ਬਾਜ਼ਾਰ ਖੋਲ੍ਹਦਾ ਹੈ, ਜਿਸ ਦੇ ਅਸਲ ਖਿਡਾਰੀ ਇਹ ਕੰਪਨੀਆਂ ਹੁੰਦੀਆਂ ਹਨ ਕਿਉਂਕਿ ਇਸ ਦੇ ਆਰਥਕ ਲਾਭ ਦੀ ਸਭ ਤੋਂ ਵੱਡੀ ਭਾਈਵਾਲੀ ਅਤੇ ਖੇਡਾਂ ਸਬੰਧੀ ਹੋਰ ਤਰ੍ਹਾਂ ਦੀਆਂ ਸਰਗਰਮੀਆਂ 'ਚ ਇਹ ਵੱਡੀਆਂ ਕੰਪਨੀਆਂ ਹੀ ਸ਼ਾਮਲ ਹੁੰਦੀਆਂ ਹਨ, ਨਾ ਕੇ ਮੇਜ਼ਬਾਨ ਸ਼ਹਿਰ ਅਤੇ ਉਨ੍ਹਾਂ ਦੀ ਜਨਤਾ-ਜਿਸ ਦੇ ਟੈਕਸ ਦਾ ਪੈਸਾ ਇਨ੍ਹਾਂ ਖੇਡਾਂ 'ਤੇ ਲਾਇਆ ਜਾਂਦਾ ਹੈ। ਇਨ੍ਹਾਂ ਸਭ ਗੱਲਾਂ ਨੇ ਮੁੜ ਤੋਂ ਇਸ ਬਹਿਸ ਨੂੰ ਹੋਰ ਤੇਜ਼ ਕਰ ਦਿੱਤਾ ਹੈ ਕਿ ਓਲੰਪਿਕ ਖੇਡਾਂ ਦਾ ਆਰਥਕ ਤਰਕ ਕੀ ਹੈ?

ਸ਼ਾਇਦ ਇਹੀ ਕਾਰਨ ਹੈ ਕਿ ਲੰਡਨ ਓਲੰਪਿਕ ਮੌਕੇ ਅੱਜ ਬਰਤਾਨਵੀ ਲੋਕ ਰੋਮ ਦੇ ਸਮਰਾਟ ਥਿਓਡੋਸਿਅਸ ਨੂੰ ਪੱਕੇ ਇਰਾਦਿਆਂ ਅਤੇ ਬੁੱਧੀਮਾਨ ਵਿਅਕਤੀ ਵਜੋਂ ਯਾਦ ਕਰ ਰਹੇ ਹਨ, ਜਿਸ ਨੇ 17ਵੀਂ ਸ਼ਤਾਬਦੀ 'ਚ ਓਲੰਪਿਕ ਖੇਡਾਂ ਨੂੰ 'ਬੇਤੁਕੀਆਂ' ਕਰਾਰ ਦੇ ਕੇ ਉਸ 'ਤੇ ਰੋਕ ਲਗਾ ਦਿੱਤੀ ਸੀ। ਬਰਤਾਨੀਆ ਅਤੇ ਖਾਸ ਕਰਕੇ ਲੰਡਨ 'ਚ ਬਹੁਤ ਸਾਰੇ ਲੋਕਾਂ ਅਤੇ ਮੀਡੀਆ 'ਚ ਵੀ ਇਨ੍ਹਾਂ ਖੇਡਾਂ ਦੇ ਆਰਥਕ ਪੱਖ ਸਬੰਧੀ ਬਹਿਸ ਛਿੜੀ ਹੋਈ ਹੈ। ਬਰਤਾਨੀਆ ਦੀ ਜਨਤਾ ਨੂੰ ਪ੍ਰਧਾਨ ਮੰਤਰੀ ਡੈਵਿਡ ਕੈਮਰੋਂਨ ਵਲੋਂ ਦਿੱਤੇ ਭਰੋਸੇ 'ਤੇ ਉੱਕਾ ਹੀ ਯਕੀਨ ਨਹੀਂ ਰਿਹਾ ਹੈ। ਬਰਤਾਨਵੀ ਪ੍ਰਧਾਨ ਮੰਤਰੀ ਨੇ ਇਨ੍ਹਾਂ ਖੇਡਾਂ ਨੂੰ ਬਰਤਾਨੀਆ ਲਈ ਸੋਨੇ 'ਚ ਬਦਲਣ ਦਾ ਵਾਅਦਾ ਕੀਤਾ ਸੀ। ਜਿਵੇਂ ਕੇ ਪ੍ਰਸਿੱਧ ਰਸਾਲੇ 'ਦ ਇਕੋਨਾਮਿਸਟ' ਨੇ ਲਿਖਿਆ- ਖੇਡਾਂ ਪ੍ਰਤੀ ਲੋਕੀ ਅਕਸਰ ਗੁੱਸੇ ਵਾਲਾ ਰਵੱਈਆ ਅਖ਼ਤਿਆਰ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਇਨ੍ਹਾਂ ਤੋਂ ਬਹੁਤ ਜ਼ਿਆਦਾ ਉਮੀਦਾਂ ਹੁੰਦੀਆਂ ਹਨ। ਇਨ੍ਹਾਂ ਖੇਡਾਂ ਨੂੰ ਜਾਇਜ਼ ਠਹਿਰਾਉਣ ਦੇ ਮੱਦੇਨਜ਼ਰ ਮੇਜ਼ਬਾਨ ਸਰਕਾਰ ਸਭ ਤੋਂ ਪਹਿਲਾਂ ਖੇਡਾਂ ਦੇ ਆਰਥਕ ਲਾਭ ਦਾ ਦਾਅਵਾ ਕਰਦੀ ਹੈ। ਦੂਸਰਾ ਦਾਅਵਾ ਉਹ ਇਹ ਕਰਦੀ ਹੈ ਕਿ ਖੇਡਾਂ ਲੋਕਾਂ ਨੂੰ ਵਰਜਿਸ਼ ਲਈ ਵਧੇਰੇ ਪ੍ਰੇਰਤ ਕਰਨਗੀਆਂ, ਤੀਜਾ, ਉਨ੍ਹਾਂ ਦਾ ਤਰਕ ਹੈ ਕਿ ਕੁਝ ਹਫ਼ਤਿਆਂ ਲਈ ਵਿਸ਼ਵੀ ਖਿੱਚ ਦਾ ਕੇਂਦਰ ਬਣੇ ਰਹਿਣ 'ਤੇ ਬਹੁਤ ਜ਼ਬਰਦਸਤ ਫ਼ਾਇਦੇ ਹੋਣਗੇ। ਪਹਿਲੇ ਦੋ ਦਾਅਵੇ ਤਾਂ ਮੂਲੋਂ ਹੀ ਬਕਵਾਸ ਹਨ ਅਤੇ ਤੀਸਰਾ ਦਾਅਵਾ ਲੰਡਨ ਵਾਸੀਆਂ 'ਤੇ ਫਿੱਟ ਨਹੀਂ ਬੈਠਦਾ ਹੈ।'' 'ਦ ਇਕਨਾਮਿਸਟ' ਇਹ ਵੀ ਲਿਖਦਾ ਹੈ-ਡੈਵਿਡ ਕੈਮਰੌਨ ਨੇ 20 ਅਰਬ ਡਾਲਰ ਦੇ ਲਾਭ ਦਾ ਵਾਅਦਾ ਕੀਤਾ ਪਰ ਖੇਡਾਂ ਆਪਣੇ ਮੇਜ਼ਬਾਨਾਂ ਲਈ ਕਦੇ-ਕਦਾਈਂ ਹੀ ਪੈਸਾ ਬਣਾਉਂਦੀਆਂ ਹਨ। ਜਿਹੜੀਆਂ ਫਰਮਾਂ ਕੰਨਟ੍ਰੈਕਟ ਹਾਸਲ ਕਰਨ 'ਚ ਕਾਮਯਾਬ ਹੋ ਗਈਆਂ, ਉਹ ਖੁਸ਼ ਹਨ ਅਤੇ ਪ੍ਰਬੰਧਕ ਵੀ ਖੁਸ਼ ਹਨ। ਓਲੰਪਿਕ ਅਫ਼ਸਰਸ਼ਾਹੀ, ਪ੍ਰਸਾਰਣਕਰਤਾਵਾਂ ਤੋਂ ਅਰਬਾਂ ਰੁਪਏ ਚੂਸ ਲੈਂਦੀ ਹੈ। ਪਰ ਮੇਜ਼ਬਾਨ ਰਾਸ਼ਟਰ ਐਨਾ ਕਿਸਮਤ ਵਾਲਾ ਨਹੀਂ ਹੁੰਦਾ।''- ਇਕ ਸੱਚ ਇਹ ਵੀ ਹੈ ਕਿ ਅਕਸਰ ਖੇਡਾਂ ਨਾਲ ਸਬੰਧਤ ਜਿਹੜੀ ਲਾਗਤ ਅਤੇ ਖਰਚ ਦੱਸਿਆ ਜਾਂਦਾ ਹੈ, ਉਸ 'ਚ ਜਨਤਕ ਅਤੇ ਨਿੱਜੀ ਨਿਵੇਸ਼ ਬਾਰੇ ਜਾਣ-ਬੁੱਝ ਕੇ ਜ਼ਿਕਰ ਨਹੀਂ ਕੀਤਾ ਜਾਂਦਾ ਜੋ ਸੜਕਾਂ, ਰੇਲ, ਏਅਰਪੋਰਟ ਵਰਗੀਆਂ ਢਾਂਚਾਗਤ ਸਹੂਲਤਾਂ, ਹੋਟਲਾਂ ਦੇ ਨਵੀਨੀਕਰਨ ਆਦਿ 'ਤੇ ਵੱਡੇ ਪੱਧਰ 'ਤੇ ਖਰਚ ਹੁੰਦਾ ਹੈ। ਇਨ੍ਹਾਂ ਵਾਧੂ ਦੇ ਖਰਚਿਆਂ 'ਚ ਵੱਡਾ ਹਿੱਸਾ ਸੁਰੱਖਿਆ 'ਤੇ ਖਰਚ ਕੀਤਾ ਜਾਂਦਾ ਹੈ, ਜਿਸ ਦਾ ਭਾਰ ਟੈਕਸ ਦੇਣ ਵਾਲੇ ਝਲਦੇ ਹਨ। ਲੰਡਨ ਓਲੰਪਿਕ 'ਚ ਤਕਰੀਬਨ 50 ਹਜ਼ਾਰ ਸੁੱਰਖਿਆ ਕਰਮੀਆਂ -ਜਿਨ੍ਹਾਂ ਵਿਚ ਫੌਜ ਅਤੇ ਪੁਲਿਸ ਦੇ ਜਵਾਨ ਅਤੇ ਨਿੱਜੀ ਏਜੰਸੀਆਂ ਦੇ ਸੁਰੱਖਿਆ ਗਾਰਡ ਵੀ ਸ਼ਾਮਲ ਸਨ- ਨੂੰ ਤਾਇਨਾਤ ਕੀਤਾ ਗਿਆ ਸੀ। ਇਸ ਨੂੰ ਬਰਤਾਨੀਆ 'ਚ ਪਿਛਲੇ 50 ਸਾਲਾਂ 'ਚ ਸੁਰੱਖਿਆ ਦਸਤਿਆਂ ਦਾ ਸਭ ਤੋਂ ਵੱਡਾ ਇਕੱਠ ਕਿਹਾ ਜਾ ਰਿਹਾ ਹੈ। 13,500 ਜਵਾਨ ਪੈਟ੍ਰੋਲਿੰਗ 'ਤੇ ਸਨ, ਜਦੋਂ ਕਿ ਅਫ਼ਗਾਨਿਸਤਾਨ 'ਚ ਜਿਹੜੇ ਬਰਤਾਨਵੀ ਫੌਜੀ ਹਨ, ਉਨ੍ਹਾਂ ਦੀ ਗਿਣਤੀ ਇਸ ਵੇਲੇ 4000 ਹੈ। ਐਨਾ ਹੀ ਨਹੀਂ ਬਰਤਾਨਵੀ ਜਲ ਸੈਨਾ ਦਾ ਸਭ ਤੋਂ ਵੱਡਾ ਜਹਾਜ਼ ਆਈ.ਐਮ.ਐਸ ਓਸੀਅਨ ਖੇਡਾਂ ਦੀ ਸੁਰੱਖਿਆ ਦਾ ਹਿੱਸਾ ਸੀ। ਸੁਪਰਸੋਨਿਕ ਟਾਇਫੂਨ ਜੈਟ ਜਹਾਜ਼ਾਂ ਤੋਂ ਇਲਾਵਾ ਪੂਰਬੀ ਲੰਡਨ ਦੀਆਂ ਛੱਤਾਂ 'ਤੇ ਐਂਟੀ ਏਅਰਕ੍ਰਾਫਟ ਗਨ ਤਾਇਨਾਤ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ ਇਕ ਨਿੱਜੀ ਫਰਮ ਨੇ 10,400 ਸੁਰੱਖਿਆ ਕਰਮੀ ਦੇਣ ਦੀ ਗੱਲ ਕੀਤੀ ਤਾਂ ਪ੍ਰਬੰਧਕਾਂ ਨੇ ਅਫ਼ਗਾਨਿਸਤਾਨ ਤੋਂ ਮੁੜੇ ਬਰਤਾਨਵੀ ਫੌਜੀਆਂ ਨੂੰ ਪੂਰਬੀ ਲੰਡਨ ਦੇ ਓਲੰਪਿਕ ਸਟੇਡੀਅਮ ਦੀ ਸੁਰੱਖਿਆ 'ਚ ਤਾਇਨਾਤ ਕਰਕੇ ਸੁਰੱਖਿਆ ਕਰਮੀਆਂ ਦੀ ਕਮੀ ਨੂੰ ਪੂਰਾ ਕੀਤਾ ਸੀ।

ਇਸ ਸਭ ਦੌਰਾਨ 27 ਜੁਲਾਈ ਨੂੰ ਲੰਡਨ ਓਲੰਪਿਕ ਸ਼ੁਰੂ ਹੋਣ ਤੋਂ ਠੀਕ ਦੋ ਦਿਨ ਪਹਿਲਾਂ ਬਰਤਾਨੀਆ ਦੀ ਅਰਥ ਵਿਵਸਥਾ ਲਈ ਇਕ ਹੋਰ ਬੁਰੀ ਖ਼ਬਰ ਆਈ ਕਿ ਇਸ ਸਾਲ ਦੀ ਦੂਸਰੀ ਤਿਮਾਹੀ 'ਚ ਆਰਥਕ ਦਰ ਪਹਿਲੀ ਤਿਮਾਹੀ ਦੇ ਮੁਕਾਬਲੇ 0.7 ਫ਼ੀਸਦੀ ਹੇਠਾਂ ਆ ਗਈ ਸੀ, ਜਿਸ ਨਾਲ ਇਨ੍ਹਾਂ ਖੇਡਾਂ ਦੀ ਸੁਨਹਿਰੀ ਤਸਵੀਰ ਤਹਿਤ ਹੋਣ ਵਾਲੇ ਆਰਥਕ ਲਾਭ ਦੀਆਂ ਭਵਿੱਖਬਾਣੀਆਂ 'ਤੇ ਪਾਣੀ ਫਿਰਨ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ। ਬੈਂਕ ਆਫ਼ ਇੰਗਲੈਂਡ ਨੇ ਭਵਿੱਖਬਾਣੀ ਕੀਤੀ ਕਿ ਖੇਡਾਂ ਤੀਸਰੀ ਤਿਮਾਹੀ 'ਚ ਜੀ.ਡੀ.ਪੀ. ਨੂੰ 0.2 ਫ਼ੀਸਦੀ ਦੀ ਦਰ ਨਾਲ ਹੁਲਾਰਾ ਦੇ ਸਕਦੀਆਂ ਹਨ। ਲੰਡਨ ਓਲੰਪਿਕ ਵੀ ਮੇਜ਼ਬਾਨ ਸ਼ਹਿਰ ਅਤੇ ਦੇਸ਼ ਲਈ ਆਰਥਕ ਲਿਹਾਜ਼ ਪੱਖੋਂ ਦੂਸਰੀਆਂ ਓਲੰਪਿਕ ਖੇਡਾਂ ਵਾਂਗ ਅਸਫ਼ਲ ਹੀ ਸਾਬਤ ਹੋਇਆ।

ਇਨ੍ਹਾਂ ਖੇਡਾਂ ਨੂੰ ਉਤਸ਼ਾਹਤ ਕਰਨ ਅਤੇ ਇਹ ਖੇਡ ਕਿਥੇ ਹੋਏਗੀ ਸਬੰਧੀ ਫੈਸਲਾ ਕਰਨ ਵਾਲੀ ਕੌਮਾਂਤਰੀ ਓਲੰਪਿਕ ਕਮੇਟੀ (ਆਈ.ਓ.ਸੀ) ਨੇ ਇਨ੍ਹਾਂ ਖੇਡਾਂ ਨੂੰ ਵਪਾਰੀਕਰਨ ਅਤੇ ਬਾਜ਼ਾਰੀਕਰਨ ਦੀ ਉਸ ਹੱਦ 'ਤੇ ਪਹੁੰਚਾ ਦਿੱਤਾ ਹੈ ਕਿ ਉਸ ਲਈ ਪ੍ਰਬੰਧਕ ਕੰਪਨੀਆਂ ਦਾ ਸ਼ੱਕੀ ਇਤਿਹਾਸ ਅਤੇ ਚਰਿੱਤਰ ਨਾਲ ਵੀ ਕੋਈ ਵਾਹ ਵਾਸਤਾ ਨਹੀਂ ਹੈ। ਇਸ ਦੀ ਤਾਜ਼ਾ ਮਿਸਾਲ ਲੰਡਨ ਓਲੰਪਿਕ ਹਨ। 2012 ਦੀਆਂ ਇਨ੍ਹਾਂ ਖੇਡਾਂ ਲਈ ਡਾਉ ਕੈਮੀਕਲਜ਼ ਦੀ ਵਿਸ਼ਵ ਪੱਧਰ 'ਤੇ ਓਲੰਪਿਕ ਭਾਈਵਾਲੀ ਹੈ। ਇਹ ਡਾਉ ਕੰਪਨੀ ਉਹੀ ਬਹੁਕੌਮੀ ਕੰਪਨੀ ਹੈ, ਜਿਸ ਨੇ 1999 'ਚ ਕਥਿਤ ਯੂਨੀਅਨ ਕਾਰਬਾਈਡ ਦਾ ਆਪਣੇ 'ਚ ਰਲੇਵਾਂ ਕੀਤਾ ਸੀ। ਯੂਨੀਅਨ ਕਾਰਬਾਈਡ ਭੋਪਾਲ 'ਚ ਹੋਏ ਗੈਸ ਰਿਸਾਵ ਅਤੇ ਉਸ ਕਾਰਨ ਹੋਈਆਂ ਮੌਤਾਂ ਲਈ ਜ਼ਿੰਮੇਵਾਰ ਹੈ। ਇਸ ਤੋਂ ਇਲਾਵਾ ਲੰਡਨ ਓਲੰਪਿਕ 'ਚ ਕੋਕਾ-ਕੋਲਾ, ਮੈਕਡਾਨਲਡ ਅਤੇ ਕੈਡਬਰੀ ਨੂੰ ਆਪਣੇ ਜੰਕ ਫੂਡ ਬ੍ਰਾਂਡਾਂ ਅਤੇ ਉਤਪਾਦਕਾਂ ਦੇ ਪ੍ਰਚਾਰ ਲਈ 'ਸ਼ਾਨਦਾਰ ਪਲੇਟਫਾਰਮ' ਦਿੱਤਾ ਹੈ। ਖੇਡਾਂ ਚੰਗੀ ਸਿਹਤ ਦੀ ਪਛਾਣ ਹੁੰਦੀਆਂ ਹਨ ਪਰ ਓਲੰਪਿਕ ਨੇ ਪ੍ਰਚਾਰ ਦਾ ਇਹ ਪਲੇਟਫਾਰਮ ਇਹੋ ਜਿਹੀਆਂ ਕੰਪਨੀਆਂ ਨੂੰ ਦਿੱਤਾ, ਜਿਹੜੀਆਂ ਬੱਚਿਆਂ ਅਤੇ ਉਨ੍ਹਾਂ ਦੇ ਭੱਵਿਖ 'ਤੇ ਬੁਰਾ ਅਸਰ ਪਾਉਂਦੀਆਂ ਹਨ। ਇਨ੍ਹਾਂ ਕੰਪਨੀਆਂ ਦੇ ਇਸ ਪ੍ਰਚਾਰ ਦੇ ਤਰੀਕੇ ਦੀ ਬਰਤਾਨੀਆ 'ਚ ਕਾਫ਼ੀ ਨਿਖੇਧੀ ਕੀਤੀ ਜਾ ਰਹੀ ਹੈ ਕਿਉਂਕਿ ਇਨ੍ਹਾਂ ਕੰਪਨੀਆਂ ਦਾ ਯੋਗਦਾਨ ਆਈ.ਓ.ਸੀ. ਦੀ ਆਮਦਨ 'ਚ ਸਿਰਫ਼ ਦੋ ਫ਼ੀਸਦੀ ਹੈ ਜਦੋਂਕਿ ਇਸ ਦੇ ਬਦਲੇ ਉਨ੍ਹਾਂ ਨੂੰ ਪ੍ਰਚਾਰ ਲਈ ਵਿਸ਼ਵ ਪੱਧਰ ਦਾ ਮੰਚ ਦਿੱਤਾ ਗਿਆ ਸੀ।

ਇਨ੍ਹਾਂ ਖੇਡਾਂ ਰਾਹੀਂ ਕੌਮੀ ਗੌਰਵ ਦੀ ਗੱਲ ਕੀਤੀ ਗਈ ਸੀ। ਕੀ ਅਸਲੀਅਤ 'ਚ ਇਸ ਤਰ੍ਹਾਂ ਸੀ? ਜਦੋਂ ਅਸੀਂ ਓਲੰਪਿਕ ਦੇ ਇਤਿਹਾਸ 'ਤੇ ਝਾਤ ਪਾਉਂਦੇ ਹਾਂ ਤਾਂ ਇਹ ਖੇਡਾਂ ਉਨ੍ਹਾਂ ਵੱਡੇ ਅਤੇ ਤਾਕਤਵਰ ਮੁਲਕਾਂ ਲਈ ਆਪਣੇ ਅੰਨ੍ਹੇ ਰਾਸ਼ਟਰਵਾਦ ਦੇ ਜਨੂੰਨ ਨੂੰ ਵਧਾਉਣ ਵਾਲੀਆਂ ਹੀ ਨਜ਼ਰ ਆਉਂਦੀਆਂ ਹਨ। ਸਾਲ 1936 'ਚ ਬਰਲਿਨ ਓਲੰਪਿਕ ਖੇਡਾਂ ਦੀ ਵਰਤੋਂ ਨਾਜ਼ੀ ਜਰਮਨੀ ਨੇ ਆਰਿਆ ਸਰਵੋਤਮਤਾ ਨੂੰ ਪ੍ਰਦਰਸ਼ਤ ਕਰਨ ਲਈ ਕੀਤਾ ਸੀ। ਓਲੰਪਿਕ ਖੇਡਾਂ ਦੀ ਵਰਤੋਂ ਸਿਆਸੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਵੀ ਕੀਤੀ ਜਾਂਦੀ ਹੈ। ਸ਼ੀਤ ਜੰਗ ਦੌਰਾਨ ਇਹ ਮੰਚ ਖੇਡ ਭਾਵਨਾ ਤੋਂ ਜ਼ਿਆਦਾ ਰਾਸ਼ਟਰਵਾਦੀ ਜਨੂੰਨ ਨੂੰ ਪ੍ਰਦਰਸ਼ਤ ਕਰਨ ਵਾਲਾ ਮੰਚ ਸਾਬਤ ਹੋਇਆ। ਅਮਰੀਕਾ ਅਤੇ ਸੋਵੀਅਤ ਯੂਨੀਅਨ 'ਚ ਇਨ੍ਹਾਂ ਖੇਡਾਂ 'ਚ ਖੇਡ ਭਾਵਨਾ ਤੋਂ ਜ਼ਿਆਦਾ ਆਪਣੀ ਤਾਕਤ ਦਾ ਪ੍ਰਦਰਸ਼ਨ ਅਤੇ ਇਕ-ਦੂਸਰੇ ਨੂੰ ਨੀਵਾਂ ਵਿਖਾਉਣ ਦੀ ਭਾਵਨਾ ਜ਼ਿਆਦਾ ਰਹੀ ਹੈ।

ਸਾਲ 1980 ਵਿਚ ਮਾਸਕੋ ਓਲੰਪਿਕ ਦਾ ਅਮਰੀਕਾ ਨੇ ਬਾਈਕਾਟ ਕੀਤਾ ਸੀ। ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਨੇ ਇਸ ਦੇ ਬਾਈਕਾਟ ਦਾ ਐਲਾਨ ਇਸ ਕਰਕੇ ਕੀਤਾ ਸੀ ਕਿ ਸੋਵੀਅਤ ਯੂਨੀਅਨ ਨੇ ਅਫ਼ਗ਼ਾਨਿਸਤਾਨ 'ਤੇ ਹਮਲਾ ਕੀਤਾ ਸੀ। ਇਸ 'ਚ ਤਕਰੀਬਨ 62 ਮੁਲਕਾਂ ਨੇ ਹਿੱਸਾ ਨਹੀਂ ਸੀ ਲਿਆ। ਭਾਵੇਂ ਇਨ੍ਹਾਂ ਮੁਲਕਾਂ 'ਚੋਂ ਕੁਝ ਦੇਸ਼ ਇਹੋ ਜਿਹੇ ਸਨ, ਜਿਨ੍ਹਾਂ ਨੇ ਆਪਣੇ ਖਰਾਬ ਵਿੱਤੀ ਹਾਲਤ ਕਰਕੇ ਇਸ 'ਚ ਹਿੱਸਾ ਨਹੀਂ ਸੀ ਲਿਆ ਪਰ ਬਾਈਕਾਟ ਕਰਨ ਵਾਲੇ ਜ਼ਿਆਦਾਤਰ ਮੁਲਕ ਅਮਰੀਕੀ ਸਮਰਥਕ ਹੀ ਸਨ। ਇਸ ਤੋਂ ਬਾਅਦ ਸਾਲ 1984 'ਚ ਲਾਸ ਏਂਜਲਸ 'ਚ ਹੋਈਆਂ ਓਲੰਪਿਕ ਖੇਡਾਂ ਦਾ ਸੋਵੀਅਤ ਯੂਨੀਅਨ ਅਤੇ ਉਸ ਦੇ ਹਮਾਇਤੀ 14 ਮੁਲਕਾਂ ਨੇ ਬਾਈਕਾਟ ਕੀਤਾ ਸੀ। ਅੱਜ ਚੀਨ ਅਤੇ ਅਮਰੀਕਾ ਵਿਚਾਲੇ ਉਹੀ ਦੌੜ ਹੈ, ਜਿਹੜੀ ਸ਼ੀਤ ਜੰਗ ਵੇਲੇ ਸੋਵੀਅਤ ਯੂਨੀਅਨ ਅਤੇ ਅਮਰੀਕਾ ਦੀ ਸੀ।

ਓਲੰਪਿਕ ਖੇਡਾਂ ਨੂੰ ਖੇਡਾਂ ਦੀ ਭਾਵਨਾ ਦਾ ਸਿਖ਼ਰ ਕਿਹਾ ਜਾਂਦਾ ਹੈ। ਇਸ ਨੂੰ ਇਹੋ ਜਿਹਾ ਮੰਚ ਕਿਹਾ ਜਾਂਦਾ ਹੈ, ਜਿਥੇ ਖਿਡਾਰੀ ਆਪਣੇ ਸਰੀਰ ਅਤੇ ਦਿਮਾਗ ਦੀਆਂ ਸਿਖ਼ਰਲੀਆਂ ਹੱਦਾਂ ਤਕ ਜਾ ਪਹੁੰਚਦੇ ਹਨ। ਪਰ ਇਹ ਹੱਦ ਅਕਸਰ ਇਹੀ ਸਾਬਤ ਕਰਦੀ ਹੈ ਕਿ ਜਿਥੇ ਖਿਡਾਰੀ ਕਲਪਨਾ ਤੋਂ ਪਰ੍ਹੇ ਦੇ ਪ੍ਰਦਰਸ਼ਨ ਦੀ ਦੌੜ ਵਿਚ ਆਪਣੇ ਸਰੀਰ ਦੀਆਂ ਹੱਦਾਂ ਤੋਂ ਪਰ੍ਹੇ ਜਾਣ ਲਈ ਡਰਗਜ਼ ਦਾ ਸਹਾਰਾ ਲੈਂਦੇ ਹਨ। ਓਲੰਪਿਕ ਖੇਡਾਂ ਦਾ ਐਨਾ ਲੰਬਾ ਇਤਿਹਾਸ ਹੈ, ਜਿਸ ਦੀਆਂ ਜੜ੍ਹਾਂ ਪੁਰਾਤਨ ਓਲੰਪਿਕ 'ਚ ਵੀ ਮਿਲਦੀਆਂ ਹਨ। ਜਿਥੇ ਖਿਡਾਰੀ ਖਾਸ ਤਰੀਕੇ ਨਾਲ ਬਣਾਏ ਗਏ ਗਿਰਗਿਟ-ਛਿਪਕਲੀ ਦਾ ਮਾਸ ਖਾਂਦੇ ਸਨ ਤਾਂ ਜੋ ਇਹ ਪ੍ਰਦਰਸ਼ਨ 'ਚ ਵਾਧਾ ਕਰਕੇ ਜਿੱਤ ਦੁਆ ਸਕੇ।

ਆਧੁਨਿਕ ਸਮੇਂ 'ਚ 1904 'ਚ ਡਰਗਜ਼ ਦੀ ਵਰਤੋਂ ਦੀ ਪਹਿਲੀ ਘਟਨਾ ਸਾਹਮਣੇ ਆਈ ਸੀ। ਇਨ੍ਹਾਂ ਖੇਡਾਂ 'ਚ ਮੈਰਾਥਨ ਜੇਤੂ ਥੌਮਸ ਹਿਕਸ ਨੇ ਆਪਣੇ ਪ੍ਰਦਰਸ਼ਨ ਨੂੰ ਵਧੀਆ ਬਣਾਉਣ ਲਈ ਡਰਗਜ਼ ਦੀ ਵਰਤੋਂ ਕੀਤੀ ਸੀ। ਅੱਜ ਭਾਵੇਂ ਓਲੰਪਿਕ ਖੇਡਾਂ 'ਚ ਡਰਗਜ਼ 'ਤੇ ਪਾਬੰਦੀ ਹੈ ਪਰ ਇਸ ਦੇ ਬਾਵਜੂਦ ਡਰਗਜ਼ ਦੀ ਵਰਤੋਂ ਦੀਆਂ ਬਹੁਤ ਸਾਰੀਆਂ ਘਟਨਾਵਾਂ ਸਾਹਮਣੇ ਆ ਜਾਂਦੀਆਂ ਹਨ। ਸਭ ਤੋਂ ਪ੍ਰਸਿੱਧ ਮਿਸਾਲ 1988 'ਚ ਸਿਓਲ ਓਲੰਪਿਕ ਦੀ ਹੈ। ਇਸ 'ਚ ਸੌ ਮੀਟਰ ਦੀ ਦੌੜ ਕਨੇਡਾ ਦੇ ਧਾਵਕ ਬੈਨ ਜੌਨਸਨ ਨੇ ਜਿੱਤੀ ਸੀ। ਡੋਪ ਟੈਸਟ 'ਚ ਇਹ ਗੱਲ ਸਾਹਮਣੇ ਆਈ ਕਿ ਜੌਨਸਨ ਨੇ ਡਰਗਜ਼ ਦੀ ਵਰਤੋਂ ਕੀਤੀ ਸੀ। ਇਸ ਕਰਕੇ ਉਸ ਤੋਂ ਗੋਲਡ ਮੈਡਲ ਵਾਪਸ ਲੈ ਲਿਆ ਗਿਆ ਸੀ ਅਤੇ ਉਸ ਦੀ ਥਾਂ 'ਤੇ ਦੂਸਰੇ ਸਥਾਨ 'ਤੇ ਆਏ ਕਾਰਲ ਲੁਈਸ ਨੂੰ ਗੋਲਡ ਮੈਡਲ ਦਿੱਤਾ ਗਿਆ ਸੀ, ਜਿਸ ਨੇ ਖੁਦ ਓਲੰਪਿਕ ਤੋਂ ਪਹਿਲਾਂ ਪਾਬੰਦੀਸ਼ੁਦਾ ਦਵਾਈ ਦੀ ਵਰਤੋਂ ਕੀਤੀ ਸੀ।

ਸਭ ਰਲਾ ਮਿਲਾ ਕੇ ਓਲੰਪਿਕ ਖੇਡਾਂ ਰਾਹੀਂ ਜਿਸ ਵਿਸ਼ਵੀ ਭਾਵਨਾ ਅਤੇ ਸ਼ਾਨਦਾਰ ਖੇਡ ਭਾਵਨਾ ਦਾ ਢਿੰਡੋਰਾ ਪਿੱਟਿਆ ਜਾਂਦਾ ਹੈ, ਉਹ ਕਾਰਪੋਰੇਟ ਲੁੱਟ ਅਤੇ ਆਈ.ਓ.ਸੀ. ਦੇ ਵਧਦੇ ਖਜ਼ਾਨੇ ਦਾ ਮੰਚ ਬਣ ਕੇ ਰਹਿ ਗਿਆ ਹੈ। ਜਿਸ 'ਚ ਖੇਡ ਭਾਵਨਾ ਅਤੇ ਕੌਮਾਂਤਰੀ ਭਾਈਚਾਰੇ ਦਾ ਨਾਅਰਾ ਕਿਤੇ ਅਲੋਪ ਹੋ ਗਿਆ ਜਾਪਦਾ ਹੈ।

# ਐਡਮਿੰਟਨ ਯੂਥ ਫੀਲਡ ਹਾਕੀ ਕਲੱਬ ਵਲੋਂ ਸਵ: ਜਰਨੈਲ ਸਿੰਘ ਧਾਲੀਵਾਲ ਦੀ ਯਾਦ ਵਿੱਚ ਦੂਸਰਾ ਤਿੰਨ ਰੋਜ਼ਾ ਆਊਟ ਡੋਰ ਫ਼ੀਲਡ ਹਾਕੀ ਟੂਰਨਾਮੈਂਟ ਆਯੋਜਤ









ਐਡਮਿੰਟਨ (ਨਦਬ): ਐਡਮਿੰਟਨ ਯੂਥ ਫੀਲਡ ਹਾਕੀ ਕਲੱਬ ਵਲੋਂ ਸਵ: ਜਰਨੈਲ ਸਿੰਘ ਧਾਲੀਵਾਲ ਦੀ ਯਾਦ ਵਿੱਚ ਦੂਸਰਾ ਤਿੰਨ ਰੋਜ਼ਾ ਆਊਟ ਡੋਰ ਫ਼ੀਲਡ ਹਾਕੀ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਮਿਲਵੁਡਜ਼ ਰੈਕ ਸੈਂਟਰ ਦੇ ਅਤਿ ਆਧੁਨਿਕ ਖੇਡ ਮੈਦਾਨ 'ਚ ਕਰਵਾਏ ਇਸ ਖੇਡ ਮੇਲੇ ਵਿਚ ਸ਼ਹਿਰ ਦੀਆਂ ਟੀਮਾਂ ਤੋਂ ਇਲਾਵਾ ਸਰੀ, ਵੈਨਕੂਵਰ, ਵਿਨੀਪੈਗ, ਰਜਾਇਨਾ, ਕੈਲਗਰੀ ਦੀਆਂ ਹਾਕੀ ਕਲੱਬ ਟੀਮਾਂ ਨੇ ਭਾਗ ਲਿਆ। 2008 ਬੀਜਿੰਗ ਉਲੰਪੀਅਨ ਤੇ ਕਨੇਡਾ ਹਾਕੀ ਟੀਮ ਮੈਂਬਰ ਸੁਵਿੰਦਰ ਸਿੰਘ ਗੱਬਰ, ਕਨੇਡਾ ਹਾਕੀ ਟੀਮ ਦੇ ਮੈਂਬਰ ਕੇਵਨ ਪੀਟਰਸਨ ਤੇ ਹਾਕੀ ਟੀਮ ਮੈਂਬਰ ਜਗਦੀਸ਼ ਇਸ ਟੂਰਨਾਮੈਂਟ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

1, 2 ਤੇ 3 ਸਤੰਬਰ ਨੂੰ ਕਰਵਾਏ ਗਏ ਤਿੰਨ ਰੋਜ਼ਾ ਆਊਟ ਡੋਰ ਫ਼ੀਲਡ ਹਾਕੀ ਟੂਰਨਾਮੈਂਟ ਸਬੰਧੀ 'ਨਵੀਂ ਦੁਨੀਆ' ਨੂੰ ਜਾਣਕਾਰੀ ਦਿੰਦਿਆਂ ਕਮਲ ਗਰੇਵਾਲ, ਹਰਦੀਪ ਸੇਖੋਂ, ਜੈਸ ਸੰਧੂ, ਸੋਨੀ ਗਿੱਲ, ਡਾ. ਗੁਰਦੀਪ ਸਿੱਧੂ, ਬਲਜੀਤ ਗਰੇਵਾਲ, ਪ੍ਰਿਤਪਾਲ ਸੇਖੋਂ, ਕੈਲ ਤੂਰ, ਸੋਨੂੰ ਥਿੰਦ ਆਦਿ ਨੇ ਦੱਸਿਆ ਕਿ ਅੰਡਰ 13 ਉਮਰ ਵਰਗ ਦੇ ਹਾਕੀ ਮੁਕਾਬਲਿਆਂ ਵਿਚ ਕੈਲਗਰੀ ਹਾਕਸ ਨੇ ਪਹਿਲਾ, ਐਡਮਿੰਟਨ ਈਗਲਜ਼ ਨੇ ਦੂਸਰਾ ਸਥਾਨ ਹਾਸਿਲ ਕੀਤਾ। 16 ਉਮਰ ਵਰਗ ਦੇ ਹਾਕੀ ਮੁਕਾਬਲਿਆਂ ਵਿਚ ਯੂਨਾਇਟਡ ਬ੍ਰਦਰਜ਼ ਨੇ ਪਹਿਲਾ, ਐਡਮਿੰਟਨ ਰੌਇਲਜ਼ ਨੇ ਦੂਸਰਾ ਸਥਾਨ ਹਾਸਿਲ ਕੀਤਾ।

ਸੀਨੀਅਰ ਵਰਗ ਦੇ ਮੁਕਾਬਲੇ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਇਸ ਵਰਗ ਵਿੱਚ ਸਰੀ ਲਾਨਿਜ਼ ਨੇ ਯੂਨਾਇਟਡ ਬ੍ਰਦਰਜ਼ ਬਰਮਟਨ ਨੂੰ 1 ਗੋਲਾਂ ਦੇ ਮੁਕਾਬਲੇ 5 ਗੋਲਾਂ ਨਾਲ ਹਰਾ ਕੇ ਟਰਾਫ਼ੀ 'ਤੇ ਕਬਜ਼ਾ ਕੀਤਾ। ਜਦਕਿ ਇਸੇ ਵਰਗ ਵਿੱਚ ਯੂਨਾਇਟਡ ਬ੍ਰਦਰਜ਼ ਸਰੀ ਨੇ ਤੀਸਰਾ ਅਤੇ ਵੈਸਟ ਕੌਸਟ ਕਿੰਗਜ਼ ਸਰੀ ਨੇ ਚੌਥਾ ਸਥਾਨ ਹਾਸਿਲ ਕੀਤਾ। ਅੰਡਰ 10 ਉਮਰ ਵਰਗ ਦੇ ਸ਼ੋਅ ਮੈਚ ਵਿੱਚ ਐਡਮਿੰਟਨ ਈਗਲਜ਼ ਨੇ ਐਡਮਿੰਟਨ ਰੌਇਲਜ਼ ਨੂੰ ਹਰਾ ਕੇ ਪ੍ਰਦਰਸ਼ਨੀ ਮੈਚ 'ਤੇ ਕਬਜ਼ਾ ਕੀਤਾ। ਟੂਰਨਾਮੈਂਟ ਸਬੰਧੀ ਅੱਗੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਨੇਥਨ ਬੈਰੀ ਨੂੰ ਐਲਾਨਿਆ ਗਿਆ ਤੇ ਸੰਨੀ ਇੰਦਰ ਸਿੱਧੂ ਵਲੋਂ ਉਸ ਨੂੰ 500 ਡਾਲਰ ਦਾ ਇਨਾਮ ਦਿਤਾ ਗਿਆ। ਟੂਰਨਾਮੈਂਟ ਵਿਚ ਭਾਗ ਲੈਣ ਵਾਲੀਆਂ ਸੀਨੀਅਰ ਟੀਮਾਂ ਨੂੰ ਪਹਿਲਾ ਇਨਾਮ ਏ.ਬੀ.ਐਸ.ਟਰੱਕਿੰਗ, ਦੂਸਰਾ ਇਨਾਮ ਕੈਲ ਤੂਰ, ਤੀਸਰਾ ਇਨਾਮ ਪ੍ਰਿਤਪਾਲ ਸੇਖੋਂ, ਅੰਡਰ 13 ਵਰਗ ਵਿਚ ਭਾਗ ਲੈਣ ਵਾਲੀਆਂ ਟੀਮਾਂ ਨੂੰ ਪਹਿਲਾ ਇਨਾਮ ਡਾ. ਗੁਰਦੀਪ ਸਿੱਧੂ, ਦੂਸਰਾ ਇਨਾਮ ਮਿਲਵੁਡਜ਼ ਮੀਟ ਸ਼ਾਪ ਵਲੋਂ ਦਿਤਾ ਗਿਆ। ਇਸੇ ਤਰਾਂ ਅੰਡਰ 16 ਵਰਗ ਵਿਚ ਭਾਗ ਲੈਣ ਵਾਲੀਆਂ ਟੀਮਾਂ ਨੂੰ ਪਹਿਲਾ ਇਨਾਮ ਅਲਬਰਟਾ ਪੰਜਾਬੀ ਸਪੋਰਟਸ ਐਂਡ ਕਲਚਰਲ ਕਲੱਬ, ਅਤੇ ਦੂਸਰਾ ਇਨਾਮ ਐਡਮਿੰਟਨ ਟਾਇਰ ਐਂਡ ਲਿਊਬ ਵੱਲੋਂ ਸਪਾਂਸਰ ਕੀਤਾ ਗਿਆ। ਖੇਡ ਮੇਲੇ ਦੇ 'ਸਭ ਤੋਂ ਉਤਮ ਖਿਡਾਰੀ' ਦਾ ਇਨਾਮ ਮਾਰਕ ਪੀਅਰਸਨ ਨੂੰ ਮਿਲਵੁਡਜ਼ ਮੀਟ ਸ਼ਾਪ ਵੱਲੋਂ ਦਿਤਾ ਗਿਆ।16 ਸਾਲ ਤੋਂ ਘੱਟ ਉਮਰ ਦੇ 'ਸਭ ਤੋਂ ਉਤਮ ਖਿਡਾਰੀ' ਦਾ ਇਨਾਮ ਬਲਰਾਜ ਨੂੰ ਮਨਪ੍ਰੀਤ ਭੱਠਲ ਵੱਲੋਂ ਅਤੇ 13 ਸਾਲ ਤੋਂ ਘੱਟ ਉਮਰ ਦੇ 'ਸਭ ਤੋਂ ਉਤਮ ਖਿਡਾਰੀ' ਦਾ ਇਨਾਮ ਦੀਪ ਨੂੰ ਰਣਜੀਤ ਮਲ੍ਹੀ ਵੱਲੋ ਦਿਤਾ ਗਿਆ। ਟੂਰਨਾਮੈਂਟ ਦੌਰਾਨ ਟੀਮਾਂ, ਚਲ ਰਹੇ ਮੁਕਾਬਲਿਆਂ ਦੀ ਜਾਣਕਾਰੀ ਦੀ ਜ਼ਿੰਮੇਵਾਰੀ ਰਾਜਵਿੰਦਰ ਦਿਉਲ ਤੇ ਸੋਨੂੰ ਥਿੰਦ ਨੇ ਨਿਭਾਈ ਜਦ ਕਿ ਟੈਕਨੀਕਲ ਟੇਬਲ ਦੀ ਜ਼ਿੰਮੇਵਾਰੀ ਸਵਰਨ ਸਿੰਘ ਧਾਲੀਵਾਲ, ਜਸਪ੍ਰੀਤ ਧਾਲੀਵਾਲ, ਲੱਕੀ ਗਿੱਲ, ਜੈਸੀ ਗਿੱਲ ਵਲੋਂ ਨਿਭਾਈ ਗਈ। ਫੋਟੋਗ੍ਰਾਫੀ ਪਾਲ ਭੰਵਰਾ ਵਲੋਂ ਕੀਤੀ ਗਈ ਅਤੇ ਵਲੰਟੀਅਰ ਸੇਵਾ ਵਿਚ, ਭੋਲਾ ਰੂਮੀ, ਸਿਮਰਨ ਮੋਮੀ, ਰਿੰਕੀ ਮਿਨਹਾਸ, ਉਂਕਾਰ, ਉਂਕਾਰ ਤੂਰ, ਗੁਰਦੀਪ ਗਿੱਲ, ਪਰਮ ਕਲੇਰ, ਪਵਨ ਰਾਏ, ਬਲਜੋਤ ਰਾਣੂ, ਜਸਕਰਨ ਭੱਟੀ, ਹੈਰੀ ਫਲੋਰਾ ਆਦਿ ਨੇ ਨਿਭਾਈ। ਰੈਫਰੀ ਦੀ ਭੂਮਿਕਾ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਰਿਪੁਦਮਨ ਸ਼ਰਮਾ, ਏਅਰ ਇੰਡੀਆ ਦੇ ਖਿਡਾਰੀ ਵਰਿੰਦਰ ਸਿੰਘ, ਪੰਜਾਬ ਰਾਜ ਬਿਜਲੀ ਬੋਰਡ ਦੇ ਖਿਡਾਰੀ ਹਰਮਿੰਦਰ ਸਿੰਘ ਪੱਪੂ, ਹੈਪੀ ਢੀਡਸਾ ਤੇ ਉਂਕਾਰ ਢੀਡਸਾ ਵਲੋਂ ਨਿਭਾਈ ਗਈ। ਜੇਤੂ ਟੀਮਾਂ ਨਾਲ ਜਾਣ-ਪਛਾਣ ਅਤੇ ਇਨਾਮ ਵੰਡਣ ਦੀ ਰਸਮ ਐਮ ਐਲ ਏਜ਼ ਨਰੇਸ਼ ਭਾਰਦਵਾਜ, ਸੁਹੇਲ ਕਾਦਰੀ ਅਤੇ ਕੌਂਸਲਰ ਅਮਰਜੀਤ ਸੋਹੀ ਨੇ ਨਿਭਾਈ।

# ਔਰਤ ਮਸਲੇ ਦਾ ਸਮਾਜਕ ਆਧਾਰ ਹੈ ਕੀ?

**ਡਾ.ਅਜੀਪਾਲ ਸਿੰਘ ਐਮ.ਡੀ.**

ਪੂੰਜੀਵਾਦੀ ਵਿਦਵਾਨ ਆਪਣੇ ਆਪ ਨੂੰ ਜੇ ਇਸ ਬਹਿਸ 'ਚ ਮਗਨ ਰੱਖ ਰਹੇ ਹਨ ਕਿ ਇਕ ਲਿੰਗ ਦੇ ਲੋਕ ਦੂਜੇ ਤੋਂ ਬੇਹਤਰ ਹਨ ਜਾਂ ਉਹ ਦਿਮਾਗਾਂ ਦਾ ਵਜ਼ਨ ਤੋਲਣ 'ਚ ਅਤੇ ਮਰਦਾਂ ਤੇ ਔਰਤਾਂ ਦੀ ਮਨੋਵਿਗਿਆਨਕ ਬਨਾਵਟ ਦੀ ਤੁਲਨਾ ਕਰਨ 'ਚ ਮਸਤ ਹਨ ਤਾਂ ਰਹਿਣ। ਇਤਿਹਾਸ ਭੌਤਿਕਵਾਦ ਦੇ ਪੈਰੋਕਾਰ ਹਰੇਕ ਲਿੰਗ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਮੰਨਦੇ ਹਨ ਅਤੇ ਸਿਰਫ਼ ਇਹ ਮੰਗ ਕਰਦੇ ਹਨ ਕਿ ਚਾਹੇ ਮਰਦ ਹੋਵੇ ਜਾਂ ਔਰਤ ਹਰੇਕ ਬੰਦੇ ਨੂੰ ਆਤਮ ਨਿਰਣੇ ਲਈ ਪੂਰੀ ਤਰ੍ਹਾਂ ਤੇ ਆਜ਼ਾਦ ਮੌਕੇ ਅਤੇ ਸਾਰੇ ਕਦਰਤੀ ਗੁਣਾਂ ਦੇ ਵਿਕਾਸ ਤੇ ਵਰਤੋਂ ਲਈ ਵਿਸ਼ਾਲ ਮੌਕਾ ਮਿਲਣਾ ਚਾਹੀਦਾ ਹੈ। ਇਤਿਹਾਸ ਪਦਾਰਥਵਾਦ ਦੇ ਪੈਰੋਕਾਰ ਸਾਡੇ ਕੱਲ ਦਾ ਆਮ ਸਮਾਜਕ ਪ੍ਰਸ਼ਨ ਤੋਂ ਵੱਖ ਕਿਸੇ ਵਿਸ਼ਿਸ਼ਟ ਨਾਰੀ ਪ੍ਰਸ਼ਨ ਦੀ ਹੋਂਦ ਨੂੰ ਰੱਦ ਕਰਦੇ ਹਨ। ਔਰਤਾਂ ਦੀ ਅਧੀਨਤਾ ਪਿੱਛੇ ਵਿਸ਼ੇਸ਼ ਆਰਥਕ ਕਾਰਕ ਰਹੇ ਹਨ। ਇਸ ਅਮਲ 'ਚ ਕੁਦਰਤੀ ਗੁਣ ਗੌਣ ਕਾਰਕ ਰਹੇ ਹਨ। ਇਨ੍ਹਾਂ ਕਾਰਕਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਕੇ ਹੀ ਅਤੀਤ ਦੇ ਕਿਸੇ ਕਾਲ 'ਚ ਔਰਤਾਂ ਨੂੰ ਗੁਲਾਮ ਬਣਾਉਣ ਵਾਲੀਆਂ ਇਨ੍ਹਾਂ ਤਾਕਤਾਂ ਦਾ ਹੱਲ ਕਰਕੇ ਹੀ, ਉਨ੍ਹਾਂ ਦੀ ਸਮਾਜਕ ਸਥਿਤੀ ਨੂੰ ਬੁਨਿਆਦੀ ਤਰੀਕੇ ਨਾਲ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਔਰਤ ਸਹੀ ਅਰਥਾਂ 'ਚ ਤਾਂ ਆਜ਼ਾਦ ਤੇ ਬਰਾਬਰ ਹੋ ਸਕਦੀ ਹੈ ਜਦ ਦੁਨੀਆ ਨੂੰ ਨਵੇਂ ਸਮਾਜਕ ਤੇ ਉਤਪਾਦਕ ਤਰੀਕੇ ਨਾਲ ਜਥੇਬੰਦ ਕੀਤਾ ਤਾਂ ਵੀ ਇਸ ਦਾ ਇਹ ਅਰਥ ਨਹੀਂ ਹੈ ਕਿ ਆਧੁਨਿਕ ਵਿਵਸਥਾ ਦੇ ਢਾਂਚੇ ਅੰਦਰ ਔਰਤਾਂ ਦੇ ਜੀਵਨ 'ਚ ਅੰਸ਼ਿਕ ਸੁਧਾਰ ਵੀ ਅਸੰਭਵ ਹੈ। ਮਜ਼ਦੂਰ ਸੁਆਲ ਦਾ ਬੁਨਿਆਦੀ ਹੱਲ ਆਧੁਨਿਕ ਪੈਦਾਵਾਰੀ ਸਬੰਧਾਂ ਦੀ ਪੂਰੀ ਤਰ੍ਹਾਂ ਮੁੜ ਜਥੇਬੰਦ ਕਰਨ ਨਾਲ ਹੀ ਹੋਵੇਗਾ। ਪਰ ਕੀ ਇਹ ਸਾਨੂੰ ਮਜ਼ਦੂਰੀ ਦੀਆਂ ਫੌਰੀ ਮੰਗਾਂ ਸਬੰਧੀ ਸੁਧਾਰਾਂ ਲਈ ਲੜਨ ਤੋਂ ਰੋਕ ਦਿੰਦਾ ਹੈ? ਇਸ ਦੇ ਉਲਟ ਮਜ਼ਦੂਰੀ ਜਮਾਤ ਦੀ ਹਰੇਕ ਪ੍ਰਾਪਤੀ ਆਜ਼ਾਦੀ ਤੇ ਸਮਾਜਕ ਬਰਾਬਰੀ ਦੇ ਰਾਜ ਵੱਲ ਮਨੁੱਖਤਾ ਦੇ ਵੱਧਦੇ ਕਦਮਾਂ ਦੀ ਨੁਮਾਇੰਦਗੀ ਕਰਦੀ ਹੈ। ਇਸ ਤਰ੍ਹਾਂ ਔਰਤਾਂ ਜੋ ਹਰੇਕ ਅਧਿਕਾਰ ਜਿੱਤਦੀਆਂ ਹਨ ਉਹ ਉਨ੍ਹਾਂ ਨੂੰ ਪੂਰਨ ਮੁਕਤੀ ਦੇ ਤਹਿ ਟੀਚੇ ਦੇ ਨੇੜੇ ਲੈ ਜਾਂਦਾ ਹੈ।

ਆਰਥਕ ਬਰਾਬਰੀ ਲਈ ਸੰਘਰਸ਼: ਜਮਾਤੀ ਅੰਤਰ ਵਿਰੋਧ 'ਤੇ ਅਧਾਰਤ ਕਿਸੇ ਵੀ ਸਮਾਜ 'ਚ ਕੀ ਇਕਜੁੱਟ ਨਾਰੀ ਸੰਘਰਸ਼ ਸੰਭਵ ਹੈ। ਸਾਨੂੰ ਸਭ ਤੋਂ ਪਹਿਲਾਂ ਇਹ ਸੁਆਲ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ। ਇਹ ਸੱਚਾਈ ਹੈ ਕਿ ਜੋ ਔਰਤਾਂ ਮੁਕਤੀ ਅੰਦੋਲਨ 'ਚ ਹਿੱਸਾ ਲੈ ਰਹੀਆਂ ਹਨ ਉਨ੍ਹਾਂ ਦਾ ਰੂਪ ਇਕ ਨਹੀਂ ਹੈ। ਔਰਤਾਂ ਦੀ ਦੁਨੀਆ ਠੀਕ ਉਸੇ ਤਰ੍ਹਾਂ ਦੋ ਖੇਮਿਆਂ 'ਚ ਵੰਡੀ ਹੋਈ ਹੈ ਜਿਸ ਤਰ੍ਹਾਂ ਮਰਦਾਂ ਦੀ ਵੰਡੀ ਹੋਈ ਹੈ। ਇਨ੍ਹਾਂ 'ਚੋਂ ਇਕ ਗਰੁਪ ਦੇ ਹਿੱਤ ਤੇ ਲਾਲਸਾਵਾਂ ਉਨ੍ਹਾਂ ਨੂੰ ਸਰਮਾਏਦਾਰੀ ਜਮਾਤ ਦੇ ਨੇੜੇ ਲੈ ਜਾਂਦੀਆਂ ਹਨ। ਜਦ ਕਿ ਦੂਜੇ ਗਰੁਪ ਦਾ ਮਜ਼ਦੂਰ ਜਮਾਤ ਨਾਲ ਗੂੜਾ ਸਬੰਧ ਹੈ। ਦੂਜੇ ਗਰੁਪ ਦਾ ਦਾਅਵਾ ਹੈ ਕਿ ਨਾਰੀ ਸੁਆਲ ਦਾ ਪੂਰਾ ਹੱਲ ਉਸ ਵਲੋਂ ਪੇਸ਼ ਮੁਕਤੀ ਦੇ ਰਾਹ ਵਿਚ ਹੈ। ਹਾਲਾਂਕਿ ਦੋਨੋਂ ਖੇਮੇ 'ਨਾਰੀ ਮੁਕਤੀ' ਦਾ ਇਕੋ ਜਿਹਾ ਨਾਹਰਾ ਦਿੰਦੇ ਹਨ। ਪਰ ਇਨ੍ਹਾਂ ਦੇ ਹਿੱਤ ਤੇ ਉਦੇਸ਼ ਵੱਖ-ਵੱਖ ਹਨ। ਇਨ੍ਹਾਂ 'ਚੋਂ ਹਰੇਕ ਗਰੁੱਪ ਅਚਨਚੇਤ ਢੰਗ ਨਾਲ ਸਹੀ ਆਪਣੀ ਥਾਂ ਆਪਣੀ ਖੁਦ ਦੀ ਜਮਾਤ ਦੇ ਹਿੱਤਾਂ ਦੇ ਅਨਰੂਪ ਬਣਾਉਂਦਾ ਹੈ। ਇਹ ਇਨ੍ਹਾਂ ਦੇ ਕਾਰਜ਼ਾਂ ਤੇ ਟੀਚਿਆਂ ਨੂੰ ਵਿਸ਼ੇਸ਼ ਜਮਾਤੀ ਰੰਗਤ ਨਾਲ ਰੰਗ ਦਿੰਦਾ ਹੈ। ਨਾਰੀਵਾਦੀ ਦੀਆਂ ਮੰਗਾਂ ਉਪਰੋਂ ਭਾਵੇਂ ਕਿੰਨੀਆਂ ਵੀ ਇਨਕਲਾਬੀ ਦਿਸਦੀਆਂ ਹੋਣ ਪਰ ਉਹ ਆਪਣੀ ਜਮਾਤੀ ਸਥਿਤੀ ਅਨੁਸਾਰ ਹੀ ਮੰਗਾਂ ਪੇਸ਼ ਕਰਦੀਆਂ ਹਨ। ਉਨ੍ਹਾਂ ਦੀਆਂ ਮੰਗਾਂ 'ਚ ਕੋਈ ਅਜਿਹੀਆਂ ਬੁਨਿਆਦੀ ਮੰਗਾਂ ਨਹੀਂ ਹੁੰਦੀਆਂ ਹਨ ਜਿਸ ਨਾਲ ਮੌਜੂਦਾ ਸਮਾਜ ਦੇ ਆਰਥਕ ਤੇ ਸਮਾਜਕ ਢਾਂਚੇ 'ਚ ਬੁਨਿਆਦੀ ਤਬਦੀਲੀ ਲਿਆਂਦੀ ਜਾ ਸਕੇ ਅਤੇ ਇਸ ਬਿਨਾਂ ਨਾਰੀ ਮੁਕਤੀ ਕਦੇ ਵੀ ਸੰਪੂਰਨ ਨਹੀਂ ਹੋ ਸਕਦੀ।

ਇਹ ਕਿਹੜੀ ਖਾਸ ਹਾਲਤਾਂ 'ਚ ਥੋੜੇ ਸਮੇਂ ਲਈ ਸਭ ਜਮਾਤਾਂ ਦੀਆਂ ਔਰਤਾਂ ਦੇ ਕਾਰਜ ਇਕ ਵੀ ਹੋ ਜਾਂਦੇ ਹਨ, ਤਾਂ ਵੀ ਦੋਨੋਂ ਖੇਮਿਆਂ ਵਿਚਕਾਰ ਦੂਰਗਾਮੀ ਪੱਖੋਂ ਸੰਘਰਸ਼ ਦੀ ਦਿਸ਼ਾ ਅਤੇ ਰਣ ਕੌਸ਼ਲ ਤਹਿ ਕਰਨ ਵਾਲੇ ਅੰਤਿਮ ਉਦੇਸ਼ ਸਪਸ਼ਟ ਤੌਰ 'ਤੇ ਵੱਖ-ਵੱਖ ਹੁੰਦੇ ਹਨ। ਜਿਥੇ ਨਾਰੀਵਾਦੀਆਂ ਲਈ ਮੌਜੂਦਾ ਪੂੰਜੀਵਾਦੀ ਢਾਂਚੇ ਦੇ ਅੰਦਰ ਹੀ ਮਰਦਾਂ ਵਾਂਗੂੰ ਬਰਾਬਰ ਅਧਿਕਾਰਾਂ ਦੀ ਪ੍ਰਾਪਤੀ ਦਾ ਠੋਸ ਉਦੇਸ਼ ਤਹਿ ਕਰਨਾ ਹੀ ਕਾਫ਼ੀ ਹੁੰਦਾ ਹੈ। ਉਥੇ ਮਜ਼ਦੂਰ ਔਰਤਾਂ ਦੇ ਲਈ ਇਹ ਮਜ਼ਦੂਰ ਜਮਾਤ ਦੀ ਆਰਥਕ ਦਾਸਤਾਂ ਖ਼ਿਲਾਫ਼ ਸੰਘਰਸ਼ ਦੀ ਦਿਸ਼ਾ 'ਚ ਸਿਰਫ਼ ਇਕ ਸਾਧਨ ਹੁੰਦਾ ਹੈ। ਨਾਰੀਵਾਦੀ ਮਰਦਾਂ ਨੂੰ ਹੀ ਆਪਣਾ ਮੁੱਖ ਦੁਸ਼ਮਨ ਮੰਨਦੇ ਹਨ। ਉਨ੍ਹਾਂ ਅਨੁਸਾਰ ਮਰਦਾਂ ਨੇ ਅਨਿਆਂ ਪੂਰਵਕ ਤਰੀਕੇ ਨਾਲ ਸਭ ਅਧਿਕਾਰਾਂ ਤੇ ਸਹੂਲਤਾਂ 'ਤੇ ਆਪਣਾ ਕਬਜ਼ਾ ਕਰ ਰੱਖਿਆ ਹੈ ਤੇ ਔਰਤਾਂ ਨੂੰ ਸਿਰਫ਼ ਜੰਜ਼ੀਰਾਂ 'ਚ ਅਤੇ ਫ਼ਰਜ਼ਾਂ ਨਾਲ ਬੰਨ੍ਹ ਰੱਖਿਆ ਹੈ। ਨਾਰੀਵਾਦੀਆਂ ਨੂੰ ਜਿੱਤ ਤਦ ਹਾਸਲ ਹੋ ਜਾਂਦੀ ਹੈ ਜਦ ਮਰਦਾਂ ਪਾਸ ਮੌਜੂਦ ਵਿਸ਼ੇਸ਼ ਅਧਿਕਾਰ ਔਰਤ ਨੂੰ ਵੀ ਮਿਲ ਜਾਂਦੇ ਹਨ। ਔਰਤ ਮਜ਼ਦੂਰ ਇਸ ਤੋਂ ਵੱਖ ਨਜ਼ਰੀਆ ਅਪਣਾਉਂਦੀ ਹੈ। ਉਹ ਮਰਦਾਂ ਨੂੰ ਦੁਸ਼ਮਨ ਤੇ ਜ਼ੁਲਮ ਕਰਨ ਵਾਲੇ ਵਜੋਂ ਨਹੀਂ ਵੇਖਦੀ। ਇਸ ਦੇ ਉਲਟ ਉਹ ਮਰਦਾਂ ਨੂੰ ਆਪਣੇ ਸਾਥੀਆਂ ਵਜੋਂ ਵੇਖਦੀ ਹੈ ਜੋ ਕਿ ਉਸ ਦੇ ਨਾਲ ਰੋਜ਼ਾਨਾ ਦੀ ਬਦਹਾਲੀ ਖ਼ਿਲਾਫ਼ ਤੇ ਬੇਹਤਰ ਭਵਿੱਖ ਲਈ ਸੰਘਰਸ਼ ਕਰਦ ਹਨ। ਔਰਤ ਤੇ ਉਸ ਦਾ ਮਰਦ ਸਾਥੀ ਇਕ ਹੀ ਸਮਾਜਕ ਹਾਲਤ ਵਲੋਂ ਗੁਲਾਮ ਬਣਾਏ ਜਾਂਦੇ ਹਨ। ਪੂੰਜੀਵਾਦ ਦੀ ਉਹੀ ਘ੍ਰਿਣਤ ਜੰਜ਼ੀਰ ਉਨ੍ਹਾਂ ਨੂੰ ਜਕੜੀ ਬੈਠੀ ਹੈ ਅਤੇ ਉਨ੍ਹਾਂ ਦੇ ਜੀਵਨ ਦੀ ਖੁਸ਼ਹਾਲੀ ਦੇ ਆਨੰਦ ਖੋਹ ਰਹੀ ਹੈ। ਇਹ ਸਹੀ ਹੈ ਕਿ ਮੌਜੂਦਾ ਪ੍ਰਬੰਧ ਦੇ ਕਈ ਵਿਸ਼ੇਸ਼ ਪਹਿਲੂ ਆਪਣੇ ਨਾਲ ਔਰਤਾਂ 'ਤੇ ਦੂਹਰਾ ਬੋਝ ਲੱਦੀ ਬੈਠੇ ਹਨ। ਇਸ ਤਰ੍ਹਾਂ ਇਹ ਵੀ ਸੱਚ ਹੈ ਕਿ ਭਾੜੇ ਦੇ ਮਜ਼ਦੂਰ ਰੱਖਣ ਦੀਆਂ ਹਾਲਤਾਂ ਕਦੀ-ਕਦੀ ਔਰਤ ਮਜ਼ਦੂਰਾਂ ਨੂੰ ਮਰਦਾਂ ਦੇ ਮੁਕਾਬਲੇ ਤੇ ਵਿਰੋਧੀ ਵਜੋਂ ਖੜਾ ਕਰ ਦਿੰਦੀਆਂ ਹਨ ਪਰ ਮਜ਼ਦੂਰ ਜਮਾਤ ਜਾਣਦੀ ਹੈ ਕਿ ਇਨ੍ਹਾਂ ਅਲੋਕਾਰੀ ਹਾਲਤਾਂ ਲਈ ਦੋਸ਼ੀ ਕੌਣ ਹੈ।

ਔਰਤ ਮਜ਼ਦੂਰ ਉਸ ਤਰ੍ਹਾਂ ਮਾੜੀ ਕਿਸਮਤ ਦੀ ਸ਼ਿਕਾਰ ਹੈ ਜਿਵੇਂ ਕਿ ਉਸ ਦਾ ਸਾਥੀ ਮਰਦ ਮਜ਼ਦੂਰ ਅਤੇ ਇਹ ਦੋਨੋਂ ਲੋਹੇ ਦੇ ਭਾਰੀ ਮੋਟੇ ਪੇਟ ਰੱਖਣ ਵਾਲੇ ਦਿਉ ਦੀ ਆਮੁਕ ਭੁੱਖ ਨਾਲ ਘਿਰਣਾ ਕਰਦੇ ਹਨ। ਇਸ ਦਿਉ ਦਾ ਕੁਲ ਸਰੋਕਾਰ ਆਪਣੇ ਸ਼ਿਕਾਰ ਤੋਂ ਜੀਵਨ ਦੇ ਸਾਰੇ ਰਸ ਨੂੰ ਚੂਸ ਕੇ ਲੱਖਾਂ ਮਨੁੱਖੀ ਜ਼ਿੰਦਗੀਆਂ ਦੀ ਕੀਮਤ 'ਤੇ ਖੁਦ ਦਾ ਵਿਕਾਸ ਕਰਨਾ ਹੈ। ਇਹ ਦਿਉ ਕੱਦ ਮਰਦ ਔਰਤ ਤੇ ਬੱਚਿਆਂ ਨੂੰ ਉਸੇ ਲਾਲਚ ਦਾ ਸ਼ਿਕਾਰ ਬਣਾਉਂਦਾ ਹੈ। ਮਜ਼ਦੂਰ ਜਮਾਤ ਆਪਸ ਵਿਚ ਜੋੜਨ ਵਾਲੇ ਹਜ਼ਾਰਾਂ ਧਾਗੇ ਹਨ। ਦੂਜੇ ਪਾਸੇ ਪੂੰਜੀਵਾਦੀ ਔਰਤਾਂ ਦੀਆਂ ਲਾਲਸਾਵਾਂ ਅਜੀਬ ਤੇ ਸਮਝ ਨਾ ਆਉਣ ਵਾਲੀਆਂ ਲੱਗਦੀਆਂ ਹਨ। ਉਹ ਮਜ਼ਦੂਰ ਦਿਲ 'ਚ ਕੋਈ ਗਰਮਜੋਸ਼ੀ ਪੈਦਾ ਨਹੀਂ ਕਰਦੀ। ਉਹ ਮਜ਼ਦੂਰ ਔਰਤ ਤੋਂ ਉਸ ਪਾਸੇ ਚਲਣ ਦਾ, ਇਕ ਸੁਨਹਿਰੇ ਭੱਵਿਖ ਦੀ ਕੋਈ ਵਾਅਦਾ ਨਹੀਂ ਕਰਦੀ ਜਿਸ ਪਾਸੇ ਸਾਰੀ ਲੁਟੀਦੀ ਮਨੁੱਖਤਾ ਦੀਆਂ ਨਿਗਾਹਾਂ ਟਿੱਕੀਆਂ ਹੋਈਆਂ ਹਨ। ਇਸ ਲਈ ਮਹਿਲਾ ਮਜ਼ਦੂਰ ਦਾ ਅੰਤਮ ਉਦੇਸ਼ ਪੂੰਜੀਵਾਦੀ ਪ੍ਰਬੰਧ ਦੇ ਦਾਇਰੇ ਅੰਦਰ ਆਪਣੀ ਜ਼ਿੰਦਗੀ 'ਚ ਸੁਧਾਰ ਲਈ ਉਨ੍ਹਾਂ ਨੂੰ ਲੜਨ ਤੋਂ ਨਹੀਂ ਰੋਕਦਾ। ਪਰ ਇਨ੍ਹਾਂ ਇਛਾਵਾਂ ਦੀ ਪੂਰਤੀ ਪੂੰਜੀਵਾਦ ਦੇ ਖੁਦ ਦੇ ਕਿਰਦਾਰ ਰਾਹੀਂ ਹੀ ਵਾਰ-ਵਾਰ ਰੁਕਦੀ ਹੈ। ਇਕ ਔਰਤ ਬਰਾਬਰ ਦੇ ਅਧਿਕਾਰ ਤਾਂ ਹੀ ਰੱਖ ਸਕਦੀ ਹੈ ਤੇ ਅਸਲ 'ਚ ਤਾਂ ਹੀ ਆਜ਼ਾਦ ਰਹਿ ਸਕਦੀ ਹੈ ਜਦ ਅਜਿਹੀ ਦੁਨੀਆ ਹੋਵੇ ਜਿਸ 'ਚ ਸਮਾਜਕ ਕਿਰਤ ਸਮਰਥਾ ਤੇ ਨਿਆਂ ਹੋਵੇ। ਨਾਰੀਵਾਦੀ ਇਸ ਗੱਲ ਨੂੰ ਸਮਝਣ 'ਚ ਨਾ ਤਾਂ ਰੁਚੀ ਰੱਖਦੇ ਹਨ ਤੇ ਨਾ ਹੀ ਉਹ ਸਮਰਥ ਹਨ। ਉਸ ਨੂੰ ਲੱਗਦਾ ਹੈ ਕਿ ਜਿਉਂ ਹੀ ਕਾਨੂੰਨ ਦੇ ਅੱਖਰਾਂ ਵਲੋਂ ਬਰਾਬਰ ਨੂੰ ਰਵਾਇਤੀ ਤੌਰ 'ਤੇ ਮੰਨ ਲਿਆ ਜਾਂਦਾ ਹੈ। ਵੈਸੇ ਹੀ ਉਹ ਲੁੱਟ, ਗਰੀਬੀ, ਜਬਰ, ਹੰਝੂਆਂ ਤੇ ਕਠਿਨਾਈ ਭਰੀ ਦੁਨੀਆ ਅੰਦਰ ਆਪਣੇ ਲਈ ਸਹੂਲਤ ਭਰਪੂਰ ਥਾਂ ਹਾਸਲ ਕਰ ਲੈਣ 'ਚ ਸਮਰਥ ਹੋ ਜਾਵੇਗੀ ਅਤੇ ਇਕ ਹੱਦ ਤੱਕ ਇਹ ਸਹੀ ਵੀ ਹੈ। ਪਰ ਮਜ਼ਦੂਰ ਜਮਾਤ ਦੀਆਂ ਵਿਆਪਕ ਔਰਤਾਂ ਲਈ ਮਰਦਾਂ ਦੇ ਬਰਾਬਰ ਅਧਿਕਾਰ ਦਾ ਮਤਲਬ ਸਿਰਫ਼ ਨਾ ਬਰਾਬਰੀ 'ਚ ਇਕੋ ਜਿਹੀ ਹਿੱਸੇਦਾਰੀ ਹੈ ਜਦਕਿ ਪੂੰਜੀਵਾਦੀ ਔਰਤਾਂ ਲਈ ਇਹ ਨਵੇਂ ਤੇ ਵਿਸ਼ਾਲ ਅਧਿਕਾਰਾਂ ਤੇ ਸਹੂਲਤਾਂ ਦੇ ਦਰਵਾਜ਼ਿਆਂ ਦਾ ਖੁਲ੍ਹ ਜਾਣਾ ਹੈ। ਅਜੇ ਤੱਕ ਇਹ ਦਰਵਾਜ਼ੇ ਸਿਰਫ਼ ਪੂੰਜੀਪਤੀ ਜਮਾਤ ਦੇ ਮਰਦਾਂ ਲਈ ਖੁੱਲ੍ਹੇ ਹੋਏ ਸਨ। ਪੂੰਜੀਵਾਦੀ ਔਰਤਾਂ ਵਲੋਂ ਜਿੱਤੀ ਗਈ ਹਰ ਰਿਵਾਇਤ ਉਸ ਦੇ ਹੱਥ 'ਚ ਆਪਣੀ ਛੋਟੀ ਭੈਣ ਦੀ ਲੁੱਟ ਲਈ ਇਕ ਹੋਰ ਹਥਿਆਰ ਦੇਵੇਗੀ ਤੇ ਦੋ ਵਿਰੋਧੀ ਸਮਾਜਕ ਖੇਮਿਆਂ ਵਿਚਕਾਰ ਵੰਡ ਨੂੰ ਹੋਰ ਵਧਾ ਦੇਵੇਗੀ। ਤਦ ਉਨ੍ਹਾਂ ਦੇ ਹਿੱਤ ਇਕ-ਦੂਜੇ ਖ਼ਿਲਾਫ਼ ਵੱਧ ਟਕਰਾਅ 'ਚ ਹੋਣਗੇ ਤੇ ਉਨ੍ਹਾਂ ਦੀਆਂ ਲਾਲਸਾਵਾਂ ਵੱਧ ਵਿਰੋਧ ਪੂਰਣ ਹੋਣਗੀਆਂ।

ਤਦ ਆਮ ਔਰਤ ਦਾ ਸੁਆਲ ਕੀ ਹੈ? ਨਾਰੀਵਾਦੀ ਆਪਣੇ ਆਪ ਨੂੰ ਢਾਰਸ ਦੇਣ ਲਈ ਅਜਿਹੀਆਂ ਬੇਕਾਰ ਕੋਸ਼ਿਸ਼ਾਂ ਕਰਦੇ ਹਨ ਕਿ ਨਾਰੀ ਸੁਆਲ ਦਾ ਕਿਸੇ ਰਾਜਸੀ ਪਾਰਟੀ ਨਾਲ ਕੋਈ ਵਾਅ-ਵਾਸਤਾ ਨਹੀਂ ਹੈ ਕਿ "ਇਸ ਦਾ ਹੱਲ ਸਾਰੀਆਂ ਪਾਰਟੀਆਂ ਤੇ ਸਾਰੀਆਂ ਔਰਤਾਂ ਦੀ ਸ਼ਮੂਲੀਅਤ ਨਾਲ ਹੀ ਸੰਭਵ ਹੈ।"

# 12th ANNIVERSARY SALES EVENT!!!

# MILLWOODS SUZUKI.COM
## PRE-OWNED SUPER CENTER

All Vehicles Certified & Carproof Verified

Top $$$ For Your Trade In

SHOP 24/7 @ www.millwoodssuzuki.com
Over 500 vehicles to choose from. Lease Rates As Low As 0.9%*

| Vehicle | Stock / Details | Was | Price |
|---|---|---|---|
| 2008 ACURA MDX | #11796-0; NAV, LOADED W/ BACK UP CAMERA | $33,995 | $30,995 |
| 2008 FORD ESCAPE XLT 4X4 | #12045-0; LEATHER | $17,995 | $13,995 |
| 2008 HONDA FIT SPORT 5 DR H/B | #11T209-2 | | $13,995 |
| 2007 HONDA CIVIC SI | #12004-1; 2 DR COUPE, LOW KMS | $17,995 | $15,995 |
| 2011 SUZUKI SX4 JA | #12007-0, LOADED. | | $11,995 |
| 2011 SUZUKI GRAND VITARA JX 4X4 | #12135-0 | | $20,995 |
| 2008 BMW 335Xi | #12C225-1, LOADED | $27,995 | $25,995 |
| 2010 HYUNDAI GENESIS COUPE | #11C203-1 | $22,995 | $19,995 |
| 2008 SUZUKI XL7 | #12058-0; JLX-L W/ LEATHER, 7 PASS, 4X4 | $20,995 | $18,995 |
| 2010 NISSAN SENTRA 'S' | #12115-0; LOADED | $15,995 | $14,995 |
| 2008 DODGE CALIBER SXT | #12127-0 | | $10,995 |
| 2006 KIA SORENTO 4X4 | #12T419, LOADED, DVD | | $8,995 |
| 2008 MAZDA6 i V6 H/B | #12081-0; LOADED | | $13,995 |
| 2008 TOYOTA YARIS RS | #11989-1, 5 DR. H/B | | $10,995 |
| 2005 FORD EXPEDITION XLT 4X4 | #12T395-1, 8 PASS | | $9,995 |
| 2010 KIA RIO 5 HATCHBACK | #12073-0; FULLY LOADED | | $11,995 |
| 2010 HYUNDAI ACCENT 4 DOOR | #12114-0, LOADED. | $12,995 | $11,995 |
| 2011 SUZUKI SX4 JLX AWD | #11999-0 | | $18,995 |
| 2009 PORSCHE CAYENNE AWD | #12108-0 | $43,995 | $42,995 |
| 2006 FORD F-350 C/C 4X4 DIESEL XLT | #C301169-1 | $25,995 | $18,995 |
| 2009 DODGE RAM 2500 QUAD CAB | #12129-0, 4X4, SLT. | $28,995 | $26,995 |
| 2008 NISSAN ROGUE SL | #11225-0 | $18,995 | $17,995 |

## 12th ANNIVERSARY SERVICE DEPARTMENT SPECIALS

4 Wheel Alignment $99.95

10% OFF BRAKE PARTS & LABOUR WITH THIS AD

Apply @ MWSCREDIT.CA Your guaranteed approval!

LANA JEFFREY Service Department Manager
NAND BHASIN Used Vehicle Manager

780-450-4500
34th AVE AUTO ROW | 3403-93 ST. | SPECIAL TOLL FREE 1-866-897-4500
*FOR 24 MONTHS ON SELECT MODELS

BBB ACCREDITED BUSINESS
Alberta Motor Vehicle Industry Council



# NEW WAY Stucco Ltd.

Quality work at reasonable rates.

We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ



# Moga Painting Company

Serving Since 1985

Experts in Interior & Exterior Paint

Residential & Commercial

- Excellent Colour Matching
- Guaranteed Work
- Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT
Edmonton (780) 934-3535 Winnipeg (204) 979-7070



Residential | Commercial | Investment Properties

Home Life/United Realty Inc. Brokerage
Independently Owned & Operated.

Higher Standards Agents... Higher Results™

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

Sales Representative
Harinder Hundal
M.Sc. Eco, M.B.A

MLS MULTIPLE LISTING SERVICE REALTOR

50 SunnyVale Gate, Unit # 7,
Brampton, ON L6S 0C4



# ਮੁਲਾਕਾਤ Productions

ਟੀ . ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)

Charanjit Brar
Producer & Host
Ph: 647 300 8436
cbrar@rogers.com





### ਰੁਸਤਮੇ-ਹਿੰਦ ਦਾਰਾ ਸਿੰਘ ਨੂੰ ਸਮਰਪਤ ਰਿਹਾ

# 'ਰੌਣਕਾਂ ਪੰਜਾਬ ਦੀਆਂ'

## ਹਰ ਪੱਖੋਂ ਸਫ਼ਲ ਰਿਹਾ ਹੈਰੀਟੇਜ ਫਾਊਂਡੇਸ਼ਨ ਆਫ ਕਨੇਡਾ ਦਾ ਦੂਸਰਾ ਸਾਲਾਨਾ ਸਮਾਗਮ

ਐਡਮਿੰਟਨ (ਕਿਰਤਮੀਤ) ਪ੍ਰਧਾਨ ਗੁਰਚਰਨ ਗਰਚਾ ਦੀ ਰਹਿਨੁਮਾਈ, ਕਲਚਰਲ ਡਾਇਰੈਕਟਰ ਮਨਜੀਤ ਸਿੰਘ ਦੀ ਨਿਰਦੇਸ਼ਨਾ, ਵੀਡੀਓ ਡਾਇਰੈਕਟਰ ਰਵਿੰਦਰ ਰੰਗਵਾਲ ਦੀ ਦਿਸ਼ਾ ਨਿਰਦੇਸ਼ਨਾ ਅਤੇ ਕੌਮਾਂਤਰੀ ਢੋਲੀ ਉਸਤਾਦ ਬਿੱਟੂ ਦੇ ਢੋਲ ਦੀ ਥਾਪ 'ਤੇ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਆਫ ਕਨੇਡਾ ਦੇ ਦੂਸਰੇ ਸਾਲਾਨਾ ਸਮਾਗਮ ਦੀ ਸਫਲਤਾ ਨੇ ਸਾਬਤ ਕਰ ਦਿੱਤਾ ਕਿ ਪੰਜਾਬੀ ਸਭਿਆਚਾਰ ਨੂੰ ਸੱਤ ਸਮੁੰਦਰੋਂ ਪਾਰ ਵੀ ਬਾਖ਼ੂਬੀ ਸੰਭਾਲਿਆ ਤੇ ਪ੍ਰਚਾਰਿਆ ਜਾ ਸਕਦਾ ਹੈ।

ਰੁਸਤਮੇ-ਹਿੰਦ ਦਾਰਾ ਸਿੰਘ ਨੂੰ ਸਮਰਪਤ 'ਰੌਣਕਾਂ ਪੰਜਾਬ ਦੀਆਂ' ਦੇ ਨਾਂਅ ਹੇਠ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵਲੋਂ ਸ਼ੇਰਵੁੱਡ ਪਾਰਕ ਦੇ ਫ਼ੈਸਟੀਵਲ ਪਲੇਸ ਵਿਖੇ ਕਰਵਾਏ ਗਏ ਦੂਸਰੇ ਸਾਲਾਨਾ ਸਮਾਗਮ ਵਿਚ ਦਰਸ਼ਕਾਂ ਦੀ ਹਾਜ਼ਰੀ ਉਮੀਦ ਤੋਂ ਕਿਤੇ ਵੱਧ ਸੀ ਅਤੇ ਪੰਜਾਬ ਦੇ ਮੇਲਿਆਂ ਵਾਂਗ ਤਿਲ ਸੁੱਟਣ ਦੀ ਥਾਂ ਵੀ ਨਹੀਂ ਸੀ। ਪੰਜਾਬੀ ਹੈਰੀਟੇਜ ਦੀ ਸਮੁੱਚੀ ਟੀਮ ਦੀ ਮਿਹਨਤ ਸਦਕਾ ਐਡਮਿੰਟਨ ਵਿਚ ਸ਼ਾਇਦ ਇਹ ਪਹਿਲੀ ਵਾਰ ਹੀ ਸੰਭਵ ਹੋਇਆ ਹੈ ਕਿ ਪੰਜਾਬੀ ਸਭਿਆਚਾਰ ਨਾਲ ਸਬੰਧਤ ਕਿਸੇ ਸਮਾਗਮ ਵਿਚ ਸਟੇਜ 'ਤੇ ਇਕੋ ਵਾਰ ਸੌ ਤੋਂ ਵਧੇਰੇ ਬੱਚਿਆਂ ਨੇ ਪ੍ਰੋਗਰਾਮ ਪੇਸ਼ ਕੀਤਾ ਹੋਵੇ। ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਮੀਤ ਪ੍ਰਧਾਨ ਜਸਵੀਰ ਸਿੰਘ (ਹੈਡ ਵੇ ਸਕੂਲ) ਨੇ ਜਿਥੇ ਸਮਾਗਮ ਵਿਚ ਹਾਜ਼ਰੀਨ ਨੂੰ ਜੀ ਆਇਆਂ ਕਿਹਾ, ਉਥੇ ਹੀ ਮਿਲਵਾਕੀ (ਅਮਰੀਕਾ) ਵਿਚ ਪਿਛਲੇ ਦਿਨੀਂ ਗੁਰਦੁਆਰੇ ਵਿਚ ਹੋਏ ਗੋਲੀ ਕਾਂਡ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਵਰਤ ਧਾਰਨ ਦੀ ਅਪੀਲ ਕੀਤੀ। ਮਤਾ ਪਾਸ ਕਰਕੇ ਗੋਲੀ ਕਾਂਡ ਦੀ ਨਿਖੇਧੀ ਕੀਤੀ ਗਈ ਅਤੇ ਕਨੇਡਾ ਤੇ ਅਮਰੀਕਾ ਦੀਆਂ ਸਰਕਾਰਾਂ ਤੋਂ ਅਜਿਹੇ ਹਾਦਸੇ ਰੋਕਣ ਲਈ ਕੋਈ ਠੋਸ ਕਦਮ ਚੁੱਕਣ ਦੀ ਵੀ ਅਪੀਲ ਕੀਤੀ ਗਈ।



ਸਮਾਗਮ ਦੀ ਸ਼ੁਰੂਆਤ ਪੰਜਾਬੀ ਲੋਕ ਨਾਚ ਭੰਗੜੇ ਨਾਲ ਕੀਤੀ ਗਈ। ਮੁੰਡਿਆਂ ਦਾ ਝੂਮਰ, ਕੁੜੀਆਂ ਦਾ ਝੂਮਰ, ਸੁਹਾਗ, ਸਿੱਠਣੀਆਂ, ਗਿੱਧਾ, ਮਲਵਈ ਗਿੱਧਾ, ਕੋਰੀਓਗ੍ਰਾਫੀ ਆਦਿ ਪੇਸ਼ ਕੀਤੇ ਗਏ। ਫਾਊਂਡੇਸ਼ਨ ਵਲੋਂ ਪੇਸ਼ ਕੀਤੀ ਗਈ 'ਕਿੱਕਲੀ' ਨੂੰ ਦਰਸ਼ਕਾਂ ਨੇ ਸਭ ਤੋਂ ਵੱਧ ਪਸੰਦ ਕੀਤਾ ਕਿਉਂਕਿ ਇਸ ਕੋਰੀਓਗ੍ਰਾਫੀ ਵਿਚ ਲਏ ਗਏ ਗੀਤ ਦੇ ਬੋਲਾਂ ਨੂੰ ਜਿਥੇ ਬਹੁਤ ਹੀ ਮਿੱਠੀ ਆਵਾਜ਼ ਵਿਚ ਗਾਇਆ ਸੀ, ਉਥੇ ਹੀ ਇਸ ਵਿਚ ਇਕ ਲੜਕੀ ਦੇ ਬਚਪਨ ਤੋਂ ਲੈ ਕੇ ਵਿਆਹ ਤਕ ਦੀਆਂ ਰੀਝਾਂ ਨੂੰ ਬਹੁਤ ਹੀ ਕਲਾਤਾਮਕ ਢੰਗ ਨਾਲ ਪੇਸ਼ ਕੀਤਾ ਗਿਆ ਸੀ। ਰਵਿੰਦਰ ਰੰਗੂਵਾਲ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤੇ 'ਬੈਲੇ-ਮਿਰਜ਼ਾ-ਸਾਹਿਬਾਂ' ਵਿਚ ਮਿਰਜ਼ੇ ਦੇ ਰੂਪ ਵਿਚ ਰੰਗੂਵਾਲ ਅਤੇ ਸਾਹਿਬਾਂ ਦੇ ਰੂਪ ਵਿਚ ਪੂਨਮ ਗਿੱਲ ਵਲੋਂ ਨਿਭਾਏ ਰੋਲ ਨੇ ਦਰਸ਼ਕਾਂ ਨੂੰ ਖੜੇ ਹੋ ਕੇ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਸਾਹਿਬਾਂ ਦੇ ਪਿਓ ਦੇ ਰੂਪ ਵਿਚ ਜਰਨੈਲ ਬਸੋਤਾ ਅਤੇ ਸਾਹਿਬਾਂ ਦੇ ਭਰਾ ਦੇ ਰੂਪ ਵਿਚ ਰਘਬੀਰ ਬਿਲਾਸਪੁਰੀ ਦਾ ਕਿਰਦਾਰ ਵੀ ਲੋਕਾਂ ਵਲੋਂ ਪਸੰਦ ਕੀਤਾ ਗਿਆ।

ਮੁੱਖ ਮਹਿਮਾਨ ਵਜੋਂ ਮਿਲਵੁਡਜ਼ ਹਲਕੇ ਤੋਂ ਵਿਧਾਇਕ ਸੁਹੇਲ ਕਾਦਰੀ ਨੇ ਸ਼ਿਰਕਤ ਕਰਦਿਆਂ ਕਿਹਾ ਕਿ ਪੰਜਾਬੀ ਹੈਰੀਟੇਜ਼ ਫਾਊਂਡੇਸ਼ਨ ਵਲੋਂ ਕਰਵਾਏ 'ਰੌਣਕਾਂ ਪੰਜਾਬ ਦੀਆਂ' ਸਮਾਗਮ ਨੇ ਪੁਰਾਤਨ ਸਭਿਆਚਾਰ ਤੇ ਮੇਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਉਨ੍ਹਾਂ ਵਲੋਂ ਹਾਕੀ ਕੋਚ ਸੁਖਵਿੰਦਰ ਪਨੂੰ ਨੂੰ ਵਿਸ਼ੇਸ਼ ਯੋਗਦਾਨ ਪਾਉਣ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੇ ਵੱਖ ਵੱਖ ਕਾਰੋਬਾਰੀਆਂ ਅਤੇ 'ਰੌਣਕਾਂ ਪੰਜਾਬ ਦੀਆਂ' ਸਮਾਗਮ ਨੂੰ ਸਪਾਂਸਰ ਕਰਨ ਵਾਲੀਆਂ ਸ਼ਖਸੀਅਤਾਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਸਮਾਗਮ ਨੂੰ ਇਸ ਸਫਲਤਾ ਦੀਆਂ ਹੱਦਾਂ ਟਪਾਉਣ ਵਾਲਿਆਂ ਵਿਚ ਬੋਰਡ ਮੈਂਬਰ ਰਵਿੰਦਰ ਥਿਆੜਾ, ਗੁਰਮੀਤ ਗੁਡੂ, ਹਰਪ੍ਰੀਤ ਗਰੇਵਾਲ, ਮਨਪ੍ਰੀਤ ਸਿੱਧੂ, ਵਤਨਦੀਪ ਗਰੇਵਾਲ, ਡਾ. ਵਾਲੀਆ, ਪ੍ਰਦੁਮਣ ਗਿੱਲ, ਮਹਿੰਦਰ ਤੂਰ, ਜਸਵਿੰਦਰ ਭਿੰਡਰ, ਜਸਵਿੰਦਰ ਢਿਲੋਂ, ਜਗਜੀਤ ਕੌਰ ਤੇ ਵਲੰਟੀਅਰਾਂ ਵਿਚ ਪਵਿੱਤਰ ਧਾਲੀਵਾਲ, ਤਜਿੰਦਰ ਬਰਾੜ, ਸੁਖਦੇਵ ਧਨੋਆ, ਕੁਲਦੀਪ ਬਰਾੜ, ਪ੍ਰਿੰ. ਜਗਵਿੰਦਰ ਸਿੱਧੂ, ਰਘਵੀਰ ਬਿਲਾਸਪੁਰੀ, ਪੂਨਮ ਗਿੱਲ, ਕੁਲਵੀਰ ਉਪਲ, ਹਰਜਿੰਦਰ ਢੇਸੀ, ਅਰਵਿੰਦਰ ਸਿੰਘ, ਗੁਰਪ੍ਰੀਤ ਵਿਰਕ ਦਾ ਵੀ ਯੋਗਦਾਨ ਰਿਹਾ। ਸਟੇਜ ਸਕੱਤਰ ਦੀ ਭੂਮਿਕਾ ਜਰਨੈਲ ਬਸੋਤਾ, ਅਮਨ ਗਿੱਲ ਤੇ ਹਰਜੀਤ ਸੰਧੂ ਵਲੋਂ ਵੀ ਸਮੇਂ ਸਮੇਂ 'ਤੇ ਨਿਭਾਈ ਗਈ। ਸਮਾਗਮ ਵਿਚ ਹਿੱਸਾ ਲੈਣ ਵਾਲੇ 250 ਤੋਂ ਵੀ ਵਧੇਰੇ ਬੱਚਿਆਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ।






# Bliss catering

9332 - 34 Avenue
Edmonton, AB
T6E 5X8
Bus: 780 438-6116
Phone: 780-497-0995

For all your Catering needs.

# South Common Farmers' Market

Now Open Saturday & Sunday from 10-4pm

19th ave & Parsons Rd. , Go to
www.southcommonmarket.ca for more infromation
Bring this ad to the Kettle Corn booth for a dollar off a reg. size bag of great tasting Kettle corn.

# DASHMESH TIRE & LUBE



Enough Parking Space

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
Call: Manjit S.Khosa, Garry Dhaliwal
Ph: 780-298-1114, 780-993-4441
6609 34 St, Edmonton, Alberta.

# HARRY'S EXCAVATING

Ph 780-918-2252

Specialist in : Digging Basements
& All Kind of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



# WILDROSE MASONARY & STONE WORKS

Commertial & Residential



Ph: 780 340 1400
Off: 780 450 1413
Fax: 780 490 4888

Dave Johal




Culture Stone | Bricks
Blocks | Glass Blocks

email:wildrosemasonary@live.ca ✦ 1404-69th St. SW Edmonton, AB T6L 1L4

# STP ELECTRIC LTD.

stpelectric@hotmail.com

Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਟ੍ਰੀਸ਼ਨ

# ਭਰਾਵੋ, ਮੇਰੇ ਪਰਤ ਆਉਣ ਤੱਕ ਜੀਣਾ....

ਸੁਸ਼ੀਲ ਦੁਸਾਂਝ



ਅਵਤਾਰ ਜੰਡਿਆਲਵੀ ਹੁਣ ਸਾਡੇ ਦਰਮਿਆਨ ਨਹੀਂ ਹੈ। ਅਵਤਾਰ ਜੰਡਿਆਲਵੀ ਇਕ ਜ਼ਹੀਨ ਸ਼ਾਇਰ, ਸੰਜੀਦਾ ਸਾਹਿਤਕ ਪੱਤਰਕਾਰ ਅਤੇ ਬਿਹਤਰੀਨ ਮਨੁੱਖ ਸੀ। ਜਲੰਧਰ ਜ਼ਿਲ੍ਹੇ ਦੇ ਪਿੰਡ ਜੰਡਿਆਲਾ ਵਿਚਲੇ ਮੰਝਲੇ ਕਿਸਾਨ ਪਰਿਵਾਰ ਵਿਚ 1937 ਵਿਚ ਜਨਮੇ ਅਵਤਾਰ ਬਾਰੇ ਕਿਸੇ ਨੇ ਨਹੀਂ ਸੀ ਚਿਤਵਿਆ ਕਿ ਉਹ ਪੰਜਾਬੀ ਸ਼ਾਇਰੀ ਅਤੇ ਸਾਹਿਤਕ ਪੱਤਰਕਾਰੀ ਦੇ ਅੰਬਰ 'ਤੇ ਆਪਣੇ ਨਿਵੇਕਲੇ ਦਸਤਖ਼ਤ ਕਰੇਗਾ; ਅਜਿਹੇ ਦਸਤਖ਼ਤ, ਜਿਹੜੇ ਆਏ ਦਿਨ ਗੂੜ੍ਹੇ ਹੀ ਹੁੰਦੇ ਜਾਣਗੇ। ਅਵਤਾਰ ਅਪਣੇ ਬਚਪਨ ਤੋਂ ਹੀ ਮਾਂ ਬੋਲੀ ਪੰਜਾਬੀ ਦਾ ਆਸ਼ਕ, ਅੱਖਰਾਂ ਦੀ ਸੁੰਦਰ ਚਿਣਾਈ ਦਾ ਕਦਰਦਾਨ ਤੇ ਸੰਸਾਰ ਪੱਧਰ ਦੀਆਂ ਵਿਲੱਖਣ ਲਿਖਤਾਂ ਪੜ੍ਹਨ/ ਵਿਚਾਰਨ ਦਾ ਸ਼ੌਕੀਨ ਸੀ। ਪਿਛਲੀ ਸਦੀ ਦੇ ਸੱਠਵਿਆਂ ਦੌਰਾਨ ਉਹ ਅਧਿਆਪਕੀ ਛੱਡਕੇ ਚਾਲੂ ਬਰਤਾਨਵੀ ਵਾਊਚਰ ਅਧੀਨ (ਪ੍ਰੀਤ ਲੜੀ ਦੇ ਨਵਤੇਜ ਦੇ ਕਹਿਣ ਅਨੁਸਾਰ) ਅਪਣੇ ਪੁਰਾਣੇ ਹਾਕਮਾਂ ਦੇ ਦੇਸ ਚਲਾ ਗਿਆ। ਰੋਜ਼ਗਾਰ ਤੇ ਟੱਬਰ ਦੇ ਝਮੇਲਿਆਂ ਕਰਕੇ ਮੁੜਨਾ ਔਖਾ ਸੀ ਪਰ ਦੇਸ ਦੀ ਮਿੱਟੀ ਵਾਜਾਂ ਮਾਰਦੀ ਰਹੀ ਅਤੇ ਮਾਂ ਬੋਲੀ ਦੀਆਂ ਬਾਹਾਂ ਅੱਡੀਆਂ ਰਹੀਆਂ। ਉਹਨੇ ਨੈਣ ਸੇਜਲ ਕਰਨ ਵਾਲੀ ਕਵਿਤਾ ਲਿਖੀ ਸੀ, 'ਮੇਰੇ ਪਰਤ ਆਉਣ ਤੱਕ'। ਉਹਦੇ ਅਹਿਸਾਸ ਇਉਂ ਬੋਲੇ-

ਪਹਿਲੀ ਵਾਰੀ ਪਿੰਡ ਦੀ
ਜੂਹ ਦਾ ਨਾਤਾ ਟੁੱਟਾ,
ਦੂਰ ਖੜ੍ਹੇ ਹੋਏ ਮਿੱਤਰ
ਝੌਲੇ ਝੌਲੇ ਹੋਏ।
ਬਾਪੂ ਦੀ ਅੱਧਗਿੱਲੀ
ਹੋਈ ਦਾੜ੍ਹੀ ਕੰਬੀ,
ਮਾਂ ਨੇ ਸਿਰ 'ਤੇ ਹੱਥ
ਫੇਰ ਕੇ ਹੰਝ ਲਕੋਏ।
.....
ਮਾਂ ਦੇ ਅੰਦਰ ਜਿਵੇਂ
ਕੁਝ ਮਰ ਗਿਆ ਸੀ
ਬੁੱਢੜਾ ਪਿਉ ਮੁਸ਼ਕਲਾਂ
ਤੋਂ ਡਰ ਗਿਆ ਸੀ।.....

ਏਸ ਲਈ ਘਰ ਦੀ
ਸ਼ਤੀਰੀ ਚੁਕ ਮੋਢੇ
ਤੁਰ ਪਏ ਸਨ ਯਾਰ
ਕੁਝ ਪਰਦੇਸ ਵੱਲ ਨੂੰ।

ਅਵਤਾਰ ਇੰਝ ਪਰਦੇਸੀ ਹੋ ਗਿਆ, ਪਰ ਰੂਹ ਵਿਚ ਤਾਂ ਪਿੰਡ ਵਸਦਾ ਸੀ। ਉਹ ਦਿਨ-ਰਾਤ ਮਿਹਨਤ ਕਰਦਾ, ਟੈਕਸੀ ਵਾਹੁੰਦਾ, ਜਿਸਮ ਤੋਂ ਬੇਇੰਤਹਾ ਕੰਮ ਲੈਂਦਾ, ਟੱਬਰ ਪਾਲਦਾ, ਜ਼ਿੰਦਗੀ ਦੇ ਤਲਖ-ਸੱਚ ਨਾਲ ਖਹਿੰਦਾ ਅਤੇ ਦੁਨੀਆਦਾਰੀ ਨੂੰ ਦੇਖ-ਦੇਖ ਕੇ ਕਲਪਦਾ। ਉਹਦੀ ਤੜਫ ਉਹਨੂੰ ਬੇਚੈਨ ਕਰਦੀ ਤੇ ਫਿਰ ਉਹਦਾ ਕਵੀ ਮਨ ਆਪਣੇ ਆਪ ਨਾਲ ਗੱਲਾਂ ਕਰਦਾ। ਉਹ ਆਪਣੇ ਪਿੰਡ ਨੂੰ ਚਿਤਵਦਾ ਤਾਂ ਮਾਂ ਦਿਸਦੀ, ਪਿਓ ਦੀ ਬੇਵਸੀ ਉਹਨੂੰ ਤੰਗ ਕਰਦੀ, ਉਹ ਭਰਾਵਾਂ ਦੀਆਂ ਬਾਹਵਾਂ ਨੂੰ ਤਰਸਦਾ ਅਤੇ ਮਿੱਤਰਾਂ ਦੀ ਢਾਣੀ ਉਹਨੂੰ ਵਾਜਾਂ ਮਾਰਦੀ। ਇਸ ਸੂਰਤੇ ਹਾਲ ਵਿਚ ਅਵਤਾਰ ਦੀ ਕਵਿਤਾ ਉਹਦੀ ਸਾਥੀ ਬਣ ਜਾਂਦੀ ਤੇ ਉਹ ਕਹਿੰਦਾ-

ਅੰਮਾ, ਤੂੰ ਮੇਰੇ ਪਰਤ ਆਉਣ ਤੱਕ ਜੀਵੀਂ,
ਮੈਂ ਤੇਰੀ ਗੋਦੀ ਦਾ ਨਿੱਘ ਮਾਨਣਾ ਹੈ।
ਤੇਰੀ ਝੋਲੀ 'ਚ ਸੁਗਾਤਾਂ ਦਾ ਢੇਰ ਪਾਉਣਾ ਹੈ
ਤੇਰੀ ਮਮਤਾ ਨੂੰ ਅਜੇ ਹੋਰ ਜਾਨਣਾ ਹੈ।

ਬਾਪੂ, ਤੂੰ ਮੇਰੇ ਪਰਤ ਆਉਣ ਤੱਕ ਜੀਵੀਂ,
ਅਸਾਂ ਖੇਤਾਂ ਤੇ ਬਲਦਾਂ ਦੀ ਬਾਤ ਪਾਉਣੀ ਹੈ।
ਤੇਰੀ ਪਗੜੀ ਨੂੰ ਨਵਾਂ ਰੰਗ ਦੇ ਕੇ
ਆਪਣੇ ਸ਼ਰੀਕਾਂ ਦੀ ਛੱਟ ਲਾਹੁਣੀ ਹੈ।

ਭਰਾਵੋ, ਮੇਰੇ ਪਰਤ ਆਉਣ ਤੱਕ ਜੀਣਾ
ਆਪਾਂ ਬਾਹਾਂ ਦਾ ਮੇਚਾ ਮਿਲਾਵਾਂਗੇ,
ਅਗਲੀ ਫ਼ਸਲ ਦਾ ਬੀਅ ਰਲ ਕੇ ਬੀਜਾਂਗੇ,
ਅਗਲੇ ਮੇਲੇ ਤੇ ਸ਼ਰਾਬੀ ਹੋ ਕੇ ਜਾਵਾਂਗੇ।

ਹਾਣੀਉ, ਮੇਰੇ ਪਰਤ ਆਉਣ ਤੱਕ ਹੋਇਉ,
ਨਿਆਈਂ ਵਾਲੇ ਅਖਾੜੇ ਦੀ ਰੌਣਕ ਵਧਾਉਣੀ ਹੈ
ਮੇਰੇ ਅੰਦਰ ਢੇਰਾਂ ਦੇ ਢੇਰ ਗੱਲਾਂ ਹਨ,
ਜਿਨ੍ਹਾਂ ਦੀ ਚਾਨਣੀ ਰਾਤ 'ਚ ਗੱਲ ਚਲਾਉਣੀ ਹੈ।

ਮੇਰੇ ਪਿੰਡ, ਤੂੰ ਮੇਰੇ ਆਉਣ ਤੱਕ ਵੱਸੀਂ,
ਤੇਰੇ ਤੋਂ ਬਿਨਾਂ ਮੇਰੀ ਕੋਈ ਥਾਂ ਨਹੀਂ,
ਤੇਰੇ ਤੋਂ ਬਿਨਾਂ ਸਭ ਦੇਸ ਜੁਗਰਾਫ਼ੀਆਂ ਹਨ
ਤੇਰੇ ਤੋਂ ਬਿਨਾਂ ਮੇਰੀ ਕੋਈ ਮਾਂ ਨਹੀਂ।

ਅਵਤਾਰ ਆਪਣੇ ਨਾਂ ਵਾਂਗ ਹੀ ਸ਼ਾਇਰੀ ਦਾ ਅਵਤਾਰ ਸੀ। ਸੱਚਾ, ਸੁੱਚਾ, ਸੁਚੱਜਾ ਅਤੇ ਸੰਜਮੀ ਸ਼ਾਇਰ। 'ਮੇਰੇ ਪਰਤ ਆਉਣ ਤੱਕ' ਉਹਦਾ ਦੂਜਾ ਕਾਵਿ ਸੰਗ੍ਰਹਿ ਸੀ, ਜੋ 1983 ਵਿਚ ਭਾਪਾ ਪ੍ਰੀਤਮ ਸਿੰਘ ਨੇ ਆਪ ਅਵਤਾਰ ਤੋਂ ਖਰੜਾ ਮੰਗ ਕੇ ਆਪਣੀ 'ਨਵਯੁੱਗ ਪਬਲਿਕੇਸ਼ਨ' ਵਿਚ ਛਾਪਿਆ ਸੀ। ਇਸ ਕਾਵਿ ਸੰਗ੍ਰਹਿ ਦਾ ਦੂਸਰਾ ਐਡੀਸ਼ਨ ਵੀ ਫਿਰ ਭਾਪਾ ਪ੍ਰੀਤਮ ਸਿੰਘ ਨੇ ਹੀ 1996 ਵਿਚ ਛਾਪਿਆ। ਇਹ ਅਵਤਾਰ ਦੀ ਕਵਿਤਾ ਦੀ ਹੀ ਤਾਕਤ ਸੀ ਕਿ ਉਹਦਾ ਪਹਿਲਾ ਕਾਵਿ ਸੰਗ੍ਰਹਿ 'ਕੱਪਰ ਛੱਲਾਂ' ਵੀ ਪੰਜਾਬੀ ਦੇ ਮਹਾਨ ਸ਼ਾਇਰ ਪ੍ਰੋ. ਮੋਹਨ ਸਿੰਘ ਨੇ ਆਪਣੀ ਪਬਲਿਕੇਸ਼ਨ 'ਹਿੰਦ ਪਬਲਿਸ਼ਰਜ਼ ਲਿਮਟਿਡ' ਵਿਚ 1961 ਵਿਚ ਛਾਪਿਆ। ਆਪਣੀ ਪਹਿਲੀ ਕਿਤਾਬ ਨਾਲ ਹੀ ਅਵਤਾਰ ਚੰਗੇ ਸ਼ਾਇਰਾਂ ਵਿਚ ਗਿਣਿਆ ਜਾਣ ਲੱਗਾ। ਚੜ੍ਹਦੀ ਉਮਰੇ ਸ਼ਾਇਰੀ ਦੇ ਇਸ ਸੰਸਾਰ ਵਿਚ ਸੁਰਿੰਦਰ ਗਿੱਲ, ਡਾ. ਗੁਰੂਮੇਲ, ਹਰਭਜਨ ਸਿੰਘ ਹੁੰਦਲ ਅਤੇ ਰਘਬੀਰ ਸਿੰਘ ਸਿਰਜਣਾ ਉਹਦੇ ਆੜੀ ਸਨ। ਲੰਡਨ ਰਹਿੰਦਿਆਂ ਅਵਤਾਰ ਦੇ ਕਵੀ ਦਿਲ ਨੂੰ ਨਸਲਵਾਦ ਪ੍ਰੇਸ਼ਾਨ ਕਰੀ ਰੱਖਦਾ। ਉਹਦੀ ਕਲਮ ਲਿਖਦੀ-

ਕੁਝ ਚਾਅ ਲੱਦੇ
ਕੁਝ ਡਰੇ ਡਰੇ।
ਕਲ੍ਹ ਹੀ ਆਏ ਸਾਂ
ਭਰੇ ਭਰੇ...
ਇਸ ਵਾਰ ਹਵਾਵਾਂ ਸਮਝਾਇਆ,
ਅੰਤਰ ਦੇਸ਼ਾਂ, ਦਿਲਬਰੀਆਂ ਦਾ।
ਇਸ ਵਾਰ ਗਲੇ ਮਿਲੀਆਂ ਔੜਾਂ,
ਤੇ ਡਰ ਵੀ ਸੀ, ਮੁਖਬਰੀਆਂ ਦਾ
ਇਸ ਵਾਰ ਸ਼ਹਿਰ
ਸਹਿਰਾਅ ਵੀ ਸਨ।
ਤੇ ਕਣੀਆਂ ਤੁਰੀਆਂ
ਪਰੇ ਪਰੇ।

ਇਸ ਰੰਗ ਦੀਆਂ ਹੀ ਹੋਰ ਕਵਿਤਾਵਾਂ ਦਾ ਉਹਦਾ ਤੀਸਰਾ ਕਾਵਿ ਸੰਗ੍ਰਹਿ 'ਅਸੀਂ ਕਾਲੇ ਲੋਕ ਸਦੀਂਦੇ' ਵੀ 'ਨਵਯੁੱਗ' ਨੇ ਹੀ 2002 ਵਿਚ ਛਾਪਿਆ। ਇਸ ਸ਼ਾਇਰੀ ਨੇ ਉਹਦੀ ਅੰਤਰਰਾਸ਼ਟਰੀ ਪਹੁੰਚ ਦਾ ਪਤਾ ਪੱਕੇ ਤੌਰ 'ਤੇ ਪੰਜਾਬੀ ਸਾਹਿਤ ਜਗਤ ਨੂੰ ਦੇ ਦਿੱਤਾ।

ਅਵਤਾਰ ਸ਼ਾਇਰ ਸੀ, ਪਰ ਉਹਦੀ ਇੰਨੇ ਨਾਲ ਹੀ ਤਸੱਲੀ ਨਹੀਂ ਸੀ ਹੁੰਦੀ। ਉਹ ਕੁਝ ਹੋਰ ਕਰਨਾ ਚਾਹੁੰਦਾ ਸੀ; ਬਿਲਕੁਲ ਵੱਖਰਾ ਅਤੇ ਨਿਵੇਕਲਾ। ਇਨ੍ਹਾਂ ਯਤਨਾਂ ਵਿਚ ਹੀ ਉਹ ਸਾਹਿਤਕ ਪੱਤਰਕਾਰੀ ਵੱਲ ਆਇਆ। ਉਹਨੇ ਤਰਸੇਮ ਪੁਰੇਵਾਲ ਦੀ ਅਖ਼ਬਾਰ 'ਦੇਸ਼-ਪਰਦੇਸ' ਲਈ ਹਫ਼ਤਾਵਾਰੀ ਕਾਲਮ ਲਿਖੇ। ਲੰਡਨੋ 'ਸੰਦੇਸ਼' ਨਾਂ ਦਾ ਆਪਣਾ ਅਖ਼ਬਾਰ ਕੱਢਿਆ, ਪਰ ਮਨ ਫਿਰ ਵੀ ਨਾ ਟਿਕਿਆ।

ਪੰਜਾਬੀ ਬੋਲੀ, ਭਾਸ਼ਾ, ਸਭਿਆਚਾਰ ਅਤੇ ਸਾਹਿਤ ਦਾ ਮੌਜੂਦਾ ਮਾਹੌਲ, ਇਨਾਮਾਂ ਦੀ ਬੇਮਤਲਬ ਦੌੜ, ਸਥਾਪਤੀ ਦੀ ਅਯੋਗ ਲਿਲ੍ਹਕ, ਸਾਹਿਤ ਦੇ ਅਨਮੋਲ ਸੱਚ ਵਿਚ ਭ੍ਰਿਸ਼ਟ ਕੀਮਤਾਂ ਉਸਨੂੰ ਤੰਗ ਕਰਦੀਆਂ ਰਹੀਆਂ। ਉਹ ਨਿਰਾਸ਼ ਸੀ ਪਰ ਉਜਲੇ ਭਵਿੱਖ ਵਿਚ ਯਕੀਨ ਕਰਨ ਤੋਂ ਨਹੀਂ ਡੋਲਿਆ।

7 ਕੁ ਸਾਲ ਪਹਿਲਾਂ ਉਹਨੇ ਮੋਹਾਲੀ ਆ ਕੇ ਸਾਹਿਤਕ ਰਸਾਲੇ 'ਹੁਣ' ਦਾ ਸੁਪਨਾ ਲਿਆ। ਮਾਂ ਬੋਲੀ ਦਾ ਉਹ ਪੱਤਰ ਜੋ ਅਨੋਖਾ ਅਤੇ ਮਿਆਰੀ ਹੋਵੇ। ਜਿਸਨੂੰ ਦੇਖਕੇ ਕਿਹਾ ਜਾ ਸਕੇ ਕਿ ਅਸੀਂ ਸੰਸਾਰ ਵਿੱਚ ਕਿਸੇ ਨਾਲੋਂ ਘੱਟ ਨਹੀਂ। ਉਹਨੇ ਆਪਣੇ ਬੇਲੀਆਂ ਨਾਲ ਸਲਾਹਾਂ ਕੀਤੀਆਂ ਤਾਂ ਹਰਭਜਨ ਸਿੰਘ ਹੁੰਦਲ ਨੇ ਉਹਨੂੰ ਮੇਰੀ ਦੱਸ ਪਾ ਦਿਤੀ। ਸਾਡੇ ਸੁਪਨੇ ਰਲ ਗਏ ਅਤੇ ਇਹ ਹਕੀਕਤ ਬਣ ਕੇ 'ਹੁਣ' ਦੇ ਰੂਪ ਵਿਚ ਪਾਠਕਾਂ ਦੇ ਸਾਹਮਣੇ ਹਨ। 'ਹੁਣ' ਦੇ 21 ਅੰਕ ਨਿਕਲ ਚੁੱਕੇ ਹਨ। 22ਵਾਂ ਅੰਕ ਅਵਤਾਰ ਜੰਡਿਆਲਵੀ ਦੀ ਦੇਖ ਰੇਖ ਵਿਚ ਹੀ ਪ੍ਰਿੰਟਿੰਗ ਪੈਸ ਵਿਚ ਗਿਆ ਹੋਇਆ ਹੈ। ਮੇਰਾ ਕਰਾਮਾਤਾਂ ਵਿਚ ਕੋਈ ਵਿਸ਼ਵਾਸ ਨਹੀਂ ਪਰ 'ਹੁਣ' ਅਵਤਾਰ ਦੀ ਕਰਾਮਾਤ ਹੀ ਹੈ। ਇਹ ਅਵਤਾਰ ਦੀ ਅੰਤਰ-ਦ੍ਰਿਸ਼ਟੀ ਦਾ ਹੀ ਕਮਾਲ ਸੀ ਕਿ ਇਸ ਰਸਾਲੇ ਨੇ ਬਾਕੀਆਂ ਨਾਲੋਂ ਬਿਲਕੁਲ ਹੀ ਵੱਖਰੀ ਕਿਸਮ ਦੀਆਂ ਲਿਖਤਾਂ ਛਾਪਣ ਦਾ ਸਿਲਸਿਲਾ ਅਰੰਭਿਆ। 'ਹੁਣ' ਦੀ ਖਾਸੀਅਤ ਹੈ ਕਿ ਇਹਨੇ ਬਹੁਤ ਸਾਰੇ ਐਸੇ ਵਿਸ਼ਿਆਂ 'ਤੇ ਲਿਖਤਾਂ ਛਾਪਣ ਦੀ ਹਿੰਮਤ ਕੀਤੀ ਹੈ, ਜਿਨ੍ਹਾਂ ਬਾਰੇ ਕਦੇ ਕਿਸੇ ਹੋਰ ਪਰਚੇ ਨੂੰ ਖਿਆਲ ਵੀ ਨਹੀਂ ਆਇਆ। 'ਹੁਣ' ਦੀ ਅੰਦਰ ਬਾਹਰ ਦੀ ਨੁਹਾਰ, ਫੋਟੋਕਾਰੀ, ਡਿਜ਼ਾਈਨਿੰਗ, ਕਾਗਜ਼, ਪ੍ਰਿੰਟਿੰਗ ਅਤੇ ਲਿਖਤਾਂ ਸਭ ਕੁਝ ਅਵਤਾਰ ਦਾ ਹੀ ਚਿਤਵਿਆ ਅਤੇ ਵਿਉਂਤਿਆ ਹੋਇਆ ਹੈ। ਗਿਣਤੀ ਦੇ ਪੱਖ ਤੋਂ ਵੀ ਇਸ ਪਰਚੇ ਦਾ ਘੇਰਾ ਵਿਸ਼ਾਲ ਹੈ। ਪ੍ਰਸਿੱਧ ਲੇਖਕ ਨਰਿੰਜਣ ਤਸਨੀਮ ਲਿਖਦੇ ਹਨ ਕਿ 'ਹੁਣ' ਨੇ ਅਹਿਮਦ ਨਦੀਮ ਕਾਸਮੀ ਵੱਲੋਂ ਸੰਪਾਦਤ ਪਰਚੇ 'ਨਕੂਸ਼'(ਲਾਹੌਰ) ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਉਸ ਪਰਚੇ ਵਿਚ ਛਪ ਜਾਣਾ ਬਹੁਤ ਵੱਡੀ ਪ੍ਰਾਪਤੀ ਸਮਝੀ ਜਾਂਦੀ ਸੀ। ਇੰਝ ਹੀ ਐਸ ਸਵਰਨ ਦਾ ਪਰਚਾ ਹੁੰਦਾ ਸੀ 'ਚੇਤਨਾ'। ਬੰਬਈ ਤੋਂ ਛਪਣ ਵਾਲੇ ਇਸ ਪਰਚੇ ਨੇ ਵੀ 'ਹੁਣ' ਵਾਂਗ ਹੀ ਤਹਿਲਕਾ ਮਚਾ ਦਿੱਤਾ ਸੀ। ਇਸੇ ਤਰ੍ਹਾਂ ਪ੍ਰਸਿੱਧ ਕਹਾਣੀਕਾਰ ਮਰਹੂਮ ਰਾਮ ਸਰੂਪ ਅਣਖੀ ਨੇ ਲਿਖਿਆ ਸੀ ਕਿ 'ਹੁਣ' ਪਰਚਾ ਨਿਕਲਣ ਨਾਲ ਪੰਜਾਬੀ ਸਾਹਿਤ ਜਗਤ ਵਿਚ ਮਿਸਾਲੀ ਪੈਰ ਪੁੱਟਿਆ ਗਿਆ ਹੈ। ਪਹਿਲਾਂ ਅਜਿਹਾ ਪੱਤਰ ਕਦੇ ਨਹੀਂ ਸੀ, 'ਚੇਤਨਾ' ਵੀ ਅਜਿਹਾ ਨਹੀਂ ਸੀ। ਹਿੰਦੀ ਵਿਚ ਅਜਿਹੇ ਵੱਡ ਅਕਾਰੀ ਪਰਚੇ ਕਈ ਛਪਦੇ ਹਨ। 'ਹੁਣ' ਕਰਕੇ ਅਸੀਂ ਹਿੰਦੀ ਵਾਲਿਆਂ ਦੇ ਬਰਾਬਰ ਆ ਖੜੇ ਹੋਏ ਹਾਂ।

ਅਪਣੀ ਵਧਦੀ ਉਮਰ, ਨਾ ਮਾਕੂਲ ਸਥਿਤੀਆਂ ਦੇ ਬਾਵਜੂਦ ਅਵਤਾਰ ਜੰਡਿਆਲਵੀ ਸੁੱਚੀਆਂ ਤੇ ਸੱਚੀਆਂ ਕਦਰਾਂ ਕੀਮਤਾਂ ਨੂੰ ਮੋਢਾ ਦੇਈ ਬੈਠਾ ਰਿਹਾ। ਪੈਰੋਕਾਰ ਉਹ ਹੋਇਆ ਉਨ੍ਹਾ ਦਾ ਜੋ ਇਸੇ ਸੁੱਚ ਦੀ ਖਾਤਰ ਫਾਂਸੀਆਂ ਦੇ ਰੱਸੇ ਚੁੰਮ ਗਏ, ਗੱਡੀਆਂ ਹੇਠ ਦਰੜੇ ਗਏ, ਆਰਿਆਂ ਨਾਲ ਚੀਰੇ ਗਏ। ਲੰਘੀ 20 ਅਗਸਤ ਨੂੰ ਅਵਤਾਰ ਜੰਡਿਆਲਵੀ ਲੰਡਨ ਦੇ ਇਕ ਹਸਪਤਾਲ 'ਚੋਂ ਸਦਾ ਸਦਾ ਲਈ ਰੁਖਸਤ ਹੋ ਗਿਆ ਪਰ ਉਹਦੀ ਕਵਿਤਾ ਤੇ ਉਹਦਾ- 'ਹੁਣ' ਉਹਨੂੰ ਸਦਾ ਸਾਡੇ ਨਾਲ ਨਾਲ ਰਖੇਗਾ। ਅਵਤਾਰ ਦੇ ਹੀ ਬੋਲ ਹਨ-

'ਹੁਣ ਪਿੰਡ ਵੱਲ ਬੱਸ ਬੋਲ ਪਹੁੰਚਾਉਂਦੇ ਰਹਾਂਗੇ।

Harjeet Sandhu
REALTOR
''Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

LIQUOR STORE ON SALE
Located In a Very Busy Plaza
Close To Cineplex, Restaurants
ਸੇਂਟ ਐਲਬਰਟ ਟਰੇਲ (137 ਐਵੀਨਿਊ) ਐਡਮਿੰਟਨ ਵਿੱਚ ਚੰਗੀ ਸੇਲ ਨਾਲ ਚੱਲ ਰਹੇ ਲਿਕਰ ਸਟੋਰ ਨੂੰ ਖ੍ਰੀਦਣ ਦਾ ਸੁਨਹਿਰੀ ਮੌਕਾ।
ਵਾਜਬ ਕੀਮਤ, ਇਨਵੈਂਟਰੀ ਸਮੇਤ
15 ਸਾਲ ਲੀਜ਼ ਹਾਲੇ ਬਾਕੀ।
Contact : ਪਾਲ ਬੜਵਾਲ
ਸੰਪਰਕ : 587-708-6866

A City Limos Ltd.
Ph: 780-462-4940
Toll Free: 1-888-462-4623


Wedding
School Proms
Birthday
City Tours
Airport Service
Edmonton-Calgary Vancouver

Contact
780-951-7260
e-mail: dhaliwalsd@hotmail.com, www.acitylimousine.com

# ਆਜ਼ਾਦੀ ਤੋਂ ਬਾਅਦ ਕਿੰਨੀ ਬਦਲੀ ਦੇਸ਼ ਦੀ ਸੂਰਤ

ਆਜ਼ਾਦੀ ਤੋਂ ਲੈ ਕੇ ਦੇਸ਼ ਦੇ ਮੌਜੂਦਾ ਢਾਂਚੇ ਤੱਕ ਕਈ ਉਤਰਾਅ-ਚੜ੍ਹਾਅ ਆਏ, ਕਈ ਵਾਰ ਸਾਨੂੰ ਭਾਰਤੀ ਹੋਣ 'ਤੇ ਮਾਣ ਹੋਇਆ ਤਾਂ ਕੁਝ ਸਮਾਜਕ ਅਤੇ ਮਨੁੱਖੀ ਬੁਰਾਈਆਂ ਨੇ ਸਾਨੂੰ ਸ਼ਰਮਸਾਰ ਵੀ ਕੀਤਾ। ਕਾਮਯਾਬੀਆਂ 'ਤੇ ਸਾਨੂੰ ਖੁਸ਼ੀ ਵੀ ਬਹੁਤ ਹੋਈ, ਉਥੇ ਸਾਹਮਣੇ ਖੜ੍ਹੀਆਂ ਚੁਣੌਤੀਆਂ ਨੇ ਸਾਨੂੰ ਦੇਸ਼ ਦੇ ਭਵਿੱਖ ਪ੍ਰਤੀ ਸੁਚੇਤ ਵੀ ਕੀਤਾ। ਆਜ਼ਾਦੀ ਦੇ 65 ਸਾਲ ਬਾਅਦ ਦੇਸ਼ ਦੀ ਬਦਲਦੀ ਤਸਵੀਰ 'ਤੇ ਇਕ ਨਜ਼ਰ।

## ਕਾਮਯਾਬੀਆਂ : ਜਿਨ੍ਹਾਂ 'ਤੇ ਦੇਸ਼ ਨੂੰ ਮਾਣ ਹੈ

### ਸਿੱਖਿਆ : ਭਵਿੱਖ ਉਜਵਲ



ਆਜ਼ਾਦੀ ਮਿਲਣ ਤੋਂ ਬਾਅਦ 29 ਅਗਸਤ 1947 ਨੂੰ ਦੇਸ਼ ਵਿਚ ਸਮੁੱਚੇ ਰੂਪ ਨਾਲ ਸਿੱਖਿਆ ਵਿਭਾਗ ਦਾ ਗਠਨ ਕੀਤਾ ਗਿਆ ਸੀ। ਉਦੋਂ ਤੋਂ ਹੁਣ ਤੱਕ ਸਿੱਖਿਆ ਦੇ ਖੇਤਰ ਵਿਚ ਕਾਫੀ ਤਬਦੀਲੀ ਆ ਚੁੱਕੀ ਹੈ। 1951 ਵਿਚ ਜਿਥੇ ਦੇਸ਼ ਵਿਚ ਸਾਖਰਤਾ ਦਰ 18.33 ਫੀਸਦੀ ਸੀ, ਉਥੇ 2011 ਵਿਚ 74.04 ਫੀਸਦੀ ਹੋ ਗਈ। ਕੇਰਲ (93.91 ਫੀਸਦੀ) ਸਾਖਰਤਾ ਵਾਲਾ ਸੂਬਾ ਹੈ, ਉਥੇ ਬਿਹਾਰ (63.82 ਫੀਸਦੀ) ਸਭ ਤੋਂ ਪੱਛੜਿਆ ਹੋਇਆ ਹੈ। ਅਪ੍ਰੈਲ 2010 ਨੂੰ ਸਿੱਖਿਆ ਦਾ ਅਧਿਕਾਰ ਐਕਟ ਲਾਗੂ ਹੋਣ ਤੋਂ ਬਾਅਦ ਭਾਰਤ ਉਨ੍ਹਾਂ 135 ਦੇਸ਼ਾਂ ਦੀ ਸੂਚੀ ਵਿਚ ਸ਼ਾਮਿਲ ਹੋ ਗਿਆ, ਜੋ ਬੱਚਿਆਂ ਨੂੰ ਲਾਜ਼ਮੀ ਸਿੱਖਿਆ ਦੀ ਗਾਰੰਟੀ ਪ੍ਰਦਾਨ ਕਰਦੇ ਹਨ। ਸਿੱਖਿਆ ਨੂੰ ਮੌਲਿਕ ਅਧਿਕਾਰ ਬਣਾਉਣ ਵਾਲੀ 86ਵੇਂ ਸੰਵਿਧਾਨਕ ਸੋਧ ਨੂੰ ਸੰਸਦ ਨੇ 2002 ਵਿਚ ਪਾਸ ਕਰ ਦਿੱਤਾ ਸੀ। ਇਸ ਸਭ ਦੇ ਬਾਵਜੂਦ ਪੇਂਡੂ ਖੇਤਰ ਵਿਚ ਸਿੱਖਿਆ ਦੀ ਸਥਿਤੀ 'ਤੇ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। ਖਾਸ ਤੌਰ 'ਤੇ ਸਰਕਾਰੀ ਸਕੂਲਾਂ 'ਤੇ ਧਿਆਨ ਕੇਂਦਰਤ ਕਰਨਾ ਹੋਵੇਗਾ ਤਾਂ ਕਿ ਪੇਂਡੂ ਆਬਾਦੀ ਨੂੰ ਹੋਰ ਵਧੀਆ ਸਿੱਖਿਆ ਮਿਲ ਸਕੇ।

### ਕਾਰੋਬਾਰ : ਉੱਚੀ ਛਾਲ



ਆਜ਼ਾਦੀ ਤੋਂ ਬਾਅਦ ਤੋਂ ਅਰਥ ਵਿਵਸਥਾ ਦੇ ਖੇਤਰ ਵਿਚ ਜਬਰਦਸਤ ਉਛਾਲ ਆਇਆ ਹੈ। ਜੀ.ਡੀ.ਪੀ ਦੀ ਗੱਲ ਕਰੀਏ ਤਾਂ 1951-52 ਵਿਚ ਜਿਥੇ ਇਸ ਦੀ ਰਫ਼ਤਾਰ 2.3 ਫੀਸਦੀ ਸੀ, ਬੀਤੇ ਸਾਲ ਇਹ ਦਹਾਈ ਵਿਚ ਚਲੀ ਗਈ ਸੀ। ਸ਼ੁਰੂਆਤੀ ਸਾਲਾਂ ਵਿਚ ਕਈ ਵਾਰ ਤਾਂ ਇਹ ਨਕਾਰਾਤਮਕ ਵੀ ਰਹੀ ਸੀ। 1947 ਵਿਚ ਜਿਥੇ ਦੇਸ਼ ਵਿਚ ਪ੍ਰਤੀ ਵਿਅਕਤੀ ਸਾਲਾਨਾ ਆਮਦਨ 255 ਰੁਪਏ ਸੀ, ਅੱਜ ਇਹ 54,835 ਰੁਪਏ ਹੈ। ਰੁਪਏ ਦੀ ਖਰੀਦ ਸਮਰਥਾ ਵਿਚ ਗਿਰਾਵਟ ਦੇ ਬਾਵਜੂਦ ਇਹ ਵਾਧਾ ਕਾਫੀ ਹੈ। ਲੋਕਾਂ ਦੀ ਖਰੀਦ ਸਮਰਥਾ ਪੱਖੋਂ ਅੱਜ ਭਾਰਤ ਦੀ ਅਰਥ ਵਿਵਸਥਾ ਦੁਨੀਆ ਦੀ ਤੀਸਰੀ ਸਭ ਤੋਂ ਵੱਡੀ ਅਰਥ ਵਿਵਸਥਾ ਹੋ ਗਈ ਹੇ। ਗਲੋਬਲ ਨਿਵੇਸ਼ ਬੈਂਕ ਗੋਲਡਮੈਨ ਸਾਕਸ ਦਾ ਅਨੁਮਾਨ ਹੈ ਕਿ 2035 ਤੱਕ ਭਾਰਤ ਸਮੁੱਚੀ ਅਰਥ ਵਿਵਸਥਾ ਦੇ ਲਿਹਾਜ਼ ਨਾਲ ਅਮਰੀਕਾ ਅਤੇ ਚੀਨ ਤੋਂ ਬਾਅਦ ਦੁਨੀਆ ਦੀ ਤੀਸਰੀ ਸਭ ਤੋਂ ਵੱਡੀ ਆਰਥਕ ਤਾਕਤ ਵਾਲਾ ਦੇਸ਼ ਹੋ ਜਾਵੇਗਾ।

## ਚੁਣੌਤੀਆਂ : ਜਿਨ੍ਹਾਂ ਤੋਂ ਛੁਟਕਾਰਾ ਜ਼ਰੂਰੀ ਹੈ

### ਕੰਨਿਆ ਭਰੂਣ ਹੱਤਿਆ : ਕਦੋਂ ਤੱਕ ਕਬਰ ਬਣੇਗੀ ਕੁੱਖ



ਸਾਡੇ ਸਮਾਜ 'ਤੇ ਬੇਟੇ ਦਾ ਮੋਹ ਇੰਨਾ ਹਾਵੀ ਹੈ ਕਿ ਬੇਟੀਆਂ ਕੁੱਖ ਵਿਚ ਹੀ ਦਮ ਤੋੜ ਰਹੀਆਂ ਹਨ। ਇਕ ਰਿਪੋਰਟ ਅਨੁਸਾਰ ਭਾਰਤ ਵਿਚ ਸਾਲ 2001 ਤੋਂ 2005 ਵਿਚਾਲੇ ਲਗਪਗ 6,82,000 ਕੰਨਿਆ ਭਰੂਣ ਹੱਤਿਆਵਾਂ ਹੋਈਆਂ। ਯੂਨੀਸੈਫ ਅਨੁਸਾਰ 10 ਫੀਸਦੀ ਔਰਤਾਂ ਸੰਸਾਰ ਦੀ ਜਨਸੰਖਿਆ ਤੋਂ ਅਲੋਪ ਹੋ ਚੁੱਕੀਆਂ ਹਨ। ਔਰਤਾਂ ਦੀ ਘਟਦੀ ਗਿਣਤੀ ਪਿੱਛੇ ਕੰਨਿਆ ਭਰੂਣ ਹੱਤਿਆ ਪ੍ਰਮੁੱਖ ਕਾਰਨ ਹੈ। ਫਿਲਹਾਲ, ਆਮ ਤੌਰ 'ਤੇ ਨਕਾਰਾਤਮਕ ਫੈਸਲਿਆਂ ਕਾਰਨ ਬਦਨਾਮ ਹੁੰਦੀਆਂ ਆਈਆਂ ਖਾਪ ਪੰਚਾਇਤਾਂ ਵਿਚੋਂ ਕੁਝ ਦਾ ਕੰਨਿਆ ਭਰੂਣ ਹੱਤਿਆ ਖਿਲਾਫ਼ ਉਠ ਖੜ੍ਹਾ ਹੋਣਾ ਸੁਖਾਵਾਂ ਅਹਿਸਾਸ ਹੈ।

### ਗਰੀਬੀ : ਰੋਟੀ ਲਈ ਜੱਦੋ-ਜਹਿਦ



ਆਜ਼ਾਦੀ ਦੇ 65 ਸਾਲ ਪੂਰੇ ਹੋ ਚੁੱਕੇ ਹਨ, ਪਰ ਅੱਜ ਵੀ ਅਸੀਂ ਭੁੱਖ ਅਤੇ ਗਰੀਬੀ ਅੱਗੇ ਅਸਮਰਥ ਖੜ੍ਹੇ ਹਾਂ। ਕਹਿਣ ਨੂੰ ਅਸੀਂ 21ਵੀਂ ਸਦੀ ਵਿਚ ਜਾ ਚੁੱਕੇ ਹਾਂ ਅਤੇ ਪ੍ਰਮਾਣੂ ਸੰਪੰਨ ਦੇਸ਼ ਬਣ ਚੁੱਕੇ ਹਨ, ਪਰ ਦੇਸ਼ ਦੀ 30 ਫੀਸਦੀ ਤੋਂ ਜ਼ਿਆਦਾ ਆਬਾਦੀ ਢਿੱਡ ਭਰਨ ਦੀ ਜੱਦੋ-ਜਹਿਦ ਵਿਚ ਲੱਗੀ ਹੋਈ ਹੈ। ਇਹ ਤ੍ਰਾਸਦੀ ਹੀ ਹੈ ਕਿ ਇਕ ਪਾਸੇ ਅਨਾਜ ਦਾ ਇੰਨਾ ਵੱਡਾ ਉਤਪਾਦਨ ਹੋ ਰਿਹਾ ਹੈ ਕਿ ਉਸ ਦੇ ਭੰਡਾਰਣ ਦੀ ਸਮੱਸਿਆ ਆ ਰਹੀ ਹੈ, ਉਥੇ ਦੂਸਰੇ ਪਾਸੇ ਦੇਸ਼ ਦਾ ਇਕ ਵੱਡਾ ਤਬਕਾ ਦਾਣੇ-ਦਾਣੇ ਨੂੰ ਤਰਸ ਰਿਹਾ ਹੈ। ਇਸ ਲਈ ਜੇਕਰ ਕੋਈ ਛੱਤ ਹੈ ਤਾਂ ਖੁੱਲ੍ਹਾ ਆਸਮਾਨ ਅਤੇ ਸੌਣ ਲਈ ਬਿਸਤਰ ਹੈ ਤਾਂ ਸਿਰਫ਼ ਜ਼ਮੀਨ।

### ਮਨੋਰੰਜਨ : ਸੌ ਸਾਲ ਦਾ ਸੁਹਾਨਾ ਸਫ਼ਰ



ਸੌ ਸਾਲ ਦੇ ਭਾਰਤੀ ਸਿਨੇਮੇ ਨੇ ਕਈ ਮੀਲ ਦੇ ਪੱਥਰ ਸਥਾਪਿਤ ਕੀਤੇ ਹਨ। ਆਜ਼ਾਦੀ ਤੋਂ ਬਾਅਦ ਰਾਜ ਕਪੂਰ ਪਹਿਲੇ ਫਿਲਮਕਾਰ ਸਨ, ਜਿਨ੍ਹਾਂ ਦੀਆਂ ਫਿਲਮਾਂ ਨੇ ਭਾਰਤ ਤੋਂ ਬਾਹਰ ਲੋਕਪ੍ਰਿਯਤਾ ਹਾਸਲ ਕੀਤੀ, ਪਰ ਬੀਤੇ ਦੋ ਦਹਾਕਿਆਂ ਵਿਚ ਭਾਰਤੀ ਸਿਨੇਮਾ ਤੇਜ਼ੀ ਨਾਲ ਦੁਨੀਆ ਵਿਚ ਛਾ ਰਿਹਾ ਹੈ। ਸਤਿਆਜੀਤ ਰੇਅ ਆਸਕਰ ਪੁਰਸਕਾਰ ਪਾ ਕੇ ਕਦੇ ਕੌਮਾਂਤਰੀ ਸਟੇਜ 'ਤੇ ਭਾਰਤੀ ਸਿਨੇਮਾ ਦੀ ਪਛਾਣ ਸੀ ਤਾਂ ਹੁਣ ਏ.ਆਰ ਰਹਿਮਾਨ ਦੀ ਜੈ ਹਾਲੀਵੁੱਡ ਵੀ ਬੋਲ ਰਿਹਾ ਹੈ। 1959 ਵਿਚ ਦੂਰਦਰਸ਼ਨ ਨਾਲ ਦੇਸ਼ ਵਿਚ ਜਨਮਿਆ ਛੋਟਾ ਪਰਦਾ ਹੁਣ ਹਰ ਲਿਹਾਜ ਨਾਲ ਵੱਡਾ ਹੋ ਚੁੱਕਾ ਹੈ। ਅੱਠਵੇਂ-ਨੌਂਵੇਂ ਦਹਾਕੇ ਵਿਚ 'ਹਮ ਲੋਗ' ਅਤੇ 'ਬੁਨਿਆਦ' ਤੋਂ ਬਾਅਦ ਆਏ 'ਰਾਮਾਇਣ' ਅਤੇ 'ਮਹਾਭਾਰਤ' ਵਰਗੇ ਪ੍ਰੋਗਰਾਮਾਂ ਨੇ ਲੋਕਪ੍ਰਿਯਤਾ ਦਾ ਇਤਿਹਾਸ ਰਚ ਦਿੱਤਾ। ਨਿੱਜੀ ਚੈਨਲਾਂ ਨੇ ਮਨੋਰੰਜਨ ਦੀ ਦੁਨੀਆ ਬਦਲੀ। ਸੱਸ-ਨੂੰਹ ਮਾਰਕਾ ਪ੍ਰੋਗਰਾਮਾਂ ਦੀ ਰੇਟਿੰਗ ਨੇ ਆਸਮਾਨ ਛੂਹਿਆ। ਹੁਣ ਵੱਡੇ ਪਰਦੇ ਦਾ ਹਰ ਸਿਤਾਰਾ ਛੋਟੇ ਪਰਦੇ 'ਤੇ ਹੈ।

### ਔਰਤਾਂ ਦੀ ਸਥਿਤੀ : ਸਫੇਦ ਘੱਟ, ਕਾਲੀ ਜ਼ਿਆਦਾ



ਭਾਰਤੀ ਔਰਤਾਂ ਨੇ ਦੁਨੀਆ ਭਰ ਵਿਚ ਝੰਡੇ ਗੱਡੇ ਹਨ, ਪਰ ਦੂਸਰੇ ਪਾਸੇ ਇਕ ਤਸਵੀਰ ਸਾਨੂੰ ਸ਼ਰਮਨਾਕ ਕਰਦੀ ਹੈ। ਪਿਛਲੇ ਦਿਨੀਂ ਔਰਤਾਂ ਦੀ ਸਥਿਤੀ 'ਤੇ ਥਾਮਸਨ ਰਾਈਟਰਸ ਫਾਊਂਡੇਸ਼ਨ ਵੱਲੋਂ ਕਰਵਾਏ ਸਰਵੇਖਣ ਵਿਚ ਭਾਰਤ ਨੂੰ 19 ਦੇਸ਼ਾਂ ਦੀ ਸੂਚੀ ਵਿਚ ਆਖਰੀ ਸਥਾਨ 'ਤੇ ਰੱਖਿਆ ਗਿਆ। ਇਨ੍ਹਾਂ ਵਿਚ ਭਾਰਤ ਵਿਚ ਔਰਤਾਂ ਦੀ ਸਥਿਤੀ ਨੂੰ ਸਾਊਦੀ ਅਰਬ ਤੋਂ ਵੀ ਬੁਰਾ ਦੱਸਿਆ ਗਿਆ ਹੈ। ਦਿੱਲੀ ਅਤੇ ਆਸਪਾਸ ਦੇ ਇਲਾਕਿਆਂ ਵਿਚ ਔਰਤਾਂ ਨੂੰ ਰਾਹ ਚਲਦੇ ਚੁੱਕ ਲਿਆ ਜਾਂਦਾ ਹੈ। ਚਲਦੀ ਗੱਡੀ ਵਿਚ ਸਮੂਹਿਕ ਬਲਾਤਕਾਰ ਦੀਆਂ ਖ਼ਬਰਾਂ ਲਗਾਤਾਰ ਆਉਂਦੀਆ ਰਹਿੰਦੀਆਂ ਹਨ। ਭਾਰਤ ਦੇ ਆਖਰੀ ਸਥਾਨ 'ਤੇ ਰਹਿਣ ਲਈ ਘੱਟ ਉਮਰ ਵਿਚ ਵਿਆਹ, ਦਹੇਜ, ਘਰੇਲੂ ਹਿੰਸਾ ਅਤੇ ਕੰਨਿਆ ਭਰੂਣ ਹੱਤਿਆ ਕਾਰਨਾਂ ਨੂੰ ਗਿਣਾਇਆ ਗਿਆ ਹੈ।

### ਪੁਲਾੜ : ਛੂਹ ਲਿਆ ਆਸਮਾਨ



100ਵੇਂ ਮਿਸ਼ਨ ਲਈ ਤਿਆਰ ਹੈ ਇਸਰੋ। ਸ੍ਰੀ ਹਰਿਕੋਟਾ ਕੇਂਦਰ ਤੋਂ ਦੋ ਵਿਦੇਸ਼ੀ ਉਪਗ੍ਰਹਿਾਂ ਨੂੰ 26 ਮਈ 1999 ਤੋਂ ਭੇਜਣਾ ਸ਼ੁਰੂ ਕੀਤਾ। 2011 ਤੱਕ ਇਸਰੋ ਨੇ ਕਈ ਦੇਸ਼ਾਂ ਦੇ 27 ਉਪਗ੍ਰਹਿ ਪੁਲਾੜ ਵਿਚ ਭੇਜੇ ਹਨ। ਸਭ ਤੋਂ ਪਹਿਲਾਂ ਕੋਰੀਆ ਦੇ 'ਕਿਟਸੈਟ-3' ਅਤੇ ਜਰਮਨੀ ਦੇ ਡੀ.ਐਲ.ਆਰ-ਟਬਸੈਟ ਨੂੰ ਭੇਜਿਆ ਗਿਆ। ਭਾਰਤ ਨੇ ਹੋਰ ਦੇਸ਼ਾਂ ਦੇ ਸੰਚਾਰ ਉਪਗ੍ਰਹਿਾਂ ਦੇ ਨਿਰਮਾਣ ਵਿਚ ਵੀ ਸਹਿਯੋਗ ਕੀਤਾ ਹੈ। ਇਨ੍ਹਾਂ ਵਿਚ ਡਬਲਿਊ 2 ਐਮ. ਤੇ ਹਾਯਲਾਸ ਸ਼ਾਮਿਲ ਹੈ। ਡਬਲਿਊ 2 ਐਮ ਯੂਰਪੀ ਸੰਚਾਰ ਉਪਗ੍ਰਹਿ ਹੈ। ਹਾਯਲਾਸ ਬ੍ਰਿਟੇਨ ਦੀ ਕੰਪਨੀ ਦਾ ਉਪਗ੍ਰਹਿ ਹੈ। ਸਾਲ 2008 ਵਿਚ ਸ੍ਰੀ ਹਰਿਕੋਟਾ ਤੋਂ ਚੰਦਰਯਾਨ ਪਹਿਲਾਂ ਦਾਗਿਆ ਗਿਆ।

### ਰੱਖਿਆ : ਸ਼ਕਤੀ ਤੋਂ ਸ਼ਾਂਤੀ ਦਾ ਸੰਦੇਸ਼




1967 ਵਿਚ ਦੇਸ਼ ਦੇ ਪ੍ਰਮਾਣੂ ਪ੍ਰੋਗਰਾਮ ਦੀ ਸ਼ੁਰੂਆਤ। 18 ਮਈ, 1974 ਨੂੰ ਪਹਿਲਾ ਪ੍ਰਮਾਣੂ ਪ੍ਰੀਖਣ। 11-13 ਮਈ 1998 ਨੂੰ ਰਾਜਸਥਾਨ ਦੇ ਪੋਖਰਨ ਵਿਚ ਪੰਜ ਪ੍ਰਮਾਣੂ ਪ੍ਰੀਖਣ। ਪ੍ਰਮਾਣੂ ਹਥਿਆਰਾਂ ਦਾ ਮੌਜੂਦਾ ਸਟਾਕ 80-100 (2011 ਅਨੁਮਾਨਿਤ)। ਪੰਜ ਵੱਡੀਆਂ ਪ੍ਰਮਾਣੂ ਤਾਕਤਾਂ ਵਿਚ ਹੈ ਭਾਰਤ। ਜ਼ਮੀਨ, ਸਮੁੰਦਰ ਅਤੇ ਹਵਾ ਤੋਂ ਪ੍ਰਮਾਣੂ ਹਥਿਆਰ ਦਾਗਣ ਵਾਲੇ ਸਿਸਟਮ ਦਾ ਸਫ਼ਲ ਪ੍ਰੀਖਣ ਕਰ ਚੁੱਕਾ ਹੈ। 2011 ਵਿਚ ਭਾਰਤ ਦੀ ਪਹਿਲੀ ਆਪਣੀ ਪ੍ਰਮਾਣੂ ਪਣਡੁੱਬੀ ਆਈ.ਐਲ.ਐਸ ਅਰਿਹੰਤ ਦਾ ਵਿਕਾਸ। ਸਪੁਰਸੌਨਿਕ ਕਰੂਜ਼ ਮਿਜ਼ਾਇਲ ਬ੍ਰਹਮੋਸ। ਅਗਨੀ-1, ਅਗਨੀ-2, ਅਗਨੀ-3, ਅਗਨੀ-4 ਮਿਜ਼ਾਇਲ ਦੀ ਉਪਲਬਧਤਾ।

### ਬਾਲ ਮਜ਼ਦੂਰੀ : ਸ਼ਰਮਨਾਕ ਹੈ ਤਸਵੀਰ



ਵਿਕਸਤ ਦੇਸ਼ਾਂ ਵਿਚ ਬਾਲ ਮਜ਼ਦੂਰੀ ਨਾਂਹ ਦੇ ਬਰਾਬਰ ਹੈ, ਜਦਕਿ ਅਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਅੰਕੜੇ ਹੈਰਾਨ ਕਰਨ ਵਾਲੇ ਹਨ। ਅਨੁਮਾਨ ਅਨੁਸਾਰ ਭਾਰਤ ਵਿਚ ਮੌਜੂਦਾ ਸਮੇਂ ਵਿਚ ਲਗਪਗ 50 ਲੱਖ ਬਾਲ ਮਜ਼ਦੂਰ ਹਨ, ਜੋ ਦੁਨੀਆ ਵਿਚ ਸਭ ਤੋਂ ਜ਼ਿਆਦਾ ਹਨ। ਜਦਕਿ ਸਾਡਾ ਸੰਵਿਧਾਨ 6 ਤੋਂ 14 ਸਾਲ ਦੇ ਬੱਚਿਆਂ ਨੂੰ ਜ਼ਰੂਰੀ ਸਿੱਖਿਆ ਪ੍ਰਦਾਨ ਕਰਨ ਦੀ ਵਿਵਸਥਾ ਕਰਦਾ ਹੈ। ਇਸ ਦੇ ਬਾਵਜੂਦ ਅੱਜ ਵੀ ਸਾਡਾ ਦੇਸ਼ ਬਾਲ ਮਜ਼ਦੂਰੀ ਦੇ ਸਰਾਪ ਨਾਲ ਪੀੜਤ ਹੈ। ਕਾਰਨ ਹੈ ਬਾਲ ਮਜ਼ਦੂਰਾਂ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ 'ਤੇ ਅਮਲ ਨਾ ਕੀਤਾ ਜਾਣਾ।

### ਬੇਰੁਜ਼ਗਾਰੀ : ਇਕ ਸਰਾਪ




ਆਜ਼ਾਦੀ ਤੋਂ ਬਾਅਦ ਭਾਰਤੀ ਅਰਥ ਵਿਵਸਥਾ ਨਵੇਂ ਦੌਰ ਤੋਂ ਲੰਘ ਰਹੀ ਹੈ। 1991 ਦੇ ਉਦਾਰੀਕਰਨ ਤੋਂ ਬਾਅਦ ਦੀਆਂ ਤਬਦੀਲੀਆਂ ਨੇ ਪੂਰੀ ਤਰ੍ਹਾਂ ਨਾਲ ਸਥਿਤੀਆਂ ਬਦਲ ਦਿੱਤੀਆਂ ਹਨ। ਇਕ ਅੰਕੜੇ ਅਨੁਸਾਰ 1993-94 ਤੋਂ 2004-05 ਵਿਚਾਲੇ ਬੇਰੁਜ਼ਗਾਰੀ ਦਰ ਵਧ ਕੇ 8.3 ਫੀਸਦੀ ਤੱਕ ਪਹੁੰਚ ਗਈ। ਹਾਲਾਂਕਿ ਸਰਕਾਰ ਨੇ ਮਾਰਚ, 2012 ਵਿਚ ਜਿਹੜੀ ਰਿਪੋਰਟ ਪੇਸ਼ ਕੀਤੀ, ਉਸ ਅਨੁਸਾਰ ਵਿਸ਼ਵੀ ਮੰਦੀ ਦੇ ਬਾਵਜੂਦ ਭਾਰਤ ਵਿਚ 2009-10 ਦੌਰਾਨ ਬੇਰੁਜ਼ਗਾਰੀ ਦਰ ਵਿਚ ਕਮੀ ਦੇਖਣ ਨੂੰ ਮਿਲੀ ਅਤੇ ਇਹ 6.6 ਫੀਸਦੀ ਦੇ ਕਰੀਬ ਰਹੀ।

### ਖੇਤੀ : ਹੁਣ ਅਨਾਜ ਦੀ ਕਮੀ ਨਹੀਂ ਰਹੀ ਸਮੱਸਿਆ



ਵਿਗਿਆਨ ਦੀ ਵਰਤੋਂ ਨਾਲ ਖੇਤਾਂ ਦੀ ਸੰਸਕ੍ਰਿਤੀ ਵਿਚ ਬਦਲਾਅ ਆਇਆ ਹੈ। ਇੰਨਾ ਅਨਾਜ ਹੈ ਕਿ ਭੰਡਾਰਣ ਦੀ ਸਮੱਸਿਆ ਸਾਹਮਣੇ ਆ ਰਹੀ ਹੈ। ਦੁੱਧ ਦੇ ਉਤਪਾਦਨ ਵਿਚ ਵਾਧੇ ਲਈ ਚਿੱਟੀ ਕ੍ਰਾਂਤੀ ਦੀ ਮੁਹਿੰਮ ਚੱਲੀ। ਪਸ਼ੂਆਂ ਦੀ ਨਸਲ ਵਿਚ ਖੋਜ ਦੀਆਂ ਸਫ਼ਲ ਕੋਸ਼ਿਸ਼ਾਂ ਹੋਈਆਂ।

ਦੁੱਧ ਉਤਪਾਦਨ ਦੇ ਖੇਤਰ ਵਿਚ ਸਹਿਕਾਰਿਤਾ ਦੇ ਪ੍ਰਯੋਗ ਹੋਏ। ਇਫਕੋ ਨੇ ਗਲੋਬਲ ਪੱਧਰ 'ਤੇ ਆਪਣਾ ਝੰਡਾ ਬੁਲੰਦ ਕੀਤਾ। ਕਣਕ ਦਾ ਉਤਪਾਦਨ 1947 ਦੇ 55 ਲੱਖ ਟਨ ਤੋਂ 9 ਕਰੋੜ ਟਨ ਹੋ ਚੁੱਕਾ ਹੈ।

### ਭ੍ਰਿਸ਼ਟਾਚਾਰ : ਡੂੰਘੀਆਂ ਹਨ ਜੜ੍ਹਾਂ



ਸਾਲ 2008 ਵਿਚ ਦਿੱਤੀ ਗਈ 'ਟ੍ਰਾਂਸਪੇਰੈਂਸੀ ਇੰਟਰਨੈਸ਼ਨਲ' ਦੀ ਰਿਪੋਰਟ ਨਾਲ ਕਿਹਾ ਗਿਆ ਸੀ ਕਿ ਭਾਰਤ ਵਿਚ ਲਗਪਗ 20 ਕਰੋੜ ਦੀ ਰਿਸ਼ਵਤ ਅਲੱਗ-ਅਲੱਗ ਲੋਕ ਸੇਵਕਾਂ ਨੂੰ ਦਿੱਤੀ ਜਾਂਦੀ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਸੀ ਕਿ ਭਾਰਤ ਵਿਚ ਪੁਲਿਸ ਅਤੇ ਕਰ ਇਕੱਠੇ ਕਰਨ ਵਾਲੇ ਵਿਭਾਗਾਂ ਵਿਚ ਸਭ ਤੋਂ ਜ਼ਿਆਦਾ ਭ੍ਰਿਸ਼ਟਾਚਾਰ ਹੈ। ਟੂ ਜੀ ਸਪੈਕਟ੍ਰਮ ਘੋਟਾਲਾ, ਰਾਸ਼ਟਰ ਮੰਡਲ ਖੇਡ ਘੋਟਾਲਾ, ਚਾਰਾ ਘੋਟਾਲਾ, ਸੱਤਿਅਮ ਘੋਟਾਲਾ, ਅਸ਼ਟਾਮ ਪੇਪਰ ਘੋਟਾਲਾ, ਆਈ.ਪੀ.ਐਲ ਘੋਟਾਲਾ, ਹਵਾਲਾ ਕਾਂਡ, ਕਰਨਾਟਕ ਖਨਨ ਘੋਟਾਲੇ ਦੀ ਲੰਬੀ ਸੂਚੀ ਭ੍ਰਿਸ਼ਟਾਚਾਰ ਦੀ ਹੀ ਇਕ ਵੰਨਗੀ ਹੈ।

## ਦੇਸ਼ ਦੇ 10 ਨੰਬਰੀ

ਕਹਿੰਦੇ ਹਨ ਕਿ ਭਾਰਤ ਕਦੇ ਸੋਨੀ ਦੀ ਚਿੜੀ ਹੁੰਦੀ ਸੀ। ਅੰਗਰੇਜ਼ਾਂ ਦੇ ਹਮਲਿਆਂ ਤੋਂ ਪਹਿਲਾਂ ਤੱਕ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼ ਸੀ। ਸਾਲ 1896 ਤੱਕ ਦੁਨੀਆ ਭਰ ਵਿਚ ਡਾਇਮੰਡ ਦਾ ਇਕੱਲਾ ਸਰੋਤ। ਪਰ ਅੱਜ ਸਮਾਂ ਬਦਲ ਚੁੱਕਾ ਹੈ। ਖੁਸ਼ਹਾਲ ਤਾਂ ਦੇਸ਼ ਅੱਜ ਵੀ ਹੈ, ਪਰ ਪੈਸਾ ਕੇਵਲ ਕੁਝ ਲੋਕਾਂ ਦੀਆਂ ਤਿਜੌਰੀਆਂ ਵਿਚ ਬੰਦ ਹੋ ਕੇ ਰਹਿ ਗਿਆ ਹੈ। ਇਹ ਉਹ ਲੋਕ ਹਨ ਜਿਹੜੇ ਇਕ ਤੋਂ ਬਾਅਦ ਇਕ ਘੁਟਾਲੇ ਕਰਕੇ ਦੇਸ਼ ਨੂੰ ਘੁਣ ਵਾਂਗ ਖਾ ਰਹੇ ਹਨ। ਸਾਲ 1992 ਤੋਂ ਬਾਅਦ ਹਾਲੇ ਤੱਕ ਭਾਰਤ ਵਿਚ ਕੁੱਲ 90 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੇ ਘੋਟਾਲੇ ਹੋਏ ਹਨ। ਆਓ ਦੇਖੀਏ, ਦੇਸ਼ ਨੂੰ ਖੋਖਲਾ ਕਰਨ ਵਾਲੀ ਇਸ ਦੌੜ ਵਿਚ ਕੌਣ ਕਿੰਨਾ ਅੱਗੇ ਹੈ :

**ਟੂ ਜੀ ਸਪੈਕਟ੍ਰਮ ਘੋਟਾਲਾ**
ਕਿੰਨੇ ਦਾ : 1 ਲੱਖ 75 ਕਰੋੜ ਰੁਪਏ
ਦੋਸ਼ੀ : ਏ. ਰਾਜਾ
ਕਿਵੇਂ : ਸਪੈਕਟ੍ਰਮ ਵੰਡ ਵਿਚ ਧਾਂਦਲੀ
ਕਦੋਂ : 2010
ਕਾਰਵਾਈ : 2 ਫਰਵਰੀ 2011 ਨੂੰ ਗ੍ਰਿਫਤਾਰ
ਮੌਜੂਦਾ ਸਥਿਤੀ : 15 ਮਈ 2012 ਨੂੰ ਜ਼ਮਾਨਤ 'ਤੇ ਰਿਹਾਅ

**ਸੱਤਿਅਮ ਘੋਟਾਲਾ**
ਕਿੰਨੇ ਦਾ : 14 ਹਜ਼ਾਰ ਕਰੋੜ ਰੁਪਏ
ਦੋਸ਼ੀ : ਬੀ. ਰਾਮਲਿੰਗਾ ਰਾਜੂ
ਕਿਵੇਂ : ਸਰਕਾਰ ਦੇ ਸਾਹਮਣੇ ਗਲਤ ਅੰਕੜੇ ਪੇਸ਼ ਕੀਤੇ
ਕਦੋਂ : 2009
ਕਾਰਵਾਈ : 9 ਜਨਵਰੀ 2009 ਨੂੰ ਗ੍ਰਿਫਤਾਰੀ
ਮੌਜੂਦਾ ਸਥਿਤੀ : 6 ਨਵੰਬਰ 2011 ਤੋਂ ਜ਼ਮਾਨਤ 'ਤੇ ਰਿਹਾਅ

**ਰਾਸ਼ਟਰ ਮੰਡਲ ਖੇਡ ਘੋਟਾਲਾ**
ਕਿੰਨੇ ਦਾ : 70 ਹਜ਼ਾਰ ਕਰੋੜ ਰੁਪਏ
ਦੋਸ਼ੀ : ਸੁਰੇਸ਼ ਕਲਮਾਡੀ
ਕਿਵੇਂ : ਅਸਲ ਖਰਚ ਤੋਂ ਜ਼ਿਆਦਾ ਬਿਓਰਾ ਪੇਸ਼ ਕੀਤਾ
ਕਦੋਂ : 2010
ਕਾਰਵਾਈ : 25 ਅਪ੍ਰੈਲ 2011 ਨੂੰ ਗ੍ਰਿਫਤਾਰੀ
ਮੌਜੂਦਾ ਸਥਿਤੀ : 18-1-2012 ਨੂੰ ਜ਼ਮਾਨਤ 'ਤੇ ਰਿਹਾਅ

**ਅਸ਼ਟਾਮ ਘੋਟਾਲਾ**
ਕਿੰਨੇ ਦਾ : 20 ਹਜ਼ਾਰ ਕਰੋੜ ਰੁਪਏ
ਦੋਸ਼ੀ : ਅਬਦੁਲ ਕਰੀਮ ਤੇਲਗੀ
ਕਿਵੇਂ : ਨਕਲੀ ਅਸ਼ਟਾਮ ਪੇਪਰ ਰਾਹੀਂ ਧੋਖਾਧੜੀ
ਕਦੋਂ : 2003
ਕਾਰਵਾਈ : 28 ਜੂਨ 2007 ਨੂੰ 13 ਸਾਲ ਦੀ ਕੈਦ, 100 ਕਰੋੜ ਰੁਪਏ ਜ਼ੁਰਮਾਨਾ
ਮੌਜੂਦਾ ਸਥਿਤੀ : ਫਿਲਹਾਲ ਮੁੰਬਈ ਦੀ ਜੇਲ੍ਹ ਵਿਚ

**ਬੋਫੋਰਸ ਘੋਟਾਲਾ**
ਕਿੰਨੇ ਦਾ : 64 ਕਰੋੜ ਰੁਪਏ
ਦੋਸ਼ੀ : ਕਵਾਤ੍ਰੋਚੀ ਤੇ ਹੋਰ
ਕਿਵੇਂ : ਤੋਪਾਂ ਦੀ ਖਰੀਦ 'ਚ ਧਾਂਦਲੀ
ਕਦੋਂ : 1980-1990
ਕਾਰਵਾਈ : ਇਟਲੀ ਸਰਕਾਰ ਤੋਂ ਦੋਸ਼ੀ ਨੂੰ ਹਵਾਲਗੀ ਦੀ ਮੰਗ
ਮੌਜੂਦਾ ਸਥਿਤੀ : ਪਕੜ ਤੋਂ ਬਾਹਰ

**ਸ਼ੇਅਰ ਘੋਟਾਲਾ :**
ਕਿੰਨੇ ਦਾ : 5 ਹਜ਼ਾਰ ਕਰੋੜ ਰੁਪਏ
ਦੋਸ਼ੀ : ਹਰਸ਼ਦ ਮਹਿਤਾ
ਕਿਵੇਂ : ਸ਼ੇਅਰਾਂ ਵਿਚ ਧਾਂਦਲੀ ਰਾਹੀਂ
ਕਦੋਂ : 1992
ਕਾਰਵਾਈ : 9 ਨਵੰਬਰ ਨੂੰ ਗ੍ਰਿਫਤਾਰੀ, 72 ਮਾਮਲਿਆਂ ਵਿਚ ਦੋਸ਼ੀ
ਮੌਜੂਦਾ ਸਥਿਤੀ : ਸਾਲ 2001 ਵਿਚ ਪੁਲਿਸ ਹਿਰਾਸਤ ਵਿਚ ਮੌਜੂਦ।

## ਹੋਰ ਪ੍ਰਮੁੱਖ ਘੋਟਾਲੇ

| | |
|---|---|
| ਚਾਰਾ ਘੋਟਾਲਾ<br>ਕਿੰਨੇ ਦਾ : 950 ਕਰੋੜ ਰੁਪਏ<br>ਕਦੋਂ : 1996 | ਆਈ.ਜੀ.ਆਈ ਏਅਰਪੋਰਟ ਸਕੈਮ<br>ਕਿੰਨੇ ਦਾ : 1 ਲੱਖ 63 ਹਜ਼ਾਰ ਕਰੋੜ ਰੁਪਏ, ਕਦੋਂ : 2012 |
| ਯੂ.ਪੀ ਅਨਾਜ ਘੋਟਾਲਾ<br>ਕਿੰਨੇ ਦਾ : 35 ਹਜ਼ਾਰ ਕਰੋੜ ਰੁਪਏ<br>ਕਦੋਂ : 2010 | ਐਨ.ਆਰ.ਐਚ.ਐਮ. ਘੋਟਾਲਾ<br>ਕਿੰਨੇ ਦਾ : 10 ਹਜ਼ਾਰ ਕਰੋੜ ਰੁਪਏ<br>ਕਦੋਂ : 2011 |
| ਇਸਰੋ ਐਸ ਬੈਂਡ ਘੋਟਾਲਾ<br>ਕਿੰਨੇ ਦਾ : 2 ਲੱਖ ਕਰੋੜ ਰੁਪਏ<br>ਕਦੋਂ : 2011 | ਕੋਲਾ ਵੰਡ<br>ਕਿੰਨੇ ਦਾ : 1 ਲੱਖ 86 ਹਜ਼ਾਰ ਕਰੋੜ ਰੁਪਏ<br>ਕਦੋਂ : 2012 |

ਕਹਾਣੀ

# ਨਾਕਾ



**ਗੁਰਦਿਆਲ ਦਲਾਲ ਕਹਾਣੀ ਵਿਧਾ ਉਪਰ ਤਕੜੀ ਮੁਹਾਰਤ ਰੱਖਣ ਵਾਲੇ ਚੌਣਵੇਂ ਸਮਕਾਲੀ ਕਹਾਣੀਕਾਰਾਂ ਵਿੱਚੋਂ ਇੱਕ ਹੈ। ਪੰਜਾਬ ਦੇ ਨਿਮਨ ਅਤੇ ਨਿਮਨ ਮੱਧ-ਵਰਗੀ ਜੀਵਨ ਦੇ ਬਹੁਪਰਤੀ ਯਥਾਰਥ ਨੂੰ ਉਸਦੀ ਕਹਾਣੀ ਵਿੱਚ ਖ਼ੂਬ ਪ੍ਰਗਟਾਵਾ ਮਿਲਿਆ ਹੈ। ਅਜੋਕੇ ਪੰਜਾਬੀ ਕਥਾ ਸਾਹਿਤ ਵਿੱਚ ਉਸ ਨੇ ਆਪਣਾ ਸਥਾਨ ਨਿਰੰਤਰ ਸਾਧਨਾ ਤੇ ਜੀਵਨ ਦੇ ਅਗਾਂਹ-ਵਧੂ ਮੁੱਲਾਂ ਵਿੱਚ ਆਪਣੀ ਅਡੋਲ ਆਸਥਾ ਰਾਹੀਂ ਹਾਸਿਲ ਕੀਤਾ ਹੈ। ਹੁਣ ਤੱਕ ਉਸ ਦੇ ਅੱਧੀ ਦਰਜਨ ਕਹਾਣੀ ਸੰਗ੍ਰਹਿ ਛੱਪ ਚੁੱਕੇ ਹਨ। ਬੁੱਢੇ ਦਰਿਆ ਦੀ ਲਹਿਰ, ਦਹਿਸ਼ਤਗਰਦ, ਪਲ-ਪਲ ਬਦਲਦਾ ਮੌਸਮ, ਅੰਨ੍ਹੀ ਗਲੀ ਦਾ ਮੋੜ, ਫ਼ਿਰੌਤੀ, ਰਿਵੀ ਤੇ ਲੂ ਉਸਦੇ ਕਹਾਣੀ ਸੰਗ੍ਰਹਿ ਹਨ। 'ਫ਼ਰਿਜ਼ ਵਿਕਾਊ ਹੈ' ਜਿਥੇ ਉਸਦੇ ਵਿਅੰਗ ਲੇਖਾਂ ਦਾ ਸੰਗ੍ਰਹਿ ਹੈ, ਉਥੇ ਹੀ 'ਛਾਤੀ ਅੰਦਰਲੇ ਥੇਹ' ਪੁਸਤਕ 'ਚ ਉਸਦੇ ਸੰਸਮਰਣ ਸ਼ਾਮਿਲ ਹਨ। ਹੁਣੇ-ਹੁਣੇ ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਕਿਥੇ ਕਿਥੇ ਪੀੜ ਅਜੇ' ਨਾਲ ਗੁਰਦਿਆਲ ਦਲਾਲ ਅੱਜ ਕੱਲ ਚਰਚਾ ਵਿੱਚ ਹੋਣ ਦੇ ਨਾਲ ਨਾਲ ਆਪਣੇ ਨਵੇਂ ਨਾਵਲ 'ਗੁਆਚੀਆਂ ਪੈੜਾਂ' ਨੂੰ ਮੁਕੰਮਲ ਕਰਨ ਵਿੱਚ ਰੁੱਝੇ ਹੋਏ ਹਨ।**

**ਕਹਾਣੀ 'ਨਾਕਾ' ਗੁਰਦਿਆਲ ਦਲਾਲ ਨੇ ਉਚੇਚੇ ਤੌਰ 'ਤੇ 'ਨਵੀਂ ਦੁਨੀਆ' ਵਿੱਚ ਪ੍ਰਕਾਸ਼ਿਤ ਹੋਣ ਲਈ ਭੇਜੀ ਹੈ। ਇਸ ਕਹਾਣੀ ਨੂੰ ਪੜ੍ਹਕੇ ਸਾਡੇ ਪਾਠਕ ਗੁਰਦਿਆਲ ਦਲਾਲ ਦੀ ਸਾਹਿਤਕ ਪ੍ਰਤਿਭਾ ਤੋਂ ਭਲੀਭਾਂਤ ਜਾਣੂ ਹੋ ਜਾਣਗੇ। ਪਾਠਕਾਂ ਦੇ ਸੁਝਾਵਾਂ/ਰਾਏ ਦਾ ਲੇਖਕ ਅਤੇ 'ਨਵੀਂ ਦੁਨੀਆ' ਨੂੰ ਇੰਤਜਾਰ ਰਹੇਗਾ।**

**-ਸੰਪਾਦਕ**



ਗੁਰਦਿਆਲ ਦਲਾਲ
dalalgurdial@gmail.com
+91-98141-85363

ਸੁਹਣੀ-ਸੁਨੱਖੀ, ਲੰਮੀ-ਲੰਝੀ ਤੇ ਗੋਰੀ-ਚਿੱਟੀ ਸੁਰੱਸਤੀ ਦਾ ਕ੍ਰਿਸ਼ਨ ਭਾਰਗਵ ਨਾਂ ਦੇ ਕਨੇਡੀਅਨ ਲਾੜੇ ਨਾਲ ਸ਼ਹਿਰ ਦੇ ਮਸ਼ਹੂਰ 'ਗੁੱਡ ਟਾਈਮਜ਼' ਮੈਰਿਜ ਪੈਲੇਸ ਵਿਚ ਵਿਆਹ ਹੋਣ ਜਾ ਰਿਹਾ ਸੀ। ਮੈਰਿਜ ਪੈਲੇਸ ਦਾ ਕਿਰਾਇਆ, ਪ੍ਰਤੀ ਪਲੇਟ ਖਾਣੇ, ਸਟਾਲਾਂ ਤੇ ਸ਼ਰਾਬ ਵਗੈਰਾ 'ਤੇ ਹੋਣ ਵਾਲੇ ਖਰਚੇ ਦਾ ਹਿਸਾਬ-ਕਿਤਾਬ ਲਾੜੇ ਵਾਲਿਆਂ ਨੇ ਪਹਿਲਾਂ ਹੀ ਭੁਗਤਾ ਦਿੱਤਾ ਸੀ। ਵਿਆਹ ਵਿਚ ਡੇਢ ਸੌ ਬਰਾਤੀਆਂ ਨੇ ਸ਼ਾਮਲ ਹੋਣਾ ਸੀ, ਕੁੜੀ ਵਾਲਿਆਂ ਨੂੰ ਕਿਹਾ ਗਿਆ ਸੀ ਕਿ ਉਨ੍ਹਾਂ ਵੱਲੋਂ ਘੱਟੋ ਘੱਟ ਤਿੰਨ ਸੌ ਮੇਲੀ ਸ਼ਾਮਲ ਹੋਣ। ਸੁਰੱਸਤੀ ਦੇ ਡੈਡੀ ਰਾਮਮੂਰਤੀ ਨੇ ਆਪਣੇ ਵੱਲੋਂ ਵੀ ਕੁਝ ਖਰਚਾ ਕਰਨ ਦੀ ਪੇਸ਼ਕਸ਼ ਕੀਤੀ ਸੀ, ਪਰ ਵੱਡੇ ਦਿਲ ਵਾਲੇ ਕੁੜਮ ਨੇ ਉਸ ਦੀ ਇਕ ਵੀ ਨਹੀਂ ਸੀ ਸੁਣੀ। ਇਸ ਅੰਡਰਗਰਾਊਂਡ ਕੀਤੇ ਜਾ ਰਹੇ ਖਰਚੇ ਬਾਰੇ ਰਾਮਮੂਰਤੀ ਤੇ ਉਸ ਦੀ ਪਤਨੀ ਊਸ਼ਾ ਦੇਵੀ ਤੋਂ ਬਿਨਾਂ ਕਿਸੇ ਨੂੰ ਕੋਈ ਪਤਾ ਨਹੀਂ ਸੀ। ਉਸ ਦੇ ਭਰਾ ਕਮਲ ਕਿਸ਼ੋਰ ਸਮੇਤ ਰਿਸ਼ਤੇਦਾਰਾਂ ਦੋਸਤਾਂ ਮਿੱਤਰਾਂ ਨੂੰ ਸ਼ੱਕ ਤਾਂ ਸੀ ਕਿ ਕਿਰਸੀ ਰਾਮਮੂਰਤੀ ਆਪਣੀ ਧੀ ਦੇ ਵਿਆਹ 'ਤੇ ਐਨਾ ਖਰਚਾ ਕਰ ਹੀ ਨਹੀਂ ਸੀ ਸਕਦਾ, ਪਰ ਦਾਲ ਵਿਚ ਜੋ ਕਾਲਾ ਨਜ਼ਰ ਆ ਰਿਹਾ ਸੀ, ਉਸ ਦੀ ਤਫ਼ਤੀਸ਼ ਕੋਈ ਕਿਵੇਂ ਕਰਦਾ? ਕੁੜਮਾਂ ਵੱਲੋਂ ਮਿਲੀਆਂ ਹਦਾਇਤਾਂ 'ਤੇ ਅਮਲ ਕਰਦਿਆਂ ਰਾਮਮੂਰਤੀ ਨੇ ਮਾਮੂਲੀ ਜਾਣ-ਪਛਾਣ ਵਾਲੇ ਬੰਦਿਆਂ ਨੂੰ ਵੀ ਸੱਦਾ ਪੱਤਰ ਵੰਡ ਦਿੱਤੇ ਸਨ। ਫੇਰਿਆਂ ਦਾ ਸਮਾਂ ਰਾਤੀਂ ਦਸ ਵਜੇ ਦਾ ਸੀ ਤੇ ਬਰਾਤ ਨੇ 'ਗੁੱਡ ਟਾਈਮਜ਼' ਵਿਚ ਅੱਠ ਵਜੇ ਢੁਕਣਾ ਸੀ। ਦਿਨ ਭਾਵੇਂ ਕਦੋਂ ਦਾ ਛਿਪ ਚੁੱਕਾ ਸੀ, ਪਰ ਰੌਸ਼ਨੀਆਂ ਨੇ ਹਰ ਪਾਸੇ ਦਿਨ ਚੜ੍ਹਾਇਆ ਹੋਇਆ ਸੀ। ਖਾਣ ਪੀਣ ਦੀਆਂ ਸਟਾਲਾਂ ਉਤੇ ਸੱਤ ਵਜੇ ਹੀ ਲੋਕਾਂ ਦੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ।

ਆਪਣੇ ਆਲੇ-ਦੁਆਲੇ ਧਰਤੀ 'ਤੇ ਉਤਰ ਆਏ ਸਵਰਗ ਵੱਲ ਦੇਖਦਿਆਂ ਸੁਰੱਸਤੀ ਤੋਂ ਆਪਣਾ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ। ਉਸ ਨੇ ਆਪਣੀ ਮੰਮੀ ਤੋਂ ਇਹ ਗੱਲ ਪੁੱਛੀ ਵੀ ਸੀ ਕਿ ਉਹ ਤਾਂ ਹਮੇਸ਼ਾ ਇਹੋ ਕਿਹਾ ਕਰਦੀ ਸੀ ਕਿ ਐਨੀਆ ਕੁੜੀਆਂ ਵਿਆਹੁਣੀਆਂ ਸਨ। ਸਭ ਦੇ ਸਾਦੇ ਕਾਰਜ ਕਰਾਂਗੇ। ਹੁਣ ਐਨਾ ਖਰਚਾ ਕਿਵੇਂ ਕੀਤਾ ਜਾ ਰਿਹਾ ਸੀ ਤਾਂ ਊਸ਼ਾ ਦੇਵੀ ਹੱਸ ਕੇ ਬੋਲੀ ਸੀ, ''ਧੀਏ ਊਠਾਂ ਵਾਲਿਆਂ ਨਾਲ ਰਿਸ਼ਤਾ ਜੋੜ ਕੇ ਦਰ ਉਚਾ ਹੀ ਰੱਖਣਾ ਪਵੇਗਾ। ਤੂੰ ਕਨੇਡਾ ਚਲੀ ਜਾਵੇਂਗੀ ਤਾਂ ਸਭ ਦੇ ਵਿਆਹ ਐਸੇ ਤਰ੍ਹਾਂ ਕਰਾਂਗੇ।''

ਸੁਰੱਸਤੀ ਇਸ ਵੇਲੇ ਮੈਰਿਜ ਪੈਲੇਸ ਦੀ ਦੂਸਰੀ ਮੰਜ਼ਿਲ 'ਤੇ ਬਣੇ ਸ਼ੀਸ਼ ਮਹੱਲ ਵਰਗੇ ਕਮਰੇ ਵਿਚ ਸਜੀ-ਧਜੀ ਬੈਠੀ ਸੀ। ਉਂਝ ਉਥੇ ਉਸ ਦੀ ਚਾਚੀ ਦੇਵਕੀ, ਕਈ ਰਿਸ਼ਤੇਦਾਰ, ਔਰਤਾਂ ਕੁੜੀਆਂ ਨੇ ਚੰਗੀ ਗਹਿਮਾਂ-ਗਹਿਮੀ ਕੀਤੀ ਹੋਈ ਸੀ, ਪਰ ਸਭ ਦੀਆਂ ਨਜ਼ਰਾਂ ਦਾ ਕੇਂਦਰ ਬਿੰਦੂ ਸੁਰੱਸਤੀ ਦੀ ਹੋਣ ਵਾਲੀ ਕਨੇਡੀਅਨ ਨਣਦ ਸ਼ਿਖਾ ਭਾਰਗਵ ਹੀ ਸੀ। ਸ਼ਿਖਾ ਸੋਨੇ ਅਤੇ ਹੀਰਿਆਂ ਦੇ ਗਹਿਣਿਆਂ ਨਾਲ ਇਸ ਕਦਰ ਲੱਦੀ ਹੋਈ ਸੀ ਕਿ ਮੱਲੋਮੱਲੀ ਹਰ ਕਿਸੇ ਦਾ ਧਿਆਨ ਉਸੇ ਵੱਲ ਜਾ ਰਿਹਾ ਸੀ। ਵਿਆਹ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਹੀ ਉਸ ਨੂੰ ਇਥੇ ਤਿੰਨ ਦਿਨ ਪਹਿਲਾਂ ਹੀ ਭੇਜ ਦਿੱਤਾ ਗਿਆ ਸੀ। ਉਹ ਆਪਣੇ ਦੋ ਬੱਚਿਆਂ ਸਮੇਤ ਬਹੁਤ ਵੱਡੀ ਗੱਡੀ ਵਿਚ ਆਈ ਸੀ, ਜਿਸ ਦੇ ਡਰਾਈਵਰ ਨੇ ਖਾਕੀ ਡਰੈਸ ਪਹਿਨੀ ਹੋਈ ਸੀ ਤੇ ਸ਼ਿਖਾ ਦਾ ਇਸ਼ਾਰਾ ਪਾ ਕੇ ਉਹ ਜਣੇ-ਖਣੇ ਨੂੰ ਸਲੂਟ ਮਾਰਦਾ ਸੀ। ਸੁਰੱਸਤੀ ਦਾ ਧਿਆਨ ਮੁੜ-ਮੁੜ ਆਪਣੇ ਹੋਣ ਵਾਲੇ ਦੂਲਹੇ ਰਾਜਾ ਕ੍ਰਿਸ਼ਨ ਭਾਰਗਵ ਵੱਲ ਜਾ ਰਿਹਾ ਸੀ, ਜਿਸ ਨੂੰ ਉਸ ਨੇ ਅਜੇ ਤੀਕ ਦੇਖਿਆ ਵੀ ਨਹੀਂ ਸੀ। ਸ਼ਿਖਾ ਦੇ ਪਰੀਆਂ ਵਰਗੇ ਖ਼ੂਬਸੂਰਤ ਚਿਹਰੇ ਤੋਂ ਉਹ ਕਿਆਸ ਅਰਾਈਆਂ ਲਾ ਰਹੀ ਸੀ ਕਿ ਉਸ ਦਾ ਖਾਵੰਦ ਵੀ ਪੁੱਜ ਕੇ ਸੁਹਣਾ-ਸੁਨੱਖਾ ਮਰਦ ਹੋਵੇਗਾ। ਜਿਹੜਾ ਲਹਿੰਗਾ, ਚੂੜਾ ਤੇ ਨਕਲੀ ਗਹਿਣਿਆਂ ਦਾ ਸੈੱਟ ਉਹ ਇਸ ਵੇਲੇ ਪਾਈ ਬੈਠੀ ਸੀ, ਇਹ ਸਭ ਉਸ ਦੀ ਨਣਦ ਸ਼ਿਖਾ ਦੀ ਹੀ ਪਸੰਦ ਸੀ। ਉਹ ਕੱਲ੍ਹ ਉਸ ਨੂੰ ਤੇ ਊਸ਼ਾ ਦੇਵੀ ਨੂੰ ਆਪਣੀ ਗੱਡੀ ਵਿਚ ਲੁਧਿਆਣੇ ਲੈ ਗਈ ਸੀ ਤੇ ਕਿਨਾਰੀ ਬਾਜ਼ਾਰ ਵਿਚੋਂ ਇਹ ਸਭ ਕੁਝ ਕਿਰਾਏ 'ਤੇ ਲੈ ਦਿੱਤਾ ਸੀ। ਮਾਂ ਧੀ ਦੋਨੋਂ ਹੈਰਾਨ ਹੋਈਆਂ ਸਨ ਕਿ ਸ਼ਿਖਾ ਤਾਂ ਮੀਂਹ ਦੀ ਤਰ੍ਹਾਂ ਰੁਪਏ ਵਹਾ ਰਹੀ ਸੀ। ਕਿੰਨੇ ਵੱਡੇ ਹੋਟਲ ਵਿਚ ਉਹ ਨੂੰ ਉਨ੍ਹਾਂ ਲੰਚ ਕਰਵਾਉਣ ਲੈ ਵੜੀ ਸੀ। ਬਾਜ਼ਾਰ ਵਿਚੋਂ ਕਿੰਨਾ ਸਾਮਾਨ ਉਸ ਨੇ ਆਪਣੀ ਹੋਣ ਵਾਲੀ ਭਰਜਾਈ ਲਈ ਖਰੀਦ ਦਿੱਤਾ ਸੀ। ਉਹ ਤਾਂ ਕਿਸੇ ਚੀਜ਼ ਦਾ ਭਾਅ ਵੀ ਨਹੀਂ ਸੀ ਪੁੱਛਦੀ। ਕਿਸੇ ਵੀ ਚੀਜ਼ ਉਤੇ ਇਕ ਵੀ ਪੈਸਾ ਉਸ ਨੇ ਮਾਂ ਧੀ ਨੂੰ ਖਰਚਣ ਨਹੀਂ ਸੀ ਦਿੱਤਾ। ਉਹ ਇਹ ਗੱਲ ਵਾਰ-ਵਾਰ ਕਹਿੰਦੀ ਰਹੀ ਸੀ ਕਿ ਉਸ ਦੇ ਵੀਰ ਨੇ ਤਾਂ ਉਸ ਨੂੰ ਕੌਡੀ ਵੀ ਖਰਚ ਨਹੀਂ ਸੀ ਕਰਨ ਦੇਣੀ। ਮਸੀਂ ਮੌਕਾ ਮਿਲਿਆ ਸੀ ਉਸ ਨੂੰ ਕਿ ਵੀਰ ਦੇ ਵਿਆਹ ਵਿਚ ਚਾਰ ਪੈਸੇ ਖਰਚ ਕਰੇ। ਊਸ਼ਾ ਦੇਵੀ ਨੂੰ ਇਹ ਗੱਲ ਹੁਣ ਸਮਝ ਆਈ ਸੀ ਕਿ ਕਨੇਡਾ ਵਿਚ ਲੋਕ ਝਾੜੂ ਨਾਲ ਡਾਲਰ ਕਿਵੇਂ ਹੂੰਝਦੇ ਹੋਣਗੇ। ਐਨੇ ਅਮੀਰ ਕੁੜਮ ਮਿਲਣ 'ਤੇ ਉਹ ਵਾਰ-ਵਾਰ ਪ੍ਰਮਾਤਮਾ ਦਾ ਸ਼ੁਕਰਾਨਾ ਕਰ ਰਹੀ ਸੀ।

ਸ਼ਿਖਾ ਹੀ ਅੱਜ ਤੀਜੇ ਕੁ ਪਹਿਰ ਸੁਰੱਸਤੀ ਨੂੰ ਸ਼ਹਿਰ ਦੇ ਪ੍ਰਸਿੱਧ 'ਕੈਟਰੀਨਾ ਬਿਊਟੀ ਪਾਰਲਰ' ਵਿਚ ਲੈ ਗਈ ਸੀ। ਉਸ ਵੇਲੇ ਉਸ ਦੀ ਚਾਚੀ ਚੇਤਕੀ ਤੇ ਉਸ ਦੀ ਕੁੜੀ ਕੰਸੂਣਾ ਵੀ ਉਸ ਦੀ ਗੱਡੀ ਵਿਚ ਨਾਲ ਹੀ ਚਲੀਆਂ ਗਈਆਂ ਸਨ। ਸ਼ਿਖਾ ਨੇ ਜ਼ੋਰ ਪਾ ਕੇ ਉਨ੍ਹਾਂ ਦੋਨਾਂ ਦਾ ਵੀ ਫੇਸ਼ੀਅਲ ਕਰਵਾ ਦਿੱਤਾ ਸੀ। ਮਗਰੋਂ ਉਸ ਦੇ ਚਾਚੇ ਕਮਲ ਕਿਸ਼ੋਰ ਨੇ ਦੇਵਕੀ ਦੀ ਉਹ ਗਤ ਬਣਾਈ ਸੀ ਕਿ ਉਹ ਜ਼ਿੰਦਗੀ ਭਰ ਨਹੀਂ ਭੁੱਲੇਗੀ। ਪਾਰਲਰ ਵਾਲੀ ਮੈਡਮ ਨੇ ਸੁਰੱਸਤੀ ਦੇ ਮੇਕਅਪ 'ਤੇ ਪੂਰੇ ਢਾਈ ਘੰਟੇ ਲਾ ਦਿੱਤੇ ਸਨ। ਉਸ ਨੇ ਜਿਵੇਂ ਸੁਰੱਸਤੀ ਨੂੰ ਲਕੋ ਲਿਆ ਸੀ ਤੇ ਉਹਦੀ ਥਾਂ ਕੋਈ ਅਰਸ਼ੋਂ ਉਤਰੀ ਪਰੀ ਉਨ੍ਹਾਂ ਨਾਲ ਤੋਰ ਦਿੱਤੀ ਸੀ। ਸ਼ਿਖਾ ਨੇ ਉਸ ਮੈਡਮ ਨੂੰ ਕਿੰਨੇ ਨੋਟ ਫੜਾਏ ਸਨ, ਕੋਈ ਨਹੀਂ ਸੀ ਜਾਣਦਾ। ਹੁਣ ਸੁਰੱਸਤੀ ਨੂੰ ਦੇਖਣ ਵਾਲਿਆਂ ਤੋਂ ਉਸ ਦੇ ਹੁਸਨ ਦੀ ਤਾਬ ਨਹੀਂ ਸੀ ਝੱਲੀ ਜਾਂਦੀ। ਉਹ ਪੈਲੇਸ ਦੇ ਕਮਰੇ ਵਿਚ ਲੱਗੇ ਆਦਮ ਕੱਦ ਸ਼ੀਸ਼ੇ ਵਿਚੋਂ ਕਿੰਨੀ ਵਾਰੀ ਆਪਣੇ ਆਪ ਨੂੰ ਨਿਹਾਰ ਚੁੱਕੀ ਸੀ ਤੇ ਹੈਰਾਨ ਹੁੰਦੀ ਰਹੀ ਸੀ ਕਿ ਸ਼ੀਸ਼ੇ ਵਿਚਲੀ ਸੁੰਦਰ ਕੁੜੀ ਵਰਗੀ ਕੋਈ ਕੁੜੀ ਉਸ ਨੇ ਪਹਿਲਾਂ ਕਦੀ ਦੇਖੀ ਹੀ ਨਹੀਂ ਸੀ। ਉਸ ਨੂੰ ਇਹ ਭਰਮ ਹੋਣ ਲਗਦਾ ਕਿ ਕਿਧਰੇ ਇਹ ਸੁਪਨਾ ਹੀ ਨਾ ਹੋਵੇ।

ਸੁਰੱਸਤੀ ਦੀਆਂ ਸੱਤ-ਅੱਠ ਜਮਾਤਣਾਂ ਜਿਨ੍ਹਾਂ ਨੇ ਇਸੇ ਮਹੀਨੇ ਉਸ ਨਾਲ ਪਲੱਸ ਟੂ ਦੇ ਪੇਪਰ ਦਿੱਤੇ ਸਨ, ਇਕ ਦੂਜੀ ਨਾਲ ਝੇਡਾਂ ਕਰਦੀਆਂ, ਸ਼ੋਰ ਮਚਾਉਂਦੀਆਂ, ਹਨੇਰੀ ਵਾਂਗ ਉਸ ਦੇ ਕਮਰੇ ਵਿਚ ਜਾ ਵੜਦੀਆਂ। ਸੁਰੱਸਤੀ ਵੱਲ ਦੇਖ ਉਨ੍ਹਾਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਇਕ ਬੋਲੀ, ''ਹਾਏ ਨੀ ਬੰਨੋ ਰਾਣੀ, ਐਨੀ ਕਿਵੇਂ ਨਿੱਖਰ ਆਈ ਤੂੰ? ਐਨੀ ਸੁਹਣੀ ਤਾਂ ਆਪਣੀ ਪਿੰਕੀ ਮੈਡਮ ਵੀ ਨਹੀਂ ਸੀ।''

ਉਸ ਦੀ ਗੱਲ ਸੁਣ ਕੇ ਸਾਰੀਆਂ ਕੁੜੀਆਂ ਨੇ ਸ਼ੋਰ ਮਚਾ ਕੇ ਕਮਰਾ ਹੀ ਸਿਰ 'ਤੇ ਚੁੱਕ ਲਿਆ। ਸੁਰੱਸਤੀ ਦੀ ਚਾਚੀ ਦੇਵਕੀ ਉਨ੍ਹਾਂ ਨੂੰ ਘੁਰਕੀ ਲੈਂਦੀ ਬੋਲੀ, ''ਚਲੋ ਨੀ ਕੁੜੀਓ ਐਵੇਂ ਨਾ ਮੱਛਰੀਆਂ ਫਿਰੋ। ਨਜ਼ਰ ਹੀ ਨਾ ਲਾ ਦਿਓ ਕਿਤੇ ਸਾਡੀ ਕੁੜੀ ਨੂੰ। ਹੇਠ ਜਾ ਕੇ ਖਾਓ-ਪੀਓ।''

ਪਰ ਕੁੜੀਆਂ ਕਿਥੇ ਟਲਣ ਵਾਲੀਆਂ ਸਨ। ਇਕ ਸੁਰੱਸਤੀ ਨੂੰ ਜੱਫਾ ਮਾਰਦੀ ਕਹਿਣ ਲੱਗੀ, ''ਨੀ ਕਿਹੜਾ ਸੈਂਟ ਲਾਇਆ ਏ ਤੂੰ? ਬੜੀਆਂ ਲਪਟਾਂ ਛੱਡਣ ਲੱਗੀ ਏਂ। ਹੋਰ ਨਾ ਕਿਤੇ ਸਾਡੇ ਜੀਜੇ ਨੂੰ ਬੇਹੋਸ਼ ਕਰ ਦਵੀਂ।''

''ਨੀ ਤੇਰਾ ਜੀਜਾ ਕਿਵੇਂ ਹੋ ਗਿਆ? ਜੀਜਾ ਤਾਂ ਸਾਡਾ ਏ। ਤੇਰਾ ਤਾਂ 'ਵੀਰ ਜੀ' ਏ। ਤੇਰੇ ਪਿੰਡ ਜੀਜੇ ਨੂੰ ਵੀਰ ਜੀ ਕਹਿੰਦੀਆਂ ਨੇ ਸਾਰੀਆਂ ਕੁੜੀਆਂ।' ਇਕ ਬੋਲੀ ਤਾਂ ਸਾਰੀਆਂ ਨੇ ਫਿਰ ਸ਼ੋਰ ਮਚਾਇਆ। ਦੇਵਕੀ ਉਨ੍ਹਾਂ ਨੂੰ ਡਾਂਟਦੀ ਰਹੀ, ਪਰ ਉਹ ਜਾਣ ਵਾਲੀਆਂ ਕਿਥੇ ਸਨ। ਫਰਸ਼ ਉਤੇ ਹੀ ਚੌਂਕੜੀਆਂ ਮਾਰ ਕੇ ਬੈਠ ਗਈਆਂ ਤੇ ਸ਼ੁਰੂ ਕਰ ਦਿੱਤੀ ਅੰਤਰਾਕਸ਼ਰੀ। ਕਿਹੜਾ ਗੀਤ ਹੋਵੇਗਾ ਜਿਹੜਾ ਉਨ੍ਹਾਂ ਕੁੜੀਆਂ ਨੇ ਨਾ ਗਾਇਆ ਹੋਵੇ।

ਬਰਾਤ ਪੁੱਜਣ ਦਾ ਸਮਾਂ ਲੰਘ ਰਿਹਾ ਸੀ, ਜਦੋਂ ਨੌਂ ਵੱਜ ਗਏ ਤਾਂ ਸੁਰੱਸਤੀ ਦੇ ਹੌਲ ਪੈਣਾ ਸ਼ੁਰੂ ਹੋ ਗਿਆ। ਉਸ ਦਾ ਮਨ ਆਪਣੀਆਂ ਸਹੇਲੀਆਂ ਵੱਲੋਂ ਉਖੜ ਕੇ ਹੋਰ ਹੀ ਹੋਰ ਤਰ੍ਹਾਂ ਦੀਆਂ ਗੱਲਾਂ ਸੋਚਣ ਲੱਗ ਪਿਆ। ਜੇ ਬਰਾਤ ਹੀ ਲੇਟ ਹੋ ਗਈ ਫਿਰ ਦਸ ਵਜੇ ਫੇਰੇ ਕਿਵੇਂ ਹੋ ਜਾਣਗੇ। ਉਸ ਨੂੰ ਇਹ ਵੀ ਧੁੜਕੂ ਲੱਗ ਗਿਆ ਕਿ ਕਿਸੇ ਸ਼ਰੀਕ ਨੇ ਭਾਨੀ ਹੀ ਨਾ ਮਾਰ ਦਿੱਤੀ ਹੋਵੇ ਕਿ ਕੁੜੀ ਨੇ ਤਾਂ ਚਿਹਰੇ ਦੀ ਪਲਾਸਟਿਕ ਸਰਜਰੀ ਕਰਵਾਈ ਹੋਈ ਸੀ। ਕਿਸੇ ਕੁੜੀ ਦਾ ਚੰਗੇ ਘਰ ਵਿਚ ਰਿਸ਼ਤਾ ਹੋ ਜਾਵੇ ਤਾਂ ਲੋਕਾਂ ਦੇ ਢਿੱਡਾਂ 'ਚ ਪੀੜ ਤਾਂ ਹੁੰਦੀ ਹੀ ਏ। ਉਸ ਨੂੰ ਇਕ ਹੋਰ ਫਿਕਰ ਵੀ ਸਤਾ ਰਿਹਾ ਸੀ। ਬਰਾਤ ਲਈ ਸਾਰਾ ਰਸਤਾ ਜਰਨੈਲੀ ਸੜਕ ਵਾਲਾ ਸੀ, ਜਿਥੇ ਦਿਨ ਭਰ ਗੱਡੀਆਂ ਦੀ ਭੀੜ ਰਹਿੰਦੀ ਸੀ ਤੇ ਐਕਸੀਡੈਂਟ ਹੁੰਦੇ ਸਨ। ਜੇ ਡੇਢ ਸੌ ਦੀ ਬਰਾਤ ਸੀ ਤਾਂ ਤੀਹ-ਪੈਂਤੀ ਕਾਰਾਂ ਤਾਂ ਉਨ੍ਹਾਂ ਦੀਆਂ ਹੀ ਹੋਣੀਆਂ ਸਨ। ਉਸ ਦੀ ਬਰਾਤ ਸੁੱਖੀਂ-ਸਾਂਦੀਂ ਪੁੱਜ ਜਾਵੇ। ਉਹ ਆਪਣੇ ਮਨ ਵਿਚ ਕਦੀ ਕਿਸੇ ਗੁਰੂ ਨੂੰ ਤੇ ਕਦੀ ਕਿਸੇ ਦੇਵੀ ਦੇਵਤੇ ਨੂੰ ਧਿਆਉਂਦੀ, ਕਿੰਨੀਆਂ ਹੀ ਸੁੱਖਾਂ ਸੁੱਖ ਬੈਠੀ ਸੀ, ਪਰ ਬਰਾਤ ਆ ਨਹੀਂ ਸੀ ਰਹੀ। ਸ਼ਿਖਾ ਦੇ ਮੋਬਾਈਲ ਦੀ ਘੰਟੀ ਵਾਰ-ਵਾਰ ਖੜਕਦੀ ਸੀ, ਪਰ ਉਹ ਫੋਨ ਰਾਹੀਂ ਕਿਸ ਨਾਲ ਗੱਲਾਂ ਕਰਦੀ ਸੀ। ਸੁਰੱਸਤੀ ਲਈ ਇਹ ਵੀ ਇਕ ਬੁਝਾਰਤ ਸੀ। ਉਸ ਨੂੰ ਉਹ ਕੁਝ ਪੁੱਛ ਵੀ ਨਹੀਂ ਸੀ ਸਕਦੀ। ਇਹ ਤਾਂ ਸ਼ਿਖਾ ਦਾ ਹੀ ਫਰਜ਼ ਬਣਦਾ ਸੀ ਕਿ ਉਹ ਉਸ ਨੂੰ ਦੱਸਦੀ ਕਿ ਬਰਾਤ ਕਿਥੇ ਕੁ ਪੁੱਜ ਚੁੱਕੀ ਸੀ।

ਅਚਾਨਕ ਹੀ ਸੁਰੱਸਤੀ ਦੀ ਮਾਂ ਊਸ਼ਾ ਦੇਵੀ ਤੇ ਮਾਸੀ ਰਤਨੀ ਕਮਰੇ ਵਿਚ ਆ ਵੜੀਆਂ। ਊਸ਼ਾ ਦੇਵੀ ਆਪਣੀ ਧੀ ਦੇ ਵਿਛੋੜੇ ਬਾਰੇ ਸੋਚ ਕੇ ਹੰਝੂ ਸੁੱਟਣ ਲੱਗੀ ਤਾਂ ਦੇਵਕੀ ਨੂੰ ਗੁੱਸਾ ਆ ਗਿਆ। ਉਹ ਬੋਲੀ, ''ਭੈਣ ਜੀ ਬੰਦ ਕਰੋ ਇਹ ਰੋਣਾ-ਧੋਣਾ। ਕੁੜੀ ਦਾ ਇਕ ਵੀ ਹੰਝੂ ਨਿਕਲ ਆਇਆ ਤਾਂ ਸਾਰਾ ਮੇਕਅਪ ਖਰਾਬ ਹੋ ਜਾਵੇਗਾ। ਮਿਹਰਬਾਨੀ ਕਰਕੇ ਤੁਸੀਂ ਜਾਓ ਐਥੋਂ।''

ਊਸ਼ਾ ਦੇਵੀ ਆਪਣੀ ਦਰਾਣੀ ਨੂੰ ਇਸ਼ਾਰਾ ਕਰਕੇ ਬਰਾਂਡੇ ਵਿਚ ਲੈ ਗਈ ਤੇ ਕੁਝ ਦੱਸਣ ਲੱਗੀ। ਸੁਰੱਸਤੀ ਘਬਰਾ ਗਈ ਕਿ ਜ਼ਰੂਰ ਦਾਲ ਵਿਚ ਕੁਝ ਕਾਲਾ ਹੈ। ਅੱਖਾਂ ਮਲਦੀ ਊਸ਼ਾ ਦੇਵੀ ਤੇ ਉਹਦੀ ਭੈਣ ਰਤਨੀ ਉਥੋਂ ਚਲੀਆਂ ਗਈਆਂ। ਪੌੜੀਆਂ ਉਤਰ ਉਹ ਮੇਨ ਹਾਲ ਵਿਚ ਜਾ ਵੜੀਆਂ, ਜਿਥੇ ਮੇਲ ਦਾ ਕੀੜੀ ਕਟਕ ਚੜ੍ਹਿਆ ਪਿਆ ਸੀ। ਸਟੇਜ 'ਤੇ ਵੱਜ ਰਿਹਾ ਕੰਨ ਪਾੜਵੇਂ ਸ਼ੋਰ ਵਾਲਾ ਡੀ.ਜੇ. ਕਿਸੇ ਨੂੰ ਆਪਸ ਵਿਚ ਗੱਲ ਵੀ ਨਹੀਂ ਸੀ ਕਰਨ ਦਿੰਦਾ।

ਊਸ਼ਾ ਦੇਵੀ ਦਾ ਪਤੀ ਰਾਮਮੂਰਤੀ ਨਗਰ ਕੌਂਸਲ ਵਿਚ ਕਲਰਕ ਲੱਗਾ ਹੋਇਆ ਸੀ। ਦੋ ਕੁ ਸਾਲ ਤਕ ਉਸ ਨੇ ਨੌਕਰੀ ਤੋਂ ਸੇਵਾ ਮੁਕਤ ਹੋ ਜਾਣਾ ਸੀ। ਉਨ੍ਹਾਂ ਦਾ ਵਿਆਹ ਬਹੁਤ ਲੇਟ ਹੋਇਆ ਸੀ। ਪਹਿਲਾਂ ਤਾਂ ਕਈ ਸਾਲ ਔਲਾਦ ਹੀ ਨਾ ਹੋਈ। ਊਸ਼ਾ ਦੇਵੀ ਦੇ ਮਾਮੂਲੀ ਆਪ੍ਰੇਸ਼ਨ ਮਗਰੋਂ ਔਲਾਦ ਹੋਣੀ ਸ਼ੁਰੂ ਹੋਈ ਤਾਂ ਕੁੜੀਆਂ ਹੀ ਕੁੜੀਆਂ। ਸੁਰੱਸਤੀ ਤੋਂ ਛੋਟੀਆਂ ਤਿੰਨ ਕੁੜੀਆਂ ਮਗਰੋਂ ਉਨ੍ਹਾਂ ਨੇ ਊਸ਼ਾ ਦੇਵੀ ਦੇ ਗਰਭ ਵਿਚ ਆਉਣ ਵਾਲੀਆਂ ਦੋ ਹੋਰ ਕੁੜੀਆਂ ਤੋਂ ਛੁਟਕਾਰਾ ਪਾ ਲਿਆ ਸੀ। ਆਖ਼ਰ ਉਨ੍ਹਾਂ ਨੂੰ ਮੁੰਡੇ ਦਾ ਮੂੰਹ ਦੇਖਣਾ ਨਸੀਬ ਹੋ ਹੀ ਗਿਆ। ਸਭ ਤੋਂ ਛੋਟੀ ਕੁੜੀ ਤੇ ਇਸ ਮੁੰਡੇ ਵਿਚ ਸੱਤ ਸਾਲ ਦਾ ਗੈਪ ਪੈ ਗਿਆ। ਖ਼ੈਰ, ਮੁੰਡਾ ਹੋਣ ਮਗਰੋਂ ਉਨ੍ਹਾਂ ਨੂੰ ਇੰਝ ਲੱਗਣ ਲੱਗਾ ਜਿਵੇਂ ਸਾਰੇ ਦੁੱਖ ਕੱਟੇ ਗਏ ਹੋਣ। ਹੁਣ ਤਕ ਤਾਂ ਉਹ ਇਹੋ ਸੋਚ ਕੇ ਆਪਣੇ ਆਪ ਨੂੰ ਤਸੱਲੀ ਦਿੰਦੇ ਆਏ ਸਨ ਕਿ ਇਕ ਪ੍ਰਾਹੁਣੇ ਨੂੰ ਘਰ ਜੁਆਈ ਰੱਖ ਲੈਣਗੇ ਤੇ ਬੁਢਾਪਾ ਠੀਕ ਲੰਘ ਜਾਵੇਗਾ। ਉਨ੍ਹਾਂ ਦੀਆਂ ਕੁੜੀਆਂ ਸੁਹਣੀਆਂ-ਸੁਨੱਖੀਆਂ ਤੇ ਪੜ੍ਹਾਈ ਵਿਚ ਹੁਸ਼ਿਆਰ ਸਨ। ਊਸ਼ਾ ਦੇਵੀ ਆਪ ਔਰਤਾਂ ਦੇ ਕੱਪੜੇ ਸਿਊਣ ਦੀ ਮੁਹਾਰਤ ਰੱਖਦੀ ਸੀ ਤੇ ਉਸ ਦੀ ਸਿਲਾਈ ਨਾਲ ਹੀ ਘਰ ਦਾ ਖਰਚਾ ਤੁਰੀ ਜਾਂਦਾ ਸੀ। ਕਬੀਲਦਾਰੀ ਨਜਿੱਠਣ ਦੇ ਫਿਕਰ ਵਿਚ ਉਹ ਰਾਮ ਮੂਰਤੀ ਦੀ ਤਨਖਾਹ ਬਚਾ ਲੈਂਦੇ ਸਨ। ਕਿਰਸਾਂ ਕਰਕੇ ਉਨ੍ਹਾਂ ਨੇ ਕਸਬੇ ਦੀ ਆਬਾਦੀ ਵਿਚ ਸੌ ਕੁ ਗਜ਼ ਦਾ ਪਲਾਟ ਲੈ ਕੇ ਤਿੰਨ ਕਮਰੇ ਛੱਤ ਲਏ ਸਨ। ਕੁੜੀਆਂ ਦੀ ਪੜ੍ਹਾਈ ਵੱਲ ਉਹ ਵਿਸ਼ੇਸ਼ ਧਿਆਨ ਦੇ ਰਹੇ ਸਨ। ਸੁਰੱਸਤੀ ਬਾਰ੍ਹਵੀਂ ਵਿਚ ਹੋ ਗਈ ਸੀ ਤੇ ਬਾਕੀ ਦੀਆਂ ਹਾਈ ਤੇ ਪ੍ਰਾਇਮਰੀ ਕਲਾਸਾਂ ਵਿਚ ਪੜ੍ਹਦੀਆਂ ਸਨ।

ਰਾਮ ਮੂਰਤੀ ਦਾ ਛੋਟਾ ਭਰਾ ਕਮਲ ਕਿਸ਼ੋਰ ਪਿਛਲੇ ਦਸ ਸਾਲਾਂ ਤੋਂ ਕਨੇਡਾ ਰਹਿੰਦਾ ਸੀ। ਉਸ ਦੀ ਪਤਨੀ ਦੇਵਕੀ, ਮੁੰਡਾ ਜਗਤਾਰ ਤੇ ਕੁੜੀ ਕੰਸੂਣਾ ਪਿੰਡ ਵਿਚ ਹੀ ਰਹਿੰਦੇ ਸਨ। ਰਾਮ ਮੂਰਤੀ ਦਾ ਪਿੰਡ ਵਾਲਾ ਮਕਾਨ ਵੀ ਉਨ੍ਹਾਂ ਨੇ ਹੀ ਖਰੀਦ ਲਿਆ ਸੀ। ਜਗਤਾਰ ਲੁਧਿਆਣੇ ਬੀ.ਏ ਵੰਨ 'ਚ ਪੜ੍ਹਦਾ ਸੀ ਤੇ ਕੁੜੀ ਨੌਵੀਂ ਵਿਚ। ਕਮਲ ਕਿਸ਼ੋਰ ਉਨ੍ਹਾਂ ਨੂੰ ਖਰਚ ਭੇਜਦਾ ਸੀ ਤੇ ਦੇਵਕੀ ਬੜੀ ਸੂਝ-ਬੂਝ ਨਾਲ ਘਰ ਚਲਾਉਂਦੀ ਸੀ। ਦੋਨਾਂ ਪਰਿਵਾਰਾਂ ਵਿਚ ਆਪਸੀ ਮਿਲਵਰਤੋਂ ਸੀ। ਕਦੀ ਉਹ ਉਨ੍ਹਾਂ ਨੂੰ ਮਿਲਣ ਕਸਬੇ ਵਿਚ ਆ ਜਾਂਦੇ ਤੇ ਕਦੀ ਉਹ ਪਿੰਡ ਚਲੇ ਜਾਂਦੇ। ਹਰ ਤਿਉਹਾਰ ਨੂੰ ਉਹ ਮਠਿਆਈਆਂ ਲੈ ਕੇ ਇਕ-ਦੂਜੇ ਦੇ ਘਰ ਜ਼ਰੂਰ ਜਾਂਦੇ। ਰੱਖੜੀ ਸਮੇਂ ਕੁੜੀਆਂ ਆਪਣੇ ਚਚੇਰੇ ਭਰਾ ਜਗਤਾਰ ਦੇ ਰੱਖੜੀ ਬੰਨ੍ਹਣ ਜਾਂਦੀਆਂ। ਰਾਮ ਮੂਰਤੀ ਦਾ ਘਰ ਬੱਸ ਅੱਡੇ ਦੇ ਨੇੜੇ ਸੀ। ਜਗਤਾਰ ਲੁਧਿਆਣੇ ਕਾਲਜ ਜਾਣ ਲੱਗਾ ਆਪਣਾ ਮੋਟਰ ਸਾਈਕਲ ਉਨ੍ਹਾਂ ਦੇ ਘਰ ਹੀ ਖੜ੍ਹਾ ਕੇ ਜਾਂਦਾ। ਉਸ ਦਾ ਆਪਣੀਆਂ ਭੈਣਾਂ ਨਾਲ ਐਨਾ ਸਨੇਹ ਸੀ ਕਿ ਉਹ ਕਈ ਵਾਰੀ ਆਪਣੀ ਮੰਮੀ ਨੂੰ ਫੋਨ ਕਰ ਦਿੰਦਾ ਕਿ ਉਹ ਰਾਤ ਨੂੰ ਸੁਰੱਸਤੀ ਭੈਣ ਦੇ ਘਰ ਹੀ ਰਹੇਗਾ। ਕਮਲ ਕਿਸ਼ੋਰ ਦੋ ਢਾਈ ਸਾਲ ਮਗਰੋਂ ਹੀ ਇੰਡੀਆ ਆਉਂਦਾ ਤੇ ਆਪਣੇ ਭਰਾ ਭਰਜਾਈ ਤੇ ਕੁੜੀਆਂ ਲਈ ਕਿੰਨਾ ਹੀ ਸਾਮਾਨ ਲੈ ਕੇ ਆਉਂਦਾ।

ਪੂਰੇ ਬਾਰਾਂ ਸਾਲ ਕਨੇਡਾ ਵਿਚ ਲਾ ਕੇ ਕਮਲ ਕਿਸ਼ੋਰ ਇੰਡੀਆ ਪਰਤਿਆ ਤਾਂ ਉਸ ਨੇ ਪਿੰਡ ਵਿਚ ਮਹਾਂਮਾਈ ਦਾ ਜਗਰਾਤਾ ਕਰਵਾਇਆ। ਰਾਮ ਮੂਰਤੀ ਤੇ ਉਸ ਦਾ ਪਰਿਵਾਰ ਚਾਰ-ਪੰਜ ਰਾਤਾਂ ਉਸ ਕੋਲ ਹੀ ਰਿਹਾ। ਕਮਲ ਕਿਸ਼ੋਰ ਪੜ੍ਹਿਆ ਤਾਂ ਦਸ ਜਮਾਤਾਂ ਹੀ ਸੀ, ਪਰ ਬਾਹਰ ਰਹਿਣ ਕਰਕੇ ਬਹੁਤ ਚੁਸਤ ਤੇ ਹੁਸ਼ਿਆਰ ਬਣ ਗਿਆ ਸੀ। ਫਰਨ-ਫਰਨ ਅੰਗਰੇਜ਼ੀ ਬੋਲਦਾ ਸੀ। ਉਥੇ ਹੀ ਉਸ ਨੇ ਲੋਕਾਂ ਦੇ ਇਕੱਠ ਵਿਚ ਇਹ ਐਲਾਨ ਕਰ ਦਿੱਤਾ ਸੀ ਕਿ ਉਹ ਹੁਣ ਵਾਪਸ ਕਨੇਡਾ ਨਹੀਂ ਜਾਵੇਗਾ। ਲੁਧਿਆਣੇ ਕੋਈ ਦੁਕਾਨ ਖਰੀਦ ਕੇ ਟੈਲੀਵਿਜ਼ਨਾਂ, ਫਰਿੱਜਾਂ ਤੇ ਵਾਸ਼ਿੰਗ ਮਸ਼ੀਨਾਂ ਵਗੈਰਾ ਦਾ ਸ਼ੋਅਰੂਮ ਬਣਾਏਗਾ, ਜਿਸ ਤੋਂ ਕੁਝ ਵੀ ਖਰੀਦਣ ਸਮੇਂ ਉਹ ਪਿੰਡਾਂ ਦੇ ਲੋਕਾਂ ਨੂੰ ਵਿਸ਼ੇਸ਼ ਰਿਐਤ ਦਿਆ ਕਰੇਗਾ। ਕੁਝ ਹੀ ਦਿਨਾਂ ਮਗਰੋਂ ਉਸ ਨੇ ਵੱਡੀ ਗੱਡੀ ਲੈ ਲਈ ਤੇ ਉਹ ਰਾਮ ਮੂਰਤੀ ਦੇ ਪਰਿਵਾਰ ਨੂੰ ਵੀ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਲੈ ਗਿਆ। ਇਕ ਦਿਨ ਸਾਈਕਲ ਉਤੇ ਆਉਂਦਾ ਰਾਮ ਮੂਰਤੀ ਉਸ ਨੂੰ ਮਿਲ ਗਿਆ। ਕਮਲ ਕਿਸ਼ੋਰ ਨੇ ਆਪਣੀ ਗੱਡੀ ਰੋਕ ਲਈ ਤੇ ਬੋਲਿਆ, ''ਵੀਰ ਤੂੰ ਅਜੇ ਤੀਕ ਸਾਈਕਲ ਉਤੇ ਹੀ ਘੁੰਮਦੈ। ਗਰਮੀ ਦੇਖ ਉਤੋਂ ਕਿੰਨੀ ਐ। ਸਕੂਟਰ ਲੈ ਲਾ ਤਾਂ।''

''ਛੋਟੇ ਤੈਨੂੰ ਮੇਰੀ ਕਬੀਲਦਾਰੀ ਦਾ ਪਤਾ ਹੀ ਏ। ਭਾਈ ਚਾਦਰ ਦੇਖ ਕੇ ਹੀ ਪੈਰ ਪਸਾਰਨੇ ਪੈਂਦੇ ਨੇ।''

''ਦੇਖ ਵੀਰ, ਮੈਂ ਤੈਨੂੰ ਸਾਈਕਲ 'ਤੇ ਨਹੀਂ ਘੁੰਮਣ ਦੇਣਾ। ਤੈਨੂੰ ਸਕੂਟਰ ਮੈਂ ਲੈ ਕੇ ਦਊਂ।''

''ਨਾ ਛੋਟੇ... ਮੈਂ ਕਿਵੇਂ ਚਲਾ ਲਊਂ ਸਕੂਟਰ? ਨਾਲੇ ਤੈਨੂੰ ਪਤਾ ਏ ਭਾਈ ਸਕੂਟਰ ਤਾਂ ਚਿੱਟਾ ਹਾਥੀ ਘਰ ਬੰਨਣ ਬਰਾਬਰ ਏ।''

ਰਾਮ ਮੂਰਤੀ ਅਤੇ ਊਸ਼ਾ ਦੇਵੀ ਨੂੰ ਇਹ ਗੱਲ ਬੜੀ ਹੈਰਾਨੀਜਨਕ ਲੱਗੀ ਕਿ ਜਗਤਾਰ ਸ਼ਾਮ ਨੂੰ ਹੀ ਨਵਾਂ ਬਜਾਜ ਸਕੂਟਰ ਲੈ ਕੇ ਉਨ੍ਹਾਂ ਕੋਲ ਆ ਗਿਆ। ਉਹ ਬੋਲਿਆ, ''ਤਾਇਆ ਜੀ ਇਹ ਸਕੂਟਰ ਡੈਡ ਨੇ ਤੁਹਾਨੂੰ ਗਿਫਟ ਕੀਤਾ ਏ। ਇਕ ਦੋ ਦਿਨਾਂ ਤਕ ਇਸ ਦੀ ਆਰਸੀ ਮੈਂ ਦੇ ਜਾਵਾਂਗਾ।''

''ਨਾ ਬੇਟੇ ਸਕੂਟਰ ਮੈਂ ਨਹੀਂ ਲਵਾਂਗਾ। ਇਹ ਕਿਹੜਾ ਪਾਣੀ ਨਾਲ ਚੱਲਣਾ ਏਂ ਤੂੰ ਕਮਲ ਨੂੰ ਆਖੀਂ ਕਿ ਮੈਂ ਆਪਣੇ ਸਿਰ 'ਤੇ ਐਨਾ ਭਾਰ ਨਹੀਂ ਚੜ੍ਹਾਉਣਾ ਚਾਹੁੰਦਾ।''

ਊਸ਼ਾ ਦੇਵੀ ਤਾਂ ਜਿਵੇਂ ਬਾਕੀ ਸਫਾ 43 'ਤੇ

ਸਫਾ 42 ਦੀ ਬਾਕੀ

ਤੜਫ ਕੇ ਰਹਿ ਗਈ। ਉਸ ਨੂੰ ਲੱਗਾ ਜਿਵੇਂ ਕਮਲ ਉਨ੍ਹਾਂ ਦਾ ਮਜ਼ਾਕ ਉਡਾ ਰਿਹਾ ਸੀ ਤੇ ਉਨ੍ਹਾਂ ਨੂੰ ਗਰੀਬ ਸਮਝ ਕੇ ਖੈਰਾਤ ਪਾ ਰਿਹਾ ਸੀ। ਉਹ ਵੀ ਕਹਿਣ ਲੱਗੀ, "ਪੁੱਤ ਜਗਤਾਰ, ਸਕੂਟਰ ਵਾਪਸ ਲੈ ਜਾ। ਕਦੀ ਸਾਡੇ ਵਿਚ ਹਿੰਮਤ ਹੋਈ ਤਾਂ ਅਸੀਂ ਆਪਣੇ ਪੈਸਿਆਂ ਦਾ ਖਰੀਦਾਂਗੇ। ਸਾਨੂੰ ਤੁਸੀਂ ਐਨਾ ਭੁੰਜੇ ਨਾ ਲਾਹੋ।"

ਜਗਤਾਰ ਨੇ ਆਪਣੇ ਡੈਡ ਨੂੰ ਫੋਨ ਕੀਤਾ। ਉਸ ਨੇ ਆਪਣੇ ਤਾਏ ਤਾਈ ਨਾਲ ਡੈਡ ਦੀ ਗੱਲ ਵੀ ਕਰਵਾਈ। ਉਹ ਵੀ ਉਨ੍ਹਾਂ ਨੂੰ ਸਕੂਟਰ ਲੈਣ ਲਈ ਸਹਿਮਤ ਨਾ ਕਰ ਸਕਿਆ। ਅੰਤ ਹਾਰ ਕੇ ਜਗਤਾਰ ਸਕੂਟਰ ਵਾਪਸ ਲੈ ਗਿਆ। ਊਸ਼ਾ ਦੇਵੀ ਨੂੰ ਉਸ ਰਾਤ ਨੀਂਦ ਨਾ ਆਈ। ਇਕੋ ਗੱਲ ਉਸ ਨੂੰ ਤੜਫਾਉਂਦੀ ਰਹੀ ਕਿ ਕਮਲ ਕਿਸ਼ੋਰ ਕਨੇਡਾ ਦੀ ਕਮਾਲ 'ਤੇ ਉਨ੍ਹਾਂ ਨੂੰ ਨੀਚਾ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਜੇ ਉਹ ਸਕੂਟਰ ਲੈ ਲੈਂਦੇ ਤਾਂ ਉਨ੍ਹਾਂ ਨੇ ਜਣੇ-ਖਣੇ ਨੂੰ ਰੋਕ ਕੇ ਦੱਸਣਾ ਸੀ ਕਿ ਰਾਮ ਮੂਰਤੀ ਨੂੰ ਸਕੂਟਰ ਉਸ ਨੇ ਦਿੱਤਾ ਸੀ।

ਕਾਫੀ ਦਿਨ ਲੰਘ ਗਏ, ਪਿੰਡੋਂ ਕੋਈ ਵੀ ਉਨ੍ਹਾਂ ਨੂੰ ਮਿਲਣ ਲਈ ਨਾ ਆਇਆ। ਜਗਤਾਰ ਮੋਟਰ ਸਾਈਕਲ ਜਾਂ ਸਕੂਟਰ ਰੱਖਣ ਆਉਂਦਾ ਜ਼ਰੂਰ, ਪਰ ਇੰਝ ਮੁੜ ਜਾਂਦਾ ਜਿਵੇਂ ਰੁੱਸਿਆ ਰੁੱਸਿਆ ਹੋਵੇ। ਇਕ ਦਿਨ ਕਾਲਜ ਜਾਣ ਲੱਗਿਆਂ ਜਗਤਾਰ ਨੇ ਇਕ ਛਪਿਆ ਹੋਇਆ ਦੁਕਾਨ ਦੀ ਮਹੂਰਤ ਦਾ ਸੱਦਾ ਪੱਤਰ ਆਪਣੇ ਤਾਇਆ ਜੀ ਨੂੰ ਦੇ ਦਿੱਤਾ ਤੇ ਬੋਲਿਆ, "ਤਾਇਆ ਜੀ ਅਸੀਂ ਲੁਧਿਆਣੇ ਘੁਮਾਰ ਮੰਡੀ ਵਿਚ ਟੈਲੀਵਿਜ਼ਨਾਂ, ਫਰਿੱਜਾਂ ਤੇ ਵਾਸ਼ਿੰਗ ਮਸ਼ੀਨਾਂ ਦਾ ਸ਼ੋਅਰੂਮ ਖੋਲ੍ਹਿਆ ਏ। ਮੈਂ ਐਤਵਾਰ ਨੂੰ ਸਵੇਰੇ ਤੁਹਾਨੂੰ ਲੈਣ ਆਵਾਂਗਾ। ਸਾਰੇ ਜਣੇ ਤਿਆਰ ਰਹਿਣਾ।"

"ਬੇਟਾ ਅਸੀਂ ਬੱਸ 'ਤੇ ਆ ਜਾਵਾਂਗੇ। ਤੂੰ ਕਸ਼ਟ ਨਾ ਕਰੀਂ।" ਉਹ ਬੋਲਿਆ।

"ਨਹੀਂ ਤਾਇਆ ਜੀ, ਬੱਸ ਕਹਿ ਦਿੱਤਾ ਮੈਂ, ਤੁਸੀਂ ਸਾਰੇ ਤਿਆਰ ਰਹਿਣਾ।"

ਉਹ ਗਿਆ ਤਾਂ ਊਸ਼ਾ ਦੇਵੀ ਬੋਲੀ, "ਦੁਕਾਨ ਲੈ ਲਈ, ਸਾਮਾਨ ਵੀ ਪਾ ਲਿਆ। ਤੁਹਾਡੇ ਨਾਲ ਤਾਂ ਉਸ ਨੇ ਸਲਾਹ ਵੀ ਨਹੀਂ ਕੀਤੀ। ਤੁਹਾਡੀ ਮਰਜ਼ੀ ਏ ਜੇ ਜਾਣਾ ਏਂ। ਮੈਂ ਤਾਂ ਜਾਵਾਂਗੀ ਨਹੀਂ ਤੇ ਨਾ ਹੀ ਕੁੜੀਆਂ ਜਾਣਗੀਆਂ।"

ਐਤਵਾਰ ਵਾਲੇ ਦਿਨ ਜਗਤਾਰ ਉਨ੍ਹਾਂ ਨੂੰ ਲੈਣ ਆਇਆ ਤਾਂ ਰਾਮ ਮੂਰਤੀ ਤੇ ਵੱਡੀ ਕੁੜੀ ਸੁਰੱਸਤੀ ਹੀ ਤਿਆਰ ਹੋਈਆਂ। ਸੁਰੱਸਤੀ ਨੂੰ ਵੀ ਉਸ ਦੀ ਮਾਂ ਨੇ ਰੋਕਣਾ ਚਾਹਿਆ ਸੀ ਤਾਂ ਉਹ ਬੋਲੀ ਸੀ, "ਮੇਰਾ ਭਰਾ ਲੈਣ ਆਇਆ ਏ, ਮੈਂ ਤਾਂ ਜਾਵਾਂਗੀ।"

ਊਸ਼ਾ ਦੇਵੀ ਨੇ ਜਗਤਾਰ ਕੋਲ ਸਿਰ ਦੁਖਣ ਦਾ ਬਹਾਨਾ ਮਾਰ ਦਿੱਤਾ ਸੀ। ਆਪਣੇ ਭਰਾ ਦੀ ਐਨ ਬਾਜ਼ਾਰ ਦੇ ਗੱਭੇ ਐਨੀ ਵੱਡੀ ਦੁਕਾਨ ਦੇਖ ਕੇ ਰਾਮ ਮੂਰਤੀ ਹੈਰਾਨ ਰਹਿ ਗਿਆ ਸੀ। ਐਨੀ ਵੱਡੀ ਦੁਕਾਨ ਉਨ੍ਹਾਂ ਦੇ ਕਸਬੇ ਵਿਚ ਤਾਂ ਕੋਈ ਵੀ ਨਹੀਂ ਸੀ। ਕਨੇਡਾ ਦਾ ਪੈਸਾ ਹੀ ਅਜਿਹਾ ਸੀ ਕਿ ਸਭ ਲੋਕਾਂ ਦੇ ਮੂੰਹ ਵਿਚ ਉਂਗਲਾਂ ਪੈ ਗਈਆਂ। ਵੀਹ ਤੋਂ ਉਤੇ ਟੈਲੀਵਿਜ਼ਨ, ਤੀਹ ਦੇ ਕਰੀਬ ਵੱਡੇ ਸਾਈਜ਼ ਦੇ ਫਰਿੱਜ, ਕਿੰਨੀਆਂ ਹੀ ਵਾਸ਼ਿੰਗ ਮਸ਼ੀਨਾਂ ਦੁਕਾਨ ਦੇ ਤਹਿਖਾਨੇ ਵਿਚ ਤੂੜੀਆਂ ਪਈਆਂ ਸਨ। ਕਮਲ ਕਿਸ਼ੋਰ ਨੇ ਦੱਸਿਆ ਕਿ ਸੱਤ ਲੱਖ ਦੀ ਦੁਕਾਨ ਮਿਲੀ ਸੀ ਤੇ ਐਨੀ ਹੀ ਰਕਮ ਦਾ ਉਸ ਨੇ ਸਾਮਾਨ ਪਾਇਆ ਸੀ। ਉਸ ਨੇ ਤਿੰਨ ਐਕਸਪਰਟ ਮਕੈਨਿਕ ਅਤੇ ਦੋ ਸੇਲਜ਼ ਗਰਲਜ਼ ਰੱਖ ਲਈਆਂ ਸਨ। ਘਰ ਆ ਕੇ ਉਸ ਨੇ ਸਾਰੀ ਗੱਲ ਆਪਣੀ ਪਤਨੀ ਊਸ਼ਾ ਦੇਵੀ ਨੂੰ ਦੱਸੀ ਤਾਂ ਸੁਣਦੀ ਸਾਰ ਉਹ ਸੋਫੇ ਨਾਲ ਢੋਹ ਲਾ ਕੇ ਬੈਠ ਗਈ ਤੇ ਸੁਰੱਸਤੀ ਨੂੰ ਪਾਣੀ ਦਾ ਗਿਲਾਸ ਲਿਆਉਣ ਲਈ ਕਿਹਾ।

"ਤੁਸੀਂ ਐਵੇਂ ਕਲਰਕੀ 'ਚ ਉਮਰ ਲੰਘਾ ਦਿੱਤੀ। ਕੀ ਮਿਲਿਆ ਇਹਦੇ 'ਚੋਂ? ਪੰਜ ਸੱਤ ਸਾਲ ਬਾਹਰ ਲਾਏ ਹੁੰਦੇ ਤਾਂ ਅਸੀਂ ਵੀ ਚਾਰ ਦਿਨ ਸੌਖੇ ਦੇਖ ਲੈਂਦੇ।" ਪਾਣੀ ਪੀ ਕੇ ਉਹ ਬੋਲੀ।

"ਦੂਜਿਆਂ ਦੇ ਪੱਕੇ ਦੇਖ ਕੇ ਆਪਣੇ ਕੱਚੇ ਨੀ ਢਾਹੇ ਜਾਂਦੇ ਹੁੰਦੇ ਸੁਰੱਸਤੀ ਦੀ ਮਾਂ। ਕਿੰਨੇ ਲੋਕ ਨੇ ਜੋ ਆਪਾਂ ਤੋਂ ਵੀ ਪਿੱਛੇ ਨੇ, ਉਨ੍ਹਾਂ ਵੱਲ ਦੇਖ।"

"ਉਨ੍ਹਾਂ ਵੱਲ ਤਾਂ ਦੇਖੀਏ ਜੇ ਸ਼ਰੀਕ ਅੱਖਾਂ ਮੂਹਰਿਓਂ ਹਟਣ। ਹੁਣ ਤਾਂ ਕਿਸੇ ਕੁੜੀ ਨੂੰ ਕੱਢੋ ਬਾਹਰ ਨਹੀਂ ਤਾਂ ਕੋਹਲੂ ਦੇ ਬੈਲ ਵਾਂਗ ਐਥੇ ਹੀ ਘੁੰਮਦੇ ਰਹਿ ਜਾਵਾਂਗੇ ਸਾਰੇ।"

"ਬਾਹਰ ਕੱਢਣਾ ਕਿਹੜਾ ਖੇਲ੍ਹ ਏ। ਅਗਲੇ ਐਡਾ ਮੂੰਹ ਅੱਡਦੇ ਨੇ।" ਉਹ ਬੋਲਿਆ।

ਕੁਝ ਸਮੇਂ ਵਿਚ ਹੀ ਕਮਲ ਕਿਸ਼ੋਰ ਪਿੰਡ ਵਾਲਾ ਮਕਾਨ ਵੇਚ ਕੇ ਲੁਧਿਆਣੇ ਹੀ ਸ਼ਿਫਟ ਕਰ ਗਿਆ। ਉਸ ਨੇ ਰਾਮ ਮੂਰਤੀ ਕੋਲ ਆ ਕੇ ਉਸ ਨੂੰ ਇਕ ਲੱਖ ਰੁਪਏ ਦਿੱਤੇ ਤੇ ਬੋਲਿਆ, "ਦੇਖ ਵੀਰ, ਤੂੰ ਮੈਨੂੰ ਮਕਾਨ ਸਸਤੇ ਭਾਅ ਦੇ ਗਿਆ ਸੀ। ਹੁਣ ਉਹੀ ਐਨਾ ਮਹਿੰਗਾ ਵਿਕ ਗਿਆ ਏ। ਮੈਂ ਤੇਰੇ ਕੋਲੋਂ ਕਮਾਈ ਕਰਾਂ ਮੇਰੀ ਜ਼ਮੀਰ ਨਹੀਂ ਮੰਨਦੀ।

ਰਾਮ ਮੂਰਤੀ ਤਾਂ ਪੈਸੇ ਲੈਣ ਤੋਂ ਇਨਕਾਰ ਕਰਦਾ ਰਿਹਾ ਸੀ, ਪਰ ਊਸ਼ਾ ਬੋਲੀ ਸੀ, "ਰੱਖ ਲਵੋ ਤੁਸੀਂ। ਆਪਾਂ ਛੋਟੇ ਦਾ ਦਿਲ ਥੋੜ੍ਹੋ ਤੋੜਨਾ ਏਂ। ਜੇ ਆਪਾਂ ਹੀ ਥੋੜ੍ਹਾ ਲੇਟ ਵੇਚ ਦਿੰਦੇ, ਫਿਰ ਤਾਂ ਇਨ੍ਹਾਂ ਨਾਲੋਂ ਵੀ ਵੱਧ ਮਿਲ ਜਾਣੇ ਸੀ ਪੈਸੇ। ਉਦੋਂ ਕਾਹਲੀ ਕਰ ਗਏ।"

ਫਿਰ ਕਮਲ ਕਿਸ਼ੋਰ ਵੱਲੋਂ ਨਵੀਂ ਬਣਾਈ ਕੋਠੀ ਵਿਚ ਗ੍ਰਹਿ ਪਰਵੇਸ਼ ਕਰਨ ਦਾ ਸੱਦਾ ਪੱਤਰ ਆ ਗਿਆ। ਰਾਤ ਭਰ ਦਾ ਜਗਰਾਤਾ ਕਰਨ ਮਗਰੋਂ ਹਵਨ ਤੇ ਪਾਠ ਕਰਵਾ ਕੇ ਇਹ ਰਸਮ ਪੂਰੀ ਹੋਣੀ ਸੀ। ਤਾਜ਼ੇ-ਤਾਜ਼ੇ ਲੱਖ ਰੁਪਏ ਮਿਲੇ ਹੋਣ ਕਰਕੇ ਊਸ਼ਾ ਦੇਵੀ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਬੜੇ ਚਾਅ ਨਾਲ ਇਸ ਸ਼ੁਭ ਮੌਕੇ ਪਹੁੰਚ ਗਿਆ। ਆਪਣੇ ਦਿਓਰ ਦੀ ਐਡੀ ਵੱਡੀ ਕੋਠੀ ਦੇਖਦੀ ਸਾਰ ਊਸ਼ਾ ਦੇਵੀ ਦੀ ਕੌਡੀ ਕੋਲੋਂ ਹੌਲ ਉਠਿਆ। ਉਸ ਨੇ ਆਪਣਾ ਸੱਜਾ ਅੰਗੂਠਾ ਕੌਡੀ ਕੋਲ ਖਭੋਇਆ। ਉਸ ਨੂੰ ਚੱਕਰ ਆ ਗਿਆ ਤਾਂ ਜਗਤਾਰ ਉਸ ਨੂੰ ਫੜ ਕੇ ਕੋਠੀ ਅੰਦਰ ਲੈ ਗਿਆ। ਕੋਠੀ ਕਾਹਦੀ ਸੀ, ਸ਼ੀਸ਼ ਮਹੱਲ ਸੀ। ਕਿੰਨੇ ਹੀ ਕਮਰੇ, ਸੋਫੇ, ਬੈੱਡ, ਹਰ ਪਾਸੇ ਸੰਗਮਰਮਰ ਦਾ ਦੁਧੀਆ ਫਰਸ਼, ਡਿਜ਼ਾਈਨ ਇਸ ਪ੍ਰਕਾਰ ਇਕ ਦੂਜੇ ਨਾਲ ਜੋੜੇ ਹੋਏ ਜਿਵੇਂ ਸ਼ੇਰ ਦੀਆਂ ਖੱਲਾਂ ਹੋਣ। ਇਹ ਸਭ ਕੁਝ ਦੇਖ ਕੇ ਊਸ਼ਾ ਦੇਵੀ ਦੀਆਂ ਅੱਖਾਂ ਸਥਿਰ ਹੋ ਗਈਆਂ। ਉਸ ਦਾ ਮੂੰਹ ਸੁੱਕਣ ਲੱਗਾ, ਥੁੱਕ ਹੀ ਨਾ ਨਿੰਘਰੇ। ਜਗਤਾਰ ਨੇ ਉਸ ਨੂੰ ਸੋਫੇ 'ਤੇ ਬਿਠਾਇਆ ਤੇ ਕੋਕ ਦਾ ਗਿਲਾਸ ਲੈ ਆਇਆ। ਉਹ ਗਟ-ਗਟ ਕਰਕੇ ਪੀ ਗਈ। ਉਸ ਨੂੰ ਲੱਗਾ ਕਿ ਜੇ ਉਸ ਨੂੰ ਕੋਕ ਨਾ ਮਿਲਦਾ, ਉਹ ਗਈ ਸੀ। ਉਹ ਸੋਫੇ ਉਤੇ ਹੀ ਲੇਟ ਗਈ ਤਾਂ ਸੁਰੱਸਤੀ ਦੀ ਚਾਚੀ ਦੇਵਕੀ ਦੌੜੀ ਆਈ ਤੇ ਉਸ ਦੀ ਬਾਂਹ ਨੂੰ ਘੁੱਟ ਕੇ ਫੜਦੀ ਬੋਲੀ, "ਭੈਣੇ ਕੀ ਗੱਲ, ਤਬੀਅਤ ਤਾਂ ਠੀਕ ਏ ਤੇਰੀ? ਤੂੰ ਲੇਟ ਕਿਉਂ ਗਈ?"

"ਠੀਕ ਹਾਂ ਮੈਂ ਦੇਵਕੀ, ਧੁੱਪ ਜਿਹੀ ਲੱਗ ਗਈ ਸੀ ਚੰਦਰੀ।" ਉਹ ਬੋਲੀ।

ਸਾਰੀ ਰਾਤ ਜਗਰਾਤਾ ਹੁੰਦਾ ਰਿਹਾ। ਕੋਈ ਹੀ ਪੁਰਾਣਾ ਗੀਤ ਰਹਿ ਗਿਆ ਹੋਊ, ਜਿਸ ਦੀ ਤਰਜ਼ 'ਤੇ ਮਾਤਾ ਦੀਆਂ ਭੇਟਾਂ ਨਾ ਗਾਈਆਂ ਗਈਆਂ ਹੋਣ। ਊਸ਼ਾ ਦੇਵੀ ਸਾਰੀ ਰਾਤ ਬੈੱਡ ਉਤੇ ਜਾਗਦੀ ਲੇਟੀ ਰਹੀ। ਦੇਵਕੀ ਤੇ ਸੁਰੱਸਤੀ ਦੀ ਮਾਸੀ ਰਤਨੀ ਉਸ ਦੀ ਖ਼ਬਰਸਾਰ ਲੈਂਦੀਆਂ ਰਹੀਆਂ। ਰਤਨੀ ਦਾ ਇਕ ਮੁੰਡਾ ਕਨੇਡਾ ਸੀ, ਉਸ ਨੇ ਇਕ ਗੱਲ ਦੱਸ ਕੇ ਦੇਵਕੀ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਕਿ ਉਸ ਦਾ ਸਾਰਾ ਟੱਬਰ ਤਿੰਨ ਮਹੀਨੇ ਤਕ ਕਨੇਡਾ ਚਲਾ ਜਾਵੇਗਾ।

"ਮੈਨੂੰ ਰਤਨੀ ਇਕ ਗੱਲ ਸਮਝ ਨਹੀਂ ਆਉਂਦੀ ਕਿ ਜੈ ਖਾਣਾ ਐਨਾ ਰੁਪਈਆ ਉਥੇ ਕਿਥੋਂ ਆਉਂਦਾ ਏ?" ਦੇਵਕੀ ਪੁੱਛਣ ਲੱਗੀ।

"ਅਮੀਰ ਦੇਸ਼ ਏ ਭੈਣੇ। ਆਪਣੇ ਪੰਜਾਹ ਰੁਪਏ, ਉਨ੍ਹਾਂ ਦਾ ਇਕ ਡਾਲਰ। ਮੈਂ ਤਾਂ ਕਹਿੰਦੀ ਹਾਂ, ਜਿਹੋ ਜਿਹਾ ਵੀ ਕੋਈ ਕਨੇਡਾ ਦਾ ਮੁੰਡਾ ਮਿਲਦੈ ਸੁਰੱਸਤੀ ਨਾਲ ਵਿਆਹ ਦੇ। ਫੇਰ ਤੁਸੀਂ ਨਿਕਲ ਜਾਇਓ। ਜੂਨ ਸੁਧਰ ਜੂ ਸਾਰੇ ਟੱਬਰ ਦੀ।"

ਘਰ ਆ ਕੇ ਦੇਵਕੀ ਨੂੰ ਇਸ ਨਰਕ 'ਚੋਂ ਨਿਕਲਣ ਦਾ ਇਕੋ ਇਕ ਰਾਹ ਕਨੇਡਾ ਦਾ ਦਿਖਣ ਲੱਗ ਪਿਆ। ਉਸ ਵਿਚ ਜਾਂ ਰਾਮ ਮੂਰਤੀ ਵਿਚ ਹੁਣ ਐਨਾ ਦਮ ਨਹੀਂ ਸੀ ਕਿ ਕਨੇਡਾ ਜਾ ਕੇ ਫੈਕਟਰੀਆਂ ਵਿਚ ਕੰਮ ਕਰ ਸਕਦੇ। ਉਹ ਰਾਮ ਮੂਰਤੀ ਨੂੰ ਵਾਰ-ਵਾਰ ਇਕੋ ਗੱਲ ਕਹਿਣ ਲੱਗੀ ਕਿ ਸੁਰੱਸਤੀ ਨੂੰ ਕਿਸੇ ਤਰ੍ਹਾਂ ਪੁੱਜਦੀ ਕਰ ਦੇਵੋ, ਬਾਕੀਆਂ ਲਈ ਆਪਣੇ ਆਪ ਰਸਤਾ ਖੁੱਲ੍ਹ ਜਾਵੇਗਾ। ਉਹ ਤਾਂ ਆਖਦਾ ਹੁੰਦਾ ਸੀ ਕਿ ਕੁੜੀ ਨੂੰ ਕਿਸੇ ਮੁੰਡੇ ਨਾਲ ਕੱਢ ਦੇਣ। ਗੌਂਅ ਭਨਾਣੇ ਜੌਂਅ ਵਾਲੀ ਗੱਲ ਹੋਈ। ਦੇਵਕੀ ਨੂੰ ਇਹ ਗੱਲ ਸਮਝ ਪੈ ਗਈ ਸੀ ਕਿ ਕਮਲ ਕਿਸ਼ੋਰ ਹੰਢਿਆ-ਵਰਤਿਆ ਸੀ, ਉਹੀ ਇਹ ਕੰਮ ਕਰ ਸਕਦਾ ਸੀ। ਬਾਰ੍ਹਵੀਂ ਦੇ ਪੇਪਰਾਂ ਮਗਰੋਂ ਉਸ ਨੇ ਸੁਰੱਸਤੀ ਨੂੰ ਆਪਣੇ ਚਾਚੇ ਕੋਲ ਰਹਿਣ ਲਈ ਲੁਧਿਆਣੇ ਭੇਜ ਦਿੱਤਾ।

ਪਿਛਲੇ ਕੁਝ ਸਮੇਂ ਤੋਂ ਸੁਰੱਸਤੀ ਦੀਆਂ ਦੋਨਾਂ ਗੱਲ੍ਹਾਂ ਉਤੇ ਫਿਣਸੀਆਂ ਨਿਕਲਣੀਆਂ ਸ਼ੁਰੂ ਹੋ ਗਈਆਂ ਸਨ। ਉਹ ਮਾਸ ਨੂੰ ਦੱਬ ਕੇ ਉਨ੍ਹਾਂ ਨੂੰ ਭੰਨਦੀ ਰਹਿੰਦੀ ਤੇ ਚਿੱਟੇ ਕਿੱਲ ਬਾਹਰ ਨਿਕਲਦੇ ਰਹਿੰਦੇ। ਹੌਲੀ-ਹੌਲੀ ਦੋਨਾਂ ਗੱਲ੍ਹਾਂ 'ਤੇ ਕਾਲੇ ਦਾਗਾਂ ਦੀ ਰੁਭਲੀ ਬਣ ਗਈ। ਇਹੀ ਕਾਰਨ ਸੀ ਕਿ ਮੈਟਰੀਮੋਨੀਅਲ ਦੇਣ ਮਗਰੋਂ ਜਿਹੜੇ ਚਾਰ-ਪੰਜ ਮੁੰਡਿਆਂ ਨੂੰ ਸੁਰੱਸਤੀ ਦਿਖਾਈ ਗਈ, ਸਭ ਉਸ ਨੂੰ ਨਾਪਸੰਦ ਕਰ ਗਏ। ਉਸ ਨੇ ਬਥੇਰੀਆਂ ਕਰੀਮਾਂ ਵਰਤੀਆਂ ਕਿ ਦਾਗ ਮਿਟ ਜਾਣ, ਪਰ ਉਹ ਦਿਨ-ਬ-ਦਿਨ ਬਦਸ਼ਕਲ ਹੁੰਦੀ ਚਲੀ ਗਈ। ਇਕ ਦਿਨ ਜਗਤਾਰ ਉਸ ਨੂੰ ਕਿਸੇ ਪਲਾਸਟਿਕ ਸਰਜਰੀ ਮਾਹਰ ਕੋਲ ਲੈ ਗਿਆ। ਉਸ ਨੇ ਦੱਸਿਆ ਕਿ ਉਹ ਪਲਾਸਟਿਕ ਸਰਜਰੀ ਨਾਲ ਸਭ ਠੀਕ ਕਰ ਦੇਵੇਗਾ, ਪਰ ਉਹ ਦੇ ਪੰਜਾਹ ਹਜ਼ਾਰ ਰੁਪਏ ਲੱਗਣੇ।

"ਭੈਣ ਤੂੰ ਖਰਚੇ ਵਾਲੀ ਗੱਲ ਘਰ ਨਾ ਦੱਸੀਂ। ਮੈਂ ਆਪ ਹੀ ਪ੍ਰਬੰਧ ਕਰ ਦਿਆਂਗਾ।"

ਖੈਰ, ਪਲਾਸਟਿਕ ਸਰਜਰੀ ਹੋਈ ਤਾਂ ਸੁਰੱਸਤੀ ਦਾ ਚਿਹਰਾ ਨਿੱਖਰ ਆਇਆ।

ਰਾਮ ਮੂਰਤੀ ਦੀ ਸਾਲੀ ਰਤਨਾ ਦੇ ਮੁੰਡੇ ਨੇ ਉਸ ਨੂੰ ਕਿਸੇ ਮੁੰਡੇ ਦੀ ਦੱਸ ਪਾਈ, ਜਿਹੜਾ ਉਸ ਨਾਲ ਸਰੀ ਦੀ ਕਿਸੇ ਫਰਮ ਵਿਚ ਨੌਕਰੀ ਕਰਦਾ ਸੀ। ਉਸ ਨੇ ਜਲੰਧਰ ਜ਼ਿਲ੍ਹੇ ਵਿਚ ਕਿਸੇ ਪਿੰਡ ਦਾ ਪਤਾ ਦਿੱਤਾ ਕਿ ਉਹ ਜਾ ਕੇ ਮੁੰਡੇ ਦਾ ਘਰ-ਬਾਰ ਦੇਖ ਲੈਣ। ਇਸ ਗੱਲੋਂ ਵੀ ਖ਼ਬਰਦਾਰ ਕੀਤਾ ਕਿ ਉਹ ਆਪਣੇ ਭਰਾ ਕਮਲ ਕਿਸ਼ੋਰ ਕੋਲ ਭਾਫ਼ ਨਾ ਕੱਢੇ, ਨਹੀਂ ਤਾਂ ਉਹ ਰਿਸ਼ਤੇ ਵਿਚ ਅੜਿੱਕਾ ਡਾਹੁਣਗੇ। ਮੀਆਂ-ਬੀਵੀ ਦੋਨੋਂ ਮੁੰਡੇ ਦਾ ਘਰ ਦੇਖਣ ਚਲੇ ਗਏ। ਲੜਕੇ ਦੇ ਮਾਂ-ਬਾਪ ਤਾਂ ਕਦੋਂ ਦੇ ਰੱਬ ਨੂੰ ਪਿਆਰੇ ਹੋ ਚੁੱਕੇ ਸਨ। ਉਸ ਦੀ ਕੋਠੀ ਪਿੰਡ ਦੇ ਬਾਹਰ ਖੇਤਾਂ ਵਿਚ ਬਣੀ ਹੋਈ ਸੀ, ਜਿਥੇ ਉਸ ਦੇ ਕਿਸੇ ਰਿਸ਼ਤੇਦਾਰ ਦਾ ਟੱਬਰ ਰਹਿੰਦਾ ਸੀ। ਅਧਖੜ੍ਹ ਉਮਰ ਦੇ ਉਸ ਬੰਦੇ ਨੇ ਉਨ੍ਹਾਂ ਦੀ ਬਹੁਤ ਆਓ ਭਗਤ ਕੀਤੀ ਤੇ ਕ੍ਰਿਸ਼ਨ ਭਾਰਗਵ ਨਾਂ ਦੇ ਕਨੇਡਾ ਬੈਠੇ ਉਸ ਮੁੰਡੇ ਨਾਲ ਆਹਮੋ-ਸਾਹਮਣੀ ਗੱਲਬਾਤ ਕਰਵਾ ਦਿੱਤੀ।

ਕ੍ਰਿਸ਼ਨ ਭਾਰਗਵ ਨੇ ਦੱਸਿਆ ਕਿ ਉਸ ਦੀ ਉਮਰ ਛੱਬੀ ਵਰ੍ਹੇ ਸੀ। ਚਾਰ ਸਾਲ ਪਹਿਲਾਂ ਉਸ ਦਾ ਵਿਆਹ ਹੋਇਆ ਸੀ। ਦੋ ਸਾਲ ਪਹਿਲਾਂ ਉਸ ਦੀ ਪਤਨੀ ਦੀ ਮੌਤ ਹੋ ਗਈ ਸੀ। ਉਸ ਦੇ ਕੋਈ ਔਲਾਦ ਨਹੀਂ ਸੀ। ਉਸ ਕੋਲ ਆਪਣੀ ਕਾਰ ਤੇ ਸਭ ਸਹੂਲਤਾਂ ਸਨ। ਇੰਡੀਆ ਵਿਚ ਇਕ ਕੋਠੀ ਤੇ ਕਾਫੀ ਜ਼ਮੀਨ ਸੀ। ਉਸ ਦੀ ਮੰਗ ਕੋਈ ਨਹੀਂ ਸੀ। ਉਸ ਦੀ ਛੋਟੀ ਭੈਣ ਵੀ ਕਨੇਡਾ ਸੀ। ਜੋ ਛੇਤੀ ਹੀ ਇੰਡੀਆ ਆ ਰਹੀ ਸੀ। ਜੇ ਉਨ੍ਹਾਂ ਨੂੰ ਇਹ ਰਿਸ਼ਤਾ ਮਨਜ਼ੂਰ ਹੋਵੇ ਤਾਂ ਉਸ ਦੀ ਭੈਣ ਨੂੰ ਕੁੜੀ ਦਿਖਾ ਦੇਣ। ਉਸ ਦੀ ਭੈਣ ਦੀ ਚੋਣ ਆਖ਼ਰੀ ਚੋਣ ਹੋਵੇਗੀ। ਇੰਝ ਆਪਣੇ ਭਰਾ ਕਮਲ ਕਿਸ਼ੋਰ ਨੂੰ ਬਿਨਾਂ ਦੱਸੇ ਉਨ੍ਹਾਂ ਨੇ ਰਿਸ਼ਤਾ ਪੱਕਾ ਕਰ ਲਿਆ ਸੀ ਤੇ ਅੱਜ ਸੁਰੱਸਤੀ ਨੂੰ ਵਿਆਹੁਣ ਲਈ ਉਹੀ ਮੁੰਡਾ ਕ੍ਰਿਸ਼ਨ ਭਾਰਗਵ ਬਰਾਤ ਲੈ ਕੇ ਆ ਰਿਹਾ ਸੀ।

ਅਚਾਨਕ ਸੜਕ ਉਤੇ ਬੈਂਡ-ਵਾਜਾ ਵੱਜਣਾ ਸ਼ੁਰੂ ਹੋ ਗਿਆ। ਸੁਰੱਸਤੀ ਉਠ ਕੇ ਬਾਹਰ ਬਰਾਂਡੇ ਵਿਚ ਆ ਖੜ੍ਹੀ ਤੇ ਧੜਕਦੇ ਦਿਲ ਨਾਲ ਉਧਰ ਦੇਖਣ ਲੱਗੀ। ਉਸ ਦੀ ਹੋਣ ਵਾਲੀ ਨਣਦ ਬਰਾਤ ਵਿਚ ਸ਼ਾਮਲ ਹੋਣ ਲਈ ਪੌੜੀਆਂ ਉਤਰ ਗਈ। ਉਸ ਦੀ ਚਾਚੀ ਤੇ ਹੋਰ ਕੁੜੀਆਂ ਵੀ ਵਾਧਰੇ 'ਤੇ ਖੜ੍ਹ ਬਰਾਤ ਦੇਖਣ ਲੱਗ ਪਈਆਂ। ਢੋਲ ਦੇ ਹਰ ਡੱਗੇ ਨਾਲ ਸੁਰੱਸਤੀ ਦੇ ਦਿਲ ਵਿਚ ਲੱਡੂ ਫੁੱਟਦਾ। ਉਹ ਸਵਾਦ-ਸਵਾਦ ਹੋ ਕੇ ਜਿਵੇਂ ਹਵਾ ਵਿਚ ਉਡਣ ਲੱਗਦੀ। ਮੈਰਿਜ ਪੈਲੇਸ ਵਿਚ ਪਹਿਲਾਂ ਵਾਜੇ ਵਾਲਿਆਂ ਦੀਆਂ ਦੋ ਪਾਲਾਂ ਵੜੀਆਂ, ਫਿਰ ਭੰਗੜਾ ਪਾਉਂਦੇ, ਮੁੰਡੇ ਕੁੜੀਆਂ, ਮਰਦ ਔਰਤਾਂ ਦਾ ਝੁਰਮਟ ਲੱਗ ਪਿਆ। ਉਤੇ ਖੜ੍ਹੀ ਦੇਖਦੀ ਸੁਰੱਸਤੀ ਦਾ ਪੈਰ ਵੀ ਤਾਲ ਦੇਣ ਲੱਗ ਪਿਆ। ਤਦੇ ਘੋੜੀ 'ਤੇ ਬੈਠਾ ਲਾੜਾ ਪ੍ਰਗਟ ਹੋਇਆ। ਐਨੀ ਦੂਰੋਂ ਤਾਂ ਉਸ ਨੂੰ ਆਪਣੇ ਪ੍ਰਾਣ ਨਾਥ ਦਾ ਚਿਹਰਾ ਵੀ ਦਿਖਾਈ ਨਹੀਂ ਸੀ ਦੇ ਰਿਹਾ। ਉਹ ਦੌੜ ਕੇ ਆਪਣੇ ਲਾੜੇ ਨੂੰ ਨੇੜੀਓਂ ਤੱਕਣਾ ਚਾਹੁੰਦੀ ਸੀ, ਪਰ ਉਸ ਦੇ ਪੈਰਾਂ ਵਿਚ ਤਾਂ ਜਿਵੇਂ ਬੇੜੀਆਂ ਪਈਆਂ ਹੋਈਆਂ ਸਨ। ਉਹ ਹਉਕਾ ਭਰ ਕੇ ਰਹਿ ਗੀ। ਉਸ ਨੇ ਆਪਣੀ ਸਹੇਲੀ ਦਰਸ਼ਣਾ ਦੇ ਕੰਨ ਵਿਚ ਕਿਹਾ ਕਿ ਦੋ ਜਣੀਆਂ ਜਾ ਕੇ ਦੇਖ ਕੇ ਆਉਣ ਕਿ ਪ੍ਰਾਹੁਣਾ ਕਿਹੋ ਜਿਹਾ ਲਗਦਾ ਹੈ। ਕੁੜੀਆਂ ਤਾਂ ਪਹਿਲਾਂ ਹੀ ਦੂਲਹੇ ਨੂੰ ਦੇਖਣ ਲਈ ਉਤਾਰੂ ਸਨ ਤੇ ਉਡੀਕ ਕਰ ਰਹੀਆਂ ਸਨ ਕਿ ਬਰਾਤ ਮੈਰਿਜ ਪੈਲੇਸ ਦੇ ਗੇਟ ਤਕ ਪੁੱਜਾ ਜਾਵੇ ਤਾਂ ਉਹ ਜਾਣ। ਦਰਸ਼ਣਾ ਨੇ ਕੁਝ ਕੁੜੀਆਂ ਨੂੰ ਆਪਣੇ ਨਾਲ ਲਿਆ ਤੇ ਉਹ ਪੌੜੀਆਂ ਉਤਰ ਗਈਆਂ। ਸੁਰੱਸਤੀ ਚਾਹੁੰਦੀ ਸੀ ਕਿ ਉਹ ਵੀ ਕਲਕੱਤੇ ਵਾਲੀ ਆਪਣੀ ਭੂਆ ਦੀ ਕੁੜੀ ਵਾਂਗ ਆਪਣੇ ਪਤੀ ਦੇ ਗਲ ਵਿਚ ਜੈ ਮਾਲਾ ਪਾਵੇ, ਪਰ ਰਾਮ ਮੂਰਤੀ ਨੇ ਉਸ ਦੀ ਇਕ ਨਹੀਂ ਸੀ ਸੁਣੀ। ਅਖੇ, ਖਾਨਦਾਨੀ ਕੁੜੀਆਂ ਪਰਦੇ ਵਿਚ ਹੀ ਸੋਂਹਦੀਆਂ ਨੇ। ਉਸ ਨੇ ਤਾਂ ਆਪਣੀ ਪਤਨੀ ਨੂੰ ਇਥੋਂ ਤਕ ਹੁਕਮ ਚਾੜ੍ਹ ਦਿੱਤਾ ਸੀ ਕਿ ਫੇਰਿਆਂ ਸਮੇਂ ਵੀ ਕੁੜੀ ਦਾ ਮੂੰਹ ਕਿਸੇ ਨੂੰ ਨਜ਼ਰ ਨਹੀਂ ਆਉਣਾ ਚਾਹੀਦਾ। ਲਾੜੇ ਦੀ ਘੋੜੀ ਦੇ ਮਗਰ ਕਿੰਨੀਆਂ ਹੀ ਔਰਤਾਂ ਵੀ ਅੰਦਰ ਲੰਘ ਆਈਆਂ, ਜਿਨ੍ਹਾਂ ਦੀਆਂ ਸਾੜ੍ਹੀਆਂ ਲਾਈਟਾਂ ਪੈਣ ਕਰਕੇ ਝਿਲਮਿਲ-ਝਿਲਮਿਲ ਕਰ ਰਹੀਆਂ ਸਨ। ਬਾਹਰਲੇ ਗੇਟ ਤੋਂ ਸ਼ੁਰੂ ਹੋ ਕੇ ਕਿੰਨੇ ਹੀ ਬਹਿਰੇ ਆਪਣੀਆਂ ਟਰੇਆਂ ਵਿਚ ਖਾਣ-ਪੀਣ ਦੀਆਂ ਆਈਟਮਾਂ ਰੱਖੀ ਸਿਰੇ ਤਕ ਖੜ੍ਹੇ ਸਨ। ਉਹ ਬਰਾਤੀਆਂ ਮੂਹਰੇ ਝੁਕ-ਝੁਕ ਕੇ ਕੁਝ ਲੈਣ ਲਈ ਬੇਨਤੀਆਂ ਕਰ ਰਹੇ ਸਨ।

ਅੱਗੇ ਸੁਰੱਸਤੀ ਦੇ ਮਾਂ-ਬਾਪ, ਰਿਸ਼ਤੇਦਾਰ ਤੇ ਵਿਆਹ ਵਿਚ ਸ਼ਾਮਲ ਹੋਏ ਮੇਲੀ ਬਰਾਤ ਦੀ ਆਓ ਭਗਤ ਅਤੇ ਮਿਲਣੀ ਕਰਨ ਲਈ ਖੜ੍ਹੇ ਸਨ। ਪਲਾਸਟਿਕ ਦੇ ਬੈਗਾਂ ਵਿਚ ਬੰਦ ਭਾਰੇ ਕੰਬਲਾਂ ਦਾ ਢੇਰ ਵੀ ਇਕ ਪਾਸੇ ਲਾਇਆ ਹੋਇਆ ਸੀ। ਇਹ ਸਾਰੇ ਕੰਬਲ ਵੀ ਮੁੰਡੇ ਵਾਲਿਆਂ ਨੇ ਦੋ ਦਿਨ ਪਹਿਲਾਂ ਇਹ ਕਹਿ ਕੇ ਉਨ੍ਹਾਂ ਦੇ ਘਰ ਭੇਜ ਦਿੱਤੇ ਸਨ ਕਿ ਉਹ ਆਪਣੇ ਰਿਸ਼ਤੇਦਾਰਾਂ ਦੀਆਂ ਮਿਲਣੀਆਂ ਕਰਵਾ ਕੇ ਉਨ੍ਹਾਂ ਦਾ ਮਾਣ ਵੀ ਰੱਖਣਾ ਚਾਹੁੰਦੇ ਸਨ ਤੇ ਰਾਮ ਮੂਰਤੀ ਦਾ ਕੋਈ ਖਰਚ ਵੀ ਨਹੀਂ ਸੀ ਹੋਣ ਦੇਣਾ ਚਾਹੁੰਦੇ। ਬਰਾਤੀ ਉਨ੍ਹਾਂ ਦੇ ਕੋਲ ਆ ਕੇ ਰੁਕ ਗਏ। ਕਿਸੇ ਨੇ ਲਾੜੇ ਨੂੰ ਘੋੜੀ ਤੋਂ ਉਤਾਰਿਆ। ਉਸ ਨੇ ਆਪਣੇ ਚਿਹਰੇ ਉਤੇ ਸਿਹਰੇ ਦੀਆਂ ਬਰੀਕ ਲੜੀਆਂ ਨਾਲ ਘੁੰਡ ਕੱਢਿਆ ਹੋਇਆ ਸੀ। ਵਾਜੇ ਵਾਲੇ ਬੰਦ ਹੋਏ ਤਾਂ ਮਿਲਣੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਮੁੰਡੇ ਦਾ ਬਾਪ ਤਾਂ ਹੈ ਨਹੀਂ ਸੀ। ਰਾਮ ਮੂਰਤੀ ਦੀ ਮਿਲਣੀ ਕਿਸੇ ਕਨੇਡੀਅਨ ਬੁੱਢੇ ਨਾਲ ਕਰਵਾ ਦਿੱਤੀ ਗਈ, ਜਿਸ ਨੇ ਕਾਲੀਆਂ ਐਨਕਾਂ ਲਾਈਆਂ ਹੋਈਆਂ ਸਨ ਤੇ ਪੈਂਟ ਨੂੰ ਡਿੱਗਣੋਂ ਰੋਕਣ ਲਈ ਮੋਢਿਆਂ ਤੋਂ ਬੱਧਰੀਆਂ ਘੁਮਾਈਆਂ ਹੋਈਆਂ ਸਨ। ਰਾਮ ਮੂਰਤੀ ਨੇ ਉਸ ਦੇ ਗਲ ਵਿਚ ਫੁੱਲਾਂ ਦਾ ਹਾਰ ਪਾਇਆ ਤਾਂ ਉਸ ਨੇ ਲਿਫਾਫੇ 'ਚੋਂ ਸੌ ਸੌ ਦੇ ਬਹੁਤ ਸਾਰੇ ਨੋਟਾਂ ਦਾ ਹਾਰ ਕੱਢ ਕੇ ਰਾਮ ਮੂਰਤੀ ਦੇ ਗਲੇ ਵਿਚ ਪਾ ਦਿੱਤਾ। ਉਸ ਨੇ ਦੋਹਾਂ ਲਾਗੀਆਂ ਨੂੰ ਵੀ ਪੰਜ ਪੰਜ ਸੌ ਰੁਪਏ ਦਿੱਤੇ। ਸੌ ਰੁਪਏ ਦਾ ਨੋਟ ਉਤੇ ਰੱਖ ਕੇ ਰਾਮ ਮੂਰਤੀ ਨੇ ਜਿਹੜਾ ਕੰਬਲ ਉਸ ਬੁੱਢੇ ਨੂੰ ਦੇਣਾ ਚਾਹਿਆ ਸੀ, ਉਹ ਉਸ ਨੇ ਹੱਥ ਨਾਲ ਪਿੱਛੇ ਧੱਕ ਦਿੱਤਾ ਤੇ ਰਾਮ ਮੂਰਤੀ ਨੂੰ ਜੱਫੀ ਪਾਉਂਦਾ ਬੋਲਿਆ, "ਨਾ ਭਾਈ ਸਾਹਬ ਜੀ! ਅਸੀਂ ਕੰਬਲਾਂ ਦੇ ਨਹੀਂ ਪਿਆਰ ਦੇ ਭੁੱਖੇ ਹਾਂ। ਸਮਝ ਲਵੋ ਅਸੀਂ ਨੂੰਹ ਨੂੰ ਨਹੀਂ ਆਪਣੀ ਧੀ ਨੂੰ ਹੀ ਲੈਣ ਆਏ ਹਾਂ। ਧੀਆਂ ਤੋਂ ਵੀ ਕੋਈ ਕੁਝ ਲੈਂਦਾ ਏ?"

ਬਰਾਤੀ ਵੀ ਤੇ ਸਾਰੇ ਮੇਲੀ ਵੀ ਅਸ਼-ਅਸ਼ ਕਰ ਉਠੇ। ਉਨ੍ਹਾਂ ਦੀ ਸਿਫ਼ਤ ਵਿਚ ਕਿਸੇ ਨੇ ਆਖ ਵੀ ਦਿੱਤਾ, "ਕਨੇਡਾ ਵਾਲੇ ਰਾਜੇ ਭੋਜ ਤੇ ਅਸੀਂ ਕਾਂਗੜੇ ਤੇਲੀ। ਨਹੀਂ ਰੀਸਾਂ ਬਾਈ ਤੁਹਾਡੀਆਂ।"

ਕੁਝ ਮਿਲਣੀਆਂ ਹੋਰ ਹੋਣ ਮਗਰੋਂ ਭਰਾਵਾਂ ਦੀ ਮਿਲਣੀ ਕਰਵਾਉਣ ਲਈ ਨਾਈ ਨੇ ਨਾਂ ਬੋਲਿਆ। ਬਰਾਤ ਵਿਚੋਂ ਇਕ ਦਾਖੀ ਸੂਟ ਅਤੇ ਵੱਡੀ ਸਾਰੀ ਟਾਈ ਵਾਲਾ ਅਧਖੜ ਉਮਰ ਦਾ ਬਾਬੂ ਮੂਹਰੇ ਨਿਕਲ ਆਇਆ। ਉਸ ਦੀਆਂ ਗੱਲ੍ਹਾਂ ਚੂਪੇ ਅੰਬ ਵਰਗੀਆਂ ਸਨ ਅਤੇ ਨਿੱਕੀ-ਨਿੱਕੀ ਦਾੜ੍ਹੀ ਅਤੇ ਮੁੱਛਾਂ ਦੀਆਂ ਜੜ੍ਹਾਂ ਹੇਠ ਕਲਫ਼ ਨਾਲ ਬਣੀ ਜਰਨੈਲੀ ਸੜਕ ਦਿਖਾਈ ਦਿੰਦੀ ਸੀ। ਸੁਰੱਸਤੀ ਦੇ ਭਰਾ ਨੂੰ ਉਸ ਦੀ ਛੋਟੀ ਭੈਣ ਗੋਦੀ ਚੁੱਕੀ ਖੜ੍ਹੀ ਸੀ। ਲੜਕੀ ਦੇ ਭਰਾ ਨੂੰ ਦੇਖ ਕੇ ਬਰਾਤੀ ਵੀ ਹੱਸ ਪਏ। ਦੋ-ਢਾਈ ਸਾਲ ਦੇ ਬੱਚੇ ਦੀ ਇਕ ਬੁੱਢੇ ਨਾਲ ਮਿਲਣੀ ਕਿਵੇਂ ਕਰਵਾਉਂਦੇ? ਰਾਮ ਮੂਰਤੀ ਨੇ ਆਪਣੀ ਭਰਜਾਈ ਦੇਵਕੀ ਦੇ ਮੁੰਡੇ ਜਗਤਾਰ ਦਾ ਨਾਂ ਲੈ ਦਿੱਤਾ। ਜਗਤਾਰ ਨੇ ਕੰਬਲ ਉਤੇ ਸੌ ਦਾ ਨੋਟ ਰੱਖ ਕੇ ਲਾੜੇ ਦੇ ਭਰਾ ਨੂੰ ਫੜਾ ਦਿੱਤਾ ਤੇ ਜੱਫੀ ਮਾਰ ਉਤੇ ਚੁੱਕ ਹਵਾ ਵਿਚ ਤੋਲ ਦਿੱਤਾ। ਫਿਰ ਉਸ ਨੂੰ ਹੇਠ ਲਾਹ ਕੇ ਬੋਲਿਆ, "ਤੁਸੀਂ ਕ੍ਰਿਸ਼ਨ ਭਾਰਗਵ ਦੇ ਸਕੇ ਭਰਾ ਹੋ?"

"ਹਾਂ ਜੀ ਹਾਂ... ਮ੍ਹਾਰਾਜ ਜੀ... ਮੈਂ ਚਾਰ ਸਾਲ ਵੱਡਾ ਹਾਂ ਕ੍ਰਿਸ਼ਨ ਭਾਰਗਵ ਤੋਂ, ਮੇਰਾ ਨਾਂ ਮੁਰਲੀ ਭਾਰਗਵ ਏ।" ਦਾਰੂ ਦੇ ਨਸ਼ੇ ਵਿਚ ਉਹ ਥਥਲਾ ਕੇ ਬੋਲਿਆ।

ਜਗਤਾਰ ਨੂੰ ਵਿਸ਼ਵਾਸ ਨਾ ਆਇਆ। ਇਹ ਪੰਜਾਹ ਪਚਵੰਜਾ ਸਾਲ ਦਾ ਬੰਦਾ ਲਾੜੇ ਤੋਂ ਸਿਰਫ਼ ਚਾਰ ਸਾਲ ਵੱਡਾ ਸੀ। ਘਬਰਾ ਕੇ ਉਹ ਪਿੱਛੇ ਹਟ ਗਿਆ। ਬਰਾਤੀਆਂ ਦੇ ਐਨ ਮਗਰ ਖੜ੍ਹਾ ਇਕ ਸਰਦਾਰ ਜੀ ਨਸ਼ੇ ਵਿਚ ਗੜੂੰਦ ਸੀ। ਜਗਤਾਰ ਨੇ ਉਸ ਨੂੰ 'ਸਤਿ ਸ੍ਰੀ ਅਕਾਲ' ਬੁਲਾਈ ਤੇ ਪੁੱਛਿਆ, "ਮੁਰਲੀ ਭਾਰਗਵ ਲਾੜੇ ਦਾ ਸਕਾ ਭਰਾ ਏ ਸਰਦਾਰ ਜੀ? ਅਹੁ ਦਾਖੀ ਸੂਟ ਵਾਲਾ?"

"ਹਾਂ ਜੀ ਹਾਂ ਸਕਾ ਭਰਾ। ਉਹ ਮੇਰੇ ਨਾਲ ਹੀ ਬਿਜਲੀ ਮਹਿਕਮੇ ਵਿਚ ਜੇ.ਈ. ਏ। ਉਸ ਦੇ ਸੱਦੇ 'ਤੇ ਹੀ ਅਸੀਂ ਆਏ ਹਾਂ ਬਾਦਸ਼ਾਹੋ ਵਿਆਹ ਵਿਚ। ਦੋ ਸਾਲ ਨੂੰ ਸਾਡੀ ਇਕੋ ਦਿਨ ਰਿਟਾਇਰਮੈਂਟ ਏ।"

"ਆਹੀ ਕੁਛ ਹੋ ਰਿਹਾ ਏ ਜੀ ਪੰਜਾਬ ਵਿਚ ਭਾਈ ਸਾਹਬ। ਵਿਚਾਰੀਆਂ ਮਲੂਕ ਜਿਹੀਆਂ ਕੁੜੀਆਂ ਨੂੰ ਪੈਸਿਆਂ ਬਰਾਬਰ ਤੋਲ ਕੇ ਬੁੱਢਿਆਂ ਦੇ ਲੜ ਲਾ ਦਿੱਤਾ ਜਾਂਦਾ ਏ। ਬਾਹਰ ਜਾਣ ਦੀ ਕਰੇਜ਼ ਦੇਖ ਲਵੋ। ਲਾੜਾ ਸਾਹਬ ਪੰਜਾਹਾਂ ਨੂੰ ਟੱਪੇ ਹੋਏ ਨੇ, ਕੁੜੀ ਰੱਬ ਜਾਣਦਾ ਏ। ਬਹੁਤ ਪੁਰਾਣੀ ਗੱਲ ਏ ਜੀ ਪਿੰਡਾਂ ਵਿਚ ਆਇਆ ਕਰਦੇ ਸੀ ਲੋਕ ਸੰਪਰਕ ਵਿਭਾਗ ਵਾਲੇ ਡਰਾਮੇ ਕਰਨ। ਇਕ ਬੰਦਾ ਹੁੰਦਾ ਸੀ 'ਖਟਿਆਈ ਦਾ ਡੂਨਾ' ਉਹਨੇ ਸੁਣਾਉਣਾ-ਮੈਂ ਰੋਡੂ ਮੱਲ ਕੋਟਾਂ ਦਾ, ਇਹ ਸੌਦਾ ਨੋਟਮ ਨੋਟਾਂ ਦਾ।... ਪੈਸੇ ਦੀ ਖੇਡ ਆ ਵੀਰ ਜੀ।" ਉਸ ਦੇ ਨਾਲ ਖੜ੍ਹਾ ਇਕ ਹੋਰ ਬਰਾਤੀ ਬੋਲਿਆ।

"ਪਰ ਲਾੜਾ ਉਮਰ ਤੋਂ ਐਨਾ ਲਗਦਾ ਤਾਂ ਨਹੀਂ।" ਜਗਤਾਰ ਨੇ ਕਿਹਾ।

"ਲੱਗੇ ਕਿਵੇਂ ਬਾਦਸ਼ਾਹੋ... ਅਗਲੇ ਲੱਗਣ ਦਿੰਦੇ ਨੇ? ਪੁਰਾਣੀ ਗੱਡੀ ਦੀ ਡੈਂਟਿੰਗ ਪੈਂਟਿੰਗ ਕੀਤੀ ਹੋਈ ਏ ਭਾਈ ਸਾਹਬ ਜੀ। ਹੁਣ ਤਾਂ ਥਾਂ ਥਾਂ ਤੇ ਬੰਦਿਆਂ ਲਈ ਵੀ ਬਿਊਟੀ ਪਾਰਲਰ ਖੁੱਲ੍ਹ ਗਏ ਨੇ। ਪੰਜਾਹ ਤੋਂ ਵੱਧ ਦੇ ਨੂੰ ਅੰਦਰ ਵਾੜੋ, ਪੱਚੀ ਤੋਂ ਘੱਟ ਦਾ ਬਣਾ ਕੇ ਬਾਹਰ ਕੱਢ ਲਓ। ਦੋ ਘੰਟੇ ਦੀ ਕਹਾਣੀ ਹੁੰਦੀ ਏ। ਹੈ ਨਾ ਕਮਾਲ?

"ਹਾਂ ਜੀ... ਕਮਾਲ ਤਾਂ ਹੈ ਜੀ। ਜਗਤਾਰ ਬੋਲਿਆ ਤੇ ਉਥੋਂ ਤੁਰ ਪਿਆ। ਉਸ ਨੇ ਮੇਲ ਵਿਚ ਖੜ੍ਹੀ ਆਪਣੀ ਤਾਈ ਊਸ਼ਾ ਦੇਵੀ ਨੂੰ ਇਕ ਪਾਸੇ ਬੁਲਾ ਕੇ ਕਿਹਾ, "ਤਾਈ ਜੀ, ਇਹ ਮੁੰਡਾ ਨਹੀਂ, ਇਹ ਤਾਂ ਬੁੱਢਾ ਏ। ਪੰਜਾਹਾਂ ਤੋਂ ਉਪਰ ਏ। ਜ਼ੁਲਮ ਨਾ ਕਰੋ ਸੁਰੱਸਤੀ ਨਾਲ।"

"ਮੈਂ ਹੱਥ ਬੰਨ੍ਹਦੀ ਹਾਂ ਤੇਰੇ ਮੂਹਰੇ ਜਗਤਾਰ। ਕਾਰਜ ਸਿਰੇ ਚੜ੍ਹਨ ਦੇ। ਕਨੇਡਾ ਵਾਲਾ ਜੁਆਨ ਮੁੰਡਾ ਕਿਥੋਂ ਮਿਲ ਜੂ? ਤੂੰ ਮੂੰਹ ਬੰਦ ਰੱਖ ਆਪਣਾ।" ਉਹ ਬੋਲੀ।

ਜਗਤਾਰ ਨੇ ਆਪਣੇ ਤਾਏ ਰਾਮ ਮੂਰਤੀ ਨੂੰ ਇਕ ਪਾਸੇ ਬੁਲਾ ਕੇ ਫਿਰ ਉਹੀ ਗੱਲ ਦੋਹਰਾਈ। ਉਹ ਵੀ ਊਸ਼ਾ ਦੇਵੀ ਦੀ ਬੋਲੀ ਬੋਲਣ ਲੱਗਾ। ਉਸ ਨੇ ਕਿਹਾ, "ਜਿਥੇ ਸੰਜੋਗ ਏ ਉਥੇ ਈ ਹੋਣਾ ਏਂ। ਕੁੜੀ ਇਕ ਵਾਰੀ ਕਨੇਡਾ ਤਾਂ ਚਲੀ ਜਾਊ। ਸਾਨੂੰ ਸੱਦ ਲਊ। ਜਗਤਾਰ, ਤੁਸੀਂ ਸਭ ਕੁਝ ਬਣਾ ਲਿਆ, ਕਨੇਡਾ ਕਰਕੇ ਹੀ ਬਣਿਆ ਨਾ। ਹੁਣ ਤੂੰ ਚੁੱਪ ਕਰ ਜਾ।"

ਜਗਤਾਰ ਉਥੋਂ ਖਿਸਕ ਮੈਰਿਜ ਪੈਲੇਸ ਦੀਆਂ ਪੌੜੀਆਂ ਜਾ ਚੜ੍ਹਿਆ। ਹੁਣ ਕਮਰੇ ਵਿਚ ਸੁਰੱਸਤੀ ਤੇ ਜਗਤਾਰ ਦੀ ਮੰਮੀ ਦੇਵਕੀ ਹੀ ਸਨ। ਉਸ ਨੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਤਾਂ ਸੁਰੱਸਤੀ ਨੇ ਰੋਣਾ ਸ਼ੁਰੂ ਕਰ ਦਿੱਤਾ ਤੇ ਬੋਲੀ, "ਵੀਰੇ, ਮੈਨੂੰ ਬਚਾ ਲੈ। ਮੈਂ ਉਸ ਨਾਲ ਵਿਆਹ ਨਹੀਂ ਕਰਵਾਵਾਂਗੀ। ਸਲਾਹ ਬਣੀ ਕਿ ਸੁਰੱਸਤੀ ਪੌੜੀਆਂ ਉਤਰ ਮੈਰਿਜ ਪੈਲੇਸ ਦੇ ਛੋਟੇ ਗੇਟ ਕੋਲ ਚਲੀ ਜਾਵੇਗੀ, ਜਿਥੋਂ ਜਗਤਾਰ ਉਸ ਨੂੰ ਆਪਣੇ ਮੋਟਰ ਸਾਈਕਲ ਉਤੇ ਲੈ ਜਾਵੇਗਾ। ਪਰ ਜਿਉਂ ਹੀ ਉਹ ਪੌੜੀਆਂ ਉਤਰੀ, ਉਸ ਨੇ ਦੇਖਿਆ ਕਿ ਹਾਲ ਦੇ ਮੇਨ ਗੇਟ ਮੂਹਰੇ ਕੁੜੀਆਂ ਰਿਬਨ ਦਾ ਨਾਕਾ ਲਾ ਕੇ ਲਾੜੇ ਨੂੰ ਘੇਰੀ ਖੜ੍ਹੀਆਂ ਸਨ। ਉਹ ਉਧਰ ਨੂੰ ਵਧੀ ਤਾਂ ਊਸ਼ਾ ਦੇਵੀ ਨੇ ਜਿਵੇਂ ਉਸ ਨੂੰ ਘੇਰ ਹੀ ਲਿਆ। ਉਸ ਨੇ ਆਪਣੀ ਮਾਂ ਨੂੰ ਇਕ ਪਾਸੇ ਧੱਕ ਦਿੱਤਾ ਤੇ ਬਰਾਤੀਆਂ ਵਿਚ ਵੜਦੀ ਨਾਕੇ ਲਾਗੇ ਬੋਲੀ, "ਅੰਕਲ ਜੀ, ਹੁਣ ਇਹ ਨਾਕਾ ਕਦੀ ਨਹੀਂ ਟੁੱਟੇਗਾ। ਮੈਂ ਤੁਹਾਡੀ ਧੀ ਵਰਗੀ ਹਾਂ, ਕਿਰਪਾ ਕਰਕੇ ਇਹ ਬਰਾਤ ਵਾਪਸ ਲੈ ਜਾਓ।"

ਇੰਨਾ ਕਹਿ ਕੇ ਉਹ ਮੁੜ ਬਰਾਤੀਆਂ ਵਿਚੋਂ ਲੰਘਣ ਲੱਗੀ। ਇੰਝ ਲਗਦਾ ਸੀ ਕਿ ਜਿਵੇਂ ਕਿਸੇ ਚੰਡੀ ਦੀ ਰੂਹ ਉਸ ਵਿਚ ਆ ਗਈ ਹੋਵੇ। ਸਭ ਨੇ ਉਸ ਲਈ ਰਾਹ ਬਣਾ ਦਿੱਤਾ। ਉਹ ਹਿੱਕ ਤਾਣੀ ਉਨ੍ਹਾਂ ਵਿਚੋਂ ਲੰਘ ਛੋਟੇ ਗੇਟ ਵੱਲ ਚਲੀ ਗਈ।

--------------------

### ਵਰ ਦੀ ਲੋੜ

**Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.**
**Email: baljitsall62@hotmail.com**

### ਕੰਨਿਆ ਦੀ ਲੋੜ

Jat Sikh parents from U.S, seeking match for their U.S born son, handsome, 29, 6'-0", running his own franchised business after graduating from business school. Preferably Jat Sikh girl, 5`-5`` to 5`-7``, fair complexioned, education in the medical related fields such as Nursing or any technical fields.
E-mail: rnnahal@gmail.com

# Matrimonial

### ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

### ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

### ਵਰ ਦੀ ਲੋੜ

ਜੱਟ ਸਿੱਖ ਚੰਡੀਗੜ੍ਹ (ਭਾਰਤ) ਵਾਸੀ 31 ਸਾਲਾ 5'3" ਡੈਂਟਿਸ ਤੇ ਮਾਸਟਰਜ਼ ਆਫ਼ ਪਬਲਿਕ ਹੈਲਥ, ਸੋਹਣੀ-ਸੁੱਨਖੀ ਲੜਕੀ ਲਈ ਯੋਗ ਵਰ ਦੀ ਜਰੂਰਤ ਹੈ। ਲੜਕਾ ਕਨੇਡਾ ਦਾ ਪੱਕਾ ਵਾਸੀ ਜਾਂ ਸਿਟੀਜਨ ਹੋਣਾ ਚਾਹੀਦਾ ਹੈ। 011-91-98728-92317 (ਭਾਰਤ), 780-298-1234 (ਕਨੇਡਾ) 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਕੰਨਿਆ ਦੀ ਲੋੜ

Seeking beautiful & compatible match for handsome professionally qualified Assistant Professor, 4.12 AM, 18-11-12, 6', Ludhiana born boy from reputed family of Mullapur (LDH.) Father Associate Professor in Govt. College, having 16 acres of agricultural land and urban properties. Only son, two sisters married. Pretty and educated girl required. contact 98785-31166, navneen.mlp@gmail.com

# Classified Plus

### Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

**SOLD**

### HOUSE FOR RENT

3 bedroom bungalow, 2 bathrooms, and double attached garage on Acreage. Rent including utility in Beaumont. House has a location in front of shopping mall and golf course. Call: 780 929 9504.

**RENTED**




## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811




## Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL REALTY GROUP





Cell: 780-909-5154
9222-51 Avenue, Edmonton, AB T6E 5L8
Phone: 780-439-9818, Fax: 780-439-1257

# ਵੇਖਿਆ ਸ਼ਹਿਰ ਬੰਬਈ



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਮੈਂ ਅਪਣਾ ਕਰੈਡਿਟ ਕਾਰਡ ਦੇ ਕੇ ਮੰਗਲ ਦੀ 'ਵਨ ਵੇ' ਟਿਕਟ ਖਰੀਦਦਾ ਹਾਂ ਤੇ ਫਿਰ ਅੰਦਰੋਂ ਹੀ ਅੰਦਰ ਥੱਲੇ ਉਤਰ ਕੇ ਏਅਰਲਾਈਨ ਦੀ ਡੈਸਕ ਤੇ ਉਸਦੀ ਚੈੱਕਇਨ ਕਰਵਾ ਕੇ ਸੁੱਖ ਦਾ ਸਾਹ ਲੈਂਦਾ ਹਾਂ। ਮੰਗਲ ਅੰਦਰ ਚਲਿਆ ਗਿਆ। ਮੈਂ ਤੇ ਗੁਰਿੰਦਰ ਚੈੱਕਇਨ ਟਰਮੀਨਲ ਅੰਦਰੋਂ ਜਦ ਬਾਹਰ ਨਿਕਲਣ ਲਈ ਦਰਵਾਜ਼ੇ ਕੋਲ ਆਉਂਦੇ ਹਾਂ ਤਾਂ ਸਕਿਉਰਿਟੀ ਵਾਲਿਆਂ ਸਾਨੂੰ ਰੋਕ ਲਿਆ।

ਕਹਿਣ ਲੱਗੇ, 'ਪਾਸਪੋਰਟ ਵਿਖਾਓ, ਤੁਸੀਂ ਅੰਦਰ ਕਿਵੇਂ ਆਏ?' ਅਸੀਂ ਅਪਣੀ ਸਾਰੀ ਹਾਲਤ ਦੱਸੀ ਕਿ ਕਿਵੇਂ ਅਸੀਂ ਬਾਹਰੋ ਬਾਹਰ ਉਪਰ ਏਅਰਲਾਈਨਜ਼ ਦੇ ਦਫਤਰ ਗਏ ਸਾਂ, ਉਪਰੋਂ ਹੀ ਅੰਦਰ ਉੱਤਰ ਕੇ ਅਪਣੇ ਦੋਸਤ ਦੀ ਚੈਕਇਨ ਕਰਵਾ ਕੇ ਹੁਣ ਵਾਪਸ ਘਰ ਜਾ ਰਹੇ ਹਾਂ। ਸਾਡੇ ਹੱਥ ਖਾਲੀ ਨੇ , ਸਾਡੇ ਕੋਲੋਂ ਗਲਤੀ ਹੋ ਗਈ ਜੇ ਪਹਿਲੇ ਪਤਾ ਹੁੰਦਾ ਤਾਂ ਪਾਸਪੋਰਟ ਨਾਲ ਲੈ ਆਉਂਦੇ। ਇਕ ਸਕਿਉਰਿਟੀ ਵਾਲਾ ਕਹਿਣ ਲੱਗਾ, 'ਤੁਹਾਨੂੰ ਪਤੈ ਕਿ ਅਸੀਂ ਤੁਹਾਨੂੰ ਰਾਤ ਭਰ ਲਈ ਅੰਦਰ ਕਰ ਸਕਦੇ ਹਾਂ, ਜੇ ਬਾਹਰ ਨਿਕਲਣਾ ਹੈ ਤਾਂ ਰੁਪਈਆ ਪੰਜ ਸੌ ਫੜਾਓ ਤੇ ਮੈਂ ਉਹ ਸਾਹਮਣੇ ਬੈਠੇ ਵੱਡੇ ਸਾਹਿਬ ਨੂੰ ਕਹਿ ਕੇ ਬਾਹਰ ਕਢਵਾ ਦਿੰਦਾ ਹਾਂ.... ਨਹੀਂ ਤਾਂ ਉਸ ਮੰਨਣਾ ਨਹੀਂ।

ਮੈਂ ਪਹਿਲਾਂ ਹੀ ਸ਼ਾਮ ਤੋਂ ਪਰੇਸ਼ਾਨ ਹੋਇਆ ਹੋਇਆ ਸਾਂ, ਜੇਬ ਵਿਚ ਪੌਂਡ ਸਨ ਪਰ ਪੰਜ ਸੌ ਰੁਪਿਆ ਨਹੀਂ ਸੀ... ਇਸ ਲਈ ਪੌਂਡ ਵਿਖਾ ਕੇ ਹੋਰ ਫਸਣਾ ਨਹੀਂ ਸੀ ਚਾਹੁੰਦਾ। ਗਾਰਡ ਐਵੇਂ ਗਰਮ ਹੋਈ ਜਾ ਰਿਹਾ ਸੀ। ਮੈਂ ਵੀ ਥੋੜ੍ਹਾ ਗਰਮ ਹੋ ਗਿਆ ਕਿ ਅਸੀਂ ਸੱਚ ਸੱਚ ਉਹਨਾਂ ਨੂੰ ਦੱਸ ਦਿੱਤਾ ਹੈ ਕਿ ਕਿਹੜੀਆਂ ਹਾਲਤਾਂ ਵਿਚ ਅਸੀਂ ਅੰਦਰ ਆਏ ਸਾਂ, ਅਸੀਂ ਸਕਿਉਰਿਟੀ ਲਈ ਕੋਈ ਖ਼ਤਰਾ ਨਹੀਂ ਸਾਂ ਬੱਸ ਨਾ ਸਮਝੀ ਵਿਚ ਗਲਤੀ ਹੋ ਗਈ ਸੀ।

ਗੁਰਿੰਦਰ ਗਾਰਡ ਨੂੰ ਸਮਝਾਉਣ ਲੱਗਾ ਕਿ ਇਹ ਮੇਰਾ ਵਲੈਤੀ ਮਾਮਾ ਹੈ, ਇਸ ਨਾਲ ਜ਼ਿਆਦਾ ਗਰਮੀ ਨਾਲ ਪੇਸ਼ ਨਾ ਆਓ ਨਹੀਂ ਤਾਂ ਇਹ ਤੁਹਾਡੀ ਸ਼ਿਕਾਇਤ ਕਰ ਦੇਵੇਗਾ। ਏਨੇ ਨੂੰ ਇਕ ਹੋਰ ਸਕਿਉਰਿਟੀ ਗਾਰਡ ਜੋ ਜ਼ਰਾ ਪਰੇ ਖੜ੍ਹਾ ਸਾਡੀ ਬਹਿਸ ਸੁਣ ਰਿਹਾ ਸੀ ਆ ਕੇ ਗੁਰਿੰਦਰ ਨੂੰ ਕਹਿਣ ਲੱਗਾ,

''ਬਾਤ ਸੁਨੋ ਭਈਆ, ਯਹ ਮਾਮਾ ਹੋਗਾ ਆਪਕਾ, ਯਾ ਮਾਮਾ ਹੋਗਾ ਵਲੈਤ ਮੇਂ, ਯਹ ਤੋ ਇੰਡੀਆ ਹੈ, ਯਹਾਂ ਤੋ ਹਮ ਇਸਕੇ ਮਾਮੇ ਹੈਂ.... ਬਾਹਰ ਜਾਨਾ ਹੈ ਤੋ ਪਾਂਚ ਸੌ ਸੇ ਕਮ ਨਹੀਂ ਲੱਗੇਗਾ।'' ਗੁਰਿੰਦਰ ਨੇ ਮੈਨੂੰ ਚੁੱਪ ਕਰਕੇ ਇਕ ਸਾਈਡ 'ਤੇ ਹੋ ਜਾਣ ਲਈ ਕਿਹਾ। ਆਖਿਰ ਗੁਰਿੰਦਰ ਨੇ ਦੋ ਸੌ ਰੁਪਏ ਵਿਚ ਡੀਲ ਮਾਰ ਲਈ। ਜਦ ਅਸੀਂ ਭਰੇ ਪੀਤੇ ਦਰਵਾਜ਼ੇ ਤੋਂ ਬਾਹਰ ਨਿਕਲਣ ਲੱਗੇ ਤਾਂ ਦੋਵੇਂ ਗਾਰਡ ਹੱਸ ਕੇ ਕਹਿਣ ਲੱਗੇ, ''ਨਮਸ਼ਕਾਰ ਮਾਮਾ ਜੀ, ਯਹ ਇੰਡੀਆ ਹੈ ਵਲਾਇਤ ਨਹੀਂ, ਆਗੇ ਸੇ ਐਸਾ ਪੰਗਾ ਮੱਤ ਲਈਓ'' ਰਾਤ ਦੇ ਢਾਈ ਤਿੰਨ ਵਜੇ ਘਰ ਆ ਕੇ ਮੈਂ ਇਕ ਮੋਟਾ ਸਾਰਾ ਵਿਸਕੀ ਦਾ ਪੈਗ ਬਣਾਇਆ, ਅੱਠ ਘੰਟੇ ਦੀ ਸਹੇੜੀ ਪਰੇਸ਼ਾਨੀ ਨੂੰ ਦੂਰ ਕਰਕੇ ਸਰੂਰ ਵਿਚ ਉਡਣ ਲੱਗਾ। ... ਤੇ ਉਧਰ ਮੰਗਲ ਬ੍ਰਿਟਿਸ਼ ਏਅਰਵੇਜ਼ ਦੀ ਫਲਾਈਟ ਵਿਚ ਬੈਠਾ ਲੰਡਨ ਵੱਲ ਉਡੀ ਜਾ ਰਿਹਾ ਸੀ। ਇਹ ਪਹਿਲੀ ਵਾਰ ਸੀ ਜਦ ਮੈਂ ਬੰਬਈ ਦੋ ਮਹੀਨੇ ਤੋਂ ਵੱਧ ਠਹਿਰ ਰਿਹਾ ਸਾਂ। ਮੰਗਲ ਦੋ ਹਫਤੇ ਬਾਅਦ ਹੀ ਫਿਰ ਵਾਪਿਸ ਆ ਗਿਆ। ਨਿੰਦਰ ਬਾਰੇ ਉਹ ਜ਼ਿਆਦਾ ਗੱਲ ਨਹੀਂ ਸੀ ਕਰਨੀ ਚਾਹੁੰਦਾ। ਕਹਿਣ ਲੱਗਾ, ''ਬਸ ਹੁਣ ਠੀਕ ਹੈ, ਕੋਈ ਖਾਸ ਗੱਲ ਨਹੀਂ ਸੀ, ਐਵੇਂ ਡਿਪਰੈਸ਼ਨ ਦੀ ਬਿਮਾਰੀ ਲਾ ਲਈ ਹੈ, ਗੋਲੀਆਂ ਖਾ ਰਹੀ ਹੈ, ਠੀਕ ਹੋ ਜਾਵੇਗੀ... ਸਾਡੀਆਂ ਬੁੱਢੀਆਂ ਤਾਂ ਐਵੇਂ ਦਿਮਾਗ ਖਰਾਬ ਕਰਦੀਆਂ ਰਹਿੰਦੀਆਂ, ਲੱਗਦਾ ਸੀ ਕਿ ਉਸ ਨੂੰ ਅਪਣੇ ਪਰਿਵਾਰ ਵਿਚ ਕੋਈ ਦਿਲਚਸਪੀ ਨਹੀਂ ਸੀ। ਬਾਅਦ ਵਿਚ ਮੈਨੂੰ ਮਦਨ ਕੋਲੋਂ ਪਤਾ ਲੱਗਾ ਕਿ ਉਹ ਫਿਰ ਬਾਂਦਰਾ ਦੋਨਾਂ ਭੈਣਾਂ ਕੋਲ ਵਾਪਿਸ ਚਲਿਆ ਗਿਆ ਸੀ... ਸੰਗੀਤ ਦੀ ਵਿੱਦਿਆ ਦੇਣ... ਰੇਲ ਗੱਡੀ ਚਲਾਉਣ।

ਮੇਰੇ ਜ਼ਿਆਦਾ ਦੇਰ ਰੁਕਣ ਦਾ ਕਾਰਨ ਇਹ ਵੀ ਸੀ ਕਿ ਇਕ ਸ਼ੂਟਿੰਗ ਸ਼ੈਡੂਅਲ ਤੋਂ ਇਲਾਵਾ ਮੰਗਲ ਦੀ ਆਵਾਜ਼ ਵਿਚ ਰੇਲ ਗੱਡੀ ਵਾਲਾ ਗਾਣਾ ਵੀ ਰਿਕਾਰਡ ਕਰਵਾਉਣਾ ਸੀ। ਮੈਂ ਮੰਗਲ ਨੂੰ ਕਈ ਵਾਰੀ ਰਾਮ ਲਕਸ਼ਮਨ ਨਾਲ ਗੱਲ ਕਰਕੇ ਰੀਹਰਸਲ ਕਰਨ ਲਈ ਕਿਹਾ ਸੀ ਪਰ ਉਹ ਹਰ ਵਾਰ ਟਾਲ ਮਟੋਲ ਹੀ ਕਰੀ ਜਾ ਰਿਹਾ ਸੀ। ਦੋ ਦਿਨ ਬਾਅਦ ਰਿਕਾਰਡਿੰਗ ਸੀ, ਮੈਨੂੰ ਫਿਕਰ ਲੱਗਾ ਹੋਇਆ ਸੀ। ਪੰਜਾਬੀ ਦੀ ਇਹ ਰੇਲ ਗੱਡੀ ਪਹਿਲੇ ਤਾਂ ਮੇਰੀ ਫਿਲਮ ਵਿਚ ਕਿਧਰੇ ਚੰਗੀ ਤਰ੍ਹਾਂ ਫਿੱਟ ਨਹੀਂ ਸੀ ਹੋ ਰਹੀ, ਮੈਂ ਕਹਿ ਕੇ ਜ਼ਬਰਦਸਤੀ ਇਸ ਲਈ ਸਿਚੂਏਸ਼ਨ ਕਰੀਏਟ ਕਰਵਾਈ ਸੀ ਪਰ ਹੁਣ ਉਹ ਨਾਂਹ ਨੁੱਕਰ ਵਾਲੀ ਗੱਲ ਕਰੀ ਜਾ ਰਿਹਾ ਸੀ। ਅਸਲ ਵਿਚ ਉਹਨੀਂ ਦਿਨੀਂ ਧਰਮਿੰਦਰ ਦੀ ਇਕ ਫਿਲਮ ਲਈ ਸੰਗੀਤਕਾਰ ਭੱਪੀ ਲਹਿਰੀ ਵੀ ਇਹ ਗਾਣਾ ਰਿਕਾਰਡ ਕਰਨ ਦੀ ਸੋਚ ਰਿਹਾ ਸੀ ਤੇ ਉਹ ਮੇਰੀ ਫਿਲਮ ਨਾਲੋਂ ਉਸ ਨੂੰ ਤਰਜੀਹ ਦੇ ਰਿਹਾ ਸੀ। ਉਸ ਨੂੰ ਇਹ ਸ਼ੱਕ ਸੀ ਕਿ ਸ਼ਾਇਦ ਉਹ ਫਿਲਮ ਮੇਰੀ ਫਿਲਮ ਤੋਂ ਪਹਿਲਾਂ ਰਿਲੀਜ਼ ਹੋ ਜਾਵੇਗੀ। ਆਖਰ ਉਹ ਵਾਅਦਾ ਕਰਕੇ ਵੀ ਰਿਕਾਰਡਿੰਗ 'ਤੇ ਨਾ ਪਹੁੰਚਿਆ ਤੇ ਅਸੀਂ ਫਿਰ ਇਹ ਗਾਣਾ ਮਦਰਾਸ ਦੇ ਸਿੰਗਰ ਬਾਲਾ ਸੁਬਰਾਮਨੀਅਮ ਕੋਲੋਂ ਡੱਬ ਕਰਵਾਇਆ। ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਧਰਮਿੰਦਰ ਦੀ ਉਸ ਫਿਲਮ ਵਿਚ ਵੀ ਮੰਗਲ ਇਹ ਗੱਡੀ ਨਾ ਗਾ ਸਕਿਆ।

ਫਿਲਮ ਜਾਂ ਤਾਂ ਬਣੀ ਹੀ ਨਹੀਂ ਜਾਂ ਫਿਰ ਥੋੜ੍ਹੀ ਬਹੁਤ ਬਣ ਕੇ ਡੱਬੇ ਵਿਚ ਬੰਦ ਹੋ ਗਈ ਸੀ। ਬੇਵਫਾਈ ਕੀ ਹੁੰਦੀ ਹੈ, ਇਹ ਮੰਗਲ ਨੇ ਮੈਨੂੰ ਵਿਖਾ ਦਿੱਤਾ ਸੀ। ਇਸ ਗੱਲ ਨੂੰ ਬੀਤਿਆਂ ਅੱਜ ਲਗਭਗ ਪੰਦਰਾਂ ਸਾਲ ਹੋ ਚੁੱਕੇ ਨੇ, ਇਸ ਤੋਂ ਬਾਅਦ ਮੈਂ ਉਸ ਨੂੰ ਅਪਣੀ ਡਾਇਰੀ ਵਿਚੋਂ ਕੱਢ ਦਿੱਤਾ ਤੇ ਅੱਜ ਤੱਕ ਦੁਬਾਰਾ ਕਦੇ ਨਹੀਂ ਵੇਖਿਆ। ਸਾਊਥਾਲ ਵਿਚ ਪੰਜਾਬੀਆਂ ਦੀ ਇਕ ਡਬਲ ਗਲੇਜ਼ਿੰਗ ਵੀ ਬੜੀ ਹੀ ਮਸ਼ਹੂਰ ਕੰਪਨੀ ਹੈ। ਬਹੁਤ ਅੱਛਾ ਤੇ ਪੁਰਾਣਾ ਕਾਮਯਾਬ ਕਾਰੋਬਾਰ ਸੀ ਉਹਨਾਂ ਦਾ। ਇਸ ਕੰਪਨੀ ਦਾ ਇਕ ਪਾਰਟਨਰ ਜੋਸ਼ੀ ਵੀ ਉਹਨੀਂ ਦਿਨੀਂ ਫਿਲਮ ਬਣਾਉਣ ਦੀ ਇਸ ਬਿਮਾਰੀ ਨੂੰ ਲੈ ਕੇ ਬੰਬਈ ਟਿਕਿਆ ਹੋਇਆ ਸੀ। ਸਾਡੇ ਦੋਹਾਂ ਦਾ ਇਕ ਹੀ ਅਕਾਊਂਟੈਂਟ ਸੀ ਅਨਿਲ ਸੇਖੜੀ, ਉਸਦੇ ਰਾਹੀਂ ਹੀ ਸਾਡੀ ਪਹਿਲੀ ਮੁਲਾਕਾਤ ਹੋਈ ਸੀ ਤੇ ਇਸ ਤੋਂ ਬਾਅਦ ਅਸੀਂ ਗਾਹੇ ਬਗਾਹੇ ਮਿਲਦੇ ਰਹਿੰਦੇ ਸਾਂ।

ਫਿਲਮ ਦੇ ਇਕ ਵੱਡੇ ਰੋਲ ਲਈ ਉਸ ਧਰਮਿੰਦਰ ਨੂੰ ਸਾਈਨ ਕਰ ਰੱਖਿਆ ਸੀ ਤੇ ਡਾਇਰੈਕਸ਼ਨ ਲਈ ਪੰਜਾਬੀ ਦੀ ਇਕ ਪੁਰਾਣੀ ਫਿਲਮ ਦਾ ਡਾਇਰੈਕਟਰ। ਧਰਮਿੰਦਰ ਕੋਲ ਉਹਨੀਂ ਦਿਨੀਂ ਕੋਈ ਖਾਸ ਕੰਮ ਨਹੀਂ ਸੀ ਇਸੇ ਲਈ ਉਹ ਇਸ ਛੋਟੇ ਡਾਇਰੈਕਟਰ ਥੱਲੇ ਮਿਸਟਰ ਜੰਗਲੀ ਨਾਂਅ ਦੀ ਫਿਲਮ ਵਿਚ ਕੰਮ ਕਰਨ ਲਈ ਸ਼ਾਇਦ ਰਾਜ਼ੀ ਹੋ ਗਿਆ ਸੀ। ਹੁਣ ਉਹ ਰੋਮਾਂਟਿਕ ਰੋਲ ਲਈ ਕਿਸੇ ਵੱਡੇ ਹੀਰੋ ਦੀ ਭਾਲ ਵਿਚ ਸਨ। ਧਰਮਿੰਦਰ ਦਾ ਨਾਂ ਲੈ ਲੈ ਉਹਨਾਂ ਕਈਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਵੀ ਸਟਾਰ ਇਸ ਡਾਇਰੈਕਟਰ ਨਾਲ ਕੰਮ ਕਰਨ ਲਈ ਤਿਆਰ ਨਹੀਂ ਸੀ ਹੋ ਰਿਹਾ।

ਇਕ ਦਿਨ ਉਹਨਾਂ ਅਪਣੀ ਇਹ ਮੁਸ਼ਕਲ ਧਰਮਿੰਦਰ ਨੂੰ ਮਿਲ ਕੇ ਦੱਸੀ। ਉਸ ਦਿਨ ਜੋਸ਼ੀ ਦੇ ਨਾਲ ਡਾਇਰੈਕਟਰ ਤੋਂ ਇਲਾਵਾ ਲੰਡਨ ਤੋਂ ਗਿਆ ਜੋਸ਼ੀ ਦਾ ਛੋਟਾ ਭਰਾ ਵੀ ਸੀ ਜੋ ਥੋੜ੍ਹੇ ਦਿਨਾਂ ਲਈ ਭਰਾ ਜੋਸ਼ੀ ਨੂੰ ਮਿਲਣ ਬੰਬਈ ਆਇਆ ਹੋਇਆ ਸੀ। ਧਰਮਿੰਦਰ ਉਸ ਨੂੰ ਵੇਖ ਕੇ ਕਹਿਣ ਲੱਗਾ, ''ਕਮਲਿਓ ਹੀਰੋ ਤਾਂ ਤੁਹਾਡੇ ਘਰ ਇਹ ਮੁੰਡਾ ਬੈਠਾ ਹੈ ਤੇ ਤੁਸੀਂ ਬਾਹਰ ਲੱਭਦੇ ਫਿਰਦੇ ਹੋ, ਇਸ ਨੂੰ ਹੀਰੋ ਬਣਾਵੋ ਨਾ, ਕਿੰਨਾ ਸੋਹਣਾ ਤੇ ਜਵਾਨ ਮੁੰਡਾ ਹੈ ਤੁਹਾਡੇ ਕੋਲ।'' ''ਕੀ ਤੁਸੀਂ ਇਸ ਨਵੇਂ ਮੁੰਡੇ ਨਾਲ ਕੰਮ ਕਰਨ ਲਈ ਤਿਆਰ ਹੋਵੋਗੇ'' ਜੋਸ਼ੀ ਨੇ ਸਵਾਲ ਕੀਤਾ। ''ਲੈ ਮੈਨੂੰ ਕੀ ਇਤਰਾਜ਼ ਹੈ, ਤੁਸੀਂ ਇਸ ਨੂੰ ਤਿਆਰ ਕਰੋ, ਐਕਟਿੰਗ ਦੀ ਟਰੇਨਿੰਗ ਦਿਵਾਉ ਕਿਸੇ ਸਕੂਲ ਵਿਚ ਥੋੜ੍ਹੇ ਦਿਨਾਂ ਲਈ... ਮੈਂ ਤੁਹਾਡੇ ਨਾਲ ਹਾਂ'' ਧਰਮਿੰਦਰ ਨੇ ਉਹਨਾਂ ਨੂੰ ਵਿਸ਼ਵਾਸ ਦੁਆਇਆ। ਸਾਰੇ ਜਣੇ ਹਵਾ ਵਿਚ ਤਾਰੀਆਂ ਲਾਉਂਦੇ ਘਰ ਆ ਗਏ। ਮੁੰਡੇ ਨੂੰ ਹੀਰੋ ਬਣਾਉਣ ਲਈ ਐਕਟਿੰਗ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ। ਮੁੰਡੇ



ਦਾ ਨਾਂਅ ਵੀ ਬਦਲ ਕੇ ਫਿਲਮੀ ਨਾਂਅ ਆਕਾਸ਼ ਰੱਖ ਦਿੱਤਾ। ਇਹ ਇਕ ਐਕਸ਼ਨ ਫਿਲਮ ਸੀ, ਜਿਸ ਵਿਚ ਹੀਰੋ ਨੇ ਘੋੜ ਸਵਾਰੀ ਵੀ ਬਹੁਤ ਕਰਨੀ ਸੀ। ਜੁਹੂ ਬੀਚ ਤੇ ਜੋਸ਼ੀ ਦਾ ਛੋਟਾ ਭਰਾ ਘੋੜਾ ਦੁੜਾਉਣ ਲੱਗਾ ਤੇ ਇੱਧਰ ਡਬਲ ਗਲੇਜ਼ਿੰਗ ਕੰਪਨੀ ਵਿਚ ਇਕ ਬੰਦਾ ਹੋਰ ਘਟ ਗਿਆ।

ਜੁਹੂ ਦੇ ਇਕ ਥੀਏਟਰ ਵਿਚ ਫਿਲਮ ਦਾ ਮਹੂਰਤ ਹੋਇਆ। ਸਟੇਜ 'ਤੇ ਧਰਮਿੰਦਰ, ਜੋਸ਼ੀ, ਡਾਇਰੈਕਟਰ ਤੇ ਹੀਰੋ ਬਣਿਆ ਨਵਾਂ ਮੁੰਡਾ ਲੈਦਰ ਦਾ ਫਿਲਮੀ ਡਰੈਸ ਪਾਈ ਇਕ ਸ਼ਾਟ ਦੇ ਰਹੇ ਸਨ। ਕੇਕ ਕੱਟਿਆ ਗਿਆ, ਤਾੜੀਆਂ ਵਜਾਈਆਂ ਗਈਆਂ, ਵਧਾਈਆਂ ਦਿੱਤੀਆਂ ਗਈਆਂ। ਮੈਂ ਵੀ ਇਸ ਮਹੂਰਤ ਵਿਚ ਸ਼ਾਮਲ ਸਾਂ। ਇਸ ਤਰ੍ਹਾਂ ਕੋਈ ਸੱਤ ਅੱਠ ਮਹੀਨੇ ਲੰਘ ਗਏ। ਮੈਂ ਜਦ ਵੀ ਬੰਬਈ ਜਾਵਾਂ, ਜੋਸ਼ੀ ਨੂੰ ਜ਼ਰੂਰ ਮਿਲ ਕੇ ਫਿਲਮ ਦੀ ਪ੍ਰੋਗਰੈਸ ਬਾਰੇ ਪੁੱਛਣਾ। ਹਰ ਵਾਰੀ ਉਸ ਕਹਿਣਾ:-''ਧਰਮਿੰਦਰ ਭਾਜੀ ਡੇਟਾਂ ਨਹੀਂ ਦੇ ਰਹੇ, ਕਹਿੰਦੇ ਆ ਪਹਿਲੇ ਮੁੰਡੇ ਨੂੰ ਚੰਗੀ ਤਰ੍ਹਾਂ ਘੋੜ ਸਵਾਰੀ ਸਿਖਾਓ ਕਿਉਂਕਿ ਫਿਲਮ ਵਿਚ ਦੋ ਘੋੜਿਆਂ ਦੀ ਜ਼ਬਰਦਸਤ ਦੌੜ ਹੈ, ਅਸੀਂ ਮੁੰਡੇ ਨੂੰ ਘੋੜ ਸਵਾਰੀ ਵੀ ਸਿਖਾ ਦਿੱਤੀ ਹੈ ਪਰ ਡੇਟਾਂ ਫਿਰ ਵੀ ਨਹੀਂ ਦੇ ਰਹੇ।'' ''ਸੱਗੂ ਸਾਹਿਬ ਕੀ ਦੱਸੀਏ, ਧਰਮਿੰਦਰ ਭਾਜੀ ਦੇ ਘਰ ਅੱਗੇ ਮੱਥੇ ਰਗੜ ਰਗੜ ਕੇ ਸਾਡੇ ਅਪਣੇ ਘੋੜੇ ਡਾਊਨ ਹੋ ਗਏ ਹਨ, ਸਮਝ ਨਹੀਂ ਆਉਂਦੀ ਕੀ ਕਰੀਏ...'' ਜਦੋਂ ਦੋ ਰੋਗੀ ਆਪਸ ਵਿਚ ਕਿਧਰੇ ਡਾਕਟਰ ਦੀ ਸਰਜਰੀ ਵਿਚ ਮਿਲਦੇ ਹਨ ਤਾਂ ਉਹ ਆਪੋ ਅਪਣੇ ਦੁੱਖਾਂ ਦਾ ਵਟਾਂਦਰਾ ਕਰਦੇ ਹਨ, ਕਿਹੜਾ ਡਾਕਟਰ ਹੈ? ਕਿਹੜੀ ਦਵਾ ਖਾਧੀ ਜਾ ਰਹੀ ਹੈ, ਬਿਮਾਰੀ ਵਿਚ ਇਲਾਜ ਨਾਲ ਫਰਕ ਪੈ ਰਿਹਾ ਹੈ ਕਿ ਨਹੀਂ? ਡਾਕਟਰ ਬਦਲ ਲਿਆ ਜਾਵੇ? ਦਵਾਈ ਬਦਲ ਲਈ ਜਾਵੇ... ਦੇਸੀ ਇਲਾਜ...? ਬਸ ਸਾਡਾ ਹਾਲ ਵੀ ਕੁਝ ਇਸ ਤਰ੍ਹਾਂ ਦਾ ਹੀ ਸੀ ਉਹਨੀਂ ਦਿਨੀਂ। ਅਸੀਂ ਇਕ ਦੂਸਰੇ ਨੂੰ ਮਿਲ ਕੇ ਅਪਣੇ ਦੁੱਖਾਂ ਦੀ ਕਹਾਣੀ ਸਾਂਝੀ ਕਰਦੇ ਸਾਂ, ਇਲਾਜ ਢੂੰਡਦੇ ਸਾਂ। ਦਾਰੂ ਦੇ ਨਸ਼ੇ ਵਿਚ ਡੁੱਬੇ ਇਕ ਦਿਨ ਬੰਬਈ ਵਿਚ ਕਾਮਯਾਬੀ ਦੇ ਝੰਡੇ ਗੱਡਣ ਦੇ ਇਰਾਦਿਆਂ ਨੂੰ ਪੱਕਾ ਕਰਦੇ ਸਾਂ। ਗਲਾਸ ਟਕਰਾਉਂਦੇ ਸਾਂ ਤੇ ਅਗਲੀ ਸਵੇਰ ਫਿਰ ਮੁਸੀਬਤਾਂ ਨਾਲ ਮੱਥਾ ਟਕਰਾਉਣ ਲਈ ਤਿਆਰ ਹੁੰਦੇ ਸਾਂ। ਜੋਸ਼ੀ ਤਿੰਨ ਚਾਰ ਸਾਲ ਬੰਬਈ ਵਿਚ ਬਰਬਾਦ ਕਰਕੇ ਨਾ ਤਾਂ ਮਹੂਰਤ ਕੀਤੀ ਫਿਲਮ ਬਣਾ ਸਕਿਆ ਤੇ ਨਾ ਹੀ ਅਪਣੇ ਭਰਾ ਨੂੰ ਹੀਰੋ ਬਣਾ ਸਕਿਆ। ਦੋਵੇਂ ਭਰਾ ਲੱਖਾਂ ਰੁਪਿਆ ਬਰਬਾਦ ਕਰਕੇ ਵਾਪਸ ਲੰਡਨ ਪਰਤ ਆਏ। ਅਹਿਮਦ ਨਗਰ ਮਹਾਰਾਸ਼ਟਰਾ ਦਾ ਇਕ ਸ਼ਹਿਰ ਹੈ, ਪੂਨਾ ਤੋਂ ਕੁਝ ਅੱਗੇ। ਇੱਥੇ ਇੰਡਸਟਰੀ ਵੀ ਕਾਫੀ ਹੈ, ਘੁੱਗ ਵਸਦਾ ਸ਼ਹਿਰ। ਇਥੋਂ ਦਾ ਇਕ ਇੰਡਸਟਰੀਅਲ ਘਰਾਣਾ ਸੀ, ਆਰ.ਕੇ. ਇੰਜੀਨੀਅਰਿੰਗ। ਤਿੰਨ ਭਰਾਵਾਂ ਦਾ ਸਾਂਝਾ ਕਾਰੋਬਾਰ ਸੀ ਇਹ। ਇਹਨਾਂ ਦੀ ਇੰਡਸਟਰੀ ਦਾ ਇਕ ਯੂਨਿਟ ਗਾਣਿਆਂ ਦੀਆਂ ਕੈਸੇਟਾਂ ਵਿਚ ਲੱਗਣ ਵਾਲੀ ਫਿਲਮ ਬਣਾਉਂਦਾ ਸੀ ਤੇ ਮਿਊਜ਼ਿਕ ਕੰਪਨੀਆਂ ਨੂੰ ਸਪਲਾਈ ਕਰਦਾ ਸੀ।

ਇਹਨਾਂ ਨੇ ਅਪਣੇ ਬਿਜ਼ਨਿਸ ਨੂੰ ਹੋਰ ਵਧਾਉਣ ਲਈ ਬੰਬਈ ਵਿਚ ਇਕ ਅਪਣੀ ਹੀ ਮਿਊਜ਼ਿਕ ਕੰਪਨੀ ਖੋਲ੍ਹ ਲਈ। ਦੂਸਰੀਆਂ ਮਿਊਜ਼ਿਕ ਕੰਪਨੀਆਂ ਵਿਚ ਕੰਮ ਕਰ ਰਹੇ ਚੰਗੇ ਮੈਨੇਜਰਾਂ ਨੂੰ ਵੱਧ ਪੈਸੇ ਦੇ ਕੇ ਅਪਣੀ ਕੰਪਨੀ ਵਿਚ ਲੈ ਆਂਦਾ ਤੇ ਫਿਲਮਾਂ ਦਾ ਮਿਊਜ਼ਿਕ ਖਰੀਦਣਾ ਸ਼ੁਰੂ ਕਰ ਦਿੱਤਾ। ਜਿਹੜੀਆਂ ਕੁਝ ਪਹਿਲੀਆਂ ਫਿਲਮਾਂ ਦਾ ਮਿਊਜ਼ਿਕ ਉਹਨਾਂ ਖਰੀਦਿਆ ਉਹਨਾਂ ਵਿਚ ਮੇਰੀ ਫਿਲਮ ਵੀ ਸੀ। ਇਹਨਾਂ ਤਿੰਨਾਂ ਭਰਾਵਾਂ ਵਿਚੋਂ ਇਕ ਭਰਾ ਦਾ ਨਾਂ ਸੀ ਪਰੇਮ ਪਰਕਾਸ਼। ਪੰਚਵੰਜਾ ਕੁ ਸਾਲ ਦੀ ਉਮਰ ਸੀ ਉਸਦੀ। ਬਾਕੀ ਦੇ ਭਰਾਵਾਂ ਨੇ ਇਸ ਮਿਊਜ਼ਿਕ ਕੰਪਨੀ ਦਾ ਕਾਰੋਬਾਰ ਸੈੱਟ ਕਰਨ ਲਈ ਉਸ ਨੂੰ ਬੰਬਈ ਦਾ ਦਫਤਰ ਸੰਭਾਲ ਦਿੱਤਾ ਸੀ।

ਨਵਾਂ ਨਵਾਂ ਕਾਰੋਬਾਰ ਸ਼ੁਰੂ ਕੀਤਾ ਸੀ। ਪਰੇਮ ਪਰਕਾਸ਼ ਦੀ ਬੇਟੀ ਦਾ ਵਿਆਹ ਸੀ ਅਹਿਮਦ ਨਗਰ। ਉਸ ਅਪਣੀ ਕੰਪਨੀ ਨਾਲ ਸਬੰਧ ਰੱਖਣ ਵਾਲੇ ਪ੍ਰੋਡਿਊਸਰਾਂ, ਗਾਇਕਾਂ ਤੇ ਸੰਗੀਤਕਾਰਾਂ ਦਾ ਕੋਈ ਤੀਹ ਚਾਲੀ ਬੰਦਿਆਂ ਦਾ ਕਾਫਲਾ ਸਪੈਸ਼ਲ ਚਾਰਟਰ ਹਵਾਈ ਜਹਾਜ਼ ਕਰਕੇ ਬੰਬਈ ਤੋਂ ਬੁਲਾਇਆ। ਦੋ ਰਾਤਾਂ ਅਸੀਂ ਵਿਆਹ ਦੇ ਜਸ਼ਨਾਂ ਵਿਚ ਸ਼ਾਮਲ ਹੋ ਕੇ ਪਰਾਹੁਣਚਾਰੀ ਦਾ ਆਨੰਦ ਮਾਣਦੇ ਰਹੇ। ਅਹਿਮਦ ਨਗਰ ਇਕ ਛੋਟਾ ਸ਼ਹਿਰ ਤੇ ਬੰਬਈ ਫਿਲਮਾਂ ਦਾ ਮਹਾਂਨਗਰ। ਪਰੇਮ ਪਰਕਾਸ਼ ਦੇ ਬੰਬਈ ਦਫਤਰ ਵਿਚ ਫਿਲਮਾਂ ਨਾਲ ਸਬੰਧ ਰੱਖਣ ਵਾਲੇ ਲੋਕਾਂ ਦਾ ਮੇਲਾ ਲੱਗਿਆ ਰਹਿੰਦਾ। ਇਸ ਕੰਪਨੀ ਨੇ ਬੰਬਈ ਵਿਚ ਅਪਣੇ ਕਾਰੋਬਾਰ ਨੂੰ ਫੈਲਾਉਣ ਲਈ, ਫਿਲਮੀ ਮਿਊਜ਼ਿਕ ਵਿਚ ਤਹਿਲਕਾ ਮਚਾਉਣ ਲਈ ਕਈ ਵੱਡੇ ਵੱਡੇ ਪ੍ਰੋਜੈਕਟ ਉਲੀਕੇ ਹੋਏ ਸਨ।

ਇੱਥੇ ਇਕ ਮਿਊਜ਼ਿਕ ਰਿਕਾਰਡਿੰਗ ਸਟੂਡੀਓ ਬਨਾਉਣਾ, ਪ੍ਰਾਈਵੇਟ ਮਿਊਜ਼ਿਕ, ਗ਼ਜ਼ਲਾਂ, ਗੀਤ ਤੇ ਭਜਨ ਦੀਆਂ ਕੈਸਿਟਾਂ ਤਿਆਰ ਕਰਨੀਆਂ। ਟੀ. ਸੀਰੀਜ਼ ਦੇ ਗੁਲਸ਼ਨ ਕੁਮਾਰ ਵਾਂਗ ਨਵੇਂ ਸਿੰਗਰਾਂ ਨੂੰ ਇੰਟਰ ਡਿਊਸ ਕਰਨਾ। ਜ਼ਾਹਿਰ ਹੈ ਕਿ ਇਹੋ ਜਿਹੇ ਚਾਂਸ ਲੈਣ ਲਈ ਸੋਹਣੀਆਂ ਕੁੜੀਆਂ ਨੇ ਵੀ ਇਨ੍ਹਾਂ ਦਾ ਦਰ ਖੜਕਾਉਣਾ ਹੀ ਸੀ। ਪਰੇਮ ਪਰਕਾਸ਼ ਇਕੱਲਾ ਹੀ ਬੰਬਈ ਰਹਿੰਦਾ ਸੀ ਉਸਦਾ ਬਾਕੀ ਦਾ ਸਾਰਾ ਪਰਿਵਾਰ ਅਹਿਮਦ ਨਗਰ ਹੀ ਸੀ। ਇਕੱਲਿਆਂ ਰਹਿਣਾ, ਫਿਲਮਾਂ ਦੀ ਗਲੈਮਰ ਦੁਨੀਆ, ਖ਼ੂਬਸੂਰਤ ਚਿਹਰੇ ਤੇ ਢਲ ਰਹੀ ਉਮਰ ਵਿਚ ਜਵਾਨੀ ਦੇ ਆਖਰੀ ਤੱਤ.... ਬੰਦਾ ਕਿਵੇਂ ਬਚ ਸਕਦਾ ਹੈ। ਆਇਸਤਾ ਆਇਸਤਾ ਪਰੇਮ ਪਰਕਾਸ਼ ਨੇ ਸੋਹਣੀਆਂ ਕੁੜੀਆਂ ਦੀਆਂ ਸੁਰੀਲੀਆਂ ਆਵਾਜ਼ਾਂ ਨੂੰ ਕੈਸਿਟਾਂ ਵਿਚ ਬੰਦ ਕਰਨ ਦੀ ਬਜਾਏ ਅਪਣੇ ਬੈੱਡ ਰੂਮ ਵਿਚ ਬੰਦ ਕਰਨਾ ਸ਼ੁਰੂ ਕਰ ਦਿੱਤਾ। ਉੱਧਰ ਜਿੰਨੀਆਂ ਫਿਲਮਾਂ ਦਾ ਵੀ ਮਿਊਜ਼ਿਕ ਖਰੀਦਿਆ ਸੀ ਨਾ ਤਾਂ ਕੋਈ ਹਿੱਟ ਹੋ ਰਹੀ ਸੀ ਤੇ ਨਾ ਹੀ ਕਿਸੇ ਦਾ ਮਿਊਜ਼ਿਕ ਚੱਲ ਰਿਹਾ ਸੀ, ਪੇਰੈਂਟ ਕੰਪਨੀ ਦਾ ਕਰੋੜਾਂ ਦਾ ਨੁਕਸਾਨ ਹੋ ਗਿਆ ਸੀ, ਜੇ ਕਿਧਰੇ ਮਿਊਜ਼ਿਕ ਚੱਲ ਰਿਹਾ ਸੀ ਤਾਂ ਉਹ ਪਰੇਮ ਪਰਕਾਸ਼ ਦੇ ਬੈਡਰੂਮ ਵਿਚ ਹੀ ਵੱਜ ਰਿਹਾ ਸੀ-ਹਮ ਤੁਮ ਇਕ ਕਮਰੇ ਮੇਂ ਬੰਦ ਹੋ, ਔਰ ਚਾਬੀ ਖੋ ਜਾਏ।

ਆਖਿਰ ਇਕ ਦਿਨ ਉਹ ਹੀ ਹੋਇਆ ਜੋ ਇਹੋ ਜਿਹੇ ਮੌਕੇ ਹੋਣਾ ਸੀ। ਮਿਊਜ਼ਿਕ ਕੰਪਨੀ ਦੇ ਸਾਰੇ ਪ੍ਰੋਜੈਕਟ ਬੰਦ, ਬਣ ਰਿਹਾ ਰਿਕਾਰਡਿੰਗ ਸਟੂਡੀਓ ਬੰਦ, ਦਫਤਰ ਬੰਦ, ਸੋਹਣੀਆਂ ਕੁੜੀਆਂ ਦਾ ਆਉਣਾ ਜਾਣਾ ਬੰਦ ਤੇ ਪਰੇਮ ਪਰਕਾਸ਼ ਇਕੱਲਾ ਕਮਰੇ ਵਿਚ ਬੰਦ। ਇਲਫੋਰਡ (ਲੰਡਨ) ਵਿਚ ਹੀ ਇਕ ਹੋਰ ਪੰਜਾਬੀ ਪਰਿਵਾਰ ਸੀ। ਮੱਖਣ ਸਿੰਘ ਬੈਂਸ ਤੇ ਉਸਦੀ ਪਤਨੀ ਰੇਸ਼ਮ ਕੌਰ। ਇਹਨਾਂ ਨੇ ਅਪਣੇ ਘਰ ਸਿਲਾਈ ਦਾ ਕੰਮ ਕਰ ਕਰਕੇ ਡਰੈਸਾਂ ਬਣਾਉਣ ਦੀ ਅਪਣੀ ਫੈਕਟਰੀ ਖੋਲ੍ਹ ਲਈ ਸੀ। ਇਹ ਵੀ ਅੱਸੀ ਨੱਬਿਆਂ ਦੀ ਗੱਲ ਹੈ, ਜਦ ਸਿਲਾਈ ਦਾ ਕੰਮ ਬਹੁਤ ਹੀ ਜ਼ੋਰਾਂ 'ਤੇ ਹੁੰਦਾ ਸੀ, ਹਰ ਘਰ ਵਿਚ ਦੋ, ਤਿੰਨ ਚਾਰ ਮਸ਼ੀਨਾਂ ਚੱਲ ਰਹੀਆਂ ਹੁੰਦੀਆਂ ਸਨ। ਪਤੀ, ਪਤਨੀ ਤੇ ਬੱਚੇ ਦਿਨ ਰਾਤ ਕੰਮ ਕਰਕੇ ਗਾਹਕਾਂ ਦੇ ਆਰਡਰ ਭੁਗਤਾਉਂਦੇ ਰਹਿੰਦੇ। ਕੋਈ ਕਟਿੰਗ ਕਰਦਾ, ਕੋਈ ਕੱਪੜੇ ਸੀਉਂਦਾ ਤੇ ਕੋਈ ਪਰੈਸ ਕਰਦਾ, ਰਾਤ ਦੇ ਬਾਰਾਂ ਇਕ ਵਜੇ ਕੰਮ ਨਿਬੇੜ ਕੇ ਘਰ ਨੂੰ ਪਰਤਦੇ ਤੇ ਸਵੇਰੇ ਛੇ ਵਜੇ ਉੱਠ ਕੇ ਫਿਰ ਫੈਕਟਰੀ ਖੋਲ੍ਹ ਲੈਂਦੇ। ਏਨੀ ਸਖਤ ਮਿਹਨਤ ਕਰਕੇ ਉਹਨਾਂ ਇਲਫੋਰਡ ਇਲਾਕੇ ਵਿਚ ਪੰਜ ਸੱਤ ਘਰ ਖਰੀਦ ਲਏ ਸਨ।

ਫਿਰ ਇਹਨਾਂ ਦੇ ਇਕ ਜਵਾਨ ਪੁੱਤਰ ਸਨੀ ਨੂੰ ਹੀਰੋ ਬਣਨ ਦਾ ਸ਼ੌਕ ਜਾਗ ਉੱਠਿਆ ਤੇ ਉਹ ਬੰਬਈ ਦੌੜ ਆਇਆ। ਉਸ ਕਈ ਪ੍ਰੋਡਿਊਸਰਾਂ ਦੇ ਦਫਤਰ ਵਿਚ ਜਾ ਕੇ ਚੱਕਰ ਮਾਰੇ ਪਰ ਨਾ ਤਾਂ ਉਸ ਨੂੰ ਹਿੰਦੀ ਹੀ ਚੰਗੀ ਤਰ੍ਹਾਂ ਬੋਲਣੀ ਆਉਂਦੀ ਸੀ ਤੇ ਨਾ ਹੀ ਐਕਟਿੰਗ ਦਾ ਕੋਈ ਤਜ਼ਰਬਾ ਸੀ, ਕੰਮ ਉਸ ਨੂੰ ਕੌਣ ਦਿੰਦਾ। ਫਿਰ ਬੰਬਈ ਰਹਿੰਦਿਆਂ ਉਸ ਨੂੰ ਕਿਸੇ ਸਲਾਹ ਦਿੱਤੀ ਕਿ ਇਸ ਤਰ੍ਹਾਂ ਤੈਨੂੰ ਕਿਸੇ ਪ੍ਰੋਡਿਊਸਰ ਡਾਇਰੈਕਟਰ ਨੇ ਕੰਮ ਨਹੀਂ ਦੇਣਾ। ਤੂੰ ਇੰਗਲੈਂਡ ਰਹਿੰਦਾ ਏਂ, ਤੇਰੇ ਮਾਂ-ਬਾਪ ਪੈਸੇ ਵਾਲੇ ਹਨ ਕਿਉਂ ਨਹੀਂ ਤੂੰ ਉਹਨਾਂ ਨੂੰ ਕਹਿ ਕੇ ਅਪਣੀ ਫਿਲਮ ਬਣਾਉਂਦਾ, ਘਰ ਦੀ ਫਿਲਮ ਤੇ ਘਰ ਦਾ ਹੀਰੋ, ਫਿਰ ਕੌਣ ਰੋਕੇਗਾ ਤੈਨੂੰ... ਤੂੰ ਹੀਰੋ ਬਣਿਆ ਹੀ ਬਣਿਆ। ਬੰਬਈ ਫਿਲਮ ਇੰਡਸਟਰੀ ਬੜੀ ਛੋਟੀ ਜਿਹੀ ਹੈ, ਸਭ ਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਮਾਰਕੀਟ ਵਿਚ ਕੀ ਹੋ ਰਿਹਾ ਹੈ।

ਇਕ ਦਿਨ ਗੁਰਿੰਦਰ ਆ ਕੇ ਕਹਿਣ ਲੱਗਾ, ''ਤੁਹਾਡੇ ਲੰਡਨ ਤੋਂ ਇਕ ਫੈਮਲੀ ਆਈ ਹੈ, ਅੱਜ ਉਹਨਾਂ ਅਪਣੇ ਫਲੈਟ ਵਿਚ ਮਹਾਰਾਜ ਦੀ ਬੀੜ ਲਿਆਂਦੀ ਹੈ, ਕੀਰਤਨ ਰੱਖਿਆ ਹੈ, ਨਵੀਂ ਫਿਲਮ ਸ਼ੁਰੂ ਕਰ ਰਹੇ ਹਨ।'' ਫਿਲਮ ਸ਼ੁਰੂ ਹੋ ਗਈ। ਫਿਲਮ ਦਾ ਡਾਇਰੈਕਟਰ ਮਨਮੋਹਨ ਸਿੰਘ ਹੀ ਸੀ। ਯਸ਼ ਚੋਪੜਾ ਦਾ ਚਹੇਤਾ ਕੈਮਰਾਮੈਨ, ਇਸ ਫਿਲਮ ਵਿਚ ਉਹ ਪਹਿਲੀ ਵਾਰ ਡਾਇਰੈਕਟਰ ਬਣਿਆ ਸੀ। ਮਨਮੋਹਨ ਅਪਣੇ ਵੱਡੇ ਰੁਤਬੇ ਦਾ ਖ਼ਿਆਲ ਰੱਖਦਿਆਂ ਕੋਈ ਛੋਟੀ ਫਿਲਮ ਨਹੀਂ ਸੀ ਬਣਾਉਣੀ ਚਾਹੁੰਦਾ, ਅਪਣੇ ਨਾਂ ਦੀ ਹੇਠੀ ਨਹੀਂ ਸੀ ਕਰਵਾਉਣੀ ਚਾਹੁੰਦਾ। ਉਸ ਇਸ ਪਰਿਵਾਰ ਨੂੰ ਸਲਾਹ ਦਿੱਤੀ ਕਿ ਆਪਾਂ ਪਹਿਲਾਂ ਇਹ ਫਿਲਮ ਬਣਾ ਕੇ ਰਿਲੀਜ਼ ਕਰ ਲਈਏ, ਤੁਹਾਡਾ ਨਾਂ ਵੀ ਫਿਲਮ ਇੰਡਸਟਰੀ ਵਿਚ ਹੋ ਜਾਵੇਗਾ ਤੇ ਫਿਰ ਅਗਲੀ ਫਿਲਮ ਵਿਚ ਆਪਾਂ ਸਨੀ ਨੂੰ ਇੰਟਰਡਿਊਸ ਕਰਾਂਗੇ।

ਗੱਲ ਉਹਨਾਂ ਨੂੰ ਜਚ ਰਹੀ ਸੀ। ਫਿਲਮ ਦਾ ਹੀਰੋ ਰਿਸ਼ੀ ਕਪੂਰ ਲੈ ਲਿਆ ਗਿਆ ਤੇ ਹੀਰੋਇਨ ਦੇ ਰੋਲ ਲਈ ਤੱਬੂ। ਫਿਲਮ ਦੀ ਸ਼ੂਟਿੰਗ ਸ਼ੁਰੂ ਹੋ ਗਈ। ਯਸ਼ ਚੋਪੜਾ, ਰਿਸ਼ੀ ਕਪੂਰ ਤੇ ਮਨਮੋਹਨ ਸਿੰਘ ਦੀ ਸਵਿਜ਼ਰਲੈਂਡ ਪਸੰਦੀਦਾ ਜਗ੍ਹਾ ਸੀ। ਉਹਨਾਂ ਕਈ ਫਿਲਮਾਂ ਦੀ ਸ਼ੂਟਿੰਗ ਇੱਥੇ ਪਹਿਲਾਂ ਕੀਤੀ ਹੋਈ ਸੀ। ਬਰਫ ਨਾਲ ਲੱਦੇ ਪਹਾੜ, ਉੱਪਰ ਖੁੱਲ੍ਹਾ ਨੀਲਾ ਅਸਮਾਨ, ਠੰਡੀਆਂ ਹਵਾਵਾਂ, ਮਨਮੋਹਨ ਸਿੰਘ ਨੇ ਤਾਂ ਇੱਥੇ ਸ਼ੂਟਿੰਗ ਕਰਨ ਆਉਣਾ ਹੀ ਸੀ। ਮੱਖਣ ਸਿੰਘ ਤੇ ਰੇਸ਼ਮ ਕੌਰ ਨੇ ਫੈਕਟਰੀ ਦੀ ਉਗਰਾਹੀ ਕਰਕੇ, ਨੋਟਾਂ ਦੇ ਬੈਗ ਭਰੀ ਕਦੇ ਬੰਬਈ ਉਡੇ ਆਉਣਾ ਤੇ ਕਦੀ ਸਵਿਟਜ਼ਰਲੈਂਡ। ਲੰਡਨ ਦੇ ਇਕ ਇਲਾਕੇ ਈਸਟਹੈਮ ਵਿਚ ਮੇਰੇ ਇਕ ਦੋਸਤ ਤਰਸੇਮ ਘਈ ਦੀ ਕੱਪੜੇ ਦੀ ਇਕ ਦੁਕਾਨ ਸੀ। ਰੇਸ਼ਮ ਕੌਰ ਨੇ ਉਹਨਾਂ ਦੀ ਦੁਕਾਨ 'ਤੇ ਆਉਣਾ ਤੇ ਕਹਿਣਾ:-''ਸੱਗੂ ਨੂੰ ਤਾਂ ਫਿਲਮ ਬਣਾਉਣੀ ਆਉਂਦੀ ਨਹੀਂ, ਉਹ ਤਾਂ ਐਵੇਂ ਪੈਸੇ ਬਰਬਾਦ ਕਰ ਰਿਹੈ, ਫਿਲਮ ਤਾਂ ਸਾਡੀ ਬਣ ਰਹੀ ਆ, ਅਗਲੇ ਹਫਤੇ ਸਵਿੱਜ਼ਰਲੈਂਡ ਸ਼ੂਟਿੰਗ ਹੈ-ਇਹ ਜਾ ਰਹੇ ਨੇ... ਇਸ ਤੋਂ ਅਗਲੇ ਹਫਤੇ ਹਾਲੈਂਡ 'ਟੂਲਿਪ' ਦੇ ਖੇਤਾਂ ਵਿਚ ਗਾਣਾ ਬਨਾਉਣਾ, ਮੈਂ ਵੀ ਜਾ ਰਹੀ ਆਂ ਟੂਲਿਪ ਦੀ ਸ਼ੂਟਿੰਗ ਵੇਖਣ ਲਈ... ਤੁਹਾਨੂੰ ਪਤਾ, ਸਿਲਸਿਲਾ ਫਿਲਮ ਦੀ ਸ਼ੂਟਿੰਗ ਓਥੇ ਹੀ ਹੋਈ ਸੀ... ਅਮਿਤਾਭ ਬਚਨ ਤੇ ਰੇਖਾ ਦਾ ਉਹ ਫੁੱਲਾਂ ਵਿਚ ਗਾਣਾ, 'ਦੇਖਿਆ ਇਕ ਖਾਬ ਤਾਂ ਇਹ ਸਿਲਸਿਲੇ ਹੋਏ', ਹਾਏ! ਕਿੰਨਾ ਸੋਹਣਾ ਸੀ। ਮਨਮੋਹਨ ਭਾਜੀ ਕਹਿੰਦੇ ਆ ਕਿ ਅਗਲੀ ਫਿਲਮ ਵਿਚ ਉਹਨਾਂ ਅਪਣੇ ਸਨੀ ਨੂੰ ਹੀ ਹੀਰੋ ਲੈਣਾ ਹੈ।''

ਇਕ ਵਾਰੀ ਆ ਕੇ ਕਹਿਣ ਲੱਗੀ:- ''ਰਿਸ਼ੀ ਕਪੂਰ ਦਾ ਇਹਨਾਂ ਨੂੰ ਫੂਨ ਆਉਂਦਾ, ਨੀਤੂ ਵੀ ਕਈ ਵਾਰੀ ਮੇਰੇ ਨਾਲ ਗੱਲਾਂ ਕਰਦੀ ਆ, ਕਹਿੰਦੀ ਆ, ਆਂਟੀ ਜੀ ਜਦੋਂ ਅਗਲੀ ਵਾਰੀ ਬੰਬਈ ਆਵੋ ਤਾਂ ਸਾਡੇ ਕੋਲ ਹੀ ਠਹਿਰਨਾ, ਬੜੀ ਚੰਗੀ ਕੁੜੀ ਆ।'' ਫਿਲਮ ਬਣ ਕੇ ਰਿਲੀਜ਼ ਹੋ ਗਈ-ਸੁਪਰ ਫਲਾਪ। ਬੰਬਈ ਦਾ ਦਫਤਰ ਬੰਦ, ਮੁੰਡੇ ਦੇ ਹੀਰੋ ਬਣਨ ਦੇ ਸੁਪਨੇ ਹਨੇਰੇ ਵਿਚ ਗੁੰਮ ਹੋ ਗਏ, ਲੰਡਨ ਕੱਪੜੇ ਸੀਊਣ ਦੀ ਫੈਕਟਰੀ ਵਿਕ ਗਈ, ਘਰ ਵਿਕ ਗਏ ਤੇ ਇਕ ਦਿਨ ਮੱਖਣ ਤੇ ਰੇਸ਼ਮਾ ਘਰ ਵਿਚ ਮਸ਼ੀਨਾਂ ਰੱਖ ਕੇ ਕੱਪੜੇ ਸੀਊਣ ਲੱਗ ਪਏ... ਭਤੀਜੀ ਨੀਤੂ ਸਿੰਘ ਦੇ ਘਰ ਜਾ ਕੇ ਰਹਿਣ ਦੇ ਸਾਰੇ ਸੁਪਨੇ ਟੁੱਟ ਗਏ... ਆਂਟੀ ਨੂੰ ਅਪਣੇ ਘਰ ਨੀਂਦ ਨਹੀਂ ਸੀ ਆ ਰਹੀ।

(ਚਲਦਾ)

# ਪਿਠਵਰਤੀ ਗਾਇਕੀ ਦਾ ਇਤਿਹਾਸ ਸਿਰਜਕ ਕਿਸ਼ੋਰ ਕੁਮਾਰ

'ਸੰਗੀਤ ਦੀ ਪ੍ਰਸੰਸਾ ਅਕਲਮੰਦੀ ਹੈ ਪਰ ਸੰਗੀਤ ਨੂੰ ਮਹਿਸੂਸ ਕਰਨਾ ਮੂਰਖਤਾ ਹੈ।' ਜਿਸ ਕਿਸੇ ਨੂੰ ਵੀ ਕਿਸ਼ੋਰ ਕੁਮਾਰ ਦਾ ਜ਼ਰਾ ਜਿੰਨਾ ਵੀ ਅਹਿਸਾਸ ਹੋਏਗਾ ਉਹ ਇਸ ਅਖੌਤ ਨਾਲ ਇੱਤਫ਼ਾਕ ਨਹੀਂ ਰੱਖੇਗਾ।

ਇਕ ਮਾਹਰ ਵਾਂਗ ਪ੍ਰਤੀਭਾਵਾਨ ਵਿਅਕਤੀ ਅਤੇ ਲਾਮਿਸਾਲ ਕਿਸ਼ੋਰ ਕੁਮਾਰ ਪੂਰੀ ਦੁਨੀਆ ਲਈ ਬਹੁਤ ਵੱਡੀ ਬੁਝਾਰਤ ਹੀ ਸੀ। ਆਪਣੇ ਦਮ 'ਤੇ ਸਿਰਫ਼ ਆਪਣੀ ਆਵਾਜ਼ ਦੇ ਜਾਦੂ, ਵਿਲੱਖਣ ਸੰਗੀਤ ਨਾਲ ਆਪਣਾ ਅੰਦਾਜ਼ ਸਥਾਪਤ ਕਰਨ ਵਾਲਾ ਕਿਸ਼ੋਰ ਕੁਮਾਰ ਭਾਰਤੀ ਸਿਨੇਮਾ ਦਾ ਚਮਕਦਾ ਸਿਤਾਰਾ ਹੋ ਨਿਬੜਿਆ। ਬੇਹਤਰੀਨ ਗਾਇਕ ਵਜੋਂ ਕਿਸ਼ੋਰ ਨੇ ਪਿੱਠਵਰਤੀ ਗਾਇਕੀ ਦੀ ਦੁਨੀਆ 'ਚ ਨਵਾਂ ਇਤਿਹਾਸ ਬਣਾਇਆ। ਗੀਤਕਾਰ, ਸੰਗੀਤਕਾਰ, ਨਿਰਮਾਤਾ, ਨਿਰਦੇਸ਼ਕ, ਸਕ੍ਰੀਨ ਰਾਇਟਰ, ਸਕ੍ਰੀਪਟ ਰਾਇਟਰ ਅਤੇ ਅਦਾਕਾਰ ਆਦਿ ਵੱਖ-ਵੱਖ ਗੁਣਾਂ ਦੇ ਮਾਲਕ ਕਿਸ਼ੋਰ ਆਪਣੇ ਆਪ 'ਚ ਮੁਕੰਮਲ ਸੰਸਥਾ ਸਨ।

4 ਅਗਸਤ 1929 'ਚ ਜਨਮੇ ਕਿਸ਼ੋਰ-ਦਾ ਨੇ 1960 ਦੇ ਦੌਰ ਤੋਂ ਲੈ ਕੇ 1987 'ਚ ਆਪਣੀ ਬੇਵਕਤੀ ਮੌਤ ਤਕ ਪਿੱਠਵਰਤੀ ਗਾਇਕੀ ਨਾਲ ਹਿੰਦੀ ਫਿਲਮ ਇੰਡਸਟਰੀ 'ਤੇ ਰਾਜ ਕੀਤਾ।

ਕਿਸ਼ੋਰ ਕੁਮਾਰ ਨੇ ਹਿੰਦੀ ਸਿਨੇਮਾ 'ਚ ਸਭ ਤੋਂ ਪਹਿਲਾਂ ਕਾਮਟੇਡੀ ਹੀਰੋ ਵਜੋਂ ਸਫਲਤਾ ਦੇ ਅੰਬਰਾਂ ਨੂੰ ਛੂਹਿਆ, ਜਿਸ ਰਾਹੀਂ ਉਨ੍ਹਾਂ ਨੇ ਕਾਮੇਡੀਅਨ ਦੀ ਰਵਾਇਤ ਨੂੰ ਖ਼ਤਮ ਕੀਤਾ, ਜੋ ਫਿਲਮਾਂ 'ਚ ਸਿਰਫ਼ ਹਲਕੇ-ਫੁਲਕੇ ਦ੍ਰਿਸ਼ਾਂ ਜਾਂ ਫੇਰ ਚੁਟਕਲਿਆਂ ਵਜੋਂ ਹੀ ਵਰਤੇ ਜਾਂਦੇ ਸਨ। ਪਰ ਉਨ੍ਹਾਂ ਨੇ ਦੂਸਰੇ ਕਾਮੇਡੀ ਅਦਾਕਾਰਾਂ ਲਈ ਨਵੀਂ ਉਮੀਦ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ।

ਦੇਵ ਆਨੰਦ ਅਤੇ ਐਸ.ਡੀ.ਬਰਮਨ ਨੇ ਸਭ ਤੋਂ ਪਹਿਲਾਂ ਕਿਸ਼ੋਰ ਦੇ ਇਸ ਟੈਲੇਂਟ ਨੂੰ ਪਛਾਣਿਆ ਜੋ ਸਾਰਿਆਂ ਤੋਂ ਅਜੇ ਲੁਕਿਆ ਹੋਇਆ ਸੀ। ਉਨ੍ਹਾਂ ਨੇ 'ਮੁਨੀਮ ਜੀ', 'ਟੈਕਸੀ ਡਰਾਈਵਰ', 'ਪੇਇੰਗ ਗੈਸਟ', 'ਗਾਈਡ', 'ਜੁਵੈਲ ਥੀਫ਼', 'ਪ੍ਰੇਮ ਪੁਜਾਰੀ' ਆਦਿ ਫਿਲਮਾਂ ਵਿਚ ਐਸ.ਡੀ. ਬਰਮਨ ਦੇ ਦਿੱਤੇ ਸੰਗੀਤ ਦੀਆਂ ਸਦਾਬਹਾਰ ਧੁੰਨਾਂ 'ਤੇ ਦੇਵ ਆਨੰਦ ਨੂੰ ਆਪਣੀ ਆਵਾਜ਼ ਦਿੱਤੀ।

ਐਸ.ਡੀ.ਬਰਮਨ ਦੀ 'ਅਰਾਧਨਾ' ਰਾਹੀਂ ਕਿਸ਼ੋਰ ਕੁਮਾਰ ਦੀ ਜਾਦੂ ਭਰੀ ਆਵਾਜ਼ ਨੇ ਉਨ੍ਹਾਂ ਨੂੰ ਸਿਖ਼ਰਾਂ 'ਤੇ ਲਿਆ ਖੜਾ ਕੀਤਾ। 'ਮੇਰੇ ਸਪਨੋਂ ਕੀ ਰਾਨੀ' ਅਤੇ 'ਰੂਪ ਤੇਰਾ ਮਸਤਾਨਾ' ਨਾਲ ਤਾਂ ਪਿੱਠਵਰਤੀ ਗਾਇਕੀ ਨੂੰ ਨਵੀਆਂ ਪੁਲਾਂਘਾਂ 'ਤੇ ਲਿਆ ਦਿੱਤਾ ਅਤੇ ਫੇਰ ਸ਼ੁਰੂ ਹੋਇਆ ਉਹ ਸੁਨਿਹਰੀ ਯੁੱਗ ਜਿਥੋਂ ਦੇ ਉਹ ਬੇਤਾਜ ਬਾਦਸ਼ਾਹ ਸਨ।




## ਕਿਸ਼ੋਰ ਕੁਮਾਰ ਦੇ 83ਵੇਂ ਜਨਮ ਦਿਹਾੜੇ 'ਤੇ

ਕਿਸ਼ੋਰ ਕੁਮਾਰ ਨੇ ਹਿੰਦੀ ਸਿਨੇਮਾ 'ਚ ਸਭ ਤੋਂ ਪਹਿਲਾਂ ਕਾਮਟੇਡੀ ਹੀਰੋ ਵਜੋਂ ਸਫਲਤਾ ਦੇ ਅੰਬਰਾਂ ਨੂੰ ਛੂਹਿਆ, ਜਿਸ ਰਾਹੀਂ ਉਨ੍ਹਾਂ ਨੇ ਕਾਮੇਡੀਅਨ ਦੀ ਰਵਾਇਤ ਨੂੰ ਖ਼ਤਮ ਕੀਤਾ, ਜੋ ਫਿਲਮਾਂ 'ਚ ਸਿਰਫ਼ ਹਲਕੇ-ਫੁਲਕੇ ਦ੍ਰਿਸ਼ਾਂ ਜਾਂ ਫੇਰ ਚੁਟਕਲਿਆਂ ਵਜੋਂ ਹੀ ਵਰਤੇ ਜਾਂਦੇ ਸਨ। ਪਰ ਉਨ੍ਹਾਂ ਨੇ ਦੂਸਰੇ ਕਾਮੇਡੀ ਅਦਾਕਾਰਾਂ ਲਈ ਨਵੀਂ ਉਮੀਦ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ।

70ਵੇਂ ਦੇ ਸ਼ੁਰੂਆਤੀ ਦਹਾਕੇ ਤੋਂ ਕਿਸ਼ੋਰ ਕੁਮਾਰ ਦੀ ਆਵਾਜ਼ ਨੇ ਹਿੰਦੀ ਫਿਲਮ ਜਗਤ 'ਚ ਕਈਆਂ ਦੇ ਕੈਰੀਅਰ ਦੀ ਕਿਸ਼ਤੀ ਨੂੰ ਹੁਲਾਰਾ ਦਿੱਤਾ। ਪੀੜ੍ਹੀ ਦਰ ਪੀੜ੍ਹੀ, ਉਹ ਆਪਣੀ ਅਨੋਖੀ ਤਰਜ਼ ਨਾਲ ਇਸ ਸਾਰੀ ਕਾਇਨਾਤ ਤੋਂ ਵਖਰੇ ਹੀ ਰਹਿਣਗੇ। ਉਨ੍ਹਾਂ ਦੇ ਆਵਾਜ਼ ਦੇ ਇਸ ਮੁਕਾਮ ਨੂੰ ਅਜੇ ਤਕ ਕੋਈ ਹਾਸਲ ਨਹੀਂ ਕਰ ਸਕਿਆ ਹੈ। ਉਨ੍ਹਾਂ ਦੀ ਆਵਾਜ਼ ਨੇ 1970 ਤੋਂ ਲੈ ਕੇ 1980 ਤਕ ਦੇ ਸਾਰੇ ਵੱਡੇ ਕਲਾਕਾਰਾਂ- ਦੇਵ ਆਨੰਦ, ਰਾਜੇਸ਼ ਖੰਨਾ, ਅਮਿਤਾਭ ਬੱਚਨ ਅਤੇ ਰਿਸ਼ੀ ਕਪੂਰ -ਨੂੰ ਆਪਣੀ ਆਵਾਜ਼ ਦਿੱਤੀ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੱਜ ਦੀ ਪੀੜ੍ਹੀ ਵੀ ਇਸ ਮਹਾਨ ਗਾਇਕ ਦੀ ਦੀਵਾਨੀ ਹੈ। ਕਿਸ਼ੋਰ ਦੇ ਸਦਾਬਹਾਰ ਗਾਣਿਆਂ ਨੂੰ ਰੀਮਿਕਸ ਦਾ ਨਵਾਂ ਰੂਪ ਦੇ ਕੇ ਉਸ ਦੀ ਸੁਨਿਹਰੀ ਆਵਾਜ਼ 'ਤੇ ਥਿਰਕ ਉੱਠਦੇ ਹਨ।

ਕਿਸ਼ੋਰ ਕੁਮਾਰ ਦੀ ਇਹ ਲੈਗੇਸੀ ਸਦਾ ਸਾਡੇ ਵਿਚ ਜ਼ਿੰਦਾ ਰਹੇਗੀ ਅਤੇ ਕਈ ਅਣਗਿਣਤ ਸਫ਼ਲ ਗਾਇਕ ਅਤੇ ਭਵਿੱਖ 'ਚ ਉਭਰਨ ਵਾਲੇ ਨਵੇਂ ਗਾਇਕ ਕਿਸ਼ੋਰ ਦਾ ਦੀ ਆਵਾਜ਼ ਤੋਂ ਸੇਧ ਲੈਂਦੇ ਰਹਿਣਗੇ। ਮਸ਼ਹੂਰ ਗਾਇਕ ਕੁਮਾਰ ਸਾਨੂੰ, ਅਭੀਜੀਤ, ਵਿਨੋਦ ਰਾਠੌੜ, ਬਾਬੁਲ ਸੁਪਰੀਓ ਤਾਂ ਕੁਝ ਅਜੇਹੇ ਚੋਣਵੇਂ ਨਾਂ ਹਨ ਜਿਹੜੇ ਕਿਸ਼ੋਰ ਦੇ ਸੰਗੀਤ ਘਰਾਨੇ 'ਚੋਂ ਸੰਗੀਤ ਦੀ ਸਿੱਖਿਆ ਲੈ ਕੇ ਇਸ ਇੰਡਸਟਰੀ 'ਚ ਸਥਾਪਤ ਹੋਏ ਹਨ।


ਨੀਲ ਚੌਧਰੀ
nilanjanchaudhuri@hotmail.com
+852-9754-2824

ਮੈਂ ਬਹੁਤ ਕਰਮਾਂਵਾਲਾਂ ਹਾਂ ਕਿ ਮੇਰਾ ਜਨਮ ਇਕ ਸੰਗੀਤ ਘਰਾਣੇ ਵਿਚ ਹੋਇਆ ਹੈ। ਇਸ ਤੋਂ ਇਲਾਵਾ, ਮੈਂ ਇਸ ਗੱਲੋਂ ਵੀ ਖੁਸ਼ ਕਿਸਮਤ ਹਾਂ ਕਿ ਮੈਂ ਹਿੰਦੀ ਫਿਲਮ ਸੰਗੀਤ ਦੇ ਉਸ ਸੁਨਹਿਰੀ ਦੌਰ 'ਚ ਪਲਿਆ ਤੇ ਵੱਡਾ ਹੋਇਆ ਹਾਂ ਜਦੋਂ ਕਿਸ਼ੋਰ-ਦਾ ਦਾ ਫਿਲਮ ਜਗਤ 'ਤੇ ਜਾਦੂ ਫੈਲਿਆ ਹੋਇਆ ਸੀ। ਉਸ ਸਮੇਂ ਸੰਗੀਤ ਦਾ ਅਰਥ ਹੁੰਦਾ ਸੀ ਕੰਨਾਂ ਲਈ ਕੋਈ ਮਿੱਠਾ ਸੁਰ ਅਤੇ ਕਿਸ ਨੂੰ ਸੱਚ-ਮੁੱਚ ਦਿਲ ਦੀ ਤਿਜੋਰੀ 'ਚ ਹਮੇਸ਼ਾ-ਹਮੇਸ਼ਾ ਲਈ ਸਾਂਭ ਕੇ ਰੱਖਣ ਨੂੰ ਜੀਅ ਕਰਦਾ ਸੀ। ਮੈਂ ਆਪਣੇ ਆਪ ਨੂੰ ਬਹੁਤ ਖੁਸ਼ ਕਿਸਮਤ ਹੀ ਸਮਝਦਾ ਹਾਂ ਕਿ ਜ਼ਿੰਦਗੀ ਦੇ ਕਈ ਤਰ੍ਹਾਂ ਦੇ ਮੌਕਿਆਂ 'ਚ ਮੈਂ ਕਿਸ਼ੋਰ-ਦਾ ਦੇ ਘਰਾਣੇ ਦਾ ਮੁਰੀਦ ਬਣ ਸਕਿਆ। ਸਾਲ 2009 ਤਾਂ ਮੇਰੇ ਲਈ ਸਭ ਤੋਂ ਬੇਹਤਰੀਨ ਸਾਲ ਸੀ ਜਦੋਂ ਮੈਂ ਪਹਿਲੀ ਵਾਰ ਕੈਲਗਰੀ ਵਿਚ ਅਲਬਰਟਾ ਬੰਗਲਾ ਸੰਮੇਲਨ ਵਿਖੇ ਕਿਸ਼ੋਰ ਦਾ ਦੇ ਘਰਾਣੇ ਦੀ ਨੁਮਾਇੰਦਗੀ ਕੀਤੀ। ਇਸ ਤੋਂ ਬਾਅਦ ਫੇਰ ਜਨਤਾ ਦੀ ਇੱਛਾ ਮੁਤਾਬਕ ਸਤੰਬਰ 'ਚ ਐਡਮਿੰਟਨ ਵਿਖੇ ਮੁੜ ਤੋਂ ਕਲਾ ਦਾ ਪ੍ਰਦਰਸ਼ਨ ਕੀਤਾ। ਮਈ 2012 'ਚ 'ਦੁਨੀਆ ਗੋਲ ਹੈ' ਇਹ ਅਖਾਣ ਉਦੋਂ ਸੱਚ ਹੋ ਨਿਬੜੀ ਜਦੋਂ ਮੈਂ ਆਪਣੇ ਜਨਮ ਅਸਥਾਨ, ਕੋਲਕਾਤਾ, ਵਿਖੇ ਕਿਸ਼ੋਰ ਕੁਮਾਰ ਦੇ ਗੀਤਾਂ ਨਾਲ ਲੋਕਾਂ ਨੂੰ ਨਿਹਾਲ ਕੀਤਾ। ਜਦੋਂ ਇਹ ਸਭ ਕੁਝ ਆਪਣਾ ਆਕਾਰ ਲੈ ਰਿਹਾ ਸੀ, ਮੈਂ ਲਗਾਤਾਰ ਕਿਸ਼ੋਰ-ਦਾ ਦੇ ਜਾਦੂ/ਤਲਿਸਮ ਨੂੰ ਯਾਦ ਕਰ ਉੱਠਦਾ ਸੀ। ਕਈ ਵਾਰੀ ਖਿਆਲ ਆਉਂਦਾ ਹੈ ਕਿ ਜੇਕਰ ਕਿਸ਼ੋਰ ਕੁਮਾਰ ਨਾ ਹੁੰਦੇ ਤਾਂ ਮੈਂ ਵੀ ਨਾ ਹੁੰਦਾ।

ਮੇਰੇ ਵਾਂਗ ਕਈ ਲੱਖਾਂ-ਕਰੋੜਾਂ ਲਈ ਕਿਸ਼ੋਰ ਕੁਮਾਰ ਦੀ ਆਵਾਜ਼ ਆਤਮਾ ਨੂੰ ਸਕੂਨ ਦਿੰਦੀ ਹੈ। ਕਿਸ਼ੋਰ ਕੁਮਾਰ ਸਾਡੇ ਦਿਲਾਂ 'ਚ ਸਦਾ ਹੀ ਵਸਦੇ ਰਹਿਣਗੇ।

ਸੰਗੀਤ ਨੂੰ ਮਹਿਸੂਸ ਕਰਨਾ ਮੂਰਖਤਾ ਹੈ। ਕਿਸ਼ੋਰ ਕੁਮਾਰ ਦੇ ਸੰਗੀਤ ਨਾਲ ਐਨਾ ਲੰਬਾ ਸਫ਼ਰ ਤੈਅ ਕਰਨ ਤੋਂ ਬਾਅਦ ਮੈਂ ਇਸ ਨੂੰ ਪ੍ਰਮਾਣਤ ਕਰ ਸਕਦਾ ਹਾਂ।

# ਬੇਮਿਸਾਲ ਚਰਿੱਤਰ ਅਭਿਨੇਤਾ ਏ.ਕੇ.ਹੰਗਲ



ਮੁੰਬਈ ਦੀ ਫਿਲਮੀ ਸਨਅਤ 'ਚ ਪ੍ਰਤੀਬੱਧ ਅਦਾਕਾਰਾਂ ਵਿਚੋਂ ਏ.ਕੇ.ਹੰਗਲ ਸ਼ਾਇਦ ਆਖ਼ਰੀ ਜਗਦਾ ਚਿਰਾਗ਼ ਸੀ। ਪਿੱਛਲੇ ਦਿਨੀਂ ਲੰਮੀਂ ਉਮਰ ਭੋਗਣ ਮਗਰੋਂ ਉਨ੍ਹਾਂ ਵੀ ਲੀਲਾਵਤੀ ਹਸਪਤਾਲ ਵਿਚ ਆਖ਼ਰੀ ਸਲਾਮ ਆਖ ਦਿੱਤਾ ਹੈ। ਉਨ੍ਹਾਂ ਦੇ ਵਿਛੋੜੇ ਦਾ ਫਿਲਮੀ ਨਗਰੀ ਵਿਚ ਵੀ ਤੇ ਦੁਨੀਆ ਭਰ ਵਿਚ ਵੀ ਵੱਖਰੇ ਜਿਹੇ ਮਾਣ-ਸਨਮਾਨ ਦੀ ਭਾਵਨਾ ਨਾਲ ਮਾਤਮ ਮਨਾਇਆ ਗਿਆ। ਹੰਗਲ ਸਾਹਿਬ ਨੇ ਹਿੰਦੀ ਸਿਨੇਮਾ ਵਿਚ ਚਰਿੱਤਰ ਭੂਮਿਕਾਵਾਂ ਨੂੰ ਸੁਭਾਵਕਤਾ ਤੇ ਸਹਿਜਤਾ ਨਾਲ ਨਿਭਾਉਣ ਦੀ ਪਿਰਤ ਪਾਈ। ਉਹ ਅਦਾਕਾਰੀ ਕਰਦਿਆਂ ਆਪਣੇ ਕਿਰਦਾਰ ਨਾਲ ਇਸ ਕਦਰ ਇਕ ਮਿਕ ਹੋ ਜਾਂਦੇ ਸਨ ਕਿ ਪਰਦੇ 'ਤੇ ਕਿਰਦਾਰ ਆਪਣੀ ਜਿਵੰਤ ਹੋਂਦ ਵਿਚ ਦਿਖਾਈ ਦਿੰਦਾ ਸੀ, ਇਸ ਲਈ ਏ.ਕੇ. ਹੰਗਲ ਦੁਆਰਾ ਨਿਭਾਈਆਂ ਛੋਟੀਆਂ ਵੱਡੀਆਂ ਭੂਮਿਕਾਵਾਂ ਯਾਦਗਾਰੀ ਹੋ ਨਿਬੜੀਆਂ ਸਨ। ਉਸ ਦੀ ਅਦਾਕਾਰੀ ਦਰਸ਼ਕਾਂ ਨੂੰ ਵੀ ਫਿਲਮ ਵਿਚ ਖਿੱਚ ਲੈਣ ਦੇ ਸਮੱਰਥ ਸੀ। 'ਦੀਵਾਰ', ਸ਼ੋਅਲੇ', ਦੀਆਂ ਛੋਟੀਆਂ ਭੂਮਿਕਾਵਾਂ ਅਤੇ 'ਨਮਕ ਹਰਾਮ' ਫਿਲਮ ਵਿਚ ਟ੍ਰੇਡ ਯੂਨੀਅਨ ਆਗੂ ਦੀ ਭੂਮਿਕਾ ਵਿਚ ਏ.ਕੇ. ਹੰਗਲ ਭਾਵੇਂ ਫਿਲਮਾਂ ਦੇ ਕੇਂਦਰੀ ਪਾਤਰ ਤਾਂ ਨਹੀਂ ਸਨ, ਪਰ ਇਨ੍ਹਾਂ ਫਿਲਮਾਂ ਦੇ ਕੇਂਦਰੀ ਵਿਸ਼ੇ ਏ.ਕੇ. ਹੰਗਲ ਦੀ ਬਾਕਮਾਲ ਅਦਾਕਾਰੀ ਨੇ ਹੀ ਉਭਾਰੇ।

ਏ.ਕੇ. ਹੰਗਲ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਉਨ੍ਹਾਂ ਦੀ ਅਦਾਕਾਰੀ ਦੇ ਸਭ ਤੋਂ ਅਹਿਮ ਪਹਿਲੂ ਉਨ੍ਹਾਂ ਦੀ ਰੰਗਮੰਚ ਲਈ ਕੀਤੀ ਅਦਾਕਾਰੀ ਨੂੰ ਖਿਆਲ ਕੀਤਾ ਗਿਆ। ਸਭ ਉਘੀਆਂ ਫਿਲਮੀ ਹਸਤੀਆਂ ਲਈ ਏ.ਕੇ.ਹੰਗਲ ਦਾ ਰੰਗਮੰਚ ਦਾ ਪਿਛੋਕੜ ਹੀ ਅਸਲ ਵਿਚ ਉਨ੍ਹਾਂ ਦੀ ਫਿਲਮਾਂ 'ਚ ਕੀਤੀ ਅਦਾਕਾਰੀ ਦਾ ਠੋਸ ਆਧਾਰ ਸੀ। ਕਰਾਚੀ ਵਿਚ ਦਰਜ਼ੀ ਦੀ ਦੁਕਾਨ ਕਰਦੇ-ਕਰਦੇ ਹੰਗਲ ਸਾਹਿਬ ਇਪਟਾ ਵਿਚ ਆਏ ਤੇ ਫਿਰ ਉਨ੍ਹਾਂ ਵਰ੍ਹਿਆਂ ਤਕ ਇਪਟਾ ਨਾਲ ਆਪਣਾ ਸਬੰਧ ਬਣਾਈ ਰੱਖਿਆ। 'ਇਪਟਾ' ਵਾਸਤਵ ਵਿਚ ਸਮਾਜਕ ਜਾਗ੍ਰਿਤੀ ਦੀ ਲਹਿਰ ਦਾ ਹੀ ਹਿੱਸਾ ਸੀ, ਇਸ ਲਈ ਸ਼ੁਰੂ ਤੋਂ ਹੀ ਹੰਗਲ ਸਾਹਿਬ ਨੇ ਇਹ ਪ੍ਰਤੀਬੱਧਤਾ ਆਪਣੇ ਫਿਲਮੀ ਜੀਵਨ ਵਿਚ ਵੀ ਬਣਾਈ ਰੱਖੀ। ਉਨ੍ਹਾਂ ਨੇ ਕਲਾ ਤੇ ਵਪਾਰਕ ਦੋਵਾਂ ਤਰ੍ਹਾਂ ਦੀਆਂ ਹੀ ਫਿਲਮਾਂ 'ਚ ਕੰਮ ਕੀਤਾ ਪਰ ਆਪਣੀ ਅਦਾਕਾਰੀ ਦਾ ਵਪਾਰ ਕਦੇ ਨਹੀਂ ਕੀਤਾ। ਉਨ੍ਹਾਂ ਦੀ ਜ਼ਿੰਦਗੀ ਦੇ ਅੰਤਮ ਦਿਨ ਭਾਵੇਂ ਮੁਫਲਿਸੀ ਭਰੇ ਸਨ, ਪਰ ਇਹ ਉਨ੍ਹਾਂ ਦੇ 'ਚਰਿੱਤਰ ਅਭਿਨੈ' ਦਾ ਅਕਸ ਵੀ ਸੀ। ਏ.ਕੇ. ਹੰਗਲ ਨੇ ਇਪਟਾ ਦੇ ਅਨੇਕਾਂ ਨਾਟਕਾਂ ਵਿਚ ਕੰਮ ਕਰਨ ਤੋਂ ਇਲਾਵਾ 225 ਹਿੰਦੀ ਫਿਲਮਾਂ ਵਿਚ ਭੂਮਿਕਾਵਾਂ ਨਿਭਾਈਆਂ।



ਹੰਗਲ ਸਾਹਿਬ ਨੇ ਜ਼ਿਆਦਾਤਰ ਭੂਮਿਕਾਵਾਂ ਸਤਿਕਾਰਤ ਬਜ਼ੁਰਗਾਂ ਦੀਆਂ ਨਿਭਾਈਆਂ। ਉਨ੍ਹਾਂ ਫਿਲਮਾਂ ਵਿਚ ਪ੍ਰਵੇਸ਼ ਹੀ 50 ਸਾਲ ਦੀ ਉਮਰ ਵਿਚ ਕੀਤਾ ਸੀ। ਬਜ਼ੁਰਗ ਦੀ ਭੂਮਿਕਾ ਕਰਦਿਆਂ ਉਨ੍ਹਾਂ ਦੀ ਸ਼ਖ਼ਸੀਅਤ ਵਿਚੋਂ ਸੰਪੂਰਨ ਭਾਰਤੀਅਤਾ ਝਲਕਣ ਲਗਦੀ ਸੀ। ਉਹ ਦਯਾ, ਹਮਦਰਦੀ, ਮੋਹ, ਸਨੇਹ ਆਦਿ ਕੋਮਲ ਭਾਵਾਂ ਦੀ ਸਾਕਾਰ ਮੂਰਤੀ ਪ੍ਰਤੀਤ ਹੋਣ ਲੱਗਦੇ ਸਨ। ਉਨ੍ਹਾਂ ਦੀ ਧੀਮੀ ਤੇ ਸੂਝ ਭਰੀ ਆਵਾਜ਼ ਵਿਚ ਬੋਲੇ ਥੋੜ੍ਹੇ ਜਿਹੇ ਸੰਵਾਦ ਵੀ ਪੂਰੀ ਫਿਲਮ ਵਿਚ ਗੂੰਜਦੇ ਸੁਣਾਈ ਦਿੰਦੇ ਸਨ। "ਇਤਨਾ ਸੰਨਾਟਾ ਕਿਉਂ ਹੈ ਭਾਈ।" ਹੰਗਲ ਸਾਹਿਬ ਦੇ ਇੰਤਕਾਲ 'ਤੇ ਇਹ ਸੰਵਾਦ ਭਾਰਤੀ ਮੀਡੀਆ 'ਚ ਵੀ ਗੂੰਜਦਾ ਰਿਹਾ। ਅਜੋਕਾ ਭਾਰਤੀ ਸਿਨੇਮਾ ਗਲੈਮਰ ਦੇ ਸ਼ਿਕੰਜੇ ਵਿਚ ਬੁਰੀ ਤਰ੍ਹਾਂ ਕੱਸਿਆ ਗਿਆ ਹੈ। ਮਾਰਧਾੜ੍ਹ ਅਤੇ ਕਾਮ ਉਤੇਜਕ ਫਿਲਮਾਂ ਦਾ ਹੜ੍ਹ ਆ ਗਿਆ ਹੈ। 'ਅਦਾਕਾਰੀ' ਦੀ ਥਾਂ ਊਲ-ਜਲੂਲ ਫੁਕਰਪੁਣੇ ਨੇ ਲੈ ਲਈ ਹੈ। ਕਲਾ ਤੇ ਸੰਜ਼ੀਦਗੀ ਤਾਂ ਫਿਲਮਾਂ ਵਿਚੋਂ ਜਿਵੇਂ ਖੰਭ ਲਾ ਕੇ ਉੱਡ ਗਈਆਂ ਹਨ। ਅਜਿਹੀ ਹਨੇਰਗਰਦੀ ਵਿਚ ਏ.ਕੇ. ਹੰਗਲ ਸਾਹਿਬ ਦਾ ਜੀਵਨ ਤੇ ਕਲਾ ਕਿਸੇ ਚਾਨਣ ਮੁਨਾਰੇ ਤੋਂ ਘੱਟ ਨਹੀਂ ਹੈ।


ਪ੍ਰੋ. ਨਵੀਨ ਰਮਨ
naveen.mlp@gmail.com
+91-98785-31166

Royal

Royal Executive Homes

# Town Houses in Wildwood




Available from **1232 sq** ft. to **1589 sq** ft. with attached Single and Double Garage. Starting price: **$ ~~309,900~~**

- Excellent Location
- Close to all Amenities.
- Transit Access
- Affordable Prices
- Future Rec Center
- Close to White Mud
- Anthony Henday
- 5 Appliances & Fully Landscaped

PRICE REDUCED

NOW ONLY $299,900




SHOW HOME OPEN NOW

**For Show Home Hours: Contact 780-965-7390**

Wild Wood
TOWN HOUSES
1820, 34th Ave
Edmonton.

**780-965-7390**
**780-906-4497**
royalexecutivehomes@hotmail.com



Jessy Parihar



Ranjit Deol

**Sales Contact :**
**Kul Bhatia @ 780-266-5500**

# Alberta Government Fall Updates

**Social Policy Framework**
We had a very successful Social Policy Framework meeting on Saturday, August 18th at the Edmonton Police Community Room. Thank you to all who attended and for your contributions to the Social Policy Framework discussion. It is such a pleasure to hear what is important to Albertans.

**Highway 63**
Highway 63 drivers will see more work crews along the roadway as construction has started on eight passing lanes between House River and Highway 881. As part of fast-tracked construction efforts, this project will provide motorists with more safe passing opportunities. "The accelerated passing lanes construction is a clear demonstration of our government's commitment to enhance safety and improve traffic flow on Highway 63, and to implement the recommendations in the Allen report," said Ric McIver, Minister of Transportation. "We have initiated many short-term initiatives and are advancing the essential infrastructure for a safer 63."

**Easier online access to post-secondary funding for Alberta students**
More Albertans can pursue their post-secondary goals thanks to the new and improved Student Aid Alberta program. Changes to contribution requirements make it easier for students to receive funding and a new website offers support throughout the application process and beyond. The website, studentaid.alberta.ca, takes students through the stages of applying for student loans and grants, getting their money, and repaying their loans using flexible repayment options. Students can save time by easily finding all the information they need on one site.

**Community crime prevention projects benefit from the proceeds of crime**
Criminal property seized by the Government of Alberta is being used to fund programs helping people and communities across the province. Twelve projects focused on supporting victims and preventing crime have received $1.61 million in funding through the Alberta government's Civil Forfeiture Fund.
"This grant supports victims of crime and vulnerable Albertans, and helps stop the often cyclical nature of crime," said Jonathan Denis, Minister of Justice and Solicitor General.
The projects vary from cultural day camp programs, to helping at-risk youth develop communication and life skills and increase their employability options. Funding has also been provided to a variety of projects that offer support and services to victims of crime. For more information, visit http://justice.alberta.ca/programs_services/safe/what-doing/Pages/civil_forfeiture.aspx.

***Back to School Toolkit***
Back to school is a busy and exciting time, which is why the Government of Alberta has launched the *Back to School Toolkit*, full of helpful resources for students and parents as they prepare for the 2012-13 school year. Check it out at: www.education.alberta.ca/backtoschool.

**Sohail Quadri, MLA**
*Edmonton-Mill Woods*



**101 9807 – 34 Ave**
**Edmonton AB**
**T6E 5X9**

**(780)414-1000**
**(780)850-4080**

I am accessible anytime at
edmonton.millwoods@assembly.ab.ca
http://quadri.mypcmla.ca

**We also provide Notary and Commissioner of Oaths Services (Appointments Only)**

**Our office is also accepting Food Bank Donations. Please drop by and support the Edmonton Food Bank.**

BRIDGEPORT
HOMES LTD.

BEST PRICES IN TOWN
WE ASSURE BEATING MARKET PRICE

Now Lots available for big houses
in Wildwood Crescent (Silverberry) one house available in Tamarack

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ ਗੱਲਬਾਤ ਕਰੋ
780-935-7718





Lots available for bi-Level homes in Silverberry Area

For more information call: Dolly Chauhan @ 780-935-7718